*Published in Punjabi & English*

Distributed in Toronto, Calgary, Vancouver, Winnipeg and Online Worldwide.

Sarokaran Di Awaz

Voice of Social Concerns

Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com | ਸਾਲ- 15, ਅੰਕ-8, ਅਗਸਤ 2025 | Website: www.ppapmg.com

HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300


# ਕੈਨੇਡਾ ਦੀ 'ਘੱਟ ਖ਼ਰਚ, ਵੱਧ ਨਿਵੇਸ਼' ਦੀ ਨੀਤੀ ਕੀਹਦੀ ਸੇਵਾ 'ਚ

ਚੋਣਾਂ ਸਮੇਂ ਕੈਨੇਡਾ ਦੇ ਲੋਕਾਂ ਸਾਹਮਣੇ ਦੋ ਵੱਡੇ ਸਰੋਕਾਰ, ਡੋਨਾਲਡ ਟਰੰਪ ਦੀ ਹਮਲਾਵਰ ਪਸਾਰਵਾਦ ਵੱਲੋਂ ਕੈਨੇਡਾ ਨੂੰ ਦਿੱਤੀ ਜਾ ਰਹੀ ਚੁਣੌਤੀ ਅਤੇ ਕਨਜ਼ਰਵੇਟਿਵ ਪਾਰਟੀ ਦੀ ਸੱਤਾ 'ਚ ਮੁੜ ਵਾਪਸੀ ਦੀ ਸੂਰਤ 'ਚ ਪੈਦਾ ਹੋਣ ਵਾਲੇ ਗੰਭੀਰ ਖ਼ਤਰੇ, ਬਾਰੇ ਸਨ। ਮਾਰਕ ਕਾਰਨੀ ਨੇ ਚਿੰਤਤ ਮਾਹੌਲ ਦਾ ਖ਼ੂਬ ਲਾਹਾ ਲਿਆ ਅਤੇ ਸੱਤਾ 'ਚ ਆਉਣ ਤੋਂ ਬਾਅਦ ਉਸਨੇ ਲੋਕ ਵਿਰੋਧੀ ਆਰਥਕ ਤਬਦੀਲੀਆਂ ਦਾ ਅਮਲ ਹੋਰ ਤੇਜ਼ ਕਰ ਦਿੱਤਾ। ਉਸਨੇ ਪ੍ਰਾਈਵੇਟ ਖੇਤਰ ਦੇ ਪੂੰਜੀਨਿਵੇਸ਼ ਨੂੰ ਉਤਸ਼ਾਹਤ ਕਰਨ ਅਤੇ ਸਰਕਾਰੀ ਖ਼ਰਚ ਘਟਾਉਣ ਦੀ ਦੋਧਾਰੀ ਯੋਜਨਾ ਅਮਲ 'ਚ ਲਿਆਉਣੀ ਸ਼ੁਰੂ ਕਰ ਦਿੱਤੀ ਹੈ।

"ਘੱਟ ਖ਼ਰਚ, ਵੱਧ ਨਿਵੇਸ਼" ਉਸਦਾ ਮੰਤਰ ਹੈ। ਸਾਮਰਾਜੀ ਜੰਗਬਾਜ਼ ਭਾਈਵਾਲੀ ਛੱਡਣਾ ਉਸਦੇ ਸਰਕਾਰ ਦਾ ਆਕਾਰ ਘਟਾਉਣ ਦੇ ਵਾਅਦੇ ਦਾ ਸਰੋਕਾਰ ਨਹੀਂ ਹੈ ਅਤੇ ਇਸੇ ਲਈ ਡਿਫੈਂਸ ਖ਼ਰਚ ਨੂੰ ਕਟੌਤੀ ਮੁਹਿੰਮ ਵਿੱਚੋਂ ਬਾਹਰ ਰੱਖਿਆ ਗਿਆ ਹੈ। ਇਸ ਪੱਖੋਂ ਦਿਸ਼ਾ ਬਿਲਕੁਲ ਉਲਟ ਹੈ। ਸਿਰਫ਼ ਇਸ ਸਾਲ ਹੀ ਫ਼ੌਜੀ ਬਜਟ ਵਿਚ 9 ਅਰਬ ਡਾਲਰ ਦਾ ਵਾਧਾ ਕੀਤਾ ਜਾਵੇਗਾ। ਅਗਾਂਹ ਹੋਰ ਵਾਧੇ ਦੀ ਯੋਜਨਾ ਹੈ ਤਾਂ ਜੋ ਟਰੰਪ ਵੱਲੋਂ ਤੈਅ ਕਰਵਾਏ ਨਾਟੋ ਦੇ ਫ਼ੌਜੀ ਟੀਚੇ ਪੂਰੇ ਕੀਤੇ ਜਾ ਸਕਣ। ਕਾਰਨੀ ਦੇ ਆਰਥਿਕ ਨਜ਼ਰੀਏ ਦੇ ਮੱਦੇਨਜ਼ਰ ਕੁਝ ਲੋਕਾਂ ਨੂੰ ਜੋ ਮਾੜਾ ਵਾਪਰਨ ਦਾ ਡਰ ਸੀ ਉਹ ਉਸ ਤੋਂ ਕਿਤੇ ਵੱਡੇ ਹਮਲੇ ਕਰਨ ਦੀ ਸੋਚ ਨਾਲ ਕੰਮ ਕਰ ਰਿਹਾ ਹੈ। ਉਸਦੀ ਆਰਥਕ ਨੀਤੀ ਕੈਨੇਡਾ ਦੇ ਕਿਰਤੀ ਲੋਕਾਂ ਅਤੇ ਪਬਲਿਕ ਸੈਕਟਰ ਯਾਨੀ ਲੋਕ ਹਿਤਾਂ ਦੇ ਸਿੱਧਾ ਵਿਰੋਧ 'ਚ ਹੈ। ਰੂਪ ਬੇਸ਼ੱਕ ਨਵਾਂ ਹੈ ਪਰ ਲੋਕਾਈ ਦੇ ਆਰਥਕ ਹਿਤਾਂ ਨੂੰ ਸੱਟ ਮਾਰਨ ਦਾ ਤੱਤ ਪੁਰਾਣਾ ਹੈ। ਇਸ ਵਿੱਚੋਂ 1990ਵਿਆਂ ਦੀ ਕਠੋਰ ਨਵਉਦਾਰਵਾਦੀ ਆਰਥਕ ਢਾਂਚਾ-ਢਲਾਈ ਦੀ ਝਲਕ ਪੈਂਦੀ ਹੈ।

ਇਨ੍ਹਾਂ ਕਟੌਤੀਆਂ ਦੇ ਅਮਲ ਦੀ ਤੁਲਨਾ 1990ਵਿਆਂ 'ਚ ਕੈਨੇਡਾ ਦੇ ਸਮਾਜਿਕ ਬੁਨਿਆਦੀ ਢਾਂਚੇ 'ਤੇ ਕੀਤੇ ਵੱਡੇ ਹਮਲੇ ਨਾਲ ਕੀਤੀ ਜਾ ਸਕਦੀ ਹੈ। ਉਸ ਸਮੇਂ ਨਵ-ਉਦਾਰ ਢਾਂਚਾ-ਢਲਾਈ ਦੇ ਦੌਰਾਨ ਸਮਾਜਿਕ ਕਟੌਤੀਆਂ ਲਾਗੂ ਕਰਨ ਦੀ ਪ੍ਰਮੁੱਖ ਪਹਿਲਕਦਮੀ 'ਨਰਮ' ਲਿਬਰਲ ਪਾਰਟੀ ਨੇ ਕੀਤੀ ਸੀ ਜੋ ਕਿ ਸੱਜੇਪੱਖੀ ਕੰਜ਼ਰਵੇਟਿਵ ਪਾਰਟੀ ਨਾਲੋਂ ਥੋੜ੍ਹੀ ਘੱਟ ਬੜਬੋਲੀ ਹੈ। 1994 'ਚ ਪੌਲ ਮਾਰਟਿਨ ਨੇ ਇਕ ਡਾਲਰ ਨਵੀਂ ਆਮਦਨੀ ਪਿੱਛੇ ਖ਼ਰਚ ਵਿਚ 5 ਡਾਲਰ ਕਟੌਤੀ ਕਰਨ ਦਾ ਵਾਅਦਾ ਕੀਤਾ, ਜਿਸ ਨਾਲ ਗਲੋਬਲ ਨੌਰਥ ਵਿਚ ਕਟੌਤੀਆਂ ਦਾ ਸਭ ਤੋਂ ਸਖ਼ਤ ਹੱਲਾ ਸ਼ੁਰੂ ਹੋਇਆ। ਫੈਡਰਲ ਸਰਕਾਰ ਨੇ ਸਿੱਧੇ ਪ੍ਰੋਗਰਾਮਾਂ (ਖ਼ਾਸ ਕਰ ਲੋਕਾਂ ਲਈ ਘਰਾਂ ਦੇ ਪ੍ਰੋਗਰਾਮ) 'ਤੇ ਕੁਹਾੜਾ ਵਾਹਿਆ ਅਤੇ ਰਾਜਾਂ ਤੇ ਨਗਰਪਾਲਿਕਾਵਾਂ ਨੂੰ ਟਰਾਂਸਫਰ ਪੇਮੈਂਟਾਂ ਘਟਾ ਦਿੱਤੀਆਂ, ਜਿਸ ਨਾਲ ਕਟੌਤੀਆਂ ਦਾ ਅਟੁੱਟ ਸਿਲਸਿਲਾ ਸ਼ੁਰੂ ਹੋਇਆ ਜੋ ਅੱਜ ਤੱਕ ਜਾਰੀ ਹੈ। ਇਨ੍ਹਾਂ ਮਾਇਨਿਆਂ 'ਚ, ਕਾਰਨੀ ਉਹੀ ਇਤਿਹਾਸ ਦੁਹਰਾਉਂਦਾ ਨਜ਼ਰ ਆ ਰਿਹਾ ਹੈ।

'ਕੈਨੇਡਾ ਦੀ ਆਰਥਿਕਤਾ ਨੂੰ ਮਜ਼ਬੂਤ ਬਣਾਉਣ' ਅਤੇ ਕੈਨੇਡਾ ਨੂੰ ਜੀ7 ਦੇ



ਮੁਕਾਬਲੇ 'ਚ ਟੱਕਰ ਦੇਣ ਵਾਲਾ ਮੁਲਕ ਬਣਾਉਣ ਦੇ ਨਾਅਰੇ ਤਹਿਤ ਕਾਰਨੀ ਦੀ ਸਰਕਾਰ ਕਨੇਡਾ ਦੇ ਇਤਿਹਾਸ ਦੀ ਸਭ ਤੋਂ ਵੱਡੀ ਕਟੌਤੀ ਯੋਜਨਾ ਲੈ ਕੇ ਆਈ ਹੈ। 'ਘੱਟ ਖਰਚਾ, ਵਧੇਰੇ ਨਿਵੇਸ਼' ਵਰਗੇ ਤਕਨੀਕੀ ਸ਼ਬਦਾਂ ਦੇ ਪਿੱਛੇ ਸਖ਼ਤ ਕਟੌਤੀ ਪ੍ਰੋਗਰਾਮ ਕੰਮ ਕਰ ਰਿਹਾ ਹੈ। ਵਿੱਤ ਮੰਤਰੀ ਦੁਆਰਾ "ਵਿਆਪਕ ਖ਼ਰਚਾ ਰੀਵਿਊ" ਸ਼ੁਰੂ ਕਰਨ ਤੋਂ ਦੋ ਦਿਨ ਬਾਅਦ ਹੀ ਉਸਨੇ ਸੰਭਾਵੀ ਰੈਗੂਲੇਟਰੀ ਕਟੌਤੀਆਂ ਦੀ ਨਿਸ਼ਾਨਦੇਹੀ ਕਰਨ ਲਈ "ਰੈੱਡ ਟੇਪ ਰਿਡਕਸ਼ਨ ਆਫ਼ਿਸ" ਜ਼ਰੀਏ ਪੂਰੇ ਸਰਕਾਰੀ ਢਾਂਚੇ ਦੇ ਰੀਵਿਊ ਦਾ ਆਦੇਸ਼ ਦੇ ਦਿੱਤਾ। ਇਹ ਲੋਕਾਂ ਨੂੰ ਰਾਹਤ ਦੇਣ ਵਾਲੇ ਪ੍ਰੋਗਰਾਮਾਂ ਨੂੰ ਘਟਾਉਣ ਦੀ ਲੰਮੀ ਯੋਜਨਾ ਹੈ। ਅਗਲੇ ਸਾਲ ਤੋਂ ਇਸਦੀ ਸ਼ੁਰੂਆਤ 7.5% ਕਟੌਤੀ ਤੋਂ ਹੋਵੇਗੀ ਜੋ ਵਧਕੇ 10% ਅਤੇ ਫਿਰ 2029 ਤੱਕ 15% ਤੱਕ ਪਹੁੰਚ ਜਾਵੇਗੀ। ਅਰਥਸ਼ਾਸਤਰੀ ਡੇਵਿਡ ਮੈਕਡੌਨਲਡ ਦਾ ਕਹਿਣਾ ਹੈ ਕਿ ਅਸੀਂ "ਆਧੁਨਿਕ ਇਤਿਹਾਸ ਵਿਚ ਸਭ ਤੋਂ ਬੁਰੀਆਂ ਕਟੌਤੀਆਂ" ਦਾ ਸਾਹਮਣਾ ਕਰ ਰਹੇ ਹਾਂ।

ਟਰੰਪ ਪ੍ਰਸ਼ਾਸਨ ਦੀਆਂ 'ਅਮਰੀਕਾ ਨੂੰ ਪਹਿਲ' ਦੀਆਂ ਨੀਤੀਆਂ, ਵਪਾਰਕ ਜੰਗਾਂ ਜਿਸ ਦਾ ਅਨਿੱਖੜ ਅੰਗ ਹਨ, ਨੇ ਕੈਨੇਡਾ ਵਰਗੇ ਅਮਰੀਕੀ ਸਾਮਰਾਜ ਦੇ ਸੰਗੀ ਮੁਲਕਾਂ ਨੂੰ ਅਸਥਿਰਤਾ ਦੇ ਮੂੰਹ ਧੱਕ ਦਿੱਤਾ ਹੈ, ਜਿੱਥੇ ਆਰਥਿਕਤਾ ਉੱਪਰ ਗੰਭੀਰ ਦਬਾਅ ਹੈ। ਪ੍ਰਧਾਨ ਮੰਤਰੀ ਕਾਰਨੀ ਦੀ ਸਰਕਾਰ ਸਰਮਾਏਦਾਰਾ ਮੁਨਾਫ਼ਿਆਂ ਨੂੰ ਬਚਾਉਣ ਲਈ ਯੂ.ਐੱਸ. ਨਾਲ ਸਮਝੌਤੇ ਜਾਂ ਵਪਾਰਕ ਭਾਈਵਾਲਾਂ ਵਿਚ ਵਾਧਾ ਕਰਨ 'ਤੇ ਜ਼ੋਰ ਦੇ ਰਹੀ ਹੈ, ਜਿਸ ਲਈ ਮਜ਼ਦੂਰਾਂ ਦੀ ਲੁੱਟਖਸੁੱਟ ਨੂੰ ਵਧਾਉਣਾ ਜ਼ਰੂਰੀ ਹੈ।

ਕਾਰਨੀ ਦੇ ਰਾਹ ਵਿਚ ਕੋਈ ਖ਼ਾਸ ਰੁਕਾਵਟ ਨਹੀਂ ਹੈ, ਕਿਉਂਕਿ ਚਾਹੇ ਕਨਜ਼ਰਵੇਟਿਵ ਹੈ ਜਾਂ ਐੱਨ.ਡੀ.ਪੀ., ਸੰਸਦੀ ਵਿਰੋਧੀ-ਧਿਰ ਦੀ ਆਪਣੀ ਕੋਈ ਭਰੋਸੇਯੋਗਤਾ ਨਹੀਂ ਹੈ। ਐੱਨ.ਡੀ.ਪੀ. ਸ਼ਾਸ਼ਤ ਸੂਬਾਈ ਤੇ ਖੇਤਰੀ ਸਰਕਾਰਾਂ ਨੂੰ ਵੀ ਮੂਲਵਾਸੀ ਹੱਕਾਂ ਅਤੇ ਕਲਾਈਮੇਟ ਨਿਆਂ ਲਈ ਆਪਣੀ ਕਥਿਤ ਵਚਨਬੱਧਤਾ ਨੂੰ ਤਿਲਾਂਜਲੀ ਦੇ ਕੇ ਫੈਡਰਲ ਨਕਸ਼ੇ-ਕਦਮਾਂ 'ਤੇ ਚੱਲਣ 'ਚ ਕੋਈ ਹਿਚਕ ਨਹੀਂ ਹੈ। ਓਨਟਾਰਿਓ ਦੀ ਕਾਨਜ਼ਰਵੇਟਿਵ ਸਰਕਾਰ ਦੇ "ਸਪੈਸ਼ਲ ਇਕਨਾਮਿਕ ਜ਼ੋਨ" ਕਿਰਤੀਆਂ ਦੀ ਸੁਰੱਖਿਆ, ਵਾਤਾਵਰਣ ਨਿਯਮਾਂ ਅਤੇ ਮੂਲਵਾਸੀ ਭਾਈਚਾਰਿਆਂ ਨਾਲ ਇਕਰਾਰਨਾਮਿਆਂ ਦੀ ਬਲ਼ੀ ਦੇਣ ਲਈ ਫੈਡਰਲ ਲਿਬਰਲਾਂ ਨਾਲ ਗੱਠਜੋੜ ਤਹਿਤ ਹਨ।

ਕਾਰਨੀ ਦੀ 'ਮੁਹਾਰਤ' ਸਰਮਾਏਦਾਰਾ ਸੰਕਟ ਦਾ ਸਾਰਾ ਬੋਝ ਲੋਕਾਂ ਉੱਤੇ ਲੱਦਣ ਅਤੇ ਨਾਗਰਿਕਾਂ ਦੀ ਆਰਥਕ ਸੁਰੱਖਿਆ ਦੀ ਵਿਵਸਥਾ ਨੂੰ ਵੱਧ ਤੋਂ ਵੱਧ ਛਾਂਗਣ ਲਈ ਵਰਤਣ ਖ਼ਾਤਰ ਹੈ। ਜੇ ਆਮ ਲੋਕਾਂ ਵੱਲੋਂ ਇਸਦਾ ਵਿਰੋਧ ਨਹੀਂ ਕੀਤਾ ਜਾਂਦਾ ਤਾਂ ਸਰਕਾਰੀ ਖ਼ਰਚਿਆਂ 'ਚ ਕਟੌਤੀਆਂ, ਨਿੱਜੀਕਰਨ, ਫ਼ੌਜੀਕਰਨ ਦੇ ਵਧਾਰੇ-ਪਸਾਰੇ ਅਤੇ ਪੌਣਪਾਣੀ ਦੀ ਤਬਾਹੀ ਦੀ ਅੰਨ੍ਹੀ ਧੁੱਸ ਨਾਬਰਾਬਰੀ ਅਤੇ ਲੋਕਾਈ ਦੀਆਂ ਆਰਥਕ ਮੁਸ਼ਕਲਾਂ 'ਚ ਵਾਧਾ ਕਰੇਗੀ। ਆਰਥਕ-ਸਮਾਜਿਕ ਨਾਬਰਾਬਰੀ ਵਾਲਾ ਤਾਨਾਸ਼ਾਹੀ ਰਾਜ ਮਜ਼ਬੂਤ ਹੋਵੇਗਾ ਜਿਸਦਾ ਏਜੰਡਾ ਲੋਕਾਈ ਦੀ ਕੀਮਤ 'ਤੇ ਸਿਰਫ਼ ਵੱਡੇ ਸਰਮਾਏ ਦੀ ਸੇਵਾ ਕਰਨਾ ਹੈ। ਸਾਡੇ ਲੋਕਾਂ ਨੂੰ ਇਸ ਗੰਭੀਰ ਖ਼ਤਰੇ ਨੂੰ ਪਛਾਨਣਾ ਚਾਹੀਦਾ ਹੈ।

**-ਸੰਪਾਦਕੀ ਬੋਰਡ**
















## ਡਾ. ਸਾਹਿਬ ਸਿੰਘ ਦਾ ਨਾਟਕ 'ਤੂੰ ਅਗਲਾ ਵਰਕਾ ਫੋਲ' ਅਤੇ 'ਬੇਸਮੈਂਟ 'ਚ ਤਰੇੜ ਹੈ' 18 ਅਕਤੂਬਰ ਨੂੰ ਕੈਲਗਰੀ 'ਚ ਖੇਡਿਆ ਜਾਵੇਗਾ

(ਦੇਖੋ ਸਫ਼ਾ 9 'ਤੇ)




NEW SERVICE BY CARE INC

CARE AUDIOLOGY

Calgary 403-605-6300

ਸੋਮਵਾਰ ਤੋ ਸ਼ਨੀਵਾਰ 10 ਵਜੇ ਤੋ 6 ਵਜੇ ਤੱਕ

ਐਤਵਾਰ ਬੰਦ

**ਕੀ ਤੁਸੀਂ ਜਾਣਦੇ ਹੋ ਕਿ ਵਡੇਰੀ ਉਮਰ ਵਿੱਚ ਤੰਦਰੁਸਤ ਰਹਿਣ ਲਈ ਸੁਣਨ ਸ਼ਕਤੀ ਦਾ ਪੂਰਾ ਹੋਣਾ ਬਹੁਤ ਹੀ ਜਰੂਰੀ ਹੈ....??**

ਦੁਨੀਆਂ ਦੀ ਪ੍ਰਸਿੱਧ ਮੈਡੀਕਲ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਜੇਕਰ ਘੱਟ ਸੁਣਨ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਦਾਸੀ, ਦਿਮਾਗੀ ਕਮਜ਼ੋਰੀ, ਦਿਲ ਦਾ ਦੌਰਾ ਅਤੇ ਡਿੱਗਣ ਦੇ ਖਤਰੇ ਵੱਧ ਜਾਂਦੇ ਹਨ।

ਸ਼ੁਨਣ ਸ਼ਕਤੀ ਕਮਜ਼ੋਰ ਹੋਵੇ ਤਾਂ ਵੱਡੀ ਗਲਤਫ਼ਹਿਮੀ ਹੋ ਸਕਦੀ ਹੈ। ਬਜ਼ੁਰਗਾਂ ਨੂੰ ਵੱਖੋ-ਵੱਖ ਸੇਵਾਵਾਂ ਦੇਣ ਵਾਲੇ Care Inc. ਨੇ ਹੁਣ ਖੋਲ ਦਿੱਤੀ ਹੈ Care Audiology! ਜਿੱਥੇ ਦੁਨਿਆਂ ਦੀਆਂ Latest ਮਸ਼ੀਨਾ ਨਾਲ ਕੰਨਾ ਦਾ hearing test ਕੀਤਾ ਜਾਂਦਾ ਹੈ। ਤੁਸੀਂ ਮੁਫਤ hearing aid ਲੈਣ ਵਾਸਤੇ ਵੀ ਕੁਆਲੀਫਾਈ ਕਰ ਸਕਦੇ ਹੋ। 19 ਸਾਲ ਤੋਂ ਵੱਧ ਉਮਰ ਵਾਲਿਆਂ ਦਾ hearing test free ਕਰਦੇ ਨੇ।

ਅੱਖਾਂ ਦੀ ਨਿਗਾ ਚੈਕ ਕਰਾਉਣ ਅਤੇ ਹਰ ਕਿਸਮ ਦੀਆਂ ਬਰੈਂਡਡ ਐਨਕਾਂ ਲੈਣ ਲਈ ਮਿਲੋ

'ਕੇਅਰ ਇੰਕ'
ਤੁਹਾਡੀ ਸੇਫਟੀ, ਸਾਡਾ ਵਿਸ਼ਵਾਸ
Payment Plans Available



www.careinc.ca
1st : 124-4774 Westwinds Dirive
2nd : 210-4250-109 Ave, Jackson Port
NE Calgary Alberts, Canada

Phone : 403-605-6300
Fax : 403-536-4057
Email : calgary@careinc.ca



15 ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

# ਸਰੋਕਾਰਾਂ ਦੀ ਆਵਾਜ਼

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ, ਵਿਨੀਪੈਗ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ।








| | | | | | |
|---|---|---|---|---|---|
| ਹਰਬੰਸ ਸਿੰਘ (ਟੋਰਾਂਟੋ) | ਦੇਵਿੰਦਰ ਤੂਰ (ਟੋਰਾਂਟੋ) | ਮਾਸਟਰ ਭਜਨ ਸਿੰਘ (ਕੈਲਗਰੀ) | ਪਰਮਿੰਦਰ ਕੌਰ ਸਵੈਚ (ਵੈਨਕੂਵਰ) | ਜਸਵੀਰ ਕੌਰ ਮੰਗੂਵਾਲ (ਵਿਨੀਪੈੱਗ) | ਬਲਜਿੰਦਰ ਸਿੰਘ ਵੜੈਚ (ਪੰਜਾਬ) |
| 416-817-7142 | 416 902 9372 | 403-455-4220 | 604 760 4794 | 204-881-4955 | +91-92167-29598 |



SHAAN CONSTRUCTION LTD.

25+ years of experience

Call for a Free Estimate
MALKIT SWAICH
778.889.9526



• General Contracting
• Quality Custom Homes
• Quality Framing
• 2-5-10 Year Warranty

2-5-10 Year Warranty

Call Romi Sidhu For Insurance & Financial Needs



StateFarm IS NOW Desjardins Insurance

Monday - Friday 9am to 5:30pm
Weekends: All Other Times
Only Appointments



4851 Westwinds Drive NE,
Suite 217, Calgary, AB T3J 4L4
Bus: 403-568-4330
Email: romi.sidhu@desjardins.com

* HOME * DISABILTY * VEHICLE FINANCE
* AUTO * RRSV * CRITICAL ILLNESS
* LIFE * RESP * MUTUAL FUNDS

Romi Sidhu, Agent
P02720CN



ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ

Specialist in :
• Built Garage
• Garage Door Opener & Install
• New Garage Door
• Repair Old Garage Door
• Roofing, Fence, Deck
• New Houses Framing
• Old House Extension & any other add on construction Work

www.hmphome.com

HMP Custom Cabinets Ltd.

Specialist in :



Custom Kitchen, Bars, Washroom Vanity, Custom Bedroom Closet & All Commercial Mill Work

Free Estimate Paul Sekhon : 403-701-4947

Bay 11 2316 27 Ave. NE, Calgary



Harpinder Sidhu INSURANCE EXPERT

Punjab Insurance Inc

SUPER VISA INSURANCE
* LIFE INSURANCE * RESPs
# 5106-4310 104 Ave,
NE Calgary AB T3N 1W5



CALL FOR BEST RATES

HARPINDER SIDHU
LOVEPREET SIDHU
403 404 3500

**SAROKARAN DI AWAZ**

**Publisher**
Pro-People Arts Project
Media Group 29
Mapleview Ave, Brampton
Ontario, CA, L6R 1M2

**Managing Director**
Devinder Toor, Toronto
416-902-9372
ppapmg@gmail.com

**Chief Editor**
Harbans Singh
416-817-7142
ppapmg@gmail.com

**Editor**
Master Bhajan Singh
Calgary (Alberta)
403-455-4220
btarksheel@gmail.com

**Editor**
Dr. Hardeep Singh Atwal
Cambridge (Ontario)
416-209-6363
deephsingh@gmail.com

**Chief advisor**
Buta Singh Mehmoodpur
(Punjab)
946-347-4342
atoozed@gmail.com
Navkiran Singh Patti
+91 98885 44001
n4navkiran@gmail.com

**Literary Advisor**
Haripal
Calgary (NE) Alberta
403-714-4816
haripalharry2016@gmail.com

Parminder Swaich
Surrey (BC)
604-760-4794
pswaich@hotmail.com

Jasvir kaur Manguwal
Winnipeg
204-881-4955
manguwal.j@gmail.com

**Honorary Advisory Board**
Sukhdev Singh Sandhu
(Toronto)
Master Balbir Singh Gill
(Toronto)
Jaspreet Dhaliwal
(Toronto)
Harcharan Singh Parhar
Calgary
Narbhinder Singh (India)
(Punjab)
935-443-0211


**Graphic Desinger**
Baljinder Singh Waraich
+91-92167-29598
akashdeep.1064@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।

TOP CHOICE
INSURANCE AGENCY INC
RAVINDERJIT BASRA
INSURANCE BROKER
416-845-6232
info@topchoiceinsurance.ca
topchoiceinsurance.ca
Hiring new and experienced insurance agents
Unit 6 - 11675 Mcvean Dr, Brampton, ON, L6P 4N5



Westwinds PHARMACY
ਤੁਹਾਡੀ ਆਪਣੀ ਦਵਾਈਆਂ ਦੀ ਦੁਕਾਨ
Open 7 Days A Week
New Hours Mon To Fri 9am to 9 pm and 10 am to 6 pm Weekends
Free Delivery In NE
• Blister Packaging • Service in English, Punjabi, Urdu and Hindi
• Servicing This Community Since 2004 • 50 Puls Years of Dispensing Experience
• ਬਲਿਸਟਰ ਪੈਕੇਜਿੰਗ • ਅੰਗਰੇਜ਼ੀ, ਪੰਜਾਬੀ, ਉਰਦੂ ਤੇ ਹਿੰਦੂ ਵਿਚ ਸੇਵਾ ਉਪਲਬਧ
• 2004 ਤੋਂ ਸੇਵਾ ਵਿਚ • 50 ਸਾਲ ਤੋਂ ਵੱਧ ਦਾ ਸ਼ਾਨਦਾਰ ਤਜਰਬਾ
Fast, Friendly, Hassle Free Service!
#1150, 4818 Westwindus Drive NE. Calgary
403-293-9360



Apinder Aujla
BSc.Pharm




Satvachan Lal
B.Sc.Pharm

For Honest and Best Results
Please Call :
Cell. (403)-680-1895
Fax. (403)-457-1216
Email : taranmand@shaw.ca
MLS MULTIPLE LISTING SERVICE REALTOR
REAL ESTATE BOARD



Taranjit "T. J." Mand
Real Estate Associate
Max Value Reality Ltd.





SAVANNA
Market Dental
Dr. Amerjot Kler | Dr. Kam Sahota | Dr. Aman Cheema
202/204 9036 St NE
Calgary, Alberta T3J 2E3
403-590-4888
www.savannamarketdental.com

Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Our law group practices in
IMMIGRATION
Applications for Family Class and APPEALS, Skilled Workers, Investors, Refugee Claims
REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW
SMALL BUSINESS
Buying and Selling
Franchises, Shareholder Agreements and Incorporations
FORMATION OF PUBLIC COMPANIES
Tel. : 403-285-7070
PERSONAL INJURY (Car Accident Claims)
NO LEGAL FEES UNTIL RECOVERY
Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)

## ਦੁਨੀਆ ਦਾ 'ਸਭ ਤੋਂ ਵੱਡਾ ਲੋਕਤੰਤਰ':

# ਹਿਰਾਸਤ ਵਿਚ ਤਸੀਹਿਆਂ ਦਾ ਅਮੁੱਕ ਸਿਲਸਿਲਾ



ਬੂਟਾ ਸਿੰਘ
ਮਹਿਮੂਦਪੁਰ
94634-74342

*ਆਲਮੀ ਪੱਧਰ 'ਤੇ ਗ਼ੈਰਕਾਨੂੰਨੀ ਹਿਰਾਸਤ ਅਤੇ ਹਿਰਾਸਤ ਵਿਚ ਤਸੀਹਿਆਂ ਦੇ ਵਰਤਾਰੇ ਦੀ ਨਜ਼ਰਸਾਨੀ ਕਰਨ ਵਾਲੀਆਂ ਸੰਸਥਾਵਾਂ ਵੱਲੋਂ ਜਾਰੀ ਕੀਤੀਆਂ ਰਿਪੋਰਟਾਂ ਵਿਚ ਭਾਰਤ ਨੂੰ ਇਨ੍ਹਾਂ ਪੱਖਾਂ ਤੋਂ 'ਉਚ ਜੋਖ਼ਮ' ਵਾਲੀ ਸ਼੍ਰੇਣੀ ਵਾਲਾ ਦੇਸ਼ ਕਰਾਰ ਦਿੱਤੇ ਜਾਣ ਦੇ ਬਾਵਜੂਦ ਭਾਰਤ ਸਰਕਾਰ ਟੱਸ ਤੋਂ ਮੱਸ ਨਹੀਂ ਹੁੰਦੀ ਜਾਪਦੀ। 21ਵੀਂ ਸਦੀ ਵਿਚ ਮਾਨਵਤਾ ਵਿਰੋਧੀ ਅਜਿਹੇ ਜੁਰਮ ਕਿਸੇ ਵੀ ਸਰਕਾਰ ਦੀ ਸੁਹਿਰਦਤਾ ਉਪਰ ਵੱਡੇ ਸਵਾਲ ਖੜ੍ਹੇ ਕਰਦੇ ਹਨ। ਕੁਝ ਤਾਜ਼ਾ ਮਿਸਾਲਾਂ ਦੇ ਹਵਾਲੇ ਨਾਲ ਇਸ ਬਾਰੇ ਚਰਚਾ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ। – ਸੰਪਾਦਕ*



ਭਾਰਤ ਦੀ ਸੁਪਰੀਮ ਕੋਰਟ ਵੱਲੋਂ ਹਿਰਾਸਤ ਵਿਚ ਤਸੀਹੇ ਦੇਣ ਅਤੇ ਮੌਤਾਂ ਨੂੰ 'ਵਰਦੀਧਾਰੀ ਵਿਅਕਤੀਆਂ ਦੁਆਰਾ ਕੀਤੇ ਗਏ ਸਭ ਤੋਂ ਘਿਨਾਉਣੇ ਜੁਰਮ' ਕਹੇ ਜਾਣ ਦੇ ਲੱਗਭੱਗ 15 ਸਾਲ ਬਾਅਦ ਵੀ ਹਿਰਾਸਤ 'ਚ ਲਏ ਵਿਅਕਤੀਆਂ ਨੂੰ ਬੇਖ਼ੌਫ਼ ਹੋ ਕੇ ਤਸੀਹੇ ਦੇਣਾ ਅੱਜ ਵੀ ਭਿਆਨਕ ਹਕੀਕਤ ਬਣੀ ਹੋਈ ਹੈ। ਕਿਸੇ ਨੂੰ ਗ੍ਰਿਫ਼ਤਾਰ ਕਰਨ ਅਤੇ ਹਿਰਾਸਤ 'ਚ ਰੱਖਣ ਸੰਬੰਧੀ ਸੁਪਰੀਮ ਕੋਰਟ ਦੇ ਦਿਸ਼ਾ-ਨਿਰਦੇਸ਼ਾਂ ਨੂੰ ਟਿੱਚ ਸਮਝਦੇ ਹੋਏ ਵਰਦੀ ਦੀ ਤਾਕਤ ਦੇ ਗ਼ਰੂਰ ਅਤੇ ਸੱਤਾ ਦੇ ਥਾਪੜੇ ਨਾਲ ਨਸ਼ਿਆਏ ਪੁਲਿਸ ਅਧਿਕਾਰੀ ਹਿੰਸਾ ਦੀ ਬੇਦਰੇਗ ਵਰਤੋਂ ਕਰਨਾ ਆਪਣਾ ਅਧਿਕਾਰ ਸਮਝਦੇ ਹਨ। ਇਹ ਸਿਰਫ਼ ਪੁਲਿਸ ਥਾਣਿਆਂ ਵਿਚ ਹੀ ਨਹੀਂ, ਸਗੋਂ ਬਾਹਰ ਸਮਾਜ ਵਿਚ ਵੀ ਖ਼ੁੱਲ੍ਹੇਆਮ ਵਾਪਰ ਰਿਹਾ ਹੈ। ਪਿਛਲੇ ਦਿਨੀਂ ਮਦਰਾਸ ਹਾਈ ਕੋਰਟ (ਮਦੁਰਾਏ ਬੈਂਚ) ਦੇ ਜਸਟਿਸ ਐੱਸ.ਐੱਮ. ਸੁਬਰਾਮਣੀਅਮ ਨੇ ਇਸ ਵਰਤਾਰੇ ਉੱਪਰ ਟਿੱਪਣੀ ਕਰਦੇ ਹੋਏ ਕਿਹਾ, "ਇਹ ਲੱਗਭੱਗ ਪੁਲਿਸ ਦੁਆਰਾ ਸੰਗਠਿਤ ਜੁਰਮ ਦੀ ਤਰ੍ਹਾਂ ਹੈ...ਬਹੁਤ ਹੀ ਸਖ਼ਤ ਸ਼ਬਦਾਂ ਵਿਚ ਕਿਹਾ ਜਾਵੇ ਤਾਂ ਇਹ ਰਾਜ ਦੁਆਰਾ ਆਪਣੇ ਹੀ ਨਾਗਰਿਕ ਦਾ ਕਤਲ ਹੈ।" ਜਸਟਿਸ ਸੁਬਰਾਮਣੀਅਮ ਅਜੀਤ ਕੁਮਾਰ ਨਾਂ ਦੇ ਇਕ ਵਿਅਕਤੀ ਦੀ ਪੁਲਿਸ ਹਿਰਾਸਤ ਵਿਚ ਹੋਈ ਮੌਤ ਬਾਰੇ ਟਿੱਪਣੀ ਕਰ ਰਹੇ ਸਨ।

ਜੂਨ ਦੇ ਆਖ਼ਰੀ ਹਫ਼ਤੇ ਤਾਮਿਲਨਾਡੂ ਦੇ ਸ਼ਿਵਗੰਗਾ ਜ਼ਿਲ੍ਹੇ ਵਿਚ ਅਜੀਤ ਕੁਮਾਰ ਨਾਂ ਦਾ ਨੌਜਵਾਨ ਹਿਰਾਸਤੀ ਤਸੀਹੇ ਨਾ ਸਹਾਰਦਾ ਹੋਇਆ ਦਮ ਤੋੜ ਗਿਆ। ਕੋਰੋਨਾ ਮਹਾਮਾਰੀ ਦੌਰਾਨ ਵੀ ਤਾਮਿਲਨਾਡੂ ਪੁਲਿਸ ਵੱਲੋਂ ਪਿਓ-ਪੁੱਤਰ ਨੂੰ ਹਿਰਾਸਤ ਵਿਚ ਲੈ ਕੇ ਕੁੱਟ-ਕੁੱਟ ਕੇ ਮਾਰ ਦੇਣ ਦਾ ਦਿਲ ਦਹਿਲਾ ਦੇਣ ਵਾਲਾ ਕਤਲ-ਕਾਂਡ ਵਾਪਰਿਆ ਸੀ। ਉਸ ਘਿਨਾਉਣੇ ਜੁਰਮ ਨੂੰ ਰੋਕਣ ਲਈ ਸਖ਼ਤ ਸਜ਼ਾਵਾਂ ਯਕੀਨੀ ਬਣਾਉਣ ਦੀ ਬਜਾਏ ਸਰਕਾਰ ਵੱਲੋਂ ਪਰਿਵਾਰ ਦੇ ਜੀਅ ਨੂੰ ਨੌਕਰੀ ਦੇ ਕੇ ਉਨ੍ਹਾਂ ਦਾ ਮੂੰਹ ਬੰਦ ਕਰ ਦਿੱਤਾ ਗਿਆ। ਹੁਣ ਤਾਮਿਲਨਾਡੂ ਪੁਲਿਸ ਦੀ ਵਿਸ਼ੇਸ਼ ਟੀਮ ਵੱਲੋਂ ਅਜੀਤ ਕੁਮਾਰ ਨਾਂ ਦੇ ਵਿਅਕਤੀ ਨੂੰ ਬਿਨਾਂ ਕਿਸੇ ਰਸਮੀ ਸ਼ਿਕਾਇਤ ਜਾਂ ਕੋਈ ਐੱਫ.ਆਈ.ਆਰ. ਦਰਜ ਕੀਤੇ ਚੋਰੀ ਦੇ ਇਲਜ਼ਾਮ 'ਚ ਹਿਰਾਸਤ ਵਿਚ ਲੈ ਕੇ ਮਾਰ ਦਿੱਤਾ ਗਿਆ।

ਮਨਾਮਦੁਰਾਈ ਦੇ ਡੀ.ਐੱਸ.ਪੀ. ਦੇ ਆਦੇਸ਼ 'ਤੇ ਅਜੀਤ ਕੁਮਾਰ ਨੂੰ ਪੁਲਿਸ ਦੀ ਟੀਮ ਨੇ ਕਈ ਸੁੰਨੀਆਂ ਥਾਵਾਂ 'ਤੇ ਲਿਜਾ ਕੇ ਬੇਕਿਰਕੀ ਨਾਲ ਤਸ਼ੱਦਦ ਕੀਤਾ ਤਾਂ ਜੋ ਉਹ ਚੋਰੀ ਦਾ ਇਲਜ਼ਾਮ ਕਬੂਲ ਕਰ ਲਵੇ। ਹੋਇਆ ਇਹ ਸੀ ਕਿ ਮਦਾਪੁਰਮ ਮੰਦਿਰ ਵਿਚ ਦਰਸ਼ਨ ਕਰਨ ਲਈ ਆਈ ਇਕ ਔਰਤ ਨੇ ਮੰਦਰ ਦੇ ਸਹਾਇਕ ਅਜੀਤ ਕੁਮਾਰ ਨੂੰ ਚਾਬੀ ਦੇ ਕੇ ਕਿਹਾ ਕਿ ਉਸਦੀ ਕਾਰ ਪਾਰਕਿੰਗ ਵਿਚ ਲਗਾ ਦੇਵੇ। ਬਾਅਦ ਵਿਚ ਔਰਤ ਨੇ ਦਾਅਵਾ ਕੀਤਾ ਕਿ ਕਾਰ ਵਿਚ ਰੱਖਿਆ ਉਸਦੇ ਸੋਨੇ ਦੇ ਗਹਿਣੇ ਗੁੰਮ ਹੋ ਗਏ। ਅਜੀਤ ਕੁਮਾਰ ਨੂੰ ਸ਼ੱਕੀ ਦੋਸ਼ੀ ਮੰਨਕੇ ਪੁਲਿਸ ਨੂੰ ਚੁਕਵਾ ਦਿੱਤਾ ਗਿਆ। ਚੋਰੀ ਦਾ ਇਲਜ਼ਾਮ ਤਾਂ ਸਾਬਤ ਨਹੀਂ ਹੋਇਆ, ਪਰ ਪੁਲਿਸ ਦੀ ਦਰਿੰਦਗੀ ਨੇ ਇਕ ਇਨਸਾਨ ਦੀ ਜਾਨ ਲੈ ਲਈ। ਪੋਸਟ ਮਾਰਟਮ ਰਿਪੋਰਟ ਨੇ ਉਸਦੇ ਸਰੀਰ ਅਤੇ ਗੁਪਤ ਅੰਗਾਂ ਉੱਪਰ 30 ਜ਼ਖ਼ਮ ਨੋਟ ਕੀਤੇ ਜੋ ਪੁਲਿਸ ਵੱਲੋਂ ਦਿੱਤੇ ਤਸੀਹਿਆਂ ਦਾ ਮੂੰਹ ਬੋਲਦਾ ਸਬੂਤ ਹਨ।

ਇਸੇ ਤਰ੍ਹਾਂ ਦੀ ਇਕ ਹੋਰ ਖ਼ਬਰ ਮੱਧ ਪ੍ਰਦੇਸ਼ ਦੇ ਛਤਰਪੁਰ ਜ਼ਿਲ੍ਹੇ ਤੋਂ ਹੈ। 15 ਜੁਲਾਈ ਨੂੰ ਆਪਣੇ ਘਰ ਨੂੰ ਪਰਤ ਰਹੇ ਪੰਜ ਦਲਿਤ ਨੌਜਵਾਨਾਂ ਨੂੰ ਪੁਲਿਸ ਦੀ ਮੋਬਾਈਲ ਟੀਮ ਵੱਲੋਂ ਚੁੱਕ ਲਿਆ ਗਿਆ। ਇਕ ਅਪਾਹਜ ਨੌਜਵਾਨ ਨੂੰ ਤਾਂ ਛੱਡ ਦਿੱਤਾ ਗਿਆ ਜਦਕਿ ਬਾਕੀ ਚਾਰਾਂ ਤੋਂ ਟਰਾਂਸਫਾਰਮਰ ਦੇ ਤੇਲ ਦੀ ਚੋਰੀ ਦਾ ਇਕਬਾਲ ਕਰਾਉਣ ਲਈ ਪੁੱਠੇ ਟੰਗ ਕੇ ਬੇਕਿਰਕੀ ਨਾਲ ਤਸੀਹੇ ਦਿੱਤੇ ਗਏ। ਉਨ੍ਹਾਂ ਦੇ ਗੁਪਤ ਅੰਗਾਂ ਵਿਚ ਮਿਰਚ ਦਾ ਪਾਊਡਰ ਭਰ ਦਿੱਤਾ ਗਿਆ ਅਤੇ ਚਾਰ ਦਿਨ ਨੰਗੇ ਕਰਕੇ ਵਹਿਸ਼ੀਆਨਾ ਕੁੱਟਮਾਰ ਕੀਤੀ ਗਈ। ਮਾਪਿਆਂ ਅਨੁਸਾਰ ਪੰਜਾਂ ਵਿੱਚੋਂ ਇਕ ਨੌਜਵਾਨ ਲਾਪਤਾ ਹੈ। ਉਨ੍ਹਾਂ ਨੂੰ ਖ਼ਦਸ਼ਾ ਹੈ ਕਿ ਉਹ ਪੁਲਿਸ ਹਿਰਾਸਤ ਵਿਚ ਮਾਰ ਦਿੱਤਾ ਗਿਆ ਹੋਵੇਗਾ।

ਇਨ੍ਹਾਂ ਤਾਜ਼ਾ ਮਿਸਾਲਾਂ ਤੋਂ ਪਤਾ ਲੱਗਦਾ ਹੈ ਕਿ ਪੁਲਿਸ ਫੋਰਸ ਵਿਚ ਅਧਿਕਾਰਵਾਦੀ ਮਾਨਸਿਕਤਾ ਅਤੇ ਖ਼ੌਫ਼ ਫੈਲਾਉਣ ਦੀ ਪ੍ਰਵਿਰਤੀ ਕਿੰਨੀਆਂ ਡੂੰਘੀ ਜੜ੍ਹਾਂ ਜਮਾ ਚੁੱਕੀ ਹੈ। ਭਾਰਤੀ ਪੁਲਿਸ ਸਟੇਟ ਦੀ ਦਹਿਸ਼ਤ ਪਾਉਣ ਲਈ ਅੰਨ੍ਹੇਵਾਹ ਗ੍ਰਿਫ਼ਤਾਰੀਆਂ ਕਰਨ ਅਤੇ ਹਿਰਾਸਤ ਵਿਚ ਤਸੀਹੇ ਦੇਣ ਲਈ ਇਸ ਕਦਰ ਬਦਨਾਮ ਹੈ ਕਿ ਪਿਛਲੇ ਦਿਨੀਂ ਵਰਲਡ ਆਰਗੇਨਾਈਜ਼ੇਸ਼ਨ ਅਗੇਂਸਟ ਟਾਰਚਰ (ਓਐੱਮਸੀਟੀ) ਦੁਆਰਾ ਜਾਰੀ 'ਗਲੋਬਲ ਟਾਰਚਰ ਇੰਡੈਕਸ 2025' ਨੇ ਭਾਰਤ ਨੂੰ ਪੁਲਿਸ ਤਸੀਹਿਆਂ ਦੇ ਵੱਖ-ਵੱਖ ਪਹਿਲੂਆਂ ਦੇ ਆਧਾਰ 'ਤੇ 'ਉੱਚ ਜੋਖਮ' ਵਾਲੇ ਮੁਲਕਾਂ ਦੀ ਸ਼੍ਰੇਣੀ ਵਿਚ ਰੱਖਿਆ ਹੈ। ਭਾਰਤ ਦੇ ਹੁਕਮਰਾਨ ਪੁਲਿਸ ਦਾ 'ਮਨੋਬਲ ਬਰਕਰਾਰ ਰੱਖਣ' ਦੇ ਨਾਂ ਹੇਠ ਪੁਲਿਸ ਦੇ ਇਸ ਖ਼ੌਫ਼ਨਾਕ ਵਿਹਾਰ ਵਿਰੁੱਧ ਕਦੇ ਵੀ ਢੁੱਕਵੀਂ ਕਾਰਵਾਈ ਨਹੀਂ ਹੋਣ ਦਿੰਦੇ।

ਪਿਛਲੇ ਦਿਨੀਂ ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਵੱਲੋਂ ਮੁਲਕ ਦੀ ਰਾਜਧਾਨੀ ਵਿਚ ਅੱਧੀ ਦਰਜਨ ਤੋਂ ਵਧੇਰੇ ਲੜਕੇ-ਲੜਕੀਆਂ ਨੂੰ ਹਫ਼ਤਾ ਭਰ ਗ਼ੈਰਕਾਨੂੰਨੀ ਹਿਰਾਸਤ ਵਿਚ ਰੱਖਕੇ ਬੇਕਿਰਕੀ ਨਾਲ ਤਸੀਹੇ ਦੇਣ ਨਾਲ ਗ੍ਰਿਫ਼ਤਾਰ ਕੀਤੇ ਵਿਅਕਤੀ ਦੇ ਅਧਿਕਾਰਾਂ ਅਤੇ ਹਿਰਾਸਤ ਵਿਚ ਵਿਅਕਤੀ ਦੀ ਜ਼ਿੰਦਗੀ ਅਤੇ ਮਨੁੱਖੀ ਸਨਮਾਨ ਦਾ ਸਵਾਲ ਹੋਰ ਵੀ ਉੱਭਰ ਕੇ ਸਾਹਮਣੇ ਆ ਗਿਆ। ਜੇ ਪੁਲਿਸ ਮੁਲਕ ਦੀ ਰਾਜਧਾਨੀ ਵਿਚ, ਕਿਸੇ ਵੀ ਜੁਰਮ ਵਿਚ ਨਾ ਸ਼ਾਮਲ ਪੜ੍ਹੇ ਲਿਖੇ ਵਿਦਿਆਰਥੀਆਂ ਨੂੰ ਇੰਝ ਮਨਮਰਜ਼ੀ ਨਾਲ ਤਸੀਹੇ ਦੇ ਸਕਦੀ ਹੈ ਤਾਂ ਦੂਰ-ਦਰਾਜ਼ ਇਲਾਕਿਆਂ ਵਿਚ ਪੁਲਿਸ ਦੀ ਬੇਖ਼ੌਫ਼ ਮਾਨਸਿਕਤਾ ਦਾ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ। 17 ਜੁਲਾਈ ਨੂੰ ਸੋਸ਼ਲ ਮੀਡੀਆ ਦੇ ਮਾਧਿਅਮ ਰਾਹੀਂ ਕਾਰਕੁਨਾਂ ਨੇ ਜਾਣਕਾਰੀ ਦਿੱਤੀ ਕਿ ਦਿੱਲੀ ਦੇ ਕੁਝ ਸਰਗਰਮ ਵਿਦਿਆਰਥੀ ਕਾਰਕੁਨ ਪਿਛਲੇ ਦਿਨਾਂ ਤੋਂ ਲਾਪਤਾ ਹਨ। ਗੁਰਕੀਰਤ ਨਾਂ ਦੀ ਵਿਦਿਆਰਥਣ ਨੂੰ ਹਿਰਾਸਤ ਵਿੱਚੋਂ ਛੱਡੇ ਜਾਣ ਤੋਂ ਬਾਅਦ ਹੀ ਇਹ ਪਤਾ ਲੱਗ ਸਕਿਆ ਕਿ ਜਿਸ ਨਿਊ ਫਰੈਂਡਜ਼ ਕਾਲੋਨੀ ਥਾਣੇ 'ਚ ਰੱਖ ਕੇ ਉਸ ਨੂੰ ਵਹਿਸ਼ੀਆਨਾ ਤਸੀਹੇ ਦਿੱਤੇ ਗਏ ਉੱਥੇ ਉਸਦੇ ਸਾਥੀ ਹੋਰ ਕਾਰਕੁਨ ਅਜੇ ਵੀ ਗ਼ੈਰਕਾਨੂੰਨੀ ਹਿਰਾਸਤ ਵਿਚ ਹਨ। ਫਿਰ ਥੋੜ੍ਹੇ-ਥੋੜ੍ਹੇ ਅਰਸੇ ਬਾਅਦ ਇਕ-ਇਕ ਕਰਕੇ ਗੌਰਵ, ਗੌਰਾਂਗ, ਬਾਦਲ, ਸਮਾਜਿਕ ਕਾਰਕੁਨ ਸਮਰਾਟ ਸਿੰਘ ਅਤੇ ਐਡਵੋਕੇਟ ਏਤਮਿਮਾਮ ਨੂੰ ਅੱਠ-ਨੌਂ ਦਿਨ ਗ਼ੈਰਕਾਨੂੰਨੀ ਹਿਰਾਸਤ ਵਿਚ ਰੱਖਣ ਤੋਂ ਬਾਅਦ ਰਿਹਾਅ ਕੀਤਾ ਗਿਆ। ਉਨ੍ਹਾਂ ਦੀ ਰਿਹਾਈ ਤੋਂ ਬਾਅਦ ਹੀ ਪੂਰੀ ਤਸਵੀਰ ਸਾਹਮਣੇ ਆਈ ਕਿ ਦਿੱਲੀ ਪੁਲਿਸ ਵੱਲੋਂ 'ਭਗਤ ਸਿੰਘ ਛਾਤਰ ਏਕਤਾ ਮੰਚ' ਦੀ ਪ੍ਰਧਾਨ ਗੁਰਕੀਰਤ, ਉਸਦੇ ਸਾਥੀ ਕਾਰਕੁਨਾਂ ਗੌਰਵ ਅਤੇ ਗੌਰਾਂਗ ਨੂੰ ਬਿਨਾਂ ਕਿਸੇ ਗ੍ਰਿਫ਼ਤਾਰੀ ਵਾਰੰਟ ਜਾਂ ਨੋਟਿਸ ਦੇ 9 ਜੁਲਾਈ 2025 ਨੂੰ ਅਗਵਾ ਕਰ ਲਿਆ ਗਿਆ ਸੀ। ਕਾਨੂੰਨ ਦੀਆਂ ਧੱਜੀਆਂ ਉਡਾਕੇ ਉਨ੍ਹਾਂ ਨੂੰ ਨਿਊ ਫਰੈਂਡਜ਼ ਕਾਲੋਨੀ ਥਾਣੇ 'ਚ ਰੱਖਿਆ ਗਿਆ। ਨਾ ਤੁਰੰਤ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਸੂਚਿਤ ਕੀਤਾ ਗਿਆ ਅਤੇ ਨਾ ਆਪਣੀ ਡਿਫੈਂਸ ਲਈ ਕਿਸੇ ਵਕੀਲ ਨਾਲ ਸੰਪਰਕ ਕਰਨ ਦੀ ਇਜਾਜ਼ਤ ਦਿੱਤੀ ਗਈ। 11 ਜੁਲਾਈ ਨੂੰ ਐਡਵੋਕੇਟ ਏਹਤਿਮਾਮ ਉਲ ਹੱਕ ਅਤੇ ਉਸਦੀ ਸਾਥੀ ਵਿਦਿਆਰਥਣ ਕਾਰਕੁਨ ਬਾਦਲ ਨੂੰ ਵੀ ਇਸੇ ਤਰ੍ਹਾਂ ਚੁੱਕ ਲਿਆ ਗਿਆ। ਅਗਲੇ ਦਿਨ ਮਨੋਵਿਗਿਆਨੀ ਅਤੇ ਸਮਾਜਕ ਕਾਰਕੁਨ ਸਮਰਾਟ ਸਿੰਘ ਨੂੰ ਹਰਿਆਣਾ ਦੇ ਯਮੁਨਾਨਗਰ ਵਿਚਲੇ ਉਨ੍ਹਾਂ ਦੇ ਘਰ ਤੋਂ ਦਿੱਲੀ ਪੁਲਿਸ ਵੱਲੋਂ ਆਪਣੇ ਅਧਿਕਾਰ ਖੇਤਰ ਤੋਂ ਬਾਹਰ ਜਾ ਕੇ ਅਤੇ ਬਿਨਾਂ ਸਥਾਨਕ ਪੁਲਿਸ ਨੂੰ ਸੂਚਿਤ ਕੀਤੇ ਗਿ ?ਰਫ਼ਤਾਰ ਕਰ ਲਿਆ ਗਿਆ। ਹਿਰਾਸਤ ਦੌਰਾਨ ਇਨ੍ਹਾਂ ਕਾਰਕੁਨਾਂ ਨੂੰ ਬੇਕਿਰਕੀ ਨਾਲ ਤਸੀਹੇ ਦਿੱਤੇ ਗਏ। ਉਨ੍ਹਾਂ ਨੂੰ ਨੰਗੇ ਕਰਕੇ ਬੇਤਹਾਸ਼ਾ ਕੁੱਟਮਾਰ ਕੀਤੀ ਗਈ, ਬਿਜਲੀ ਦੇ ਝਟਕੇ ਦਿੱਤੇ ਗਏ ਅਤੇ ਉਨ੍ਹਾਂ ਦੇ ਸਿਰ ਟਾਇਲਟ ਵਿਚ ਧੱਕਕੇ ਬੁਰੀ ਤਰ੍ਹਾਂ ਜ਼ਲੀਲ ਕੀਤਾ ਗਿਆ। ਲੜਕੀ ਨੂੰ ਧਮਕੀਆਂ ਦਿੱਤੀਆਂ ਗਈਆਂ ਕਿ ਜੇ ਉਸ ਨੇ ਆਪਣੀਆਂ ਸਰਗਰਮੀਆਂ ਬੰਦ ਨਾ ਕੀਤੀਆਂ ਤਾਂ ਉਨ੍ਹਾਂ ਦੇ ਗੁਪਤ ਅੰਗਾਂ 'ਚ ਰਾਡਾਂ ਧੱਕ ਦਿੱਤੀਆਂ ਜਾਣਗੀਆਂ ਯਾਨੀ ਉਨ੍ਹਾਂ ਨਾਲ ਬਲਾਤਕਾਰ ਕੀਤੇ ਜਾਣਗੇ। ਇਹ ਉਸ ਭਾਰਤੀ ਰਾਜ ਦਾ ਹੋਣਹਾਰ ਲੜਕੇ-ਲੜਕੀਆਂ ਨਾਲ ਵਿਹਾਰ ਕਰਨ ਦਾ ਨਮੂਨਾ ਹੈ ਜਿਸਦੀ ਹਕੂਮਤ ਦਾਅਵਾ ਕਰਦੀ ਹੈ ਕਿ ਜਮਹੂਰੀਅਤ ਤਾਂ ਉਨ੍ਹਾਂ ਦੇ ਡੀਐੱਨਏ ਵਿਚ ਹੈ। ਇਹ ਭਾਰਤੀ ਸੰਵਿਧਾਨ ਅਤੇ ਅੰਤਰਰਾਸ਼ਟਰੀ ਕਨਵੈਨਸ਼ਨਾਂ ਵਿਚ ਗਾਰੰਟੀ ਦਿੱਤੇ ਨਾਗਰਿਕ ਹੱਕਾਂ ਦੀ ਸਿੱਧੀ ਉਲੰਘਣਾ ਹੈ।

ਹਾਲੇ ਤੱਕ ਉਨ੍ਹਾਂ ਨੂੰ ਇਸ ਤਰ੍ਹਾਂ ਹਿਰਾਸਤ ਵਿਚ ਲਏ ਜਾਣ ਦਾ ਕੋਈ ਸਰਕਾਰੀ ਪੱਖ ਤਾਂ ਸਾਹਮਣੇ ਨਹੀਂ ਆਇਆ। ਪਰ ਇਹ ਸਪਸ਼ਟ ਹੈ ਕਿ ਹਕੂਮਤ ਉਨ੍ਹਾਂ ਨੂੰ ਸਬਕ ਸਿਖਾਉਣਾ ਚਾਹੁੰਦੀ ਸੀ। ਉਹ ਲੰਮੇ ਸਮੇਂ ਤੋਂ ਸਟੇਟ ਦੇ ਨਿਸ਼ਾਨੇ 'ਤੇ ਸਨ ਕਿਉਂਕਿ ਉਹ ਸਰਕਾਰ ਦੀਆਂ ਨੀਤੀਆਂ ਵਿਰੁੱਧ ਆਵਾਜ਼ ਉਠਾ ਰਹੇ ਸਨ। ਉਹ ਆਦਿਵਾਸੀ ਇਲਾਕਿਆਂ ਵਿਚ ਚੱਲ ਰਹੇ ਕਤਲੇਆਮ ਵਿਰੁੱਧ ਨਾਗਰਿਕਾਂ ਨੂੰ ਸੁਚੇਤ ਕਰਨ ਲਈ ਜਨਤਕ ਰਾਇ ਉਸਾਰਨ ਲਈ ਜਨਤਕ ਇਕੱਠ ਆਯੋਜਤ ਕਰ ਰਹੇ ਸਨ। ਉਨ੍ਹਾਂ ਉੱਪਰ ਕੀਤੇ ਇਸ ਦਹਿਸ਼ਤ ਪਾਊ ਤਸ਼ੱਦਦ ਦਾ ਸਪਸ਼ਟ ਮਨੋਰਥ ਜੁਝਾਰੂ ਵਿਦਿਆਰਥੀਆਂ-ਨੌਜਵਾਨਾਂ ਦੇ ਸਵੈਮਾਣ ਨੂੰ ਕੁਚਲਣਾ ਅਤੇ ਉਨ੍ਹਾਂ ਦੀ ਜ਼ੁਬਾਨਬੰਦੀ ਕਰਨਾ ਹੈ। ਉਨ੍ਹਾਂ ਦੇ ਪਰਿਵਾਰਾਂ ਨੂੰ ਤੰਗ ਕੀਤਾ ਗਿਆ ਅਤੇ ਦਿੱਲੀ ਤੋਂ ਬਾਹਰਲੇ ਵਿਦਿਆਰਥੀਆਂ ਤੋਂ ਇਹ ਲਿਖਤੀ ਲਿਆ ਗਿਆ ਕਿ ਉਹ ਮੁੜ ਦਿੱਲੀ ਵਿਚ ਪੈਰ ਨਹੀਂ ਪਾਉਣਗੇ! ਪੜ੍ਹਾਈ ਪੂਰੀ ਕਰ ਚੁੱਕੀ ਲੜਕੀ ਬਾਦਲ ਨੇ ਦੱਸਿਆ, "ਮੈਨੂੰ ਮੇਰੇ ਪਿਤਾ ਜੀ ਤੋਂ ਖਾਲੀ ਕਾਗ਼ਜ਼ 'ਤੇ ਜਬਰੀ ਦਸਤਖ਼ਤ ਕਰਵਾਏ ਜਾਣ ਤੋਂ ਬਾਅਦ ਹੀ ਛੱਡਿਆ ਗਿਆ, ਜਿਸ 'ਚ ਲਿਖਵਾਇਆ ਗਿਆ ਕਿ ਮੈਂ ਕਦੇ ਵੀ ਦਿੱਲੀ ਵਿਚ ਪੈਰ ਨਹੀਂ ਰੱਖਾਂਗੀ, ਕਿਸੇ ਰਾਜਨੀਤਕ ਸਰਗਰਮੀ ਵਿਚ ਹਿੱਸਾ ਨਹੀਂ ਲਵਾਂਗੀ, ਅਤੇ ਦਿੱਲੀ ਵਿਚ ਕਿਸੇ ਨਾਲ ਗੱਲ ਵੀ ਨਹੀਂ ਕਰਾਂਗੀ। ਉਨ੍ਹਾਂ ਨੇ ਇਹ ਵੀ ਕਿਹਾ ਕਿ ਜੇ ਮੈਂ ਕਦੇ ਵਾਪਸ ਆਈ ਤਾਂ ਮੇਰੇ ਪਿਤਾ ਨੂੰ ਗੰਭੀਰ ਨਤੀਜੇ ਭੁਗਤਣੇ ਪੈਣਗੇ। ਉਨ੍ਹਾਂ ਨੇ ਇਹ ਵੀ ਆਦੇਸ਼ ਦਿੱਤਾ ਕਿ ਮੈਂ ਆਪਣੇ ਮਾਪਿਆਂ ਦੇ ਨਾਲ ਹੀ ਰਹਾਂਗੀ, ਇਸ ਕਰਕੇ ਹੁਣ ਮੈਂ ਪੜ੍ਹਾਈ ਲਈ ਹੋਰ ਰਾਜਾਂ ਵਿਚ ਵੀ ਨਹੀਂ ਜਾ ਸਕਦੀ।"

ਐਡਵੋਕੇਟ ਏਹਤਿਮਾਮ ਮੁਸਲਮਾਨ ਹੋਣ ਕਾਰਨ ਉਸ ਨੂੰ ਪੁਲਿਸ ਅਧਿਕਾਰੀਆਂ ਦੀ ਜ਼ੁਬਾਨ ਤੋਂ ਮੁਸਲਮਾਨਾਂ ਵਿਰੋਧੀ ਗਾਲ੍ਹਾਂ ਦਾ ਸੰਤਾਪ ਵੀ ਝੱਲਣਾ ਪਿਆ। ਇਹ ਸੱਤਾ ਦੀਆਂ ਨੀਤੀਆਂ ਉੱਪਰ ਸਵਾਲ ਉਠਾਉਣ ਦਾ ਮੁੱਲ ਹੈ ਜੋ ਇਨ੍ਹਾਂ ਹੋਣਹਾਰ ਨੌਜਵਾਨਾਂ ਨੂੰ ਚੁਕਾਉਣਾ ਪਿਆ ਹੈ।

ਉਨ੍ਹਾਂ ਦੀ ਰਿਹਾਈ ਹੁੰਦੇ ਸਾਰ ਹੀ ਇਕ ਹੋਰ ਮਾਮਲਾ ਸਾਹਮਣੇ ਆਇਆ ਕਿ ਜ਼ਾਕਿਰ ਹੁਸੈਨ ਕਾਲਜ, ਦਿੱਲੀ ਯੂਨੀਵਰਸਿਟੀ ਦਾ ਫ਼ਿਲਾਸਫ਼ੀ ਵਿਭਾਗ ਦਾ ਵਿਦਿਆਰਥੀ ਰੁਦਰ ਵੀ 19 ਜੁਲਾਈ 2025 ਦੀ ਸਵੇਰ ਤੋਂ ਲਾਪਤਾ ਹੈ। ਰੁਦਰ "ਨਜ਼ਰੀਆ" ਨਾਂ ਦੇ ਇਨਕਲਾਬੀ ਮੈਗਜ਼ੀਨ ਨਾਲ ਜੁੜਿਆ ਹੋਇਆ ਸੀ। ਉਹ ਕੋਲਕਾਤਾ ਦੇ ਹਾਵੜਾ ਰੇਲਵੇ ਸਟੇਸ਼ਨ ਤੋਂ ਟਰੇਨ ਲੈ ਕੇ ਦਿੱਲੀ ਆਇਆ ਸੀ। ਉਹ ਸਵੇਰ ਵੇਲੇ ਲੱਗਭੱਗ 7:40 ਵਜੇ ਨਵੀਂ ਦਿੱਲੀ ਰੇਲਵੇ ਸਟੇਸ਼ਨ 'ਤੇ ਉੱਤਰਿਆ। ਉੱਥੋਂ ਉਸਨੇ ਆਪਣੇ ਇਕ ਮਿੱਤਰ ਨੂੰ ਫ਼ੋਨ ਕਰਕੇ ਆਪਣੇ ਆਉਣ ਦੀ ਸੂਚਨਾ ਦਿੱਤੀ। ਰੇਲਵੇ ਸਟੇਸ਼ਨ ਤੋਂ ਆਪਣੀ ਰਿਹਾਇਸ਼ ਲਈ ਰਵਾਨਾ ਹੋਣ ਤੋਂ ਬਾਅਦ ਉਹ ਲਾਪਤਾ ਹੋ ਗਿਆ। ਪਰਿਵਾਰ ਨਾਲ ਉਸਦਾ ਆਖ਼ਰੀ ਸੰਪਰਕ ਸਵੇਰੇ 7 ਵਜੇ ਇਕ ਮੈਸੇਜ ਰਾਹੀਂ ਹੋਇਆ ਸੀ, ਉਸ ਤੋਂ ਬਾਅਦ ਉਸ ਦਾ ਫੋਨ ਬੰਦ ਹੋ ਗਿਆ। ਉਹ ਕਿੱਥੇ ਹੈ, ਕਿਸ ਹਾਲਤ ਵਿਚ ਹੈ, ਦੋ ਦਿਨ ਤੱਕ ਇਸਦੀ ਕੋਈ ਜਾਣਕਾਰੀ ਨਾ ਮਿਲੀ। ਇਹ ਘਟਨਾ ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਵੱਲੋਂ ਹੋਰ ਕਾਰਕੁਨਾਂ ਨੂੰ ਗੈਰਕਾਨੂੰਨੀ ਹਿਰਾਸਤ ਵਿਚ ਲਏ ਜਾਣ ਦੇ ਪਿਛੋਕੜ ਵਿਚ ਵਾਪਰੀ ਹੋਣ ਕਾਰਨ ਬਾਅਦ ਵਿਚ ਇਹ ਖਦਸ਼ਾ ਸੱਚ ਸਾਬਤ ਹੋਇਆ ਕਿ ਉਸ ਨੂੰ ਵੀ ਬਿਨਾਂ ਕਿਸੇ ਕਾਨੂੰਨੀ ਕਾਰਵਾਈ ਦੇ ਚੁੱਕ ਲਿਆ ਗਿਆ ਹੋਵੇਗਾ। ਉਸ ਨੂੰ 21 ਜੁਲਾਈ ਨੂੰ ਛੱਡਿਆ ਗਿਆ। ਉਸ ਨੂੰ ਹਿਰਾਸਤ ਵਿਚ ਲਏ ਜਾਣ ਦੀ ਜਾਣਕਾਰੀ ਉਸਦੇ ਪਰਿਵਾਰ ਨੂੰ ਨਹੀਂ ਦਿੱਤੀ ਗਈ। ਇਸ ਦੌਰਾਨ "ਨਜ਼ਰੀਆ" ਮੈਗਜ਼ੀਨ ਦੀ ਪ੍ਰਕਾਸ਼ਕ ਲੜਕੀ ਵਲਿਕਾ ਵਰਸ਼ੀ ਦੇ ਲਾਪਤਾ ਹੋਣ ਦੀ ਖ਼ਬਰ ਵੀ ਆਈ। ਪਰ ਅਜੇ ਤੱਕ ਇਹ ਸਪਸ਼ਟ ਨਹੀਂ ਹੈ ਕਿ ਉਸ ਦੀ ਕੀ ਸਥਿਤੀ ਹੈ। ਇਹ ਕਾਰਕੁਨ, ਜਿਨ੍ਹਾਂ ਵਿਚ ਬਹੁਤ ਹੀ ਜ਼ਹੀਨ ਅਤੇ ਸੰਵੇਦਨਸ਼ੀਨ ਵਿਦਿਆਰਥਣਾਂ ਵੀ ਹਨ, ਭਗਤ ਸਿੰਘ ਛਾਤਰ ਏਕਤਾ ਮੰਚ, ਫੋਰਮ ਅਗੇਂਸਟ ਕਾਰਪੋਰੇਟਾਈਜੇਸ਼ਨ ਐਂਡ ਮਿਲੀਟਰਾਈਜੇਸ਼ਨ ਅਤੇ "ਨਜ਼ਰੀਆ" ਮੈਗਜ਼ੀਨ ਨਾਲ ਕੰਮ ਕਰ ਰਹੇ ਹਨ। ਇਨ੍ਹਾਂ ਕਾਰਕੁਨਾਂ ਨੂੰ 'ਸ਼ਹਿਰੀ ਨਕਸਲੀ' ਦਾ ਕੋਈ ਝੂਠਾ ਕੇਸ ਬਣਾਕੇ ਉਸ ਵਿਚ ਉਲਝਾਏ ਜਾਣ ਦਾ ਖ਼ਦਸ਼ਾ ਬਣਿਆ ਹੋਇਆ ਹੈ।

ਜਿਵੇਂ ਦਿੱਲੀ ਆਧਾਰਤ ਨੌਜਵਾਨ-ਵਿਦਿਆਰਥੀ ਅਤੇ ਹੋਰ ਜਮਹੂਰੀ ਜਥੇਬੰਦੀਆਂ ਦੇ ਸਾਂਝੇ ਮੰਚ ਕੈਂਪੇਨ ਅਗੇਂਸਟ ਸਟੇਟ ਰਿਪਰੈਸ਼ਨ ਨੇ ਕਿਹਾ ਹੈ, ਇਹ ਦਰਅਸਲ ਭਾਜਪਾ ਦੇ 'ਸੂਰਜਕੁੰਡ ਮੰਥਨ' ਵਿਚ ਤੈਅ ਕੀਤੀ ਫਾਸ਼ੀਵਾਦੀ ਯੁੱਧਨੀਤੀ ਦਾ ਹਿੱਸਾ ਹੈ ਜਿਸ ਵਿਚ ਐਲਾਨ ਕੀਤਾ ਗਿਆ ਕਿ 'ਕਲਮਧਾਰੀ ਨਕਸਲੀਆਂ' ਨਾਲ ਵੀ ਜੰਗਲਾਂ ਵਿਚਲੇ 'ਬੰਦੂਕਧਾਰੀ ਨਕਸਲੀਆਂ' ਵਾਂਗ ਹੀ ਨਜਿੱਠਿਆ ਜਾਵੇਗਾ। ਸੱਤਾ ਵਿਚ ਆਉਣ ਤੋਂ ਬਾਅਦ ਆਰ.ਐੱਸ.ਐੱਸ.-ਭਾਜਪਾ ਨੇ ਭਾਰਤ ਅੱਗੇ 'ਨਵੀਂ ਖੋਜ' ਪੇਸ਼ ਕੀਤੀ ਕਿ ਮੁਲਕ ਵਿਚ ਜਿਹੜੇ ਵੀ ਲੇਖਕ, ਕਵੀ, ਪੱਤਰਕਾਰ, ਵਕੀਲ, ਅਕਾਦਮਿਕ, ਹੱਕਾਂ ਦੇ ਕਾਰਕੁਨ, ਵਿਦਿਆਰਥੀ ਯਾਨੀ ਨਾਗਰਿਕਾਂ ਦੇ ਸੰਵਿਧਾਨਕ ਤੇ ਜਮਹੂਰੀ ਹੱਕਾਂ ਬਾਰੇ ਜਾਗਰੂਕ ਹਿੱਸੇ ਹਕੂਮਤ ਦੀਆਂ ਨੀਤੀਆਂ ਅਤੇ ਕਾਰਗੁਜ਼ਾਰੀ ਉੱਪਰ ਸਵਾਲ ਉਠਾਉਂਦੇ ਹਨ, ਖ਼ਾਸ ਕਰਕੇ ਜੋ ਜੰਗਲਾਂ-ਪਹਾੜਾਂ ਵਿਚਲੇ ਕੁਦਰਤੀ ਵਸੀਲਿਆਂ ਉੱਪਰ ਵੱਡੇ ਕਾਰਪੋਰੇਟ ਘਰਾਣਿਆਂ ਦਾ ਜਬਰੀ ਕਬਜ਼ਾ ਕਰਾਉਣ ਲਈ ਆਦਿਵਾਸੀ ਇਲਾਕਿਆਂ ਵਿਚ ਕੀਤੇ ਜਾ ਰਹੇ ਕਤਲੇਆਮ ਜਾਂ ਘੱਟਗਿਣਤੀਆਂ ਉੱਪਰ ਫਿਰਕੂ ਹਮਲਿਆਂ ਦਾ ਵਿਰੋਧ ਕਰਦੇ ਹਨ, ਉਹ ਸਾਰੇ 'ਸ਼ਹਿਰੀ ਨਕਸਲੀ' ਹਨ। 2018 'ਚ ਭੀਮਾ-ਕੋਰੇਗਾਓਂ ਸਾਜ਼ਿਸ਼ ਕੇਸ ਘੜਕੇ ਇਨ੍ਹਾਂ ਸ਼ਹਿਰੀ ਨਕਸਲੀਆਂ ਨੂੰ ਬਦਨਾਮ ਕਾਨੂੰਨ, ਯੂਏਪੀਏ, ਲਗਾਕੇ ਜੇਲ੍ਹਾਂ ਵਿਚ ਡੱਕਣ ਦਾ ਸਿਲਸਿਲਾ ਸ਼ੁਰੂ ਹੋਇਆ ਜਿਸ ਦੇ ਤਹਿਤ ਗ੍ਰਿਫ਼ਤਾਰ ਕੀਤੇ ਬਹੁਤ ਸਾਰੇ ਉੱਘੇ ਕਾਰਕੁਨ ਅਤੇ ਉਮਰ ਖ਼ਾਲਿਦ, ਗੁਲਫ਼ਿਸ਼ਾਂ ਫਾਤਿਮਾ ਵਰਗੇ ਹੋਣਹਾਰ ਲੜਕੇ ਲੜਕੀਆਂ ਕਈ ਕਈ ਸਾਲ ਤੋਂ ਬਿਨਾਂ ਜ਼ਮਾਨਤ, ਬਿਨਾਂ ਮੁਕੱਦਮਾ ਚਲਾਏ ਜੇਲ੍ਹਾਂ ਵਿਚ ਬੰਦ ਹਨ। ਕੁਝ ਜ਼ਮਾਨਤ ਦੇਣ ਤੋਂ ਬਾਅਦ ਜੇਲ੍ਹ ਤੋਂ ਬਾਹਰ ਪੁਲਿਸ ਦੀ ਨਿਗਰਾਨੀ ਹੇਠ ਨਜ਼ਰਬੰਦ ਹਨ।

ਭਗਵਾ ਹੁਕਮਰਾਨ ਅਕਸਰ ਹੀ ਇਹ ਦਲੀਲ ਦਿੰਦੇ ਦੇਖੇ ਜਾ ਸਕਦੇ ਹਨ ਕਿ ਮਾਓਵਾਦੀ ਸੰਵਿਧਾਨ ਨੂੰ ਨਹੀਂ ਮੰਨਦੇ, ਇਸ ਲਈ ਉਨ੍ਹਾਂ ਨੂੰ ਘੇਰ-ਘੇਰ ਕੇ ਮੁਕਾਬਲਿਆਂ 'ਚ ਮਾਰ ਦਿੱਤਾ ਜਾਵੇਗਾ। ਪਰ ਕੀ ਭਾਰਤੀ ਹੁਕਮਰਾਨ ਸੰਵਿਧਾਨ ਨੂੰ ਮੰਨਦੇ ਹਨ? ਭਾਰਤੀ ਸੰਵਿਧਾਨ ਦੇ ਆਰਟਿਕਲ 21 ਤਹਿਤ ਨਾਗਰਿਕ ਦੀ ਜ਼ਿੰਦਗੀ ਅਤੇ ਮਾਣ-ਸਨਮਾਨ ਦੀ ਗਾਰੰਟੀ ਦਿੱਤੀ ਗਈ ਹੈ। ਡੀ.ਕੇ. ਬਸੂ ਬਨਾਮ ਪੱਛਮੀ ਬੰਗਾਲ ਰਾਜ (1997) ਕੇਸ ਬਾਰੇ ਆਪਣੇ ਫ਼ੈਸਲੇ ਵਿਚ ਸੁਪਰੀਮ ਕੋਰਟ ਵੱਲੋਂ ਗ੍ਰਿਫ਼ਤਾਰ ਕੀਤੇ ਜਾਣ ਵਾਲੇ ਨਾਗਰਿਕ ਦੇ ਕਾਨੂੰਨੀ ਹੱਕਾਂ ਬਾਰੇ ਸਪਸ਼ਟ ਦਿਸ਼ਾ-ਨਿਰਦੇਸ਼ ਤੈਅ ਕੀਤੇ ਗਏ। ਪਰ ਹਕੂਮਤ ਦੇ ਇਸ਼ਾਰੇ 'ਤੇ ਪੁਲਿਸ ਉਪਰੋਕਤ ਸੰਵਿਧਾਨਕ ਹੱਕ ਅਤੇ ਦਿਸ਼ਾ-ਨਿਰਦੇਸ਼ਾਂ ਦੀਆਂ ਬੇਖ਼ੌਫ਼ ਹੋ ਕੇ ਧੱਜੀਆਂ ਉਡਾਉਂਦੀ ਹੈ। ਕਿਉਂਕਿ ਜੇਕਰ ਇਹ ਅਧਿਕਾਰ ਦੇ ਦਿੱਤੇ ਜਾਣਗੇ ਤਾਂ ਹਕੂਮਤ ਅਤੇ ਪੁਲਿਸ ਦਾ ਗ਼ੈਰਕਾਨੂੰਨੀ ਹਿਰਾਸਤ ਵਿਚ ਲੈਣ ਦਾ ਮਨੋਰਥ ਹੀ ਪੂਰਾ ਨਹੀਂ ਹੋਵੇਗਾ। ਇਸੇ ਕਰਕੇ ਗ਼ੈਰਕਾਨੂੰਨੀ ਹਿਰਾਸਤ, ਹਿਰਾਸਤ ਵਿਚ ਤਸੀਹਿਆਂ ਅਤੇ ਹਿਰਾਸਤੀ ਕਤਲਾਂ ਦੀਆਂ ਘਟਨਾਵਾਂ ਕੋਈ ਇੱਕਾ-ਦੁੱਕਾ ਆਪਮੁਹਾਰੀਆਂ ਘਟਨਾਵਾਂ ਨਹੀਂ ਹਨ। ਇਹ ਯੋਜਨਾਬੱਧ ਨੀਤੀ ਦਾ ਹਿੱਸਾ ਹਨ ਜਿਸਦਾ ਮਕਸਦ ਸਵਾਲ ਕਰਨ ਵਾਲਿਆਂ ਦਾ ਮਨੋਬਲ ਤੋੜਨਾ, ਉਨ੍ਹਾਂ ਉੱਪਰ ਹਕੂਮਤੀ ਦਹਿਸ਼ਤਵਾਦ ਦੀ ਛਾਪ ਛੱਡਣਾ, ਉਨ੍ਹਾਂ ਨੂੰ ਮਿਸਾਲ ਬਣਾ ਕੇ ਬਾਕੀਆਂ ਨੂੰ ਖ਼ੌਫ਼ਜ਼ਦਾ ਕਰਨਾ ਤੇ ਚੁੱਪ ਕਰਾਉਣਾ ਹੈ। ਵਿਦਿਆਰਥੀ ਕਾਰਕੁਨਾਂ ਨਾਲ ਹਿਰਾਸਤ ਵਿਚ ਕੀਤੇ ਗਏ ਸਲੂਕ ਤੋਂ ਇਸ ਨੂੰ ਸਾਫ਼ ਸਮਝਿਆ ਜਾ ਸਕਦਾ ਹੈ। ਮੁਲਕ ਦੇ ਨਿਆਂਪਸੰਦ ਲੋਕਾਂ ਸਾਹਮਣੇ ਸਵਾਲ ਇਹ ਹੈ ਕਿ ਸੱਤਾ ਦੀਆਂ ਮਨਮਾਨੀਆਂ ਅਤੇ ਪੁਲਿਸ ਦੇ ਇਸ ਜਾਬਰ ਵਿਹਾਰ ਨੂੰ ਠੱਲ ਪਾਉਣ ਲਈ ਵਿਸ਼ਾਲ ਲੋਕ-ਚੇਤਨਾ ਕਿਵੇਂ ਬਣੇ? ਇਸ ਵਰਤਾਰੇ ਵਿਰੁੱਧ ਜ਼ਬਰਦਸਤ ਲੋਕ ਆਵਾਜ਼ ਉੱਠੇ ਜੋ ਸਟੇਟ ਨੂੰ ਉਨ੍ਹਾਂ ਹੱਕਾਂ ਅਤੇ ਕਾਨੂੰਨੀ ਗਾਰੰਟੀਆਂ ਦੀ ਪਾਬੰਦ ਬਣਾਵੇ ਜੋ ਸੰਵਿਧਾਨ ਅਤੇ ਅੰਤਰਰਾਸ਼ਟਰੀ ਕਨਵੈਨਸ਼ਨਾਂ ਵਿਚ ਦਰਜ ਹਨ।

# ਪੂੰਜੀਵਾਦੀ ਸਿਸਟਮ ਵਿੱਚ ਰਿਸ਼ਤਿਆਂ ਦੀ ਗੱਲ ਕਰਦੀ ਕਹਾਣੀ 'ਟੈਕਸੀ'



ਹਰੀਪਾਲ
403-714-4816

ਪੰਜਾਬ ਵਿੱਚੋਂ ਨਿੱਕਲਦੇ ਤਰੇ ਮਾਸਕ ਏਕਮ ਮੈਗਜ਼ੀਨ ਵਿੱਚ ਇੱਕ ਕਹਾਣੀ ਛਪੀ ਹੈ 'ਟੈਕਸੀ' ਜਿਸ ਦਾ ਲੇਖਕ ਕੈਲਗਰੀ ਦਾ ਵਸਨੀਕ ਪੰਜਾਬੀ ਲਿਖਾਰੀ ਸਭਾ ਦਾ ਕਾਰਕੁਨ ਦਵਿੰਦਰ ਮਲਹਾਂਸ ਹੈ। ਸਰਸਰੀ ਤੌਰ 'ਤੇ ਪੜ੍ਹੀਏ ਤਾਂ ਇਹ ਕਹਾਣੀ ਇਕ ਰਵਾਇਤੀ ਕਹਾਣੀ ਲੱਗਦੀ ਹੈ, ਪਾਠਕ ਸਰਸਰੀ ਤੌਰ 'ਤੇ ਪੜ੍ਹ ਕੇ ਰੱਖ ਦਿੰਦਾ ਹੈ ਆਮ ਪਾਠਕ ਨੂੰ ਕੋਈ ਖਾਸ ਗੱਲ ਜਿਹੀ ਨਹੀਂ ਲੱਗਦੀ। ਉਸਨੇ ਇਸ ਵਿੱਚ ਦੋ ਪਾਤਰ ਸਿਰਜੇ ਹਨ ਇੱਕ ਪਾਤਰ ਦਾ ਨਾਂ 'ਵੱਡ ਖਾਣਾ' ਹੈ ਵੱਢ ਖਾਣਾ ਉਸਦੀ ਅੱਲ ਹੈ ਅਤੇ ਦੂਸਰਾ ਪਾਤਰ ਇੱਕ ਗੋਰੀ ਹੈ ਉਸਦਾ ਨਾਮ ਮੈਕਸੀ ਹੈ। ਇਸ ਕਹਾਣੀ ਨੇ ਕੈਨੇਡੀਅਨ ਸਮਾਜ, ਜਿਹੜਾ ਕਿ ਆਪਦੇ ਆਪ ਨੂੰ ਅਮੀਰ ਅਤੇ ਵਿਕਸਿਤ ਮੁਲਕ ਕਹਿੰਦਾ ਹੈ ਜਿਹੜਾ ਕਿ ਬਹੁਤ ਮੁਲਕਾਂ ਦੀਆਂ ਦਾਨੀ ਸੰਸਥਾਵਾਂ ਨੂੰ ਜਾਂ ਮੁਲਕਾਂ ਨੂੰ ਦਾਨ ਵੀ ਕਰਦਾ ਹੈ ਅਤੇ ਖੁਦ ਇਸ ਮੁਲਕ ਦੇ ਲੋਕ ਜਿਹਨਾਂ ਤੰਗੀਆਂ ਤੁਰਸ਼ੀਆਂ ਦਾ ਸ਼ਿਕਾਰ ਹਨ ਸ਼ਾਇਦ ਬਹੁਤ ਲੋਕਾਂ ਨੂੰ ਨਹੀਂ ਪਤਾ। ਦੁਨੀਆ ਭਰ ਵਿੱਚ ਕੈਨੇਡਾ ਦਾ ਬਹੁਤ ਵੱਡਾ ਨਾਂ ਹੈ ਅਤੇ ਇਸੇ ਕਰਕੇ ਦੁਨੀਆਂ ਭਰ ਵਿੱਚ ਲੋਕ ਕੈਨੇਡਾ ਨੂੰ ਪ੍ਰਵਾਸ ਕਰਨਾ ਚਾਹੁੰਦੇ ਹਨ ਜਾਂ ਕਰ ਰਹੇ ਹਨ। ਇਸ ਦੀ ਅਸਲੀਅਤ ਕੀ ਹੈ? ਕੈਨੇਡਾ ਬੁਰੀ ਤਰ੍ਹਾਂ ਕਾਰਪੋਰੇਟ ਸਿਸਟਮ ਦੀ ਗ੍ਰਿਫ਼ਤ ਵਿੱਚ ਹੈ। ਕੈਨੇਡਾ ਦੀਆਂ ਵੱਡੀਆਂ ਵੱਡੀਆਂ ਕੰਪਨੀਆਂ ਆਪਣੇ ਗਾਹਕਾਂ ਤੋਂ ਦਾਨ ਮੰਗਦੀਆਂ ਹਨ ਤਾਂ ਕਿ ਉਹ ਗਰੀਬਾਂ ਦੀ ਮਦਦ ਕਰ ਸਕਣ ਅਤੇ ਆਪਦੀ ਕੰਪਨੀ ਲੋਕਾਂ ਵਿੱਚ ਚੰਗੀ ਦਿਖਾ ਸਕਣ। ਜਾਨੀ ਕਿ ਲੋਕਾਂ ਦਾ ਪੈਸਾ ਦਾਨ ਕਰਨਾ ਤੇ ਨਾਂ ਆਪਦਾ ਬਣਾਉਣਾ ਹੈ। ਜਿਸ ਤਰ੍ਹਾਂ ਕਿ ਟਾਟਾ ਗਰੁੱਪ ਇੰਡੀਆ ਵਿੱਚ ਦਾਨ ਦੇਣ ਲਈ ਬਹੁਤ ਮਸ਼ਹੂਰ ਹੈ ਪਰ ਨੈਨੋ ਕੰਪਨੀ ਲਈ ਟਾਟਾ ਕੰਪਨੀ 30 ਹਜ਼ਾਰ ਕਰੋੜ ਦਾ ਲੋਨ ਲੈਂਦੀ ਹੈ ਅਤੇ ਫਿਰ ਦਵਾਲ਼ਾ ਵੀ ਕੱਢ ਦਿੰਦੀ ਹੈ। ਜਾਨੀ ਕਿ ਲੋਕਾਂ ਦਾ 30 ਹਜ਼ਾਰ ਕਰੋੜ ਮਾਰ ਲਿਆ, ਪਰ ਆਮ ਲੋਕਾਂ ਨੂੰ ਇਹਨਾਂ ਗੱਲਾਂ ਦਾ ਪਤਾ ਵੀ ਨਹੀਂ ਲੱਗਦਾ, ਇਹ ਸਰਕਾਰਾਂ ਵੱਡੇ ਵੱਡੇ ਸਰਮਾਏਦਾਰਾਂ ਦੇ ਕਰਜ਼ੇ ਮਾਫ ਕਰ ਦਿੰਦੀਆਂ ਹਨ ਪਰ ਆਮ ਲੋਕਾਂ ਨੂੰ ਕੋਈ ਰਾਹਤ ਵੀ ਨਹੀਂ ਦਿੰਦੀਆਂ। ਬੜੇ ਉਹਲੇ ਰੱਖਦਾ ਹੈ, ਇਹ ਪੂੰਜੀਵਾਦੀ ਸਿਸਟਮ ਫਰਜ ਕਰੋ ਜੇਕਰ ਕਿਸੇ ਦੀਆਂ ਏ ਬੀ ਸੀ ਤਿੰਨ ਕੰਪਨੀਆਂ ਹਨ, ਉਹ ਏ ਇਹ ਕੰਪਨੀ ਤੇ ਲੋਨ ਲੈ ਕੇ ਪੈਸੇ ਬੜੀ ਚਲਾਕੀ ਨਾਲ ਕਿਸੇ ਦੂਜੀ ਕੰਪਨੀ ਨੂੰ ਮੂਵ ਕਰ ਦਿੰਦਾ ਹੈ ਅਤੇ ਏ ਕੰਪਨੀ ਨੂੰ ਬੈਂਕ ਕਰਪਟ ਕਰ ਦਿੰਦਾ ਹੈ ਅਤੇ ਕਾਨੂੰਨ ਵੀ, ਬੀ ਅਤੇ ਸੀ ਕੰਪਨੀਆਂ ਦਾ ਕੁਝ ਨਹੀਂ ਵਿਗਾੜ ਸਕਦਾ। ਆਪਦੇ ਘਾਟੇ ਵਾਧੇ ਸਰਕਾਰਾਂ ਲੋਕਾਂ ਦੀਆਂ ਜੇਬਾਂ ਚੋਂ ਪੂਰੀਆਂ ਕਰਦੀਆਂ ਹਨ ਇਸੇ ਕਰਕੇ ਆਏ ਦਿਨ ਲੋਕਾਂ ਤੇ ਨਵੇਂ ਟੈਕਸ ਲਾਏ ਜਾਂਦੇ ਹਨ। ਜੇਕਰ ਹੁਣ ਕਨੇਡਾ ਵੱਲ ਆਈਏ ਤਾਂ ਕੈਨੇਡਾ ਦੇ ਪਹਾੜਾਂ, ਝੀਲਾਂ, ਪਾਰਕਾਂ, ਸੜਕਾਂ ਦੇ ਨਜ਼ਾਰਿਆਂ ਨੂੰ ਪਾਸੇ ਰੱਖ ਕੇ ਲੋਕਾਂ ਦੇ ਚੇਹਰੇ ਦੇਖੀਏ ਤੁਹਾਨੂੰ ਕਿਸੇ ਦੇ ਚਿਹਰੇ ਤੇ ਖੁਸ਼ੀ ਜਾਂ ਸਕੂਨ ਨਹੀਂ ਦਿਸੇਗਾ, ਕਿਉਂਕਿ ਕੈਨੇਡੀਅਨ ਕਿਸ਼ਤਾਂ ਵਿੱਚ ਜਿਉਂਦੇ ਹਨ ਅਤੇ ਕਿਸਤਾਂ ਵਿੱਚ ਹੀ ਮਰਦੇ ਹਨ, ਇਸ ਦਾ ਮਤਲਬ ਕੈਨੇਡੀਅਨ ਲੋਕਾਂ ਦੀ ਸਾਰੀ ਉਮਰ ਕਿਸ਼ਤਾਂ ਭਰਦਿਆਂ ਦੀ ਲੰਘ ਜਾਂਦੀ ਹੈ। ਜਾਂ ਇਥੇ ਬਜ਼ੁਰਗਾਂ ਦੀ ਪੈਨਸ਼ਨ ਇੰਨੀ ਘੱਟ ਹੈ ਜਿਸ ਨਾਲ ਕਿ ਬਜ਼ੁਰਗਾਂ ਦਾ ਗੁਜ਼ਾਰਾ ਵੀ ਨਹੀਂ ਹੋ ਸਕਦਾ ਅਤੇ ਨਾ ਹੀ ਵਿਦਿਅਕ ਸਿਸਟਮ ਕੋਈ ਸਸਤਾ ਹੈ ਕਿ ਵਿਦਿਆਰਥੀ ਬੇਫਿਕਰ ਹੋ ਕੇ ਪੜ੍ਹ ਸਕਣ। ਲੋਕ ਘਰਾਂ ਦੀਆਂ ਕਾਰਾਂ ਦੀਆਂ ਬੱਚਿਆਂ ਦੀ ਪੜ੍ਹਾਈ ਦੀਆਂ ਤੇ ਚੱਕੇ ਕਰਜ਼ੇ ਦੀਆਂ ਕਿਸ਼ਤਾਂ ਭਰਨ ਚ ਦਿਨ ਰਾਤ ਭੱਜੇ ਫਿਰਦੇ ਹਨ। ਤੁਸੀਂ ਹੈਰਾਨ ਹੋਵੋਗੇ ਕਨੇਡਾ ਵਿੱਚ ਨਾ ਹੀ ਮੰਗਤਿਆਂ ਦੀ ਤੇ ਨਾ ਹੀ ਬੇਘਰ ਲੋਕਾਂ ਦੀ ਕੋਈ ਘਾਟ ਹੈ, ਬੱਤੀਆਂ ਵਾਲੇ ਚੌਂਕ ਤੇ ਕੋਈ ਨਾ ਕੋਈ ਮੰਗਤਾ ਪੈਸੇ ਮੰਗਦਾ ਨਜ਼ਰ ਆਵੇਗਾ ਅਤੇ ਵੱਡੇ ਵੱਡੇ ਸ਼ਹਿਰਾਂ ਵਿੱਚ ਝੁੱਗੀਆਂ ਉਗ ਆਈਆਂ ਹਨ, ਜਿਨਾਂ ਨੂੰ ਇੱਥੇ ਟੈਂਟ ਸਿਟੀ ਵੀ ਕਿਹਾ ਜਾਂਦਾ ਹੈ। ਹੁਣ ਦਵਿੰਦਰ ਦੀ ਕਹਾਣੀ ਦੇ ਪਾਤਰਾਂ ਵੱਲ ਆਉਂਦੇ ਹਾਂ ਪਹਿਲਾਂ ਕੈਨੇਡੀਅਨ ਸਮਾਜ ਦੀ ਹਾਲਤ ਬਾਰੇ ਦੱਸਣਾ ਜਰੂਰੀ ਸੀ ਜੋ ਇਹੋ ਜਿਹੇ ਪਾਤਰ ਪੈਦਾ ਕਰਦਾ ਹੈ ਜੋ ਕਿ ਦਵਿੰਦਰ ਨੇ ਸਿਰਜੇ ਹਨ। ਇਸ ਦਾ ਇੱਕ ਪਾਤਰ ਹੈ 'ਵੱਡ ਖਾਣਾ' ਚਲੋ ਪਹਿਲਾਂ ਇਸ ਬਾਰੇ ਗੱਲ ਕਰਦੇ ਹਾਂ ਇਹ ਪਾਤਰ ਏਨੇ ਮਾੜੇ ਹਾਲਤ ਵਿੱਚ ਕਿਵੇਂ ਆਇਆ ਕਿ ਇਸ ਤੋਂ ਉਧਾਰ ਲਏ ਪੈਸੇ ਵੀ ਨਹੀਂ ਚੁਕਾਏ ਜਾਂਦੇ, ਟੈਕਸੀ ਦਾ ਕਰਾਇਆ ਨਹੀਂ ਦੇ ਸਕਦਾ, ਹਮੇਸ਼ਾ ਹੀ ਆਪਦੇ ਚਿਹਰੇ ਤੇ ਜਿਉਣ ਦਾ ਇੱਕ ਨਕਲੀ ਨਕਾਬ ਚਾੜ ਕੇ ਰੱਖਦਾ ਹੈ। ਇਹੋ ਜਿਹੇ ਪਾਤਰ ਪੈਦਾ ਹੁੰਦੇ ਹਨ ਰਿਸ਼ਤਿਆਂ ਦੀ ਟੁੱਟ ਭੱਜ ਤੋਂ ਉਹ ਰਿਸ਼ਤੇ ਜਿਹੜੇ ਸਿਰਫ ਮਤਲਬ ਲਈ ਸਿਰਜੇ ਜਾਂਦੇ ਹਨ ਕਿਉਂਕਿ ਲੋਕਾਂ ਦੀ ਸੋਚ ਪੂੰਜੀਵਾਦ ਨੇ ਇਹੋ ਜਿਹੀ ਕਰ ਦਿੱਤੀ ਹੈ ਕਿ ਜਿੱਥੋਂ ਦਾਅ ਲੱਗੇਗਾ ਹੈ ਲਾ ਲਵੋ, ਚਲੋ ਵੱਢ ਖਾਣਾ ਕੈਨੇਡਾ ਆ ਕੇ ਇੰਡੀਆ ਦੇ ਕਰਜ਼ੇ ਵਗੈਰਾ ਲਾਹੁਣ ਲਈ ਹੱਡ ਭੰਨਵੀ ਮਿਹਨਤ ਕਰਦਾ ਹੈ। ਬਹੁਤਾ ਕੰਮ ਕਰਨ ਵਾਲੇ ਲੋਕ ਆਮ ਤੌਰ 'ਤੇ ਥਕੇਵਾਂ ਲਾਹੁਣ ਲਈ ਥੋੜੀ ਬਹੁਤਾ ਸ਼ਰਾਬ ਵੀ ਪੀ ਲੈਂਦੇ ਹਨ। ਕਈ ਵਾਰੀ ਸ਼ਰਾਬ ਪੀਣ ਦੇ ਆਦੀ ਵੀ ਹੋ ਜਾਂਦੇ ਹਨ। ਜਦੋਂ ਇਸ ਚੱਕਰ 'ਚੋਂ ਲੰਘਿਆ ਵਿਅਕਤੀ ਵਿਆਹ ਕਰਾਉਣ ਲਈ ਇੰਡੀਆ ਜਾਂਦਾ ਹੈ ਤਾਂ ਕੋਈ ਨਾ ਕੋਈ ਮਤਲਬ ਪ੍ਰਸਤ ਉਸ ਦੇ ਵਿਆਹ ਦੀ ਹਾਮੀ ਭਰ ਦਿੰਦਾ ਹੈ, ਚਾਹੇ ਕੁੜੀ ਚਾਹੇ ਜਾਂ ਨਾ ਚਾਹੇ ਪਰ ਘਰ ਦੇ ਕਹਿੰਦੇ ਹਨ ਬਈ ਇੱਕ ਵਾਰੀ ਕੈਨੇਡਾ ਪਹੁੰਚ



ਜਾ ਫਿਰ ਦੇਖੀ ਜਾਵੇਗੀ। ਉਸ ਤੋਂ ਬਾਅਦ ਕੁੜੀ ਵੀ ਜਹਾਜ ਦੇ ਝੂਟੇ ਲੈਣ ਲਈ ਹਾਂ ਕਰ ਦਿੰਦੀ ਹੈ ਜਦੋਂ ਕੁੜੀ ਵਿਆਹੀ ਆ ਜਾਂਦੀ ਹੈ ਤਾਂ ਇਕਦਮ ਉਹ ਤਲਾਕ ਨਹੀਂ ਦੇ ਸਕਦੀ ਕਿਉਂਕਿ ਉਸਨੇ ਆਪਦੇ ਮਾਪੇ ਅਤੇ ਭੈਣ ਭਰਾਵਾਂ ਦੀ ਚਿੱਠੀ ਵੀ ਭਰਨੀ ਹੁੰਦੀ ਹੈ। ਮਾਂ ਪਿਓ ਨੂੰ ਮੰਗਾਉਣ ਦੇ ਚੱਕਰ ਵਿੱਚ ਕੁੜੀ ਦੇ ਬੱਚੇ ਵੀ ਹੋ ਜਾਂਦੇ ਹਨ। ਜਦ ਮਾਂ ਪਿਓ ਆ ਜਾਂਦੇ ਹਨ ਤਾਂ ਇਨੀ ਛੇਤੀ ਕਨੇਡਾ ਦੇ ਕਾਨੂੰਨ ਸਿੱਖ ਜਾਂਦੇ ਹਨ ਕਿ ਜਿੰਨੀ ਛੇਤੀ ਕੋਈ ਵਕੀਲ ਵੀ ਨਹੀਂ ਸਿੱਖ ਸਕਦਾ। ਹੁਣ ਕੁੜੀ ਨੂੰ ਮਾਂ ਪਿਓ ਦੀ ਸ਼ਹਿ ਹੁੰਦੀ ਹੈ, ਹੁਣ ਉਸ ਨੂੰ ਵੱਢ ਖਾਣਾ ਚੰਗਾ ਨਹੀਂ ਲੱਗਦਾ ਜਾਂ ਇੱਕ ਸ਼ਰਾਬੀ ਕਬਾਬੀ ਉਸਦੀਆਂ ਕੁੱਝ ਜ਼ਰੂਰਤਾਂ ਪੂਰੀਆਂ ਨਹੀਂ ਕਰ ਸਕਦਾ, ਜੋ ਉਸ ਨੇ ਹੁਣ ਤੱਕ ਦਬਾ ਰੱਖੀਆਂ ਸਨ, ਦੂਜੇ ਇਸ ਫਰੀ ਸੁਸਾਇਟੀ ਦਾ ਵੀ ਕੁੜੀ ਨੂੰ ਭੇਤ ਆ ਜਾਂਦਾ ਹੈ ਤੇ ਉਹ ਬਾਹਰ ਕਿਸੇ ਨਾਲ ਸੰਬੰਧ ਬਣਾ ਲੈਂਦੀ ਹੈ ਘਰਦਿਆਂ ਨੂੰ ਵੀ ਪਤਾ ਹੁੰਦਾ ਹੈ ਪਰ ਘਰ ਦੇ ਚੁੱਪ ਧਾਰ ਲੈਂਦੇ ਹਨ ਅੱਖਾਂ ਬੰਦ ਕਰ ਲੈਂਦੇ ਹਨ। ਗੱਲ ਤਾਂ ਇਸ ਜ਼ਮਾਨੇ ਵਿੱਚ ਕੋਈ ਗੁੱਝੀ ਨਹੀਂ ਰਹਿੰਦੀ, ਮੀਆਂ (ਮੰਨ ਲਵੋ ਵੱਢਖਾਣਾ) ਬੀਵੀ ਵਿੱਚ ਤਕਰਾਰ ਸ਼ੁਰੂ ਹੋ ਜਾਂਦੀ, ਹੈ ਤਕਰਾਰ ਤੋਂ ਬਾਅਦ ਤਲਾਕ ਹੁੰਦਾ ਹੈ, ਤਾਂ ਜਿਹੜਾ ਘਰ (ਪਤੀ ਦੀ ਮਿਹਨਤ ਨਾਲ਼ ਬਣਿਆ ਹੁੰਦਾ ਹੈ) ਹੁੰਦਾ ਹੈ ਉਹ ਕੁੜੀ ਤੇ ਕੁੜੀ ਦੇ ਬੱਚੇ ਲੈ ਜਾਂਦੇ ਹਨ ਅਤੇ ਕਿਉਂਕਿ ਬੱਚੇ 18 ਸਾਲ ਤੋਂ ਛੋਟੇ ਹੁੰਦੇ ਨੇ ਤੇ ਵੱਡ ਖਣੇ ਨੂੰ ਘਰ ਦਾ ਚੌਥਾ ਪੰਜਵਾਂ ਹਿੱਸਾ ਮਿਲਦਾ ਹੈ। ਹੁਣ ਵੱਢਖਾਣਾ ਘਰ ਲੈਣਾ ਅਫੋਰਡ ਨਹੀਂ ਕਰ ਸਕਦਾ। ਫਿਰ ਇਹ ਕਿਸੇ ਦੀ ਬੇਸਮੈਂਟ ਵਿੱਚ ਜਾ ਕੇ ਰਹਿੰਦਾ ਹੈ, ਆਪਦੇ ਵਰਗੇ ਬੰਦੇ ਹੋਰ ਭਾਲ ਲੈਂਦਾ ਹੈ। ਕਹਿੰਦੇ ਹਨ ਕਿ ਬੰਦਾ ਪੈਸੇ ਦੀ ਮਾਰ ਤਾਂ ਝੱਲ ਲੈਂਦਾ ਹੈ ਪਰ ਟੁਟੇ ਰਿਸ਼ਤੇ ਬੰਦੇ ਨੂੰ ਬੁਰੀ ਤਰਾਂ ਤੋੜ ਦਿੰਦੇ ਹਨ ਉਸਦੀ ਜ਼ਿੰਦਗੀ ਦਾ ਮਕਸਦ ਖਤਮ ਹੋ ਜਾਂਦਾ ਹੈ ਤੇ ਉਦਾਸ ਹੋ ਕੇ ਡਿਪਰੈਸ਼ਨ ਦਾ ਸ਼ਿਕਾਰ ਹੋ ਜਾਂਦਾ ਹੈ, ਨਸ਼ੇ ਖਾਣ ਲੱਗ ਜਾਂਦਾ ਹੈ, ਦਾਰੂ ਪੀਣ ਲੱਗ ਜਾਂਦਾ ਹੈ। ਇਹੋ ਜਿਹੇ ਲੋਕ ਕੈਨੇਡਾ ਵਿੱਚ ਤੁਹਾਨੂੰ ਆਮ ਮਿਲ ਜਾਂਦੇ ਹਨ ਹੁਣ ਇਹ ਇਹ ਵੱਡ ਖਾਣਾ ਆਪ ਜਿਹੇ ਬਿਗੜੇ ਤਿਗੜੇ ਲੋਕਾਂ ਵਿੱਚ ਰਹਿੰਦਾ ਹੈ। ਇਸ ਦਾ ਨਾ ਕੋਈ ਘਰ ਹੁੰਦਾ ਹੈ ਨਾ ਕੋਈ ਘਾਟ, ਨਾ ਕੋਈ ਉਸ ਨੂੰ ਮੂੰਹ ਲਾਉਂਦਾ ਹੈ, ਜਿਸ ਤਰਾਂ ਸਿਆਣੇ ਕਹਿੰਦੇ ਹਨ ਕਿ ਤਕੜੇ ਦਾ ਸਾਲ਼ਾ ਬਣਨ ਨੂੰ ਹਰ ਇੱਕ ਤਿਆਰ ਹੁੰਦਾ ਹੈ ਪਰ ਮਾੜੇ ਦਾ ਕੋਈ ਭਣੋਈਆ ਵੀ ਨਹੀਂ ਬਣਦਾ। ਇਹੀ ਹਾਲਤ ਵੱਡ ਖਾਣੇ ਦੀ ਹੁੰਦੀ ਹੈ। ਪੂੰਜੀਵਾਦੀ ਸਿਸਟਮ ਜਿਹੜਾ ਕਿ ਸਿਰਫ ਮੌਕਾ ਪ੍ਰਸਤੀ ਤੇ ਟਿਕਿਆ ਹੁੰਦਾ ਹੈ ਇਹੋ ਜਿਹੇ ਸਿਸਟਮ ਵਿੱਚ ਵੱਢ ਖਾਣੇ ਵਰਗੇ ਪਾਤਰ ਆਮ ਹੀ ਪੈਦਾ ਹੁੰਦੇ ਹਨ। ਇਹੋ ਜਿਹੇ ਪਾਤਰ ਪੂੰਜੀਵਾਦੀ ਸਿਸਟਮ ਦੇ ਵਿੱਚ ਮੌਕਾ ਪ੍ਰਸਤੀ ਦੀ ਭੇਟ ਚੜਦੇ ਹਨ। ਇਸ ਦਾ ਦੂਸਰਾ ਪਾਤਰ ਹੈ 'ਮੈਕਸੀ', ਮੈਕਸੀ ਇੱਕ ਟੁੱਟੇ ਹੋਏ ਪਰਿਵਾਰ 'ਚੋਂ ਆਈ ਹੈ। ਇੱਥੇ ਬਹੁਤ ਫੈਮਿਲੀਆਂ ਹਨ ਜਿੱਥੇ ਵਿਆਹ ਕੋਈ ਕਮਿਟਮਿੰਟ ਨਹੀਂ, ਕੋਈ ਪ੍ਰਤਿਬਧਤਾ ਨਹੀਂ। ਬਹੁਤ ਵਾਰੀ ਕੀ ਹੁੰਦਾ ਹੈ ਆਦਮੀ ਤੀਮੀ ਦਾ ਰਿਲੇਸ਼ਨ ਬਣਿਆ ਤੇ ਬੱਚੇ ਪੈਦਾ ਹੋ ਗਿਆ ਜਾਂ ਬੱਚੇ ਪੈਦਾ ਹੋ ਗਏ। ਕੁਝ ਚਿਰ ਬਾਅਦ ਆਦਮੀ ਛੱਡ ਕੇ ਚਲਾ ਜਾਂਦਾ ਹੈ ਤੇ ਔਰਤ ਸਿਰਫ ਬੱਚਿਆਂ ਨੂੰ ਪਾਲਦੀ ਹੈ ਉਸ ਦੇ ਕੋਲ ਹੋਰ ਕੋਈ ਰਾਹ ਨਹੀਂ ਹੁੰਦਾ ਉਹ ਬਹੁਤ ਵਾਰੀ ਵੈਲਫੇਅਰ ਲੈਣਾ ਸ਼ੁਰੂ ਕਰ ਦਿੰਦੀ ਹੈ। ਵੈਲਫੇਅਰ ਤੇ ਪਲ਼ਦੇ ਬੱਚਿਆਂ ਨੂੰ ਕੰਮ ਦੀ ਕੋਈ ਚੱਸ ਨਹੀਂ ਰਹਿੰਦੀ, ਕਿਓਂਕਿ ਉਹ ਮਾਂ ਬਾਪ ਨੂੰ ਵਿਹਲੇ ਰਹਿੰਦੇ ਦੇਖਦੇ ਹਨ। ਉਹ ਵੀ ਇਸੇ ਰਾਹ ਪੈ ਜਾਂਦੇ ਹਨ ਹੌਲੀ ਹੌਲੀ ਆਪਦੀਆਂ ਲੋੜਾਂ ਪੂਰੀਆਂ ਕਰਨ ਲਈ ਮੁੰਡੇ ਕਈ ਵਾਰੀ ਡਰੱਗ ਵੇਚਣ ਦੇ ਚੱਕਰਾਂ ਵਿੱਚ ਪੈ ਜਾਂਦੇ ਹਨ ਤੇ ਕੁੜੀਆਂ ਕਈ ਵਾਰੀ ਸਰੀਰ ਵੇਚਣ ਦੇ ਰਾਹ ਪੈ ਜਾਂਦੀਆਂ ਹਨ। ਇਹ ਹਾਲ ਮੈਕਸੀ ਦਾ ਹੈ, ਜਵਾਨੀ ਵੇਲ਼ੇ ਮੈਕਸੀ ਵਧੀਆ ਪੈਸੇ ਬਣਾਉਂਦੀ ਸੀ, ਗੁਜ਼ਾਰਾ ਚਲਦਾ ਸੀ, ਪਰ ਜਿਉਂ ਜਿਉਂ ਉਸ ਦੀ ਉਮਰ ਢਲਦੀ ਹੈ ਉਸਨੂੰ ਬਿਮਾਰੀਆਂ ਘੇਰ ਲੈਂਦੀਆਂ ਹਨ ਉਸਦੀ ਡਿਮਾਂਡ ਵੀ ਘੱਟ ਜਾਂਦੀ ਹੈ ਤੇ ਉਹ ਵੀ ਟੈਕਸੀ ਡਰਾਈਵਰਾਂ ਦੇ ਪੈਸੇ ਮਾਰਦੀ ਹੈ, ਚੋਰੀਆਂ ਕਰਦੀ ਹੈ, ਹੁਣ ਇਹੋ ਜਿਹੇ ਪਾਤਰ ਜਿਸ ਤਰ੍ਹਾਂ ਮੈਕਸੀ ਹੈ ਇਹ ਵੀ ਤੁਹਾਨੂੰ ਬਹੁਤ ਮਿਲ ਜਾਂਦੇ ਹਨ ਇਹ ਵੀ ਪੂੰਜੀਵਾਦੀ ਸਿਸਟਮ ਦਾ ਬਾਈ ਪ੍ਰੋਡਕਟ ਹਨ। ਹੁਣ ਜੇਕਰ ਇਸ ਪੂੰਜੀਵਾਦੀ ਸਿਸਟਮ ਨੂੰ ਬਦਲਿਆ ਨਾ ਗਿਆ ਤਾਂ ਸਾਡੀ ਸੋਸਾਇਟੀ ਵਿੱਚ ਵੱਢ ਖਾਣੇ ਜਾਂ ਮੈਕਸੀ ਵਰਗੇ ਪਾਤਰ ਪੈਦਾ ਹੁੰਦੇ ਰਹਿਣਗੇ ਤੇ ਆਮ ਲੋਕਾਂ ਦਾ ਜਿਉਣਾ ਵੀ ਮੁਸ਼ਕਿਲ ਹੋ ਸਕਦਾ ਹੈ। ਦਵਿੰਦਰ ਨੇ ਵੱਢਖਾਣੇ, ਮੈਕਸੀ ਤੇ ਟੈਕਸੀ ਡਰਾਈਵਰ ਦੀ ਮਨੋਦਾਸ਼ਾ ਬਹੁਤ ਹੀ ਚੰਗੀ ਤਰਾਂ ਸਿਰਜੀ ਹੈ। ਵੱਢਖਾਣਾ ਮੁਫ਼ਤ ਦੀ ਰਾਈਡ ਭਾਲਦਾ ਹੈ, ਮੈਕਸੀ ਵੀ ਪੈਸੇ ਮਾਰਨਾ ਚਾਹੁੰਦੀ ਹੈ, ਉਹ ਵੀ ਟੈਕਸੀ ਡਰਾਈਵਰ ਨੂੰ ਔਫਰ ਕਰਦੀ ਹੈ ਕੇ ਤੂੰ ਵੀ ਨਹਾ ਲਵੀਂ। ਪਰ ਟੈਕਸੀ ਡਰਾਈਵਰ ਦੀ ਮਨੋਦਸ਼ਾ ਦੇਖੋ,

'ਜਿਹੜਾ ਗਾਹਕ ਮਿਊਜ਼ਿਕ ਲੌਣ ਨੂੰ ਕਹਿੰਦਾ ਹੈ ਪੈਸੇ ਮਾਰੂਗਾ'

'ਗਾਹਕ ਮੀਟਰ ਦਾ ਫਿਕਰ ਕਰਦਾ ਹੈ ਲੱਗਦਾ ਹੈ ਪੈਸੇ ਦੇਵੇਗਾ'

'ਡਰਾਈਵਰ ਨੂੰ ਪਤਾ ਹੁੰਦਾ ਹੈ ਕਿਹੜੇ ਇਲਾਕੇ ਵਿੱਚੋਂ ਕਿਹੋ ਜਿਹੇ ਟਰਿੱਪ ਨਿੱਕਲਦੇ ਹਨ'

'ਇਹਦੇ ਕੋਲ਼ ਅਟੈਚੀ ਨਹੀਂ, ਇਹ ਏਅਰਪੋਰਟ ਦਾ ਟਰਿੱਪ ਨਹੀਂ'

ਵੱਢਖਾਣਾ ਵੀ ਇੱਕ ਜਗਾਹ ਕਹਿੰਦਾ ਹੈ 'ਕਿਵੇਂ ਫ਼ਰੰਟ ਸੀਟ ਤੇ ਦਫ਼ਤਰ ਖੋਲ ਰੱਖੀਆਂ ਹੈ'

ਟੈਕਸੀ ਡਰਾਈਵਰਾਂ ਨੂੰ ਸਾਰਾ ਪਤਾ ਹੁੰਦਾ 'ਸਕੋਟਾਂ' ਕਿਥੋਂ ਮਿਲਦੀਆਂ ਹਨ।

ਪੈਸੇ ਮਾਰਨ ਲਈ ਟੈਕਸੀ ਡਰਾਈਵਰ ਨੂੰ 'ਦੱਲਾ', ਕੁੜੀਆਂ ਸਪਲਾਈ ਕਰਨ ਵਾਲ਼ਾ ਵੀ ਕਿਹਾ ਜਾਂਦਾ ਹੈ

ਆਖਿਰ ਵਿੱਚ ਕਹਾਣੀ ਬਹੁਤ ਹੀ ਮਾਰਮਿਕ ਬਣ ਜਜਾਂਦੀ ਹੈ, ਜਦ ਟੈਕਸੀ ਡਰਾਈਵਰ ਹੌਸਪੀਟਲ ਜਾਂਦਾ ਹੈ, ਵੀਲਚੇਅਰ ਤੇ ਬੈਠਾ ਵੱਢਖਾਣਾ ਉਸ ਨੂੰ ਪਛਾਣ ਕੇ ਸਿਗਰਟਾਂ ਲਿਓਣ ਲਈ ਕਹਿੰਦਾ ਹੈ, ਦਵਿੰਦਰ ਨੇ ਦੋਵਾਂ ਪਾਤਰਾਂ ਦਾ ਅਖੀਰ ਵੀ ਦਿਖਾ ਦਿੱਤਾ ਹੈ।

ਕਹਿੰਦੇ ਹਨ ਕਿ ਸਾਹਿਤ ਉਹ ਹੁੰਦਾ ਹੈ ਜੋ ਲੋਕਾਂ ਦੀ ਗੱਲ ਕਰੇ, ਸਮਾਜ ਦੀ ਗੱਲ ਕਰੇ, ਸਮਾਜ ਨੂੰ ਲੱਗੇ ਹੋਏ ਭਿਆਨਕ ਰੋਗਾਂ ਤੇ ਚਾਨਣਾ ਪਾਵੇ, ਪਾਠਕਾਂ ਅੱਗੇ ਸਾਰੀ ਬਿਮਾਰੀ ਅਤੇ ਉਸ ਦਾ ਰੂਟ ਕਾਰਨ ਦਸੇ। ਕਿਉਂਕ ਸਾਹਿਤ ਸਮਾਜ ਦਾ ਸ਼ੀਸ਼ਾ ਹੀ ਨਹੀਂ ਹੁੰਦਾ ਬਲਕਿ ਸਮਾਜ ਨੂੰ ਵਿੰਗੇ ਟੇਢੇ ਰਾਹਾਂ ਤੋਂ ਕੱਢ ਕੇ ਸ਼ਾਹਮਰਗ ਤੇ ਪਾਉਣ ਵਾਲ਼ਾ ਸਟੇਰਿੰਗ ਵੀਲ ਵੀ ਹੁੰਦਾ ਹੈ। ਇਸੇ ਕਰਕੇ ਸਰਕਾਰਾਂ ਨੂੰ ਸੱਭ ਤੋਂ ਵੱਧ ਖ਼ਤਰਾ ਸਾਹਿਤਕਾਰਾਂ ਤੋਂ ਹੁੰਦਾ ਹੈ ਕਿਉਂਕ ਸਾਹਿਤ ਕਿਸੇ ਵੀ ਉਸਾਰੀ ਦੀ ਨੀਂਹ ਹੁੰਦਾ ਹੈ ਅਤੇ ਇਸ ਨੀਂਹ ਤੇ ਹੀ ਨਰੋਏ ਸਮਾਜ ਦੀ ਉਸਾਰੀ ਕੀਤੀ ਜਾਂ ਸਕਦੀ ਹੈ। ਦਵਿੰਦਰ ਨੇ ਕੈਂਸਰ ਤੋਂ ਵੀ ਭਿਆਨਕ ਬਿਮਾਰੀ ਜੋ ਕੈਨੇਡੀਅਨ ਸਮਾਜ ਨੂੰ ਲੱਗੀ ਹੈ, ਦੱਸ ਦਿਤੀ ਹੈ, ਇਸਤੋਂ ਅੱਗੇ ਲੋਕਾਂ ਨੇ ਇਹ ਫ਼ੈਸਲਾ ਕਰਨਾ ਹੈ ਕਿ ਇਸ ਬਿਮਾਰੀ ਦਾ ਫਾਹਾ ਕਿਵੇਂ ਵੱਢਣਾ ਹੈ।

# ਕੈਲਗਰੀ ਵੋਮੈਨ ਕਲਚਰਲ ਐਸੋਸੀਏਸ਼ਨ ਦੀਆਂ ਜੁਲਾਈ ਮਹੀਨੇ ਦੀਆਂ ਗਤੀਵਿਧੀਆਂ

**ਚਲੋ ਘੁੰਮਣ ਚੱਲੀਏ ਨੀ ਸਹੇਲੀਓ,**
**ਸੱਦਾ ਅਪਣੀ ਸਭਾ ਵੱਲੋਂ ਆਇਆ।**

27 ਜੁਲਾਈ, 2025 ਨੂੰ ਸਭਾ ਵੱਲੋਂ ਇੱਕ ਦਿਨ ਦੇ ਟੂਰ ਦਾ ਪ੍ਰਬੰਧ ਕੀਤਾ ਗਿਆ। ਇਹ ਟੂਰ ਬਫਲੋ ਹੈਡ ਸਮੈਸ਼ਡ ਵਿਖੇ ਗਿਆ। ਜਿਸ ਵਿੱਚ 80 ਬੀਬੀਆਂ ਅਤੇ ਪੰਜ ਬੱਚੇ ਵੀ ਸ਼ਾਮਲ ਸਨ। ਇਸ ਲਈ ਦੋ ਬੱਸਾਂ ਦਾ ਪ੍ਰਬੰਧ ਕੀਤਾ ਗਿਆ। 10.20 ਇਹ ਟੂਰ ਜੈਨੇਸਸ ਸੈਂਟਰ ਤੋਂ ਜੈ ਕਾਰਿਆਂ ਦੀ ਗੂੰਜ ਵਿੱਚ ਰਵਾਨਾ ਹੋਇਆ। ਧਾਰਮਿਕ ਗੀਤਾਂ ਤੋਂ ਟੂਰ ਦੀ ਸ਼ੁਰੂਆਤ ਕੀਤੀ ਗਈ। ਉਸ ਤੋਂ ਬਾਅਦ ਗੀਤ, ਟੱਪੇ, ਘੋੜੀਆਂ, ਸੁਹਾਗ ਅਤੇ ਸਿੱਠਣੀਆਂ ਦੀ ਝੜੀ ਲਾ ਦਿੱਤੀ। ਪੂਰਾ ਮੰਨੋਰੰਜਨ ਕਰਦਾ ਇਹ ਕਾਫਲਾ ਦੋ ਘੰਟਿਆਂ ਬਾਅਦ ਬਫੈਲੋ ਹੈਡ ਸਮੈਸਡ ਵਾਲੀ ਥਾਂ ਤੇ ਪਹੁੰਚ ਗਿਆ।

ਸਭ ਤੋਂ ਪਹਿਲਾਂ ਸਭਾ ਦੇ ਕੋਆਰਡੀਨੇਟਰ ਗੁਰਚਰਨ ਕੌਰ ਥਿੰਦ ਜੀ ਨੇ ਟਿਕਟਾਂ ਖਰੀਦੀਆਂ। ਉਸ ਤੋਂ ਬਾਅਦ ਸਭਾ ਵੱਲੋਂ ਖਾਣੇ ਦਾ ਪ੍ਰਬੰਧ ਕੀਤਾ ਗਿਆ ਹੋਇਆ ਸੀ ਜਿਸ ਵਿੱਚ ਆਲੂ ਵਾਲੇ ਪਰੌਂਠੇ, ਦਹੀਂ, ਖੀਰ ਅਤੇ ਲੱਡੂ ਵਰਤਾਏ ਗਏ। ਖਾਣੇ ਦਾ ਅਨੰਦ ਮਾਨਣ ਤੋਂ ਬਾਅਦ



ਭੈਣਾਂ ਨੇ ਮਿਊਜ਼ਿਅਮ ਵੇਖਿਆ, ਯਾਦਗਾਰ ਲਈ ਫੋਟੋਆਂ ਖਿੱਚੀਆਂ ਅਤੇ ਉਹ ਉੱਚੀ ਪਹਾੜੀ ਵੇਖੀ ਜਿਥੋਂ ਮੱਝਾਂ ਨੂੰ ਚੁਫੇਰਿਓਂ ਘੇਰ ਕੇ ਛਾਲਾਂ ਮਰਵਾ ਥੱਲੇ ਸਿੱਟਿਆ ਜਾਂਦਾ ਸੀ ਤੇ ਉਹ ਸਿਰ ਪਰਨੇ ਡਿੱਗ ਕੇ ਮਰ ਜਾਂਦੀਆਂ ਸਨ। ਫਿਰ ਹੇਠਾਂ ਖੁੱਲੇ ਵਿਹੜੇ ਵਿੱਚ ਭੈਣਾਂ ਨੇ ਖੂਬ ਗਿੱਧੇ ਦੀਆਂ ਧਮਾਲਾਂ ਪਾਈਆਂ। ਇਸ ਗਿੱਧੇ ਵਿੱਚ 80+ ਉਮਰ ਦੀਆਂ ਬੀਬੀਆਂ ਵੀ ਖੂਬ ਨੱਚੀਆਂ।

ਸ਼ਾਮ ਦੇ ਛੇ ਕੁ ਵਜੇ ਇਹ ਟੂਰ ਵਾਪਸ ਜੈਨੇਸਸ ਸੈਂਟਰ ਪਹੁੰਚ ਗਿਆ। ਇਸ ਤਰ੍ਹਾਂ ਟੂਰ ਦਾ ਅਨੰਦ ਮਾਣ ਭੈਣਾਂ ਦਾ ਇਹ ਕਾਫਲਾ ਘਰੋਂ ਘਰੀਂ ਰਵਾਨਾ ਹੋ ਗਿਆ। ਕੈਲਗਰੀ ਵੋਮੈਨ ਕਲਚਰਲ ਐਸੋਸੀਏਸ਼ਨ ਦਾ ਇਹ ਉਪਰਾਲਾ ਸੀਨੀਅਰ ਭੈਣਾਂ ਦੀ ਚੰਗੀ ਸਿਹਤ, ਹਮ-ਉਮਰਾਂ ਨਾਲ ਮਿਲ ਕੇ ਦੁੱਖਾਂ ਸੁੱਖਾਂ ਨੂੰ ਸਾਂਝਾ ਕਰਕੇ ਮਾਨਸਿਕ ਬੋਝ ਨੂੰ ਹਲਕਾ ਕਰਨ ਲਈ ਅਤੇ ਖੁਸ਼ ਰੱਖਣ ਲਈ ਇਕ ਉਪਰਾਲਾ ਹੈ।

20 ਜੁਲਾਈ 2025 ਨੂੰ ਕੈਲਗਰੀ ਵੋਮੈਨ ਕਲਚਰਲ ਐਸੋਸੀਏਸ਼ਨ ਦੀ ਮੀਟਿੰਗ ਜੈਨੇਸਸ ਸੈਂਟਰ ਵਿਖੇ ਭਰਵੀਂ ਹਾਜ਼ਰੀ ਵਿੱਚ ਹੋਈ। ਸਭ ਤੋਂ ਪਹਿਲਾਂ ਸਭਾ ਦੇ ਕੋਆਰਡੀਨੇਟਰ ਸ੍ਰੀਮਤੀ ਗੁਰਚਰਨ ਕੌਰ ਥਿੰਦ ਜੀ ਨੇ ਭੈਣਾਂ ਦਾ ਸੁਆਗਤ ਕੀਤਾ ਅਤੇ ਪਿਛਲੇ ਮਹੀਨੇ ਵਿੱਚ ਹੋਈਆਂ ਸਫਲ ਗਤੀਵਿਧੀਆਂ ਦੀਆਂ ਮੁਬਾਰਕਾਂ ਦਿੱਤੀਆਂ ਅਤੇ ਆਉਣ ਵਾਲੇ ਸਮੇਂ ਲਈ ਉਲੀਕੇ ਗਏ ਪ੍ਰੋਗਰਾਮਾਂ ਬਾਰੇ ਸੰਖੇਪ ਜਾਣਕਾਰੀ ਦਿੱਤੀ। ਜਿਨ੍ਹਾਂ ਵਿੱਚ ਬੱਚਿਆਂ ਲਈ ਪੰਜਾਬੀ ਪੜ੍ਹਾਉਣ ਲਈ ਯੋਗ ਭੈਣਾਂ ਤੋਂ ਵਲੰਟੀਅਰ ਸੇਵਾਵਾਂ ਲੈਣ ਲਈ ਪੁਛਿਆ। 27 ਜੁਲਾਈ ਨੂੰ ਜਾਣ ਵਾਲੇ ਟਰਿੱਪ ਬਾਰੇ ਜਾਣਕਾਰੀ ਦਿੱਤੀ।

ਇਸ ਤੋਂ ਬਾਅਦ ਸਪੈਸ਼ਲ ਸੱਦੇ ਤੇ ਆਏ ਸਪੀਕਰ ਸ਼੍ਰੀਮਤੀ ਸਿੰਮੀ ਬੇਦੀ ਜੀ ਨੇ ਕੈਨੇਡਾ ਸਰਕਾਰ ਵੱਲੋਂ ਬਜ਼ੁਰਗਾਂ ਨੂੰ ਓਲਡ ਏਜ ਹੋਮ ਵਰਗੀਆਂ ਸਹੂਲਤਾਂ ਅਤੇ ਸੇਵਾਵਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਇਹ ਸੇਵਾਵਾਂ ਥੋੜੇ ਸਮੇਂ ਲਈ ਵੀ ਹਨ ਜਿਵੇਂ ਕਿਸੇ ਸਰਜਰੀ ਸਮੇਂ ਲਈ ਅਤੇ ਲੰਮੇਂ ਸਮੇਂ ਲਈ ਵੀ ਲਈ ਵੀ ਹਨ। ਕੁਝ ਸੇਵਾਵਾਂ ਫਰੀ ਹਨ ਅਤੇ ਕੁਝ ਪੇਡ। ਸਰੀਰਕ ਅਤੇ ਮਾਨਸਿਕ ਰੋਗੀਆਂ ਲਈ ਡਾਕਟਰ, ਫਿਜ਼ੀਓਥਰੈਪਿਸਟ ਅਤੇ ਹੋਰ ਸਹੂਲਤਾਂ ਆਦਿ ਬਾਰੇ ਭਰਪੂਰ ਜਾਣਕਾਰੀ ਦਿੱਤੀ।

ਨਵੀਆਂ ਆਈਆਂ ਭੈਣਾਂ ਪਰਮਪਾਲ ਕੌਰ ਅਤੇ ਰਾਜਵਿੰਦਰ ਕੌਰ ਨਾਲ ਜਾਣ ਪਛਾਣ ਕਰਵਾਈ। ਸਭਾ ਦੇ ਪ੍ਰਧਾਨ ਸ੍ਰੀਮਤੀ ਬਲਵਿੰਦਰ ਕੌਰ ਬਰਾੜ ਜੀ ਦੀ ਵਿਦਿਆਰਥਣ ਪਵਨਦੀਪ ਕੌਰ ਨੇ ਲੋਕ ਗੀਤ, ਟੱਪੇ, ਸੁਹਾਗ ਅਤੇ ਸਿੱਠਣੀਆਂ ਸੁਣਾ ਕੇ ਮਹੌਲ ਨੂੰ ਰੰਗੀਨ ਕਰ ਦਿੱਤਾ।

ਅਖੀਰ ਵਿੱਚ ਸਾਉਣ ਮਹੀਨੇ ਦਾ ਸਪੈਸ਼ਲ ਭੋਜਨ ਖੀਰ ਅਤੇ ਪੂੜਿਆਂ ਦਾ ਲੰਗਰ ਅਟੁੱਟ ਵਰਤਿਆ।

# ਕੈਨੇਡਾ ਦੇ ਅੰਦਰੂਨੀ ਵਪਾਰ ਦਾ ਮਸਲਾ-ਜਦੋਂ ਜਾਗੇ, ਉਦੋਂ ਸਵੇਰਾ



ਡਾ: ਹਰਦੀਪ ਸਿੰਘ ਅਟਵਾਲ
ਕੈਮਬ੍ਰਿਜ, ਓਨਟਾਰੀਓ

*(ਕੈਨੇਡਾ ਇੱਕ ਦੇਸ਼ ਬਣੇ ਨੂੰ ਚਾਹੇ ਡੇਢ ਸਦੀ ਤੋਂ ਜ਼ਿਆਦਾ ਬੀਤ ਗਈ ਹੈ ਪਰ ਦੇਸ਼ ਦੇ ਅੰਦਰ ਹੀ ਪਰੋਵਿੰਸਾਂ ਵਿਚਾਲੇ ਵਪਾਰਕ ਪਾਬੰਦੀਆਂ ਲੱਗੀਆਂ ਹੋਈਆਂ ਹਨ। ਇਸੇ ਕਰਕੇ ਆਰਥਿਕ ਤੌਰ ਤੇ ਕੈਨੇਡਾ ਦੇ ਸਾਰੇ ਪਰੋਵਿੰਸ ਯੂ.ਐਸ ਅਮਰੀਕਾ ਨਾਲ ਸਿੱਧੇ ਵਪਾਰ ਕਰਕੇ ਨਿਰਭਰ ਹੋ ਗਏ ਹਨ । ਹੁਣ ਅਮਰੀਕਾ ਨਾਲ ਟੈਰਿਫ ਜੰਗ ਨੇ ਕੈਨੇਡੀਅਨ ਅੰਤਰ-ਪਰੋਵਿੰਸ ਵਪਾਰ ਰੁਕਾਵਟਾਂ ਨੂੰ ਦੂਰ ਕਰਕੇ, ਦੇਸ਼ ਦੇ ਅੰਦਰੂਨੀ ਇੱਕਮੁਠ ਵਪਾਰ-ਮੰਡੀ ਦੇ ਤੌਰ 'ਤੇ ਖੋਲਣ ਦੇ ਮੁੱਦੇ ਨੂੰ ਹਵਾ ਦੇ ਦਿੱਤੀ ਹੈ । ਇਹ ਮਸਲਾ ਪਹਿਲਾਂ ਕਦੇ ਗੰਭਰਿਤਾ ਨਾਲ ਵਿਚਾਰੀਆ ਨਹੀਂ ਗਿਆ ਪਰ ਹੁਣ ਜਲਦਬਾਜ਼ੀ ਵਿੱਚ ਸਭ ਕੁਝ ਕਰਣ ਦਾ ਦਾਅਵਾ ਕੀਤਾ ਜਾ ਰਿਹਾ ਹੈ, ਪਰ ਇਹ ਸਭ ਕੁੱਝ ਇੰਨੀ ਜਲਦੀ ਸਭੰਵ ਨਹੀਂ ਹੈ । ਇਸ ਗੱਲ ਤੇ ਪੰਜਾਬੀ ਅਖਾਣ ਪੂਰਾ ਢੁੱਕਦਾ ਹੈ, ਅਖੇ- 'ਬੂਹੇ ਆਈ ਜੰਨ, ਵਿੰਨੋਂ ਕੁੜੀ ਦੇ ਕੰਨ' : ਸੰਪਾਦਕ)*

ਕੈਨੇਡਾ ਚਾਹੇ ਇੱਕ ਦੇਸ਼ ਤਾਂ ਹੈ, ਪਰ ਫ਼ੈਡਰਲ ਸਿਸਟਮ ਕਾਰਣ ਹਰੇਕ ਪਰੋਵਿੰਸ ਨੇ ਆਪਸੀ ਅੰਦਰੂਨੀ ਵਪਾਰ ਲਈ ਬਹੁਤ ਸਾਰੀਆਂ ਪਾਬੰਦੀਆਂ ਲਗਾ ਰੱਖੀਆਂ ਹਨ। ਸਾਰੇ ਪਰੋਵੀਂਸਾਂ ਨੂੰ ਆਪਣੇ ਦੇਸ਼ ਦੇ ਅੰਦਰ ਬਜਾਏ ਸਿੱਧੇ ਵਿਦੇਸ਼ੀ ਵਪਾਰ ਦੀ ਖੁੱਲੀ ਛੁੱਟ ਹੈ। ਅੰਤਰ-ਪਰੋਵਿੰਸ ਵਪਾਰਕ ਲਾਗਤਾਂ ਨੂੰ ਬਹੁਤ ਜ਼ਿਆਦਾ ਵਧਾ ਦਿੱਤਾ ਗਿਆ ਹੈ, ਇਸੇ ਕਰਕੇ ਸਾਰੇ ਪਰੋਵਿੰਸ ਅੰਦਰੂਨੀ ਆਪਸੀ ਵਪਾਰ ਦੀ ਬਜਾਏ ਗਵਾਂਢੀ ਮੁਲਕਾਂ ਜ਼ਿਆਦਾਤਰ ਯੂ.ਐਸ ਅਮਰੀਕਾ ਨਾਲ ਸਿੱਧੇ ਵਪਾਰ ਨੂੰ ਪਹਿਲ ਦੇ ਰਹੇ ਹਨ। ਜਿਸ ਨਾਲ ਕਥਿਤ ਤੌਰ 'ਤੇ ਕੁੱਲ ਕੈਨੇਡੀਅਨ ਅਰਥਵਿਵਸਥਾ ਨੂੰ ਹਰ ਸਾਲ ਸੈਂਕੜੇ ਅਰਬਾਂ ਡਾਲਰ ਦਾ ਨੁਕਸਾਨ ਹੁੰਦਾ ਹੈ। ਲਗਭਗ ਸਾਰੀਆਂ ਚੀਜ਼ਾਂ, ਸੇਵਾਵਾਂ ਅਤੇ ਨਿਵੇਸ਼, ਕੈਨੇਡੀਅਨ ਸਰਹੱਦਾਂ ਦੇ ਪਾਰ ਸੁਤੰਤਰ ਰੂਪ ਵਿੱਚ ਆਮਦ-ਬਰਾਮਦ ਕਰਦੇ ਹਨ। ਜਿਸ ਦੇ ਸਿੱਟੇ ਵੱਜੋਂ ਕੈਨੇਡਾ ਦੇ ਸਾਰੇ ਪਰੋਵਿੰਸ ਆਰਥਿਕ ਤੌਰ 'ਤੇ ਯੂ.ਐਸ ਅਮਰੀਕਾ ਉਪੱਰ ਪੂਰੀ ਤਰ੍ਹਾਂ ਨਿਰਭਰ ਹੋ ਗਏ ਹਨ। ਪਰ ਹੁਣ, ਵਿਸ਼ਵ ਆਰਥਿਕਤਾ 'ਤੇ ਟਰੰਪ ਪ੍ਰਸ਼ਾਸਨ ਦੀ ਟੈਰਿਫ ਜੰਗ ਨੇ ਕੈਨੇਡੀਅਨ ਅੰਤਰ-ਪਰੋਵਿੰਸ ਵਪਾਰ ਰੁਕਾਵਟਾਂ ਹਟਾਉਣ ਦੇ ਮੁੱਦਾ ਤੂਲ ਫੜ ਗਿਆ ਹੈ।ਟਰੰਪ ਦੇ ਆਰਥਿਕ ਹੱਲੇ ਦਾ ਜ਼ੋਰਦਾਰ ਜਵਾਬ ਦੇਣ ਦੇ ਦਬਾਅ ਹੇਠ, ਹੁਣ ਫ਼ੈਡਰਲ ਅਤੇ ਪਰੋਵਿੰਸ ਸਿਆਸਤਦਾਨਾਂ ਨੇ ਪਰੋਵਿੰਸਾਂ ਵਿਚਾਲੇ ਵਪਾਰਕ ਰੁਕਾਵਟਾਂ ਨੂੰ ਦੂਰ ਕਰਨ ਦੇ ਆਪਣੇ ਇਰਾਦਿਆਂ ਦਾ ਐਲਾਨ ਕੀਤਾ ਹੈ।

ਕੈਨੇਡਾ ਦੇ ਅੰਦਰ ਹੀ, ਵੱਖ ਵੱਖ ਪਰੋਵਿੰਸਾਂ ਵਿਚਕਾਰ ਵਪਾਰ ਅਤੇ ਆਰਥਿਕ ਸਬੰਧ ਦਹਾਕਿਆਂ ਤੋਂ ਸਖਤ ਅੰਦਰੂਨੀ ਨਿਯਮਾਂ ਦੁਆਰਾ ਕੰਟਰੋਲ ਕੀਤੇ ਗਏ ਹਨ। 'ਕੈਨੇਡੀਅਨ ਫ਼ਰੀ ਟ੍ਰੇਡ ਐਗਰੀਮੈਂਟ" (ਸੀ.ਐਫ.ਟੀ.ਏ.) ਅੰਦਰੂਨੀ ਵਪਾਰ ਬਾਰੇ 1995 ਦਾ ਸਮਝੌਤਾ, ਸੰਵਿਧਾਨ ਦੇ ਤਹਿਤ ਆਪਣੇ ਅਧਿਕਾਰ ਖੇਤਰ ਦੇ ਖੇਤਰਾਂ ਵਿੱਚ ਵੱਖ ਵੱਖ ਪਰੋਵਿੰਸਾਂ ਦੇ ਵਪਾਰ, ਨਿਵੇਸ਼ ਅਤੇ ਲੇਬਰ ਗਤੀਸ਼ੀਲਤਾ ਨੂੰ ਨਿਯਮਤ ਕਰਨ ਦੇ ਤਰੀਕੇ ਨੂੰ ਸੀਮਤ ਕਰਦਾ ਹੈ। ਸਰਕਾਰਾਂ ਅਤੇ ਲੋਕ (ਵਿਅਕਤੀ, ਕਾਰੋਬਾਰ ਜਾਂ ਨਿਵੇਸ਼ਕ) ਇਕਰਾਰਨਾਮੇ ਵਿਚਲੀ ਪਾਬੰਦੀ ਤਹਿਤ ਹੀ ਕਾਰੋਬਾਰੀ ਨਿਯਮਾਂ ਦੀ ਪਾਲਣਾ ਕਰ ਸਕਦੇ ਹਨ।

ਸੀ.ਐਫ.ਟੀ.ਏ. ਵਿੱਚ ਨੀਤੀ ਦੇ ਕੁਝ ਖੇਤਰਾਂ ਲਈ ਅਪਵਾਦ ਹਨ - ਉਦਾਹਰਨ ਲਈ, ਸਮਾਜਿਕ ਸੇਵਾਵਾਂ (ਜੇ ਉਹ ਰਾਜ ਦੁਆਰਾ ਜਨਤਕ ਉਦੇਸ਼ ਲਈ ਬਣਾਈ ਰੱਖੀਆਂ ਜਾਂਦੀਆਂ ਹਨ), ਪਾਣੀ (ਇਸਦੀ ਕੁਦਰਤੀ ਅਵਸਥਾ ਵਿੱਚ), ਭਾਸ਼ਾ ਅਤੇ ਸਭਿਆਚਾਰ। ਪਰ ਆਮ ਤੌਰ 'ਤੇ, ਜਨਤਕ ਨੀਤੀ ਦੇ ਜ਼ਿਆਦਾਤਰ ਖੇਤਰਾਂ ਨੂੰ ਚੁਣੌਤੀ ਦੇਣ ਦਾ ਅਧਿਕਾਰ ਹੈ ਜੇ ਕੋਈ ਸਰਕਾਰ ਜਾਂ ਵਿਅਕਤੀ ਮਹਿਸੂਸ ਕਰਦਾ ਹੈ ਕਿ ਉਹ ਕਾਰੋਬਾਰ ਜਾਂ ਨਿਵੇਸ਼ ਲਈ ਰੁਕਾਵਟਾਂ ਪੈਦਾ ਕਰਦੇ ਹਨ।

ਸੀ.ਐਫ.ਟੀ.ਏ. ਤੋਂ ਇਲਾਵਾ ਕੁਝ ਪਾਬੰਦੀਆਂ ਖੇਤਰੀ ਸਮਝੌਤੇ ਨਾਲ ਵੀ ਲਾਗੂ ਹਨ। ਆਸਾਨ ਰਾਜਨੀਤਿਕ ਅੰਕ ਪ੍ਰਾਪਤ ਕਰਨ ਲਈ, ਕੁਝ ਪਰੋਵਿੰਸ ਸਰਕਾਰਾਂ ਨੂੰ ਖੇਤਰੀ ਅਧਾਰ 'ਤੇ ਅੰਦਰੂਨੀ ਵਪਾਰ ਨੂੰ ਅਪਣਾਉਣ ਲਈ ਪ੍ਰੇਰਿਤ ਕੀਤਾ ਹੈ ਜੋ ਕਥਿਤ ਤੌਰ 'ਤੇ ਪ੍ਰਮੁੱਖ ਖੇਤਰਾਂ ਵਿੱਚ ਵਸਤੂਆਂ, ਸੇਵਾਵਾਂ, ਨਿਵੇਸ਼ ਅਤੇ ਕਾਮਿਆਂ ਦੀ ਆਵਾਜਾਈ ਵਿੱਚ ਬਾਕੀ "ਰੁਕਾਵਟਾਂ" ਨੂੰ ਹੱਲ ਕਰਦੇ ਹਨ। ਬੀ.ਸੀ.-ਅਲਬਰਟਾ ਟਰੇਡ ਇਨਵੈਸਟਮੈਂਟ ਐਂਡ ਲੇਬਰ ਮੋਬਿਲਿਟੀ ਐਗਰੀਮੈਂਟ (ਟੀ.ਆਈ.ਐਲ.ਐਮ.ਏ.) ਇਸ ਤਰ੍ਹਾਂ 2007 ਵਿੱਚ ਸ਼ੁਰੂ ਕੀਤਾ ਗਿਆ ਸੀ ਅਤੇ 2010 ਵਿੱਚ ਸਸਕੈਚਵਾਨ ਤੱਕ ਵਧਾ ਦਿੱਤਾ ਗਿਆ ਸੀ, ਨਿਊ ਵੈਸਟ ਪਾਰਟਨਰਸ਼ਿਪ ਟ੍ਰੇਡ ਐਗਰੀਮੈਂਟ (ਐਨ.ਡਬਲਯੂ.ਪੀ.ਟੀ.ਏ) ਬਣ ਗਿਆ ਸੀ, ਅਤੇ ਫਿਰ 2017 ਵਿੱਚ ਮੈਨੀਟੋਬਾ ਤੱਕ, ਉਸੇ ਸਾਲ ਸੀ.ਐਫ.ਟੀ.ਏ. ਲਾਗੂ ਹੋਇਆ ਸੀ। ਐਨ.ਡਬਲਯੂ.:ਪੀ.ਟੀ.ਏ. ਸਪੱਸ਼ਟ ਤੌਰ 'ਤੇ ਪੱਛਮੀ ਕੈਨੇਡਾ ਦੇ ਅੰਦਰ ਵਪਾਰ, ਨਿਵੇਸ਼, ਲੇਬਰ ਗਤੀਸ਼ੀਲਤਾ ਅਤੇ ਖਰੀਦ ਨੂੰ ਉਦਾਰ ਬਣਾਉਣ ਵਿੱਚ ਸੀ.ਐਫ.ਟੀ.ਏ. ਨਾਲੋਂ ਅੱਗੇ ਜਾਂਦਾ ਹੈ।

ਸੀ.ਐਫ.ਟੀ.ਏ. ਅਤੇ ਉੱਪਰ ਦੱਸੇ ਗਏ ਹੋਰ ਖੇਤਰੀ ਸਮਝੌਤਿਆਂ ਦੀ ਰੌਸ਼ਨੀ ਵਿੱਚ, ਕੋਈ ਵੀ ਹੈਰਾਨ ਹੋ ਸਕਦਾ ਹੈ ਕਿ ਕੈਨੇਡਾ ਵਿੱਚ "ਮੁਕਤ" ਵਪਾਰ ਅਤੇ ਨਿਵੇਸ਼ ਲਈ ਅਜੇ ਵੀ ਬਹੁਤ ਕੁਝ ਕੀਤਾ ਜਾਣਾ ਬਾਕੀ ਹੈ। ਇਸ ਨਾਲ ਜੀ.ਡੀ.ਪੀ ਵਿੱਚ ਸੈਂਕੜੇ ਅਰਬਾਂ ਦਾ ਵਾਧਾ ਹੋ ਸਕਦਾ ਹੈ, ਜਿਵੇਂ ਕਿ ਮੀਡੀਆ ਅਤੇ ਸਿਆਸਤਦਾਨਾਂ ਦੁਆਰਾ ਵਿਆਪਕ ਤੌਰ 'ਤੇ ਦਾਅਵਾ ਕੀਤਾ ਜਾਂਦਾ ਹੈ।

2025 ਦੀ ਸ਼ੁਰੂਆਤ ਵਿੱਚ, ਸਟੈਟਿਸਟਿਕਸ ਕੈਨੇਡਾ ਨੇ 2023 ਦੇ ਸਰਵੇਖਣ ਦੇ ਨਤੀਜਿਆਂ ਦੀ ਰਿਪੋਰਟ ਕੀਤੀ ਜਿਸ ਵਿੱਚ "ਕਿਸੇ ਹੋਰ ਸੂਬੇ ਜਾਂ ਖੇਤਰ ਵਿੱਚ ਕੰਮ ਕਰ ਰਹੇ ਸਪਲਾਇਰਾਂ ਤੋਂ ਚੀਜ਼ਾਂ ਜਾਂ ਸੇਵਾਵਾਂ ਖਰੀਦਣ ਵੇਲੇ ਕਾਰੋਬਾਰਾਂ ਦੁਆਰਾ ਅਨੁਭਵ ਕੀਤੀਆਂ ਜਾਣ ਵਾਲੀਆਂ ਚੋਟੀ ਦੀਆਂ ਤਿੰਨ ਰੁਕਾਵਟਾਂ" ਨੂੰ ਸੂਚੀਬੱਧ ਕੀਤਾ ਗਿਆ ਸੀ, ਜਿਸ ਵਿੱਚ 27 ਪ੍ਰਤੀਸ਼ਤ ਕਾਰੋਬਾਰਾਂ ਨੇ ਆਵਾਜਾਈ ਦੀ ਲਾਗਤ ਦੀ ਰਿਪੋਰਟ ਕੀਤੀ, 9 ਪ੍ਰਤੀਸ਼ਤ ਨੇ ਆਰਡਰ ਦੇਣ ਅਤੇ ਪ੍ਰਾਪਤ ਕਰਨ ਵਿੱਚ ਦੇਰੀ ਦਾ ਹਵਾਲਾ ਦਿੱਤਾ ਅਤੇ 8 ਪ੍ਰਤੀਸ਼ਤ ਨੇ ਮੂਲ ਬਿੰਦੂ ਅਤੇ ਮੰਜ਼ਿਲ ਦੇ ਵਿਚਕਾਰ ਦੂਰੀ ਦਾ ਹਵਾਲਾ ਦਿੱਤਾ। ਹਾਲਾਂਕਿ ਪਰੋਵਿੰਸ ਨਿਯਮਾਂ ਵਿੱਚ ਮਾਮੂਲੀ ਅੰਤਰ ਹੋ ਸਕਦੇ ਹਨ, ਪਰ ਇਹ ਕਈ ਪਰੋਵਿੰਸਾਂ ਵਿੱਚ ਕੰਮ ਕਰ ਰਹੇ ਕਾਰੋਬਾਰਾਂ ਲਈ ਕੋਈ ਵੱਡੀ ਪਰੇਸ਼ਾਨੀ ਨਹੀਂ ਜਾਪਦੇ।

ਫਿਰ ਵੀ, ਕਈ ਸਮਾਨਾਂਤਰ ਬਹੁਪੱਖੀ, ਦੁਵੱਲੇ ਅਤੇ ਇਕਪਾਸੜ ਦ੍ਰਿਸ਼ਟੀਕੋਣਾਂ 'ਤੇ ਵਿਚਾਰ ਵਟਾਂਦਰੇ ਕੀਤੇ ਜਾ ਰਹੇ ਹਨ ਅਤੇ ਲਾਗੂ ਕੀਤੇ ਜਾ ਰਹੇ ਹਨ। ਇਹ ਸਾਰੇ ਕੈਨੇਡੀਅਨ ਦਰਾਮਦਾਂ 'ਤੇ ਅਮਰੀਕੀ ਟੈਰਿਫ ਦੇ ਮੱਦੇਨਜ਼ਰ ਅੰਦਰੂਨੀ ਵਪਾਰ ਵੱਲ ਲੋਕਾਂ ਦੇ ਧਿਆਨ ਆਕਰਿਸ਼ਤ ਹੋਣ ਨਾਲ ਧਿਆਨ ਗੋਚਰੇ ਹੋਏ ਹਨ। ਇਹ ਦ੍ਰਿਸ਼ਟੀਕੋਣ ਕਿਊਬਿਕ ਅਤੇ ਨਿਊਫਾਊਂਡਲੈਂਡ ਅਤੇ ਲੈਬਰਾਡੋਰ ਦੇ ਮਾਮਲੇ ਵਿਚ ਸਮਝਦਾਰੀ ਨਾਲ ਸਾਵਧਾਨੀ ਵਰਤਣ ਤੋਂ ਲੈ ਕੇ ਬ੍ਰਿਟਿਸ਼ ਕੋਲੰਬੀਆ, ਓਨਟਾਰੀਓ ਅਤੇ ਨੋਵਾ ਸਕੋਸ਼ੀਆ ਵਿਚ ਚਿੰਤਾਜਨਕ ਤੌਰ 'ਤੇ ਵਿਆਪਕ ਤੋਂ ਲੈ ਕੇ ਫ਼ੈਡਰਲ ਸਰਕਾਰ ਦੇ ਮਾਮਲੇ ਵਿਚ ਨਿਰਾਸ਼ਾਜਨਕ ਉਲਝਣ ਤੱਕ ਹਨ।

ਹਾਲਾਂਕਿ ਇਨ੍ਹਾਂ ਪਰੋਵਿੰਸ਼ੀਅਲ ਅਤੇ ਫ਼ੈਡਰਲ ਯਤਨਾਂ ਤੋਂ ਆਰਥਿਕ ਲਾਭ ਬਹੁਤ ਘੱਟ ਹੋਣਗੇ, ਸਰਕਾਰਾਂ ਰਾਜਨੀਤਿਕ ਜਿੱਤ ਨਾਲ ਦੂਰ ਜਾ ਸਕਦੀਆਂ ਹਨ। ਜਿਵੇਂ ਕਿ ਆਮ ਤੌਰ 'ਤੇ ਨੀਤੀ ਨਿਰਮਾਤਾ ਝੰਡਾ ਲਹਿਰਾਉਣ ਅਤੇ ਰਾਜਨੀਤਿਕ ਹਿੱਤ ਲਈ ਭੱਜਦੇ ਹਨ। ਵੱਡੀ ਚੁਣੌਤੀ ਇਹ ਸੁਨਿਸ਼ਚਿਤ ਕਰਨਾ ਹੈ ਕਿ ਉਹ ਅਜਿਹੇ ਉਪਾਅ ਲਾਗੂ ਨਾ ਕਰਨ ਜੋ ਜਨਤਕ



ਹਿੱਤਾਂ ਦੇ ਨਿਯਮਾਂ ਨੂੰ ਪ੍ਰਭਾਵਿਤ ਕਰਦੇ ਹੋਣ ਅਤੇ ਆਮ, ਫ਼ੈਡਰਲ ਅਤੇ ਸੂਬੇ-ਵਿਸ਼ੇਸ਼ ਖੇਤਰਾਂ ਨੂੰ ਹੋਰ ਕਮਜ਼ੋਰ ਕਰਦੇ ਹੋਣ, ਜਿਸ ਵਿੱਚ ਜਨਤਕ ਸੇਵਾਵਾਂ ਅਤੇ ਕ੍ਰਾਊਨ ਕਾਰਪੋਰੇਸ਼ਨਾਂ ਅਤੇ ਹੋਰ ਜਾਇਜ਼ ਉਦੇਸ਼ਾਂ ਨੂੰ ਕਵਰ ਕਰਨ ਵਾਲੇ ਸ਼ਾਮਲ ਹਨ।

ਵਿਸ਼ੇਸ਼ ਤੌਰ 'ਤੇ ਪਰੋਵਿੰਸਾਂ, ਖੇਤਰਾਂ ਅਤੇ ਫ਼ੈਡਰਲ ਸਰਕਾਰ ਨੇ ਇੱਕ ਵਿਆਪਕ ਆਪਸੀ ਮਾਨਤਾ ਸਮਝੌਤੇ ਦੇ ਵਿਚਾਰ ਨੂੰ ਅਪਣਾਇਆ ਹੈ, ਜਿਸ 'ਤੇ ਸੀ.ਐਫ.ਟੀ.ਏ. ਰੈਗੂਲੇਟਰੀ ਸਮਝੌਤਾ ਅਤੇ ਸਹਿਯੋਗ ਉੱਪਰ ਇੱਕ ਟੇਬਲ ਦੁਆਰਾ ਕੰਮ ਕੀਤਾ ਜਾਵੇਗਾ। ਹਾਲਾਂਕਿ ਪਰੋਵਿੰਸ ਨਿਯਮਾਂ ਅਤੇ ਨਿਯਮਾਂ ਵਿੱਚ ਮਾਮੂਲੀ ਮਤਭੇਦਾਂ ਦੀ ਪਛਾਣ ਕਰਨ ਅਤੇ ਫਿਰ ਉਨ੍ਹਾਂ ਨੂੰ ਸੁਲਝਾਉਣ ਨਾਲ ਕਾਰੋਬਾਰਾਂ ਨੂੰ ਲਾਭ ਹੋ ਸਕਦਾ ਹੈ। ਇਨ੍ਹਾਂ ਵਿਚਾਰ-ਵਟਾਂਦਰੇ ਦੇ ਨਤੀਜਿਆਂ ਨਾਲ ਮਜ਼ਦੂਰਾਂ, ਜਨਤਕ ਅਤੇ ਵਾਤਾਵਰਣ ਸੁਰੱਖਿਆ ਨਾਲ ਆਸਾਨੀ ਨਾਲ ਸਮਝੌਤਾ ਕੀਤਾ ਜਾ ਸਕਦਾ ਹੈ ਪਰ ਇੱਕ ਜ਼ਿੰਮੇਵਾਰ ਰਾਸ਼ਟਰੀ ਮਿਆਰ ਅਤੇ ਪਰੋਵਿੰਸ ਸਰਕਾਰਾਂ ਦੇ ਮਜ਼ਬੂਤ ਜਨਤਕ ਹਿੱਤ ਨਿਯਮ ਸਥਾਪਤ ਕਰਨ ਦੇ ਅਧਿਕਾਰ ਨਹੀਂ ਕੀਤਾ ਜਾ ਸਕਦਾ।

ਇਨ੍ਹਾਂ ਗੱਲਬਾਤ ਮੀਟਿੰਗਾਂ ਦੇ ਨਾਲ, ਜੋ ਅਸਲ ਵਿੱਚ, ਸੀ.ਐਫ.ਟੀ.ਏ. ਦੀ 2024-2027 ਅੰਦਰੂਨੀ ਵਪਾਰ ਕਾਰਜ ਯੋਜਨਾ ਦੇ ਤਹਿਤ ਇੱਕ ਸਾਲ ਤੋਂ ਵੱਧ ਸਮੇਂ ਤੋਂ ਚੱਲ ਰਹੀਆਂ ਹਨ, ਕਈ ਪਰੋਵਿੰਸ ਸਰਕਾਰਾਂ - ਓਨਟਾਰੀਓ, ਬੀ.ਸੀ, ਨੋਵਾ ਸਕੋਸ਼ੀਆ, ਮੈਨੀਟੋਬਾ, ਕਿਊਬਿਕ ਅਤੇ ਪ੍ਰਿੰਸ ਐਡਵਰਡ ਆਈਲੈਂਡ - ਨੇ ਵਪਾਰ ਦੀਆਂ ਰੁਕਾਵਟਾਂ ਨੂੰ ਖਤਮ ਕਰਨ ਜਾਂ ਘਟਾਉਣ ਦੇ ਸਪੱਸ਼ਟ ਉਦੇਸ਼ ਨਾਲ ਕਾਨੂੰਨ ਪੇਸ਼ ਕੀਤੇ ਹਨ ਅਤੇ ਪਾਸ ਕੀਤੇ ਹਨ। ਇਨ੍ਹਾਂ ਵਿਧਾਨਕ ਕਦਮਾਂ ਦੇ ਸਮਰਥਨ ਵਿੱਚ ਰੁਕਾਵਟਾਂ ਦੀਆਂ ਬਹੁਤ ਘੱਟ ਵਿਹਾਰਕ ਉਦਾਹਰਣਾਂ ਦਿੱਤੀਆਂ ਗਈਆਂ ਹਨ। ਕੁਝ ਪਰੋਵਿੰਸਾਂ ਨੇ ਆਪਣੇ ਸੂਬੇ-ਵਿਸ਼ੇਸ਼ ਅਪਵਾਦਾਂ ਦਾ ਪ੍ਰਸਤਾਵ ਦਿੱਤਾ ਹੈ ਜਾਂ ਖਤਮ ਕਰ ਦਿੱਤਾ ਹੈ ਜੋ ਸੰਵੇਦਨਸ਼ੀਲ ਖੇਤਰਾਂ ਵਿੱਚ ਜਨਤਕ ਨੀਤੀ ਦੀ ਲਚਕਤਾ ਨੂੰ ਸੁਰੱਖਿਅਤ ਕਰਦੇ ਹਨ ਅਤੇ ਪਰੋਵਿੰਸਾਂ ਨੂੰ ਅੰਦਰੂਨੀ ਅਤੇ ਅੰਤਰਰਾਸ਼ਟਰੀ ਵਪਾਰਕ ਮੁਸ਼ਕਲਾਂ ਤੋਂ ਬਚਾਉਂਦੇ ਹਨ। ਪਰੋਵਿੰਸ ਬਿੱਲ, ਫ਼ੈਡਰਲ ਸਰਕਾਰ ਦੇ ਬਿੱਲ ਸੀ -5 ਦੇ ਨਾਲ, ਕਿਸੇ ਵੀ ਵਾਧੂ ਟੈਸਟਿੰਗ ਜਾਂ ਸਿਖਲਾਈ ਦੀਆਂ ਜ਼ਰੂਰਤਾਂ ਨੂੰ ਹਟਾ ਕੇ, ਕਿਸੇ ਹੋਰ ਸੂਬੇ ਵਿੱਚ ਨੌਕਰੀ ਲੈਣ ਦੇ ਚਾਹਵਾਨ ਕਾਮਿਆਂ ਲਈ ਪੇਸ਼ੇਵਰ ਪ੍ਰਮਾਣੀਕਰਨ ਪ੍ਰਕਿਰਿਆ ਨੂੰ ਸੌਖਾ ਬਣਾਉਣ ਲਈ ਵੀ ਵਚਨਬੱਧ ਹਨ। ਸ਼ਰਾਬ ਵਰਗੇ ਖੇਤਰਾਂ ਵਿੱਚ ਵਾਧੂ ਰਾਜਨੀਤਿਕ ਪ੍ਰਾਪਤੀਆਂ ਸੰਭਵ ਹੋ ਸਕਦੀਆਂ ਹਨ, ਜਿੱਥੇ ਨਿਯੰਤ੍ਰਿਤ ਪਰੋਵਿੰਸ ਸ਼ਰਾਬ ਪ੍ਰਣਾਲੀਆਂ ਨਾਲ ਮੁਕਾਬਲਾ ਕਰਨ ਜਾਂ ਬਦਲਣ ਦੀ ਬਜਾਏ ਸਿੱਧੇ ਘਰੇਲੂ ਵਿਕਲਪ ਪੂਰਕ ਹੋ ਸਕਦੇ ਹਨ। ਹਾਲਾਂਕਿ, ਸ਼ਰਾਬ ਅਤੇ ਭੰਗ ਵਰਗੇ ਖੇਤਰ ਉੱਚ ਆਬਕਾਰੀ (ਜਾਂ "ਪਾਪ") ਟੈਕਸਾਂ ਦੇ ਅਧੀਨ ਹਨ ਜੋ ਪਰੋਵਿੰਸ ਸਰਕਾਰਾਂ ਲਈ ਮਾਲੀਆ ਵਧਾਉਂਦੇ ਹਨ ਅਤੇ ਜ਼ਿਆਦਾ ਖਪਤ ਦੇ ਅਣਚਾਹੇ ਸਿਹਤ ਅਤੇ ਸਮਾਜਿਕ ਪ੍ਰਭਾਵਾਂ ਨੂੰ ਸੀਮਤ ਕਰਦੇ ਹਨ।

ਇੱਕ ਮਾੜੀ ਯੋਜਨਾਬੱਧ ਡਾਇਰੈਕਟ-ਟੂ-ਹੋਮ ਪ੍ਰਣਾਲੀ, ਜਾਂ ਇੱਕ ਜੋ ਸਿਰਫ ਨਿੱਜੀ ਖੇਤਰ (ਉਦਾਹਰਨ ਲਈ, ਐਮਾਜ਼ਾਨ, ਲੋਬਲਾਜ਼) ਨੂੰ ਵੰਡ ਦੇ ਅਧਿਕਾਰ ਸੌਂਪਦੀ ਹੈ, ਇਹਨਾਂ ਹੋਰ ਸਮਾਜਿਕ ਤਰਜੀਹਾਂ ਨੂੰ ਗੰਭੀਰਤਾ ਨਾਲ ਖਤਰੇ ਵਿੱਚ ਪਾ ਸਕਦੀ ਹੈ ਕਿ ਸ਼ਰਾਬ ਨੂੰ ਪੂਰੇ ਕੈਨੇਡਾ ਵਿੱਚ ਕਿਵੇਂ ਨਿਯਮਤ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ, ਯੂਰਪੀਅਨ, ਯੂ.ਐਸ. ਅਤੇ ਹੋਰ ਵਪਾਰਕ ਭਾਈਵਾਲ ਦੇਸ਼ ਡਬਲਯੂ.ਟੀ.ਓ. ਜਾਂ ਹੋਰ ਵਪਾਰਕ ਸਮਝੌਤਿਆਂ ਵਿੱਚ ਆਪਣੀਆਂ "ਰਾਸ਼ਟਰੀ ਇਲਾਜ" ਗ੍ਰੰਟੀਆਂ ਨੂੰ ਲਾਗੂ ਕਰਨ ਦੇ ਯੋਗ ਹੋ ਸਕਦੇ ਹਨ ਤਾਂ ਜੋ ਸਿੱਧੀ-ਤੋਂ-ਘਰੇਲੂ ਵਿਕਰੀ ਤੱਕ ਪਹੁੰਚ ਕਰਨ ਵਿੱਚ ਕੈਨੇਡੀਅਨ ਵਾਈਨਰੀਜ਼, ਡਿਸਟਿਲਰਜ਼ ਅਤੇ ਬ੍ਰੇਵਰੀਜ਼ ਦੇ ਬਰਾਬਰ ਵਿਵਹਾਰ ਦੀ ਮੰਗ ਕੀਤੀ ਜਾ ਸਕੇ ।

ਰੁਕਾਵਟਾਂ ਨੂੰ ਘਟਾਉਣ ਦੇ ਉਦੇਸ਼ ਨਾਲ ਨਵੇਂ ਫ਼ੈਡਰਲ ਅਤੇ ਪਰੋਵਿੰਸ ਕਦਮ ਤੇਜ਼ੀ ਨਾਲ ਚੁੱਕਣ ਦੀਆਂ ਸਰਕਾਰੀ ਕੋਸ਼ਿਸ਼ਾਂ ਸ਼ੁਰੂ ਹੋ ਗਈਆਂ ਹਨ। ਮੌਜੂਦਾ ਟਰੰਪ ਟੈਰਿਫ ਯੁੱਧ ਦੇ ਜਵਾਬ ਵਿੱਚ, ਕਈ ਸਮਾਨਾਂਤਰ ਬਹੁਪੱਖੀ, ਦੁਵੱਲੇ ਅਤੇ ਇਕਪਾਸੜ ਪਹੁੰਚਾਂ 'ਤੇ ਵਿਚਾਰ ਵਟਾਂਦਰੇ ਕੀਤੇ ਜਾ ਰਹੇ ਹਨ ਅਤੇ ਲਾਗੂ ਕੀਤੇ ਜਾ ਰਹੇ ਹਨ। ਇਨ੍ਹਾਂ ਵਿਚ ਕਿਊਬਿਕ ਅਤੇ ਨਿਊਫਾਊਂਡਲੈਂਡ ਅਤੇ ਲੈਬਰਾਡੋਰ ਦੇ ਮਾਮਲੇ ਵਿਚ ਸਮਝਦਾਰੀ ਨਾਲ ਸਾਵਧਾਨ ਲੋਕਾਂ ਤੋਂ ਲੈ ਕੇ ਬ੍ਰਿਟਿਸ਼ ਕੋਲੰਬੀਆ, ਓਂਟਾਰੀਓ ਅਤੇ ਨੋਵਾ ਸਕੋਸ਼ੀਆ ਵਿਚ ਵਿਆਪਕ ਤੋਂ ਲੈ ਕੇ ਫ਼ੈਡਰਲ ਸਰਕਾਰ ਦੇ ਮਾਮਲੇ ਵਿਚ ਨਿਰਾਸ਼ਾਜਨਕ ਪ੍ਰੇਸ਼ਾਨੀਆਂ ਸ਼ਾਮਲ ਹਨ।

ਵੱਖ-ਵੱਖ ਪੱਧਰਾਂ 'ਤੇ ਇਨ੍ਹਾਂ ਸਰਕਾਰਾਂ ਨੇ ਕੈਨੇਡਾ ਵਿੱਚ ਵਪਾਰ ਵਿੱਚ ਕਿਸੇ ਵੀ ਕਥਿਤ ਰੁਕਾਵਟਾਂ ਨੂੰ ਖਤਮ ਕਰਨ ਲਈ ਕੈਬਨਿਟ ਨੂੰ ਮਜ਼ਬੂਤ ਹੱਥ ਦੇਣ ਲਈ ਕੰਮ ਕੀਤਾ ਹੈ। ਇਸ ਤੋਂ ਇਲਾਵਾ, ਬਹੁਤ ਸਾਰੀਆਂ ਸਰਕਾਰਾਂ ਨੇ ਕਾਨੂੰਨਾਂ ਅਤੇ ਨੀਤੀਆਂ ਲਈ ਸੀ.ਐਫ.ਟੀ.ਏ. ਦੇ ਅਪਵਾਦਾਂ ਨੂੰ ਹਟਾ ਦਿੱਤਾ ਹੈ ਜੋ ਸੰਭਾਵਤ ਤੌਰ 'ਤੇ ਸਮਝੌਤੇ ਦੇ ਸਖਤ ਨਿਯਮਾਂ ਦੀ ਉਲੰਘਣਾ ਕਰਦੇ ਹਨ। ਇਨ੍ਹਾਂ ਵਿਚੋਂ ਕੁਝ ਅਪਵਾਦ ਬੇਮਾਅਨੇ ਹਨ, ਜਦੋਂ ਕਿ ਹੋਰ ਸੰਭਾਵਤ ਤੌਰ 'ਤੇ ਡੂੰਘੇ ਹਨ ਅਤੇ ਜਨਤਕ ਹਿੱਤ ਵਿਚ ਕੰਮ ਕਰਨ ਲਈ ਭਵਿੱਖ ਦੀ ਚਾਲ ਨੂੰ ਦਰਸਾਉਂਦੇ ਹਨ। ਇਨ੍ਹਾਂ ਪਰੋਵਿੰਸ ਅਤੇ ਫ਼ੈਡਰਲ ਯਤਨਾਂ ਤੋਂ ਆਰਥਿਕ ਲਾਭ ਬਹੁਤ ਘੱਟ ਹੋਣਗੇ।

ਇੱਕ ਲੋਕ ਪੱਖੀ ਸੰਸਥਾ "ਕੈਨੇਡਿਅਨ ਸੈਂਟਰ ਫਾਰ ਪੋਲਿਸੀ ਅਲਟਰਨੇਟਿਵ" ਦੇ ਆਰਥਿਕ ਮਾਹਿਰਾਂ ਨੇ ਭਾਰੂ ਵਿਚਾਰਾਂ ਦੇ ਉਲਟ ਆਰਥਿਕ ਵਿਸ਼ਲੇਸ਼ਣ ਜ਼ਾਰੀ ਕੀਤਾ ਹੈ ਉਨ੍ਹਾਂ ਅਨੁਸਾਰ ਅੰਦਰੂਨੀ ਵਪਾਰ ਨੂੰ ਵਧਾਉਣ ਦੇ ਉਦੇਸ਼ ਦੇ ਕਾਨੂੰਨਾਂ ਅਤੇ ਕਾਰਜਕਾਰੀ ਫੈਸਲਿਆਂ ਨੂੰ "ਪ੍ਰੀਮੀਅਰਾਂ ਦੇ ਨਵੇਂ ਕੱਪੜਿਆਂ" ਵਜੋਂ ਦੱਸਿਆ ਹੈ। ਉਨ੍ਹਾਂ ਕਿਹਾ ਕਿ ਇਹ ਨਵੀਆਂ ਕੋਸ਼ਿਸ਼ਾਂ "ਪ੍ਰੀਮੀਅਰਾਂ ਦੇ ਨਵੇਂ ਕੱਪੜੇ" ਦੇ ਬਰਾਬਰ ਹਨ, ਕਿਉਂਕਿ, ਸਭ ਤੋਂ ਵਧੀਆ ਸਥਿਤੀ ਵਿੱਚ, ਕੈਨੇਡੀਅਨ ਆਰਥਿਕਤਾ 'ਤੇ ਬਹੁਤ ਘੱਟ ਅਸਰ ਪਵੇਗਾ। ਉਨ੍ਹਾਂ ਕਿਹਾ ਕਿ ਨਵਾਂ ਫ਼ੈਡਰਲ ਅਤੇ ਪਰੋਵਿੰਸ ਵਪਾਰ ਕਾਨੂੰਨ ਮਜ਼ਦੂਰਾਂ, ਮਿਆਰਾਂ ਅਤੇ ਲੋਕਤੰਤਰੀ ਫੈਸਲੇ ਲੈਣ ਲਈ ਅਣਜਾਣ ਜੋਖਮਾਂ ਨਾਲ ਆਉਂਦਾ ਹੈ। ਉਨ੍ਹਾਂ ਚਿੰਤਾ ਜਤਾਈ ਕਿ ਮੌਜੂਦਾ ਕੋਸ਼ਿਸ਼ਾਂ ਵਾਤਾਵਰਣ ਸੁਰੱਖਿਆ, ਕਾਰਜ ਸਥਾਨ ਵਿੱਚ ਸਿਹਤ, ਸੁਰੱਖਿਆ ਅਤੇ ਖਪਤਕਾਰਾਂ ਵਿਰੁੱਧ ਹਿੰਸਕ ਵਿਵਹਾਰ ਵਰਗੇ ਖੇਤਰਾਂ ਵਿੱਚ ਨਿਯਮਤ ਕਰਨ ਦੀ ਪਰੋਵਿੰਸ ਸਮਰੱਥਾ ਨੂੰ ਹੋਰ ਘਟਾ ਦੇਣਗੀਆਂ। ਪਰੋਵਿੰਸ ਅਤੇ ਫ਼ੈਡਰਲ ਨੀਤੀ ਜਗਤ ਲਈ ਇਨ੍ਹਾਂ ਮਾਮੂਲੀ ਸੁਰੱਖਿਆਵਾਂ ਤੋਂ ਬਿਨਾਂ, ਜਨਤਾ ਬਾਜ਼ਾਰ ਦੀਆਂ ਤਾਕਤਾਂ ਅਤੇ ਕਾਰਪੋਰੇਟ ਸ਼ਕਤੀ ਦੀਆਂ ਮਨਮਰਜ਼ੀ ਸਾਹਮਣੇ ਆਵੇਗੀ

ਇਨ੍ਹਾਂ ਮਾਹਿਰਾਂ ਮੁਤਾਬਿਕ, ਖ਼ਾਸਕਰ ਟਰੰਪ ਦੇ ਅਮਰੀਕੀ ਬਾਜ਼ਾਰ ਵਿੱਚ ਦਾਖਲੇ ਦੀ ਕੀਮਤ ਵਧਾਉਣ ਦੇ ਮੱਦੇਨਜ਼ਰ, ਇੱਥੇ ਕੈਨੇਡਾ ਦੀ ਆਰਥਿਕ ਯੂਨੀਅਨ ਨੂੰ ਮਜ਼ਬੂਤ ਕਰਨ ਦੀ ਮਹੱਤਤਾ 'ਤੇ ਰਾਜਨੀਤਿਕ ਸਹਿਮਤੀ ਹੈ। ਸਮੱਸਿਆ ਇਹ ਹੈ ਕਿ, ਰਾਸ਼ਟਰਵਾਦੀ ਢੋਲ ਵਜਾਉਣ ਲਈ ਸਾਡੀਆਂ ਸਰਕਾਰਾਂ ਸਥਾਨਕ ਆਰਥਿਕ ਵਿਕਾਸ ਦਾ ਸਮਰਥਨ ਕਰਨ ਅਤੇ ਵਸਤੂਆਂ, ਸੇਵਾਵਾਂ ਅਤੇ ਕਿਰਤ ਪ੍ਰਮਾਣੀਕਰਨ ਲਈ ਉੱਚ ਮਿਆਰਾਂ ਨੂੰ ਯਕੀਨੀ ਬਣਾਉਣ ਲਈ ਆਪਣੇ ਕੋਲ ਬਚੇ ਕੁਝ ਲੀਵਰਾਂ ਨੂੰ ਛੱਡ ਰਹੀਆਂ ਹਨ।

ਕੈਨੇਡੀਅਨ ਸਰਕਾਰਾਂ ਨੂੰ ਸਖਤ ਵਪਾਰ ਸਮਝੌਤੇ ਅਤੇ ਰੈਗੂਲੇਟਰੀ ਦੌੜ ਦੀ ਬਜਾਏ, ਰੈਗੂਲੇਟਰੀ ਲੀਡਰਸ਼ਿਪ ਨੂੰ ਅਪਣਾਉਣਾ ਚਾਹੀਦਾ ਹੈ। ਖੇਤੀਬਾੜੀ ਵਿੱਚ ਕੀਟਨਾਸ਼ਕਾਂ ਦੀ ਵਰਤੋਂ ਬਾਰੇ ਓਂਟਾਰੀਓ ਦੇ ਮੁਕਾਬਲਤਨ ਮਜ਼ਬੂਤ ਨਿਯਮ, ਓਪਨ ਨੈੱਟ-ਪੈਨ ਮੱਛੀ ਫਾਰਮਾਂ 'ਤੇ ਬੀ.ਸੀ. ਦਾ ਜ਼ਿੰਮੇਵਾਰ ਮੁੜ ਵਿਚਾਰ ਅਤੇ ਵੱਡੇ ਪ੍ਰੋਜੈਕਟਾਂ ਲਈ ਕਿਊਬਿਕ ਦੀ ਮਜ਼ਬੂਤ ਵਾਤਾਵਰਣ ਮੁਲਾਂਕਣ ਪ੍ਰਕਿਰਿਆ ਆਦਿ ਸਾਰੇ ਸਾਵਧਾਨੀ ਕਾਨੂੰਨ ਲਈ ਚੰਗੀਆਂ ਉਦਾਹਰਣਾਂ ਹਨ। ਨਵਾਂ ਅੰਦਰੂਨੀ ਵਪਾਰ ਏਜੰਡਾ ਟਰੰਪ ਟੈਰਿਫ ਕਾਰਨ ਹੋਏ ਵੱਡੇ ਆਰਥਿਕ ਨੁਕਸਾਨ ਦੀ ਭਰਪਾਈ ਬਹੁਤ ਘੱਟ ਕਰਦਾ ਹੈ, ਜਿਵੇਂ ਕਿ ਫ਼ੈਡਰਲ ਅਤੇ ਕਈ ਪਰੋਵਿੰਸ ਸਰਕਾਰਾਂ ਨੇ ਵਾਅਦਾ ਕੀਤਾ ਹੈ।

# ਪ੍ਰਵਾਸੀਆਂ ਲਈ ਆਫ਼ਤ ਟਰੰਪ ਦਾ ਨਵਾਂ ਬਿੱਲ



ਮਨਦੀਪ
(438-924-2052)
mandeepsaddowal@gmail.com

ਅਮਰੀਕੀ ਇਤਿਹਾਸ ਦਾ ਮਹੱਤਵਪੂਰਨ ਤੇ ਟਰੰਪ ਦਾ ਹਰਮਨਪਿਆਰਾ ਬਿੱਲ 'ਵਨ ਬਿੱਗ ਬਿਊਟੀਫੁੱਲ ਬਿੱਲ' ਆਖਰਕਾਰ ਵੱਡੇ ਵਿਰੋਧ ਅਤੇ ਵਿਵਾਦ ਪਿੱਛੋਂ ਅਮਰੀਕੀ ਕਾਂਗਰਸ ਵਿੱਚ ਪਾਸ ਹੋ ਗਿਆ ਹੈ। 1 ਜੁਲਾਈ ਨੂੰ ਸੈਨੇਟ ਵਿੱਚੋਂ 51–50 ਦੇ ਫਰਕ ਨਾਲ ਬਿੱਲ ਪਾਸ ਹੋਕੇ ਅੰਤਿਮ ਪ੍ਰਵਾਨਗੀ ਲਈ ਪ੍ਰਤੀਨਿੱਧੀ ਸਭਾ ਪਹੁੰਚ ਗਿਆ ਜਿੱਥੇ 3 ਜੁਲਾਈ ਨੂੰ ਹਾਊਸ ਵਿੱਚ 218–214 ਦੇ ਫਸਵੇਂ ਫਰਕ ਨਾਲ ਇਹ ਬਿੱਲ ਪਾਸ ਹੋ ਗਿਆ। 4 ਜੁਲਾਈ ਨੂੰ ਅਮਰੀਕੀ ਅਜ਼ਾਦੀ ਦਿਵਸ ਤੇ ਤੋਹਫ਼ੇ ਵਜੋਂ ਰਾਸ਼ਟਰਪਤੀ ਟਰੰਪ ਦੇ ਦਸਤਖ਼ਤਾਂ ਨਾਲ ਇਸਨੂੰ ਅੰਤਿਮ ਛੋਹ ਦੇ ਦਿੱਤੀ ਗਈ ਹੈ। 49% ਅਮਰੀਕੀਆਂ ਦੇ ਵਿਰੋਧ ਦੇ ਬਾਵਜੂਦ ਪਾਸ ਹੋਏ ਇਸ ਬਿੱਲ ਦੇ ਭਵਿੱਖ ਵਿੱਚ ਮਾੜੇ ਨਤੀਜੇ ਨਿਕਲਣੇ ਤਾਂ ਸੁਭਾਵਿਕ ਹੀ ਹਨ ਪਰੰਤੂ ਇਸਦੀ ਆਮਦ ਲਈ ਲੰਮੇ ਸਮੇਂ ਤੋਂ ਪੱਬਾਂ–ਭਾਰ ਹੋਏ ਟਰੰਪ ਪ੍ਰਸ਼ਾਸਨ ਦੇ ਯਤਨਾਂ ਨੂੰ ਦੇਖਦਿਆਂ ਇਸਦੀ ਅਹਿਮੀਅਤ ਬਾਰੇ ਜਾਣਨਾ ਹੋਰ ਵੀ ਵੱਧ ਜਰੂਰੀ ਹੈ।

'ਵੱਨ ਬਿੱਗ ਬਿਊਟੀਫੁੱਲ ਬਿੱਲ ਐਕਟ' (OBBBA) ਮੁਤਾਬਕ 2017 ਦੇ ਟਰੰਪ ਟੈਕਸ ਕਟੌਤੀਆਂ (TCJA) ਦੇ ਫੈਸਲੇ ਨੂੰ ਸਥਾਈ ਤੌਰ 'ਤੇ ਵਧਾ ਦਿੱਤਾ ਗਿਆ ਹੈ ਜਿਸ ਤਹਿਤ ਸੀਨੀਅਰ ਸਿਟੀਜਨਾਂ ਨੂੰ ਕੁਝ ਖਾਸ ਸ਼ਰਤਾਂ ਤਹਿਤ ਟੈਕਸ ਰਾਹਤ ਮਿਲੇਗੀ, ਬੱਚਿਆਂ ਨੂੰ ਦਿੱਤਾ ਜਾਣ ਵਾਲਾ ਟੈਕਸ ਕਰੈਡਿਟ ਵਧ ਜਾਵੇਗਾ ਅਤੇ ਟਿਪ ਤੇ ਓਵਰਟਾਇਮ ਦੀ ਕਮਾਈ ਤੇ ਟੈਕਸ ਮਾਫ਼ੀ ਦਿੱਤੀ ਜਾਵੇਗੀ। ਇਸ ਮਾਮੂਲੀ ਰਾਹਤ ਬਦਲੇ ਮੈਡੀਕੇਡ ਖਰਚਿਆਂ, ਫੂਡ ਸਟੈਂਪ 'ਚ ਕਟੌਤੀ ਤੇ ਬਾਇਡਨ ਵੇਲੇ ਦੇ ਸਟੂਡੈਂਟਸ ਲੋਨ ਤੇ ਭਾਰੀ ਕੱਟ ਲਾਏ ਗਏ ਹਨ। ਮੈਡੀਕੇਡ ਕੱਟਾਂ ਨਾਲ ਦੋ ਕਰੋੜ ਲੋਕਾਂ ਨੂੰ ਸਿਹਤ ਸਹੂਲਤਾਂ ਦੀ ਰਾਹਤ ਤੋਂ ਹੱਥ ਧੋਣੇ ਪੈਣਗੇ ਤੇ ਫੂਡ ਸਟੈਂਪ (ਜਿੱਥੇ ਗਰੀਬਾਂ, ਬਜ਼ੁਰਗਾਂ ਤੇ ਅਪਾਹਜਾਂ ਨੂੰ ਮੁਫ਼ਤ ਖਾਣਾ ਮਿਲਦਾ ਹੈ) ਕੱਟਾਂ ਕਾਰਨ ਸਮਾਜ ਦੇ ਨੀਵੇਂ ਤਬਕੇ ਤੇ ਬੁਰਾ ਅਸਰ ਪਵੇਗਾ।

ਇਸਤੋਂ ਇਲਾਵਾ ਇਸ ਬਿੱਲ ਵਿੱਚ ਪੈਂਟਾਗਨ ਦੇ ਰੱਖਿਆ ਬਜਟ ਨੂੰ 8 ਫ਼ੀਸਦੀ ਤੱਕ ਵਧਾਇਆ ਜਾਵੇਗਾ। 2029 ਤੱਕ ਫੌਜ ਨੂੰ $150 ਅਰਬ ਡਾਲਰ, ਗੋਲਡਨ ਡੋਮ ਲਈ 25 ਅਰਬ ਡਾਲਰ ਅਤੇ ਇਮੀਗ੍ਰੇਸ਼ਨ ਅਤੇ ਕਸਟਮ ਇਨਫੋਰਸਮੈਂਟ (ICE) ਨੂੰ $150 ਅਰਬ ਡਾਲਰ ਦੇ ਫੰਡ ਦੇ ਕੇ ਅਮਰੀਕਾ ਵਿੱਚੋਂ ਪ੍ਰਵਾਸੀਆਂ ਦੇ ਉਜਾੜੇ ਦਾ ਰਾਹ ਹੋਰ ਵੱਧ ਪੱਧਰਾ ਕੀਤਾ ਜਾਵੇਗਾ। ਮੈਕਸੀਕੋ ਬਾਰਡਰ ਉੱਤੇ ਗਸ਼ਤ ਵਧਾਈ ਜਾਵੇਗੀ ਤੇ ਕੰਧ ਦੀ ਉਸਾਰੀ ਦੇ ਕੰਮ ਵਿੱਚ ਹੋਰ ਤੇਜ਼ੀ ਲਿਆਂਦੀ ਜਾਵੇਗੀ। ਬਾਰਡਰ ਦੀ ਉਸਾਰੀ ਲਈ 46 ਅਰਬ ਡਾਲਰ ਖ਼ਰਚੇ ਜਾਣਗੇ ਅਤੇ 45 ਅਰਬ ਡਾਲਰ ਆਈਸੀਈ ਨੂੰ ਦਿੱਤੇ ਜਾਣਗੇ ਜਿਸ ਵਿੱਚ ਪ੍ਰਵਾਸੀ ਨਜ਼ਰਬੰਦੀ ਕੈਂਪਾਂ ਵਿੱਚ ਇੱਕ ਲੱਖ ਬੈੱਡ ਬਣਾਉਣ, ਦਸ ਹਜ਼ਾਰ ਆਈਸੀਈ ਏਜੰਟ ਭਰਤੀ ਕਰਨ ਅਤੇ 10 ਅਰਬ ਡਾਲਰ ਉਹਨਾਂ ਸੂਬਿਆਂ ਨੂੰ ਸਹਾਇਤਾ ਦੇਣ ਵਜੋਂ ਰਾਖਵੇਂ ਰੱਖੇ ਗਏ ਹਨ ਜੋ ਪ੍ਰਵਾਸੀਆਂ ਦੀ ਗ੍ਰਿਫ਼ਤਾਰੀ ਲਈ ਆਈਸੀਈ ਦਾ ਸਹਿਯੋਗ ਕਰਨਗੇ। 350 ਅਰਬ ਡਾਲਰ ਇਮੀਗ੍ਰੇਸ਼ਨ ਲਈ ਰਾਖਵੇਂ ਰੱਖੇ ਗਏ ਹਨ। ਇਮੀਗ੍ਰੇਸ਼ਨ ਖਰਚਿਆਂ ਸਬੰਧੀ ਇਹ ਬਜਟ ਪਿਛਲੇ ਸਾਲਾਂ ਦੇ ਮੁਕਾਬਲੇ ਦਸ ਗੁਣਾ ਜ਼ਿਆਦਾ ਹੈ, ਜਿਸਨੂੰ ਅਮਰੀਕੀ ਸਮਾਜਿਕ ਕਦਰਾਂ–ਕੀਮਤਾਂ ਦੇ ਉਲਟ ਮਨੁੱਖੀ, ਸੰਵਿਧਾਨਕ ਅਤੇ ਕਿਰਤ ਕਾਨੂੰਨਾਂ ਦਾ ਘਾਣ ਕਰਕੇ ਅੱਗੇ ਵਧਾਇਆ ਜਾਵੇਗਾ। ਇਸ ਬਿੱਲ ਅਨੁਸਾਰ ਪ੍ਰਵਾਸ ਨੂੰ ਨਿਯੰਤਰਿਤ ਕਰਨ ਅਤੇ ਲੋਕਾਂ ਦੀ ਪਹੁੰਚ ਤੋਂ ਬਾਹਰ ਕਰਨ ਲਈ ਇਮੀਗ੍ਰੇਸ਼ਨ ਫੀਸਾਂ ਵਿੱਚ ਭਾਰੀ ਇਜ਼ਾਫ਼ਾ ਕੀਤਾ ਜਾਵੇਗਾ। ਗੈਰ–ਕਾਨੂੰਨੀ ਢੰਗ ਨਾਲ ਸਰਹੱਦ ਪਾਰ ਕਰਕੇ ਅਮਰੀਕਾ ਵਿੱਚ ਦਾਖਲ ਹੋਣ ਵਾਲਿਆਂ ਨੂੰ ਦੇਸ਼–ਨਿਕਾਲਾ, ਸਜ਼ਾਵਾਂ ਤੇ 5000 ਅਮਰੀਕੀ ਡਾਲਰ ਦਾ ਜੁਰਮਾਨਾ ਲਾਇਆ ਜਾਵੇਗਾ ਤੇ ਸ਼ਰਨਾਰਥੀਆਂ ਵੱਲੋਂ ਅਦਾਲਤੀ ਤਰੀਕਾਂ ਤੇ ਗੈਰ–ਹਾਜ਼ਰ ਰਹਿਣ ਤੇ ਵੀ 5000 ਡਾਲਰ ਦਾ ਜ਼ੁਰਮਾਨਾ ਲੱਗੇਗਾ। ਪ੍ਰਵਾਸੀਆਂ ਵੱਲੋਂ ਆਪਣੇ ਵਤਨ ਪੈਸੇ ਭੇਜਣ ਉੱਤੇ ਟੈਕਸ ਵਧਾ ਦਿੱਤਾ ਗਿਆ ਹੈ। ਪ੍ਰਵਾਸੀਆਂ ਵੱਲੋਂ ਅਮਰੀਕਾ ਤੋਂ ਸਭ ਤੋਂ ਵੱਧ ਪੈਸਾ (ਸਾਲ 2023–24 'ਚ 32.9 ਅਰਬ ਡਾਲਰ) ਭਾਰਤ ਭੇਜਿਆ ਜਾਂਦਾ ਹੈ ਤੇ ਵਾਪਸ ਵਤਨ ਭੇਜੀ ਜਾਂਦੀ ਰਕਮ (Reimttance) ਤੇ ਵਧੇ ਟੈਕਸ ਨਾਲ ਪ੍ਰਵਾਸੀ ਕਾਮਿਆਂ ਤੇ ਹੋਰ ਵਾਧੂ ਬੋਝ ਪਵੇਗਾ। ਇਸਦੇ ਨਾਲ ਹੀ ਇਸ ਬਿੱਲ ਵਿੱਚ ਹਰੀ ਤੇ ਸ਼ੁੱਧ ਊਰਜਾ (ਪੌਣ–ਚੱਕੀ, ਸੂਰਜੀ ਊਰਜਾ ਤੇ ਗਰੀਨ ਊਰਜਾ) ਵਿੱਚ ਕੀਤੀਆਂ ਟੈਕਸ ਕਟੌਤੀਆਂ ਕਾਰਨ ਵਾਤਾਵਰਣਿਕ ਖਤਰੇ ਤੇ ਊਰਜਾ ਸ੍ਰੋਤਾਂ ਦੀਆਂ ਕੀਮਤਾਂ ਵਿੱਚ ਵਾਧਾ ਹੋਣ ਦੇ ਖ਼ਦਸ਼ੇ ਹਨ।

ਇੱਕ ਅਨੁਮਾਨ ਮੁਤਾਬਕ ਫੌਜੀ ਤੇ ਰੱਖਿਆ ਖ਼ਰਚਿਆਂ ਨਾਲ 2034 ਤੱਕ ਅਮਰੀਕੀ ਆਰਥਿਕਤਾ ਉੱਤੇ $2.4-$3.3 ਟ੍ਰਿਲੀਅਨ ਡਾਲਰ ਤੱਕ ਦਾ ਬੋਝ ਪਵੇਗਾ ਜਿਸ ਨਾਲ ਪਹਿਲਾਂ ਤੋਂ ਹੀ ਭਾਰੀ ਕਰਜ਼ ($36.2 ਟ੍ਰਿਲੀਅਨ) ਵਿੱਚ ਡੁੱਬੇ ਅਮਰੀਕਾ ਵਿੱਚ ਹੋਣ ਵਾਲੇ ਵਿਦੇਸ਼ੀ ਨਿਵੇਸ਼ ਉੱਤੇ ਅਸਰ ਪੈ ਸਕਦਾ ਹੈ। ਦੂਜੇ ਪਾਸੇ ਟੈਕਸ ਕਟੌਤੀ, ਰੱਖਿਆ ਤੇ ਇਮੀਗ੍ਰੇਸ਼ਨ ਉੱਤੇ ਕੀਤੇ ਜਾਣ ਵਾਲੇ ਖ਼ਰਚਿਆਂ ਦੀ ਭਰਪਾਈ ਸਿਹਤ, ਸਿੱਖਿਆ ਅਤੇ ਭੋਜਨ ਪ੍ਰੋਗਰਾਮ ਉੱਤੇ ਲਾਏ ਜਾਣ ਵਾਲੇ ਕੱਟਾਂ ਤੋਂ ਕੀਤੀ ਜਾਵੇਗੀ। ਇੱਕ ਅੰਦਾਜ਼ੇ ਮੁਤਾਬਕ ਸਿਹਤ, ਸਿੱਖਿਆ ਤੇ ਭੋਜਨ ਵਰਗੀਆਂ ਬੁਨਿਆਦੀ ਲੋੜਾਂ ਉੱਤੇ ਲਾਏ ਜਾਣ ਵਾਲੇ ਕੱਟਾਂ ਤੋਂ 350 ਅਰਬ ਡਾਲਰ ਹਾਸਲ ਕੀਤੇ ਜਾਣਗੇ। ਟਰੰਪ ਦੀਆਂ ਸਿਹਤ ਸਹੂਲਤਾਂ ਲਈ ਕੀਤੀਆਂ ਸੋਧਾਂ ਕਰਕੇ ਦਸ ਖਰਬ ਡਾਲਰ ਦੇ ਕੱਟ ਲਾਏ ਗਏ ਹਨ ਅਤੇ ਭੋਜਨ ਬੈਂਕ ਲਈ ਸ਼ਰਤਾਂ ਸਖ਼ਤ ਕਰਨ ਨਾਲ ਅਮਰੀਕੀ ਸਮਾਜ ਵਿੱਚ ਸਭ ਤੋਂ ਗਰੀਬ, ਬੇਘਰੇ, ਬਜ਼ੁਰਗ ਤੇ ਅਪਾਹਜ ਲੋਕਾਂ ਲਈ ਹਾਲਾਤ ਹੋਰ ਵੱਧ ਬਦਤਰ ਹੋਣਗੇ ਤੇ 2034 ਤੱਕ ਇੱਕ ਕਰੋੜ ਸੱਠ ਲੱਖ ਲੋਕ ਸਿਹਤ ਬੀਮਾ ਸਹੂਲਤ ਗੁਆ ਜਾਣਗੇ। ਯੇਲ ਯੂਨੀਵਰਸਿਟੀ ਦੇ ਸਿਹਤ ਵਿਭਾਗ ਦੇ ਇੱਕ ਅਧਿਐਨ ਮੁਤਾਬਕ ਇਸ ਬਿੱਲ ਵਿੱਚ ਲਾਏ ਇਕੱਲੇ ਸਿਹਤ ਸਹੂਲਤਾਂ ਦੇ ਕੱਟਾਂ ਕਾਰਨ ਹਰ ਸਾਲ 50,000 ਅਮਰੀਕੀ ਆਪਣੀ ਜਾਨ ਗੁਆ ਦੇਣਗੇ। ਸੈਨੇਟਰ ਬਰਨੀ ਸੈਂਡਰਸ ਨੇ ਇਸ ਬਿੱਲ ਨੂੰ 'ਮੌਤ ਦੀ ਸਜਾ' ਕਿਹਾ ਹੈ ਤੇ ਇਸ ਬਿੱਲ ਤੋਂ ਦੁਖੀ ਟਰੰਪ ਦੇ ਚਹੇਤੇ ਰਹੇ ਐਲਨ ਮਸਕ ਨੇ ਅਮਰੀਕਾ ਵਿੱਚ ਦੋਵੇਂ ਰਵਾਇਤੀ ਪਾਰਟੀਆਂ ਖਿਲਾਫ 'ਅਮਰੀਕਾ ਪਾਰਟੀ' ਬਣਾਉਣ ਦਾ ਗੈਰ–ਰਸਮੀ ਐਲਾਨ ਕਰ ਦਿੱਤਾ ਹੈ।




ਇਸ ਬਿੱਲ ਨਾਲ ਅਮਰੀਕਾ ਦੇ ਸਿਖਰਲੇ 1% ਅਮੀਰਾਂ ਨੂੰ 975 ਅਰਬ ਡਾਲਰ ਦਾ ਲਾਭ ਮਿਲੇਗਾ ਜਿਸਦੀ ਭਰਪਾਈ ਸਿਹਤ ਸੰਭਾਲ ਕਟੌਤੀਆਂ ਨਾਲ ਹੜੱਪੇ ਇੱਕ ਖਰਬ ਡਾਲਰ ਚੋਂ ਕੀਤੀ ਜਾਵੇਗੀ। ਇਹ ਬਿੱਲ ਸਿਹਤ, ਸਿੱਖਿਆ ਤੇ ਭੋਜਨ ਜ਼ਰੂਰਤਾਂ ਲਈ ਖਰਚੇ ਜਾਣ ਵਾਲੇ ਟੈਕਸ ਅਦਾਇਗੀ ਦੇ ਸਰਕਾਰੀ ਪੈਸੇ ਨੂੰ ਕਾਨੂੰਨੀ ਢੰਗ ਨਾਲ ਆਮ ਅਮਰੀਕੀ ਲੋਕਾਂ ਦੀ ਜੇਬ ਚੋਂ ਕੱਢਕੇ ਅਮੀਰਾਂ ਦੀ ਜੇਬ ਵਿੱਚ ਪਾਉਣ ਦਾ ਸਾਧਨ ਹੈ।

ਇਸ ਬਿੱਲ ਦਾ ਸਭ ਵੱਡਾ ਪ੍ਰਕੋਪ ਅਮਰੀਕਾ ਵਿੱਚ ਵੱਸਦੇ ਸਮਾਜ ਦੇ ਸਭ ਤੋਂ ਹੇਠਲੇ ਤੇ ਕੰਮਕਾਜੀ ਵਰਗ ਉੱਤੇ ਪੈਣ ਵਾਲਾ ਹੈ। ਦੂਸਰਾ, ਇਸਦਾ ਮੁੱਖ ਏਜੰਡਾ ਅਮਰੀਕੀ ਲੋਕਾਂ ਦੇ ਪੈਸੇ ਨਾਲ ਗੈਰ ਦਸਤਾਵੇਜ਼ੀ ਪ੍ਰਵਾਸੀਆਂ ਦੇ ਦੇਸ਼–ਨਿਕਾਲੇ ਦੇ ਪ੍ਰੋਜੈਕਟ ਨੂੰ ਹੋਰ ਵੱਧ ਤੇਜ਼ ਕਰਨਾ ਅਤੇ ਨਿੱਜੀ ਉਦਯੋਗਿਕ ਕੰਪਲੈਕਸ, ਵੱਡੀਆਂ ਟੈੱਕ ਤੇ ਹਥਿਆਰ ਕੰਪਨੀਆਂ ਨੂੰ ਲਾਹੇ ਪਹੁੰਚਾਉਣਾ ਹੈ। 'ਫੈਡਰੇਸ਼ਨ ਫਾਰ ਅਮੈਰੀਕਨ ਇਮੀਗ੍ਰੇਸ਼ਨ ਰੀਫੌਰਮ' (FAIR) ਦੀ ਮਾਰਚ 2025 ਦੀ ਰਿਪੋਰਟ ਮੁਤਾਬਕ ਅਮਰੀਕਾ ਅੰਦਰ ਕੁੱਲ 1 ਕਰੋੜ 86 ਲੱਖ ਲੋਕ ਗੈਰ ਦਸਤਾਵੇਜ਼ੀ ਹਨ ਜਿਹਨਾਂ ਵਿੱਚ ਜਿਆਦਾਤਰ ਲੋਕ ਲਾਤੀਨੀ ਭਾਈਚਾਰੇ ਦੇ ਹਨ। ਅਮਰੀਕਾ ਵਿੱਚ 1 ਲੱਖ 80 ਹਜ਼ਾਰ ਭਾਰਤੀ ਗੈਰ ਦਸਤਾਵੇਜ਼ੀ ਪ੍ਰਵਾਸੀ ਵੱਸਦੇ ਹਨ। ਟਰੰਪ ਪ੍ਰਸ਼ਾਸਨ ਨੇ ਇਹਨਾਂ ਗੈਰ ਦਸਤਾਵੇਜ਼ੀ ਪ੍ਰਵਾਸੀਆਂ ਨੂੰ ਅਮਰੀਕਾ ਵਿੱਚੋਂ ਕੱਢਣ ਦੀ ਮੁਹਿੰਮ ਵਿੱਢੀ ਹੋਈ ਹੈ। ਇਸਦੇ ਲਈ ਉਸਨੇ ਅਨੇਕਾਂ ਪ੍ਰਾਈਵੇਟ ਕੰਪਨੀਆਂ ਨੂੰ ਜੇਲ੍ਹਾਂ, ਨਜ਼ਰਬੰਦੀ ਕੈਂਪਾਂ, ਜਾਸੂਸੀ ਡਰੋਨਾਂ, ਕੈਮਰੇ, ਮਨੁੱਖੀ ਸਰੀਰ ਦੀ ਸਕੈਨਿੰਗ ਵਾਲੀਆਂ ਸੈਂਸਰ ਮਸ਼ੀਨਾਂ, ਇਮੀਗ੍ਰੇਸ਼ਨ ਏਜੰਟਾਂ ਦੀ ਨਵੀਂ ਭਰਤੀ, ਬਾਰਡਰ ਉੱਤੇ ਸਟੀਲ ਦੀ ਕੰਧ ਦੀ ਉਸਾਰੀ ਆਦਿ ਦੇ ਠੇਕੇ ਦਿੱਤੇ ਹੋਏ ਹਨ। ਟਰੰਪ ਅਮਰੀਕਾ ਵਿੱਚ ਪ੍ਰਵਾਸੀਆਂ ਨੂੰ ਸਮੂਹਿਕ ਸਜ਼ਾ ਦੇਣ ਲਈ ਪੂਰੀ ਤਰ੍ਹਾਂ ਤਤਪਰ ਹੈ। ਪਿਛਲੇ ਦਿਨੀਂ ਉਸਨੇ ਫ਼ਲੋਰੀਡਾ ਸੂਬੇ ਦੇ ਇੱਕ ਖਤਰਨਾਕ ਨਜ਼ਰਬੰਦੀ ਕੈਂਪ ਐਲੀਗੇਟਰ ਅਲਕਾਟਰਾਸ ਦਾ ਦੌਰਾ ਕੀਤਾ ਜੋ ਭੂਗੋਲਿਕ ਤੌਰ ਕੇ ਮਗਰਮੱਛਾਂ ਤੇ ਅਜਗਰਾਂ ਨਾਲ ਘਿਰੀ ਹੋਈ ਗਿੱਲੀ ਧਰਤੀ ਹੈ। ਇਸ ਕੈਂਪ ਵਿੱਚ ਟਰੱਕਾਂ ਦੇ ਕੰਨਟੇਨਰ ਵਰਤ ਕੇ ਪੰਜ ਹਜ਼ਾਰ ਬੈੱਡ ਬਣਾਏ ਗਏ ਹਨ। ਆਪਣੇ ਦੌਰੇ ਤੋਂ ਬਾਅਦ ਟਰੰਪ ਨੇ ਮੀਡੀਆ ਸਾਹਮਣੇ ਖੂਬ ਪ੍ਰਚਾਰਿਆ ਕਿ ਨਜ਼ਰਬੰਦਾਂ ਦਾ ਇੱਥੋਂ ਭੱਜਣਾ ਅਸਾਨ ਨਹੀਂ ਹੋਵੇਗਾ ਅਤੇ ਮੱਗਰਮੱਛ ਤੇ ਅਜਗਰ ਉਹਨਾਂ ਲਈ ਪੁਲਸੀਏ ਦਾ ਕੰਮ ਕਰਨਗੇ।

ਅਮਰੀਕਾ ਅੰਦਰ ਪ੍ਰਵਾਸੀਆਂ ਨੂੰ 'ਗੈਰਕਾਨੂੰਨੀ ਏਲੀਅਨ', 'ਅਪਰਾਧੀ' ਤੇ 'ਘੁਸਪੈਠੀਏ' ਆਖਕੇ ਉਹਨਾਂ ਨਾਲ ਪਹਿਲਾਂ ਹੀ ਦੂਜੇ ਦਰਜੇ ਦੇ ਸ਼ਹਿਰੀਆਂ ਵਾਲਾ ਵਿਵਹਾਰ ਕੀਤਾ ਜਾਂਦਾ ਹੈ ਪਰੰਤੂ ਹੁਣ ਪ੍ਰਵਾਸੀਆਂ ਨੂੰ ਸਮੂਹਿਕ ਸਜ਼ਾਵਾਂ ਦੇ ਕੇ ਅਮਰੀਕਾ ਨੂੰ ਮਹਾਨ ਬਣਾਉਣ ਤੇ ਦੇਸ਼–ਭਗਤੀ ਦੀ ਰਾਸ਼ਟਰਵਾਦੀ ਭਾਵਨਾ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ। ਜਦਕਿ ਸੰਸਾਰ ਭਰ ਵਿੱਚ ਵਸੋਂ ਦੇ ਉਜਾੜੇ ਪਿੱਛੇ ਅਮਰੀਕੀ ਸਾਮਰਾਜੀ ਨੀਤੀਆਂ ਦਾ ਵੱਡਾ ਹੱਥ ਹੈ। ਮੈਕਸੀਕੋ, ਗੁਆਟੇਮਾਲਾ, ਨਿਕਾਰਾਗੁਆ, ਹੌਂਡੂਰਸ ਆਦਿ ਵਰਗੇ ਅਨੇਕਾਂ ਲਾਤੀਨੀ ਮੁਲਕ ਦਹਾਕਿਆਂ ਤੋਂ ਅਮਰੀਕੀ ਆਰਥਿਕ ਨੀਤੀਆਂ, ਰਾਜ–ਪਲਟਿਆਂ ਤੇ ਆਰਥਿਕ–ਵਪਾਰਕ ਸੰਧੀਆਂ ਕਾਰਨ ਹੋਏ ਉਜਾੜਿਆਂ ਦਾ ਸ਼ਿਕਾਰ ਹੋਏ ਹਨ। ਮੱਧ ਪੂਰਬ ਤੇ ਏਸ਼ੀਆ ਦੇ ਬਹੁਤੇ ਮੁਲਕਾਂ ਵਿੱਚੋਂ ਉਜੜ ਕੇ ਆਏ ਪ੍ਰਵਾਸੀ ਵੀ ਅਮਰੀਕੀ ਨੀਤੀਆਂ ਕਾਰਨ ਪੈਦਾ ਹੋਈ ਆਰਥਿਕ–ਸਮਾਜਿਕ ਅਸ਼ਾਂਤੀ ਦਾ ਸ਼ਿਕਾਰ ਹਨ। ਦੂਜੇ ਪਾਸੇ ਅਮਰੀਕੀ ਰਫਿਊਜ਼ੀ ਨੀਤੀ ਦਾ ਜਨਮ ਹੀ ਵਿਚਾਰਧਾਰਕ ਤੇ ਸਿਆਸੀ ਹਥਿਆਰ ਵਜੋਂ ਹੋਇਆ ਸੀ। ਅਮਰੀਕਾ ਨੇ ਸ਼ੀਤ ਯੁੱਧ ਵੇਲੇ ਸਮਾਜਵਾਦ ਦੇ ਪ੍ਰਭਾਵ ਨੂੰ ਖ਼ਤਮ ਕਰਨ ਅਤੇ ਵਿਦੇਸ਼ਾਂ ਵਿਚਲੇ ਵੱਖਵਾਦੀ ਗਰੁੱਪਾਂ ਨੂੰ ਆਪਣੇ ਲਾਹੇ ਲਈ ਸਿਆਸੀ ਪਨਾਹ ਦੇਣ ਲਈ ਇੱਕ ਵਿਦੇਸ਼ੀ ਨੀਤੀ ਵਜੋਂ ਸ਼ਰਨਾਰਥੀ ਪ੍ਰੋਗਰਾਮ ਚਲਾਏ ਸਨ। ਪਰੰਤੂ 1990 ਦੇ ਦਹਾਕੇ ਤੋਂ ਬਾਅਦ ਕਲਿੰਟਨ ਵਜ਼ਾਰਤ ਵੇਲੇ ਤੋਂ ਗੈਰਕਾਨੂੰਨੀ ਪ੍ਰਵਾਸੀਆਂ ਖਿਲਾਫ਼ ਛਾਪੇਮਾਰੀਆਂ ਦਾ ਦੌਰ ਤੇਜ਼ ਹੋ ਗਿਆ। ਸਾਲ 2001 ਵਿੱਚ ਅਮਰੀਕਾ ਦੇ ਦੋ ਟਾਵਰਾਂ ਉੱਤੇ ਹੋਏ ਹਮਲੇ ਬਾਅਦ ਜਾਰਜ ਡਬਲਿਊ ਬੁਸ਼ ਵੱਲੋਂ ਰਾਸ਼ਟਰੀ ਸੁਰੱਖਿਆ ਤੇ ਅੱਤਵਾਦ ਖਿਲਾਫ ਮੋਰਚਾ ਖੋਲ੍ਹਕੇ ਪ੍ਰਵਾਸੀਆਂ ਤੇ ਮੁਸਲਮਾਨਾਂ ਦੇ ਉਜਾੜੇ ਦਾ ਰਾਹ ਪੱਧਰਾ ਕੀਤਾ ਗਿਆ। ਪ੍ਰਵਾਸੀ ਵਿਰੋਧੀ ਮੁਹਿੰਮ ਦੇ ਇਸ ਸਿਲਸਿਲੇ ਵਿੱਚ ਟਰੰਪ ਪ੍ਰਸ਼ਾਸਨ ਅਮਰੀਕਾ ਦੇ ਹੁਣ ਤੱਕ ਦੇ ਰਾਸ਼ਟਰਪਤੀਆਂ ਨਾਲੋਂ ਸਭ ਤੋਂ ਵੱਧ ਹਮਲਾਵਰ ਹੈ। ਉਸਨੇ ਪ੍ਰਵਾਸੀਆਂ ਦੇ ਦੇਸ਼–ਨਿਕਾਲੇ ਨੂੰ ਆਪਣੀ ਟੈਰਿਫ ਤੇ ਵਪਾਰਕ ਨੀਤੀ ਲਈ ਹਥਿਆਰ ਵਾਂਗ ਵਰਤਿਆ। ਭਾਰਤ, ਮੈਕਸੀਕੋ, ਬ੍ਰਾਜ਼ੀਲ, ਗੁਆਟੇਮਾਲਾ ਆਦਿ ਅਨੇਕਾਂ ਦੇਸ਼ਾਂ ਵੱਲ ਪ੍ਰਵਾਸੀਆਂ ਨੂੰ ਬੇੜੀਆਂ 'ਚ ਜਕੜ ਕੇ ਵਾਪਸ ਭੇਜਣਾ ਉਸਦੀ ਸਿਆਸੀ ਸਨਕੀ ਨੀਤੀ (ਮੈਡਮੈਨ ਥਿਊਰੀ) ਦਾ ਅਜਿਹਾ ਫਾਰਮੂਲਾ ਹੈ ਜਿਸ ਤਹਿਤ ਦੂਸਰੇ ਦੇਸ਼ਾਂ ਤੇ ਵਪਾਰਕ ਸਮਝੌਤਿਆਂ ਲਈ ਕੂਟਨੀਤਕ ਦਬਾਅ ਬਣਾਇਆ ਜਾਂਦਾ ਹੈ। ਜਿਵੇਂ ਟੈਰਿਫ ਤੇ ਪ੍ਰਵਾਸੀਆਂ ਦੇ ਦੇਸ਼–ਨਿਕਾਲੇ ਦੀ ਧਮਕੀ ਤਹਿਤ ਮੈਕਸੀਕੋ ਸਰਕਾਰ ਨੂੰ ਅਮਰੀਕੀ ਵਸਤਾਂ ਤੇ ਟੈਰਿਫ ਘਟਾਉਣ ਅਤੇ ਸਰਹੱਦ ਉੱਤੇ ਦਸ ਹਜ਼ਾਰ ਨੈਸ਼ਨਲ ਗਾਰਡ ਤਾਇਨਾਤ ਕਰਨ ਲਈ ਮਜ਼ਬੂਰ ਕੀਤਾ ਗਿਆ। ਇਹ ਇੱਕ ਵੱਡੀ ਤ੍ਰਾਸਦੀ ਹੈ ਕਿ ਅੱਜ ਦੇ ਵਿਸ਼ਵੀਕਰਨ ਦੇ ਦੌਰ ਅੰਦਰ ਵਸਤਾਂ ਲਈ ਮੰਡੀ ਦੇ ਦਰਵਾਜ਼ੇ ਤਾਂ ਖੁੱਲ੍ਹੇ ਹਨ ਤੇ ਮਨੁੱਖਾਂ ਲਈ ਸਰਹੱਦਾਂ ਉੱਤੇ ਵਾੜਾਂ ਹਨ। ਵਿੱਤੀ ਪੂੰਜੀ ਸੰਸਾਰ ਦੇ ਕੋਨੇ–ਕੋਨੇ ਵਿੱਚ ਬੇਰੋਕ ਯਾਤਰਾ ਕਰਨ ਲਈ ਅਜ਼ਾਦ ਹੈ ਤੇ ਮਨੁੱਖ, ਰਾਸ਼ਟਰੀ ਸਰਹੱਦਾਂ ਅੰਦਰ ਕੈਦ।

ਅਮਰੀਕਾ ਅੰਦਰ ਪ੍ਰਵਾਸੀਆਂ ਦੀ ਆਮਦ ਅਤੇ ਉਹਨਾਂ ਦਾ ਜਬਰੀ ਉਜਾੜਾ ਇੱਕ ਵੱਡਾ ਵਪਾਰ ਤੇ ਕੂਟਨੀਤਕ ਹਥਿਆਰ ਹੈ। ਦੋ ਦਹਾਕੇ ਪਹਿਲਾਂ ਅਮਰੀਕੀ ਟਾਵਰਾਂ ਉੱਤੇ ਮੁਸਲਿਮ ਘੁਸਪੈਠੀਆਂ ਦੁਆਰਾ ਹਮਲੇ ਬਹਾਨੇ ਮੱਧ ਪੂਰਬ ਵਿੱਚ ਜੰਗਾਂ ਦੀ ਲੜੀ ਸ਼ੁਰੂ ਕੀਤੀ ਅਤੇ ਮੌਜੂਦਾ ਸਮੇਂ ਫ਼ਲਸਤੀਨੀ ਪੱਖੀ ਵਿਰੋਧ ਪ੍ਰਦਰਸ਼ਨਾਂ ਨੂੰ ਯਹੂਦੀ ਵਿਰੋਧੀ ਆਖਕੇ ਨਸਲਵਾਦੀ ਤੇ ਰਾਸ਼ਟਰਵਾਦੀ ਰੰਗਤ ਦੇ ਕੇ ਵਿਰੋਧੀ ਵਿਚਾਰਾਂ ਵਾਲੇ ਲੋਕਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਟਰੰਪ ਦੀਆਂ ਅਰਾਜਕ ਨੀਤੀਆਂ ਖਿਲਾਫ ਸੰਘਰਸ਼ ਦਾ ਪ੍ਰਤੀਕ ਬਣੀ ਕੋਲੰਬੀਆ ਯੂਨੀਵਰਸਿਟੀ ਦੇ ਵਿਦਿਆਰਥੀ ਮਹਿਮੂਦ ਖਲੀਲ ਨੂੰ ਦੇਸ਼–ਨਿਕਾਲਾ ਦੇਣ ਦੇ ਯਤਨ, ਟਰੰਪ ਸਨਕ ਦੇ ਆਲੋਚਕ ਨਿਊਯਾਰਕ ਦੇ ਨੌਜਵਾਨ ਮੇਅਰ ਜ਼ੋਹਰਾਨ ਮਮਦਾਨੀ ਨੂੰ ਕਮਿਊਨਿਸਟ ਆਖਕੇ ਦੇਸ਼–ਨਿਕਾਲੇ ਦੀ ਧਮਕੀ ਦੇਣੀ ਅਤੇ ਟਰੰਪ ਨੀਤੀਆਂ ਦੀ ਮੁਖ਼ਾਲਫ਼ਤ ਕਰਨ ਵਾਲੀਆਂ ਯੂਨੀਵਰਸਿਟੀਆਂ ਦੇ ਫੰਡਾਂ ਵਿੱਚ ਭਾਰੀ ਕਟੌਤੀ ਕਰਨੀ ਆਦਿ ਉਹ ਬਹਾਨੇ ਹਨ ਜਿਹਨਾਂ ਨਾਲ ਅਮਰੀਕੀ ਲੋਕਾਂ ਅਤੇ ਪ੍ਰਵਾਸੀਆਂ ਵਿਚਕਾਰ ਵੰਡ ਦੀ ਲਕੀਰ ਖੜੀ ਕਰਕੇ ਕਾਰਪੋਰੇਟ ਪੱਖੀ ਏਜੰਡੇ ਨੂੰ ਅੱਗੇ ਵਧਾਇਆ ਜਾ ਰਿਹਾ ਹੈ।

ਟਰੰਪ ਪ੍ਰਸ਼ਾਸਨ ਪ੍ਰਵਾਸੀਆਂ ਦੇ ਵਸੇਬੇ ਦੀ ਥਾਂ ਅਮਰੀਕੀ ਲੋਕਾਂ ਦੇ ਟੈਕਸ ਦੇ ਅਰਬਾਂ–ਖਰਬਾਂ ਡਾਲਰ ਉਹਨਾਂ ਦੇ ਉਜਾੜੇ ਲਈ ਬਰਬਾਦ ਕਰ ਰਿਹਾ ਹੈ। ਅਮਰੀਕਾ ਵਿੱਚ ਪ੍ਰਵਾਸ ਨੂੰ ਖ਼ਤਮ ਕਰਨਾ ਇੱਕ ਮਹਿੰਗੀ, ਜਾਬਰ, ਨਸਲਵਾਦੀ ਤੇ ਅਣਮਨੁੱਖੀ ਪ੍ਰਕਿਰਿਆ ਹੈ ਜਿਸਨੂੰ ਸਥਾਈ ਤੌਰ ਤੇ ਖ਼ਤਮ ਕਰਨਾ ਮੁਮਕਿਨ ਨਹੀਂ ਹੈ। ਟਰੰਪ ਦੀ ਪ੍ਰਵਾਸੀ ਵਿਰੋਧੀ ਮੁਹਿੰਮ ਜਿੱਥੇ ਇੱਕ ਪਾਸੇ ਨਿੱਜੀ ਪ੍ਰਾਈਵੇਟ ਕੰਪਨੀਆਂ ਨੂੰ ਲਾਹੇ ਪਹੁੰਚਾਉਂਦੀ ਹੈ, ਉੱਥੇ ਇਹ ਵੱਡੇ–ਛੋਟੇ ਰੁਜ਼ਗਾਰਦਾਤਾਵਾਂ ਨੂੰ ਪ੍ਰਵਾਸੀਆਂ ਦੀ ਸਸਤੀ ਕਿਰਤ ਲੁੱਟ ਕਰਨ ਅਤੇ ਪ੍ਰਵਾਸੀਆਂ ਨੂੰ ਬਦਲਵੇਂ ਜੋਖ਼ਮ ਭਰੇ ਰੂਟ ਤੇ ਢੰਗ ਅਪਣਾਉਣ ਲਈ ਮਜਬੂਰ ਕਰਦੀ ਹੈ। ਟਰੰਪ ਦੀ ਇਹ ਪਹੁੰਚ ਖ਼ਰਚੀਲੀ, ਅਣਮਨੁੱਖੀ, ਭੇਦਭਰੀ ਤੇ ਜਾਬਰ ਹੈ। ਅਮਰੀਕਾ ਵਿੱਚ ਇਸ ਸਮੇਂ ਫ਼ਲਸਤੀਨੀਆਂ ਦੀ ਨਸਲਕੁਸ਼ੀ, ਪ੍ਰਵਾਸੀਆਂ ਉੱਤੇ ਇਮੀਗ੍ਰੇਸ਼ਨ ਏਜੰਸੀਆਂ ਦੀਆਂ ਛਾਪੇਮਾਰੀਆਂ ਤੇ ਟਰੰਪ ਦੀਆਂ ਅਰਾਜਕ ਨੀਤੀਆਂ ਖਿਲਾਫ ਵਿਰੋਧ ਜਾਰੀ ਹਨ। ਇਸ ਬਿੱਲ ਦੇ ਪਾਸ ਹੋਣ ਮਗਰੋਂ ਇਹਨਾਂ ਵਿਰੋਧ ਪ੍ਰਦਰਸ਼ਨਾਂ ਵਿੱਚ ਸਿਹਤ ਸਹੂਲਤਾਂ, ਸਿੱਖਿਆ ਤੇ ਰੱਖਿਆ ਬਜ਼ਟ ਖਿਲਾਫ਼ ਸੰਘਰਸ਼ ਦਾ ਇੱਕ ਹੋਰ ਮੋਰਚਾ ਖੁੱਲ੍ਹ ਜਾਵੇਗਾ। ਇਸ ਬਿੱਲ ਦੇ ਅਮਰੀਕੀ ਸਮਾਜ ਉੱਤੇ ਗੰਭੀਰ ਆਰਥਿਕ–ਸਮਾਜਿਕ ਅਸਰ ਪੈਣ ਦੇ ਨਾਲ–ਨਾਲ ਗਲੋਬਲ ਆਰਥਿਕਤਾ ਲਈ ਵੀ ਮਾੜੇ ਸਿੱਟੇ ਨਿਕਲਣ ਵਾਲੇ ਹਨ।






*ਇਹ ਕੇਹੀ ਰੁੱਤ ਆਈ...*

# ਜੋਬਨ ਰੁੱਤੇ ਤਾਰਾ ਟੁੱਟਾ ਅੰਬਰ ਤੋਂ...



ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਜ਼ਿਲ੍ਹਾ ਬਠਿੰਡਾ ਦੇ ਸਰਗਰਮ ਬਹੁਤ ਹੀ ਨਿਸ਼ਕਾਮ ਕਾਮੇ ਅਤੇ ਸਲਾਹਕਾਰ ਜਗਸੀਰ ਸਿੰਘ ਝੁੰਬਾ ਅਤੇ ਉਸਦੇ ਸਾਕ ਸਬੰਧੀਆਂ, ਸੰਗੀ ਸਾਥੀਆਂ ਨੂੰ ਉਸ ਸਮੇਂ ਗਹਿਰਾ ਸਦਮਾ ਪੁੱਜਾ ਜਦੋਂ ਹੁਣੇ ਹੁਣੇ ਪੀ.ਜੀ.ਆਈ. ਚੰਡੀਗੜ੍ਹ ਵਿੱਚ ਉਹਨਾਂ ਦਾ ਭਰ ਜੋਬਨ ਸਪੁੱਤਰ ਰਾਜਦੀਪ ਸਦੀਵੀ ਵਿਛੋੜਾ ਦੇ ਗਿਆ।

ਰਾਜਦੀਪ ਨੇ ਡੀ.ਏ.ਵੀ. ਕਾਲਜ ਬਠਿੰਡਾ ਤੋਂ ਗ੍ਰੈਜੂਏਸ਼ਨ ਕੀਤੀ ਹੀ ਸੀ ਕਿ ਉਸੇ ਸਾਲ ਬਿਮਾਰ ਰਹਿਣ ਲੱਗਾ।

ਬੀਤੇ ਪੰਜ ਵਰ੍ਹੇ ਤੋਂ ਰਾਜਦੀਪ ਦਾ ਬਾਬਲ ਉਸਦਾ ਇਲਾਜ ਕਰਾਉਣ ਲਈ ਅੰਬਰ ਦੇ ਤਾਰੇ ਤੋੜਨ ਤੱਕ ਗਿਆ। ਸਥਾਨਕ ਹਸਪਤਾਲ, ਨਵੀਂ ਦਿੱਲੀ ਹੁਣ ਪੀ. ਜੀ.ਆਈ. ਚੰਡੀਗੜ੍ਹ ਉਸਨੇ ਨਾ ਦਿਨ ਦੇਖਿਆ ਨਾ ਰਾਤ। ਜਗਸੀਰ ਨੂੰ ਜਦੋਂ ਵੀ ਮਿਲੇ ਕਦੇ ਵੀ ਉਹਦੇ ਚਿਹਰੇ ਤੇ ਉਦਾਸੀ ਦੀਆਂ ਕਾਲੀਆਂ ਘਟਾਵਾਂ ਨਹੀਂ ਦੇਖੀਆਂ।

ਕੌਣ ਜਾਣੇ ਕਿ ਇਲਾਜ ਕਰਾਉਣ ਲਈ ਜਗਸੀਰ ਨੇ ਜੋ ਕੁਝ ਵੇਚਕੇ ਵੀ ਲਗਾ ਸਕਦਾ ਸੀ ਸਭ ਕੁਝ ਆਪਣੇ ਲਾਡਲੇ ਪੁੱਤ ਦੇ ਸਿਰ ਤੋਂ ਵਾਰ ਦਿੱਤਾ।

ਪੀੜ ਪਿਆਲੇ ਡੀਕ ਲਾ ਕੇ ਪੀਂਦਾ ਜਗਸੀਰ, ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੀ ਅਗਲੀ ਕਤਾਰ ਵਿਚ ਖੜ੍ਹਕੇ ਕਿਵੇਂ ਸਦਾ ਸਫ਼ਰ ਤੇ ਰਿਹਾ ਇਹਨਾਂ ਪੈਰਾਂ ਨੂੰ ਸਲਾਮ, ਜਿਨ੍ਹਾਂ ਨੂੰ ਸਫ਼ਰ ਥਕਾ ਨਾ ਸਕਿਆ।

29 ਅਪ੍ਰੈਲ 2025 ਨੂੰ ਜਗਸੀਰ ਦੇ ਪਿਤਾ ਗੁਰਬਚਨ ਸਿੰਘ ਟਿਵਾਣਾ ਸਦੀਵੀ ਵਿਛੋੜਾ ਦੇ ਗਏ।

ਦੋ ਸਾਲ ਪਹਿਲਾਂ ਜਗਸੀਰ ਦੀ ਮਾਂ ਆਪਣੇ ਪੁੱਤ ਦਾ ਸਾਥ ਛੱਡ ਸਦਾ ਲਈ ਅੱਖੀਆਂ ਮੀਟ ਗਈ।

ਜਗਸੀਰ ਦੀ ਜੀਵਨ ਸਾਥਣ ਪੰਜ ਵਰ੍ਹੇ ਤੋਂ ਪੁੱਤ ਦੀ ਤੰਦਰੁਸਤੀ ਦੀਆਂ ਕਾਮਨਾ ਕਰਦੀ ਖੁਦ ਵੀ ਰੋਗਣ ਹੋ ਗਈ। ਅੰਬਰ ਦਾ ਸੀਨਾ ਚੀਰਦੇ ਉਹਦੇ ਵੈਣ ਕਹਿ ਰਹੇ ਨੇ ਹੁਣ ਜੀਅ ਕੇ ਵੀ ਕੀ ਲੈਣਾ!

ਜਗਸੀਰ ਪਿਆਰਿਆ ਜ਼ਿੰਦਗੀ ਤੇਰੀ ਅਗਨ ਪ੍ਰੀਖਿਆ ਲੈ ਰਹੀ ਹੈ। ਗਲਿਆ ਸੜਿਆ ਰਾਜ ਭਾਗ ਕਹਿੰਦਾ ਨਾ ਥੋਡੇ ਧੀਆਂ ਪੁੱਤ ਛੱਡਣੇ, ਨਾ ਤੁਹਾਡਾ ਚੁੱਲ੍ਹਾ ਚੌਂਕਾ। ਨਾ ਰੁਜ਼ਗਾਰ, ਨਾ ਜ਼ਮੀਨਾਂ।

ਜਗਸੀਰ! ਦੁਨੀਆਂ ਨੇ ਤੇਰੇ ਕੋਲੋਂ ਹੁਣ ਆਸ ਕਰਨੀ ਹੈ ਕਿ ਹੁਣ ਕੀ ਕਰੇਗਾ ਜਗਸੀਰ!!

ਜਿਹੜੇ ਵੀ ਪੰਡਾਲ ਵਿਚ ਗੱਭਰੂ ਹੋਇਆ ਕਰਨਗੇ, ਜਿਹੜੇ ਵੀ ਰਾਜਦੀਪ ਵਰਗਿਆਂ ਨੂੰ ਖਾਣ ਵਾਲੇ ਕੈਂਸਰ ਨੇ ਉਹਨਾਂ ਦੀ ਜੜ੍ਹ ਸੂਰਜ ਵੱਲ ਕਰਨ ਲਈ ਤੁਰਦੇ ਰਹਿਣਾ ਤੇਰੇ ਰਾਹ ਵਿੱਚ ਵੇਖੀਂ ਤੇਰੇ ਕਿੰਨੇ ਰਾਜਦੀਪ ਤੇਰੇ ਕਦਮਾਂ ਨੂੰ ਸਿਜਦਾ ਕਰਨਗੇ।

ਪੰਜਾਬ ਦੇ ਉੱਘੇ ਨਾਵਲਕਾਰ ਗੁਰਦਿਆਲ ਸਿੰਘ ਨੇ 'ਅੰਨ੍ਹੇ ਘੋੜੇ ਦਾ ਦਾਨ' ਵਿੱਚ ਜਗਸੀਰ ਨੂੰ ਹਰ ਆਫ਼ਤ ਮੌਕੇ ਜ਼ਿੰਦਗੀ ਨਾਲ ਅੱਖ ਮਿਲਾ ਕੇ ਤੁਰਦੇ ਦਰਸਾਇਆ।

ਇਉਂ ਹੀ ਤੁਰਦੇ ਰਹਿਣਾ ਹੈ ਜਗਸੀਰ!

ਤੇਰਾ ਪੁੱਤ ਖਾਮੋਸ਼ ਜੰਗ ਨੇ ਖਾ ਲਿਆ!

ਹਾਂ ਲੋਕਾਂ ਖਿਲਾਫ਼ ਵਿੱਢੀ ਆਦਮਖੋਰ ਢਾਂਚੇ ਦੀ ਜੰਗ ਨੇ।

ਚੱਲ ਚੱਲੀਏ ਉਡਦੇ ਬਾਜਾਂ ਮਗਰ...


ਪਲਸ ਮੰਚ ਵਰਗੀਆਂ ਕਲਮਾਂ ਨੇ ਤੇਰੀ ਤੋਰ ਦੀ ਰਵਾਨੀ ਅਤੇ ਪਰਵਾਜ਼ ਵਿੱਚੋਂ ਹੀ ਨਗ਼ਮੇ ਲਿਖਣੇ ਨੇ। ਤੇਰੀ ਧਮਕਾਰ ਨਾਲ ਹੀ ਦੁੱਲੇ ਨੇ ਨਗਾਰੇ ਚੋਟ ਲਾਉਣੀ ਹੈ।

ਸਦਾ ਅੰਗ ਸੰਗ

**- ਅਮੋਲਕ ਸਿੰਘ ਪ੍ਰਧਾਨ ਪਲਸ ਮੰਚ**

# ਸ਼ਹਿਰੀਕਰਨ ਬਨਾਮ ਲੈਂਡ ਪੂਲਿੰਗ ਪਾਲਿਸੀ, ਕੁਝ ਸਵਾਲ

**ਡਾ. ਜਸਬੀਰ ਸਿੰਘ ਔਲਖ**



ਕੀ ਪੰਜਾਬ ਨੂੰ ਹੋਰ ਸ਼ਹਿਰੀਕਰਨ ਦੀ ਲੋੜ ਹੈ ਕਿਉਂਕਿ ਪੰਜਾਬ ਵਿੱਚ ਪਹਿਲਾਂ ਹੀ 43% ਸਹਿਰੀਕਰਨ (Urbanization) ਹੋ ਚੁੱਕਾ ਹੈ ਜਦਕਿ ਮੁਲਕ ਵਿੱਚ 31% ਸਹਿਰੀਕਰਨ ਹੋਇਆ ਹੈ। ਕੀ ਸ਼ਹਿਰੀਕਰਨ ਸੰਬੰਧੀ ਕੋਈ ਮਾਹਿਰਾਂ ਦੀ ਕਮੇਟੀ ਤੋਂ ਅਧਿਐਨ ਕਰਵਾਇਆ ਗਿਆ ਹੈ? ਪਹਿਲਾਂ ਹੀ ਸ਼ਹਿਰਾਂ ਦੇ ਆਲੇ ਦੁਆਲੇ ਜੋ ਜ਼ਮੀਨਾਂ ਵੱਡੇ ਪੱਧਰ ਤੇ ਗੈਰ- ਉਪਜਾਊ ਕੰਮਾਂ ਲਈ ਰੋਕੀਆਂ ਹਨ, ਉਨ੍ਹਾਂ ਬਾਰੇ ਸਰਕਾਰ ਦੀ ਨੀਤੀ ਕੀ ਹੈ? ਜਿੰਦਰੇ ਲੱਗੇ ਲੱਖਾਂ ਪਰਿਵਾਸੀ ਘਰਾਂ ਦਾ ਕੋਈ ਅਧਿਐਨ ਹੋਇਆ ਹੈ?

ਕੀ ਪੰਜਾਬ ਦੇ ਸ਼ਹਿਰਾਂ ਦੀਆਂ ਬਾਕੀ ਸਮੱਸਿਆਵਾਂ ਹੱਲ ਕਰ ਦਿੱਤੀਆਂ ਗਈਆਂ ਹਨ?

ਮਾਰੂ ਸਿਹਤ ਸਮੱਸਿਆਵਾਂ ਜਿਵੇਂ ਸ਼ੂਗਰ, ਬਲੱਡ ਪਰੈਸ਼ਰ ਆਦਿ ਜ਼ਿਆਦਾ ਸ਼ਹਿਰਾਂ ਵਿੱਚ ਹਨ, ਤਾਂ ਫਿਰ ਸਿਹਤਮੰਦ ਪਿੰਡਾਂ ਨੂੰ ਉਜਾੜਨ ਦੀ ਲੋੜ ਕਿਉਂ? ਕੋਵਿਡ ਮਹਾਂਮਾਰੀ ਵਿੱਚ ਜ਼ਿਆਦਾ ਮੌਤਾਂ ਸ਼ਹਿਰਾਂ ਵਿੱਚ ਹੋਈਆਂ ਹਨ ਜਾਂ ਪਿੰਡਾਂ ਵਿੱਚ?

2013 ਦੀ ਅਕਾਲੀ - ਬੀਜੇਪੀ ਸਰਕਾਰ ਦੀ ਲੈਂਡ- ਪੂਲਿੰਗ ਪਾਲਸੀ ਨਾਲੋਂ ਇਹ ਪਾਲਸੀ ਕਿਵੇਂ ਵੱਖਰੀ ਹੈ?

ਸਰਕਾਰ ਦਾ ਤਰਕ ਹੈ ਕਿ ਪਹਿਲਾਂ ਗੈਰ-ਕਾਨੂੰਨੀ ਤਰੀਕੇ ਨਾਲ ਕਲੋਨੀਆਂ ਕੱਟੀਆਂ ਜਾਂਦੀਆਂ ਸਨ। ਪਿਛਲੇ ਕਿੰਨੇ ਸਾਲਾਂ ਵਿੱਚ ਕਿੰਨੀਆਂ ਗੈਰ-ਕਾਨੂੰਨੀ ਕਲੋਨੀਆਂ ਕੱਟੀਆਂ ਗਈਆਂ, ਉਹਨਾਂ ਦਾ ਅੰਕੜਾ ਜਨਤਕ ਕਿਉਂ ਨਹੀਂ ਕੀਤਾ ਗਿਆ? ਗੈਰ-ਕਾਨੂੰਨੀ ਤਰੀਕੇ ਨਾਲ ਕੱਟੀਆਂ ਹੋਈਆਂ ਕਲੋਨੀਆਂ ਤੇ ਆਪ ਸਰਕਾਰ ਵੱਲੋਂ ਕੀ ਕਾਨੂੰਨੀ ਕਾਰਵਾਈ ਕੀਤੀ ਗਈ?

ਜਦੋਂ ਪਾਰਲੀਮੈਂਟ ਵੱਲੋਂ ਪਾਸ 2013 ਦਾ ਜ਼ਮੀਨ ਅਧਿਗ੍ਰਹਿਣ ਕਾਨੂੰਨ ਮੌਜੂਦ ਹੈ ਤਾਂ ਲੈਂਡ ਪੂਲਿੰਗ ਪਾਲਸੀ ਅੰਗਰੇਜ਼ੀ ਰਾਜ ਵੇਲੇ ਦੇ 1913 ਐਕਟ ਅਧੀਨ ਕਿਉਂ ਲਿਆਂਦੀ ਗਈ?

ਸਰਕਾਰ ਕਹਿੰਦੀ ਹੈ ਕਿ ਕਿਸਾਨ ਮਰਜ਼ੀ ਨਾਲ ਜ਼ਮੀਨ ਦੇ ਸਕਦਾ ਹੈ ਤਾਂ ਫਿਰ ਇਸ ਲੈਂਡ ਪੂਲਿੰਗ ਪਾਲਸੀ ਅਧੀਨ ਆਈਆਂ ਜ਼ਮੀਨਾਂ ਤੇ ਮਾਲਕ ਕਿਸਾਨਾਂ ਨੂੰ ਲੋਨ ਲੈਣ, ਗਹਿਣੇ ਜਾਂ ਬੈ ਕਰਨ ਤੋਂ ਮਨ੍ਹਾ ਕਿਉਂ ਕਰ ਦਿੱਤਾ ਹੈ?

ਜਦੋਂ ਜ਼ਮੀਨ ਗ੍ਰਹਿਣ ਕੀਤੀ ਜਾਂਦੀ ਹੈ ਜਾਂ ਇਉਂ ਕਹਿ ਲਵੋ ਕਿ ਜਦੋਂ ਪਿੰਡ ਉਜੜਦਾ ਹੈ ਤਾਂ ਕਿਸਾਨੀ ਤੋਂ ਬਿਨਾਂ ਬਾਕੀ ਧੰਦਿਆਂ ਵਾਲੇ ਵੀ ਉਜੜਦੇ ਹਨ, ਜ਼ਮੀਨ ਦੇ ਮਾਲਕ ਕਿਸਾਨਾਂ ਨੂੰ ਤਾਂ ਪਲਾਂਟ ਦੇਣਗੇ, ਬਾਕੀਆਂ ਦਾ ਮੁੜ- ਵਸੇਬਾ ਕਿਵੇਂ?

ਪਹਿਲਾਂ ਗ੍ਰਹਿਣ ਕੀਤੀਆਂ ਜ਼ਮੀਨਾਂ ਦੇ ਮਾਲਕ ਕਿਸਾਨਾਂ ਦੀ ਅੱਜ ਦੀ ਹਾਲਤ ਕੀ ਹੈ? ਪਿਛਲੇ ਪੱਚੀ ਤੀਹ ਸਾਲਾਂ ਦੌਰਾਨ ਗ੍ਰਹਿਣ ਕੀਤੀਆਂ ਜ਼ਮੀਨਾਂ ਦਾ ਕੀ ਬਣਿਆ? ਜਿਹੜੇ ਮਕਸਦ ਲਈ ਲਈਆਂ ਗਈਆਂ ਸਨ ਕੀ ਉਸੇ ਮਕਸਦ ਲਈ ਵਰਤੀਆਂ ਗਈਆਂ?

ਕਿਸਾਨਾਂ ਵੱਲੋਂ ਸੱਦੀ ਮੀਟਿੰਗ ਵਿੱਚ ਸਰਕਾਰ ਗੈਰ-ਹਾਜ਼ਰ ਕਿਉਂ? ਜਦੋਂ ਕਿ ਮੁੱਖ ਮੰਤਰੀ ਨੇ ਬਹਿਸ ਲਈ ਇੱਕ ਵਾਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਖੇ ਬਹਿਸ ਲਈ ਵਿਰੋਧੀਆਂ ਨੂੰ ਕੁਰਸੀਆਂ ਲਾ ਕੇ ਬਹਿਸ ਕਰਨ ਦਾ ਖੁਦ ਡਰਾਮਾਂ ਕੀਤਾ ਸੀ।

ਸਰਕਾਰ ਕਹਿੰਦੀ ਹੈ ਕਿ ਅਰਬਨ ਅਸਟੇਟਾਂ ਵਿੱਚ 'ਵਿਕਾਸ' ਹੋਣ ਤੋਂ ਬਾਅਦ ਕਿਸਾਨਾਂ ਨੂੰ ਪਲਾਟ ਮਿਲਣਗੇ ਪਰ ਇਹ ਕਿਉਂ ਨਹੀਂ ਦੱਸ ਰਹੀ ਕਿ ਇੱਕ ਤੋਂ ਦੋ ਕਰੋੜ ਰੁਪਏ ਇਸ 'ਵਿਕਾਸ' ਦੇ ਨਾਂ ਤੇ ਹੀ ਕਿਸਾਨਾਂ ਤੋਂ ਵਸੂਲੇ ਜਾਣਗੇ? ਸਰਕਾਰ ਨੇ ਲੈਂਡ ਪੂਲਿੰਗ ਪਾਲਸੀ ਤੇ ਇਤਰਾਜ਼ ਕਿਉਂ ਨਹੀਂ ਮੰਗੇ?

ਸਰਕਾਰ ਪਹਿਲਾਂ ਕਹਿੰਦੀ ਹੈ ਕਿ ਦੋ ਸਾਲ ਤੱਕ ਜਾਂ ਪੂਰਾ ਵਿਕਾਸ ਹੋਣ ਤੱਕ ਠੇਕਾ ਤੀਹ ਹਜ਼ਾਰ ਦੇਵਾਂਗੇ, ਜਿਸਦਾ ਮਤਲਬ ਹੈ ਕਿ ਖੁਦ ਸਰਕਾਰ ਨੂੰ ਹੀ ਯਕੀਨ ਨਹੀਂ ਕਿ ਵਿਕਾਸ ਦੋ ਸਾਲ ਵਿੱਚ ਹੋ ਜਾਵੇਗਾ। ਹੁਣ ਕਹਿੰਦੇ ਪੰਜਾਹ ਹਜ਼ਾਰ। ਕੀ ਪੰਜਾਬ ਵਿੱਚ ਖੇਤੀ ਵਾਲੀ ਜ਼ਮੀਨ ਦਾ ਠੇਕਾ ਇੰਨਾਂ ਘੱਟ ਹੈ?

ਕੀ ਲੈਂਡ ਪੂਲਿੰਗ ਪਾਲਸੀ ਆਮ ਆਦਮੀ ਪਾਰਟੀ ਦੀਆਂ ਗਰੰਟੀਆਂ ਵਿੱਚ ਸ਼ਾਮਲ ਸੀ? ਜੇਕਰ ਨਹੀਂ ਤਾਂ ਪਹਿਲੀਆਂ ਗਰੰਟੀਆਂ ਦਾ ਕੀ ਬਣਿਆ? ਕਰਜ਼ੇ ਤੇ ਕਰਜ਼ਾ ਚੁੱਕ ਰਹੀ ਸਰਕਾਰ ਚੌਂਹਠ ਹਜ਼ਾਰ ਏਕੜ ਦਾ ਕਰੋੜਾਂ ਰੁਪਏ ਠੇਕਾ ਕਿਹੜੇ ਖਾਤੇ ਵਿੱਚੋਂ ਦੇਵੇਗੀ?

ਪਹਿਲਾਂ 156 ਪਿੰਡਾਂ ਦੀ ਗੱਲ ਹੋ ਰਹੀ ਸੀ, ਹੁਣ 164 ਪਿੰਡਾਂ ਦੀ ਜ਼ਮੀਨ ਖੋਹਣ ਦੀ ਗੱਲ ਹੋ ਰਹੀ ਹੈ, ਚੁੱਪ ਚਪੀਤੇ ਬਾਕੀ ਕਿਹੜੇ ਪਿੰਡ ਸ਼ਾਮਲ ਕਰ ਲਏ ਗਏ ਹਨ?

ਕੱਲ੍ਹ ਕਿਹੜੇ ਕਿਹੜੇ ਪਿੰਡਾਂ ਦੇ ਕਿਹੜੇ ਕਿਹੜੇ 'ਮੋਹਤਬਰ' ਸਰਕਾਰ ਨੂੰ ਹਾਂ ਕਰਕੇ ਆਏ ਹਨ, ਉਹਨਾਂ ਦਾ ਕੋਈ ਥਹੁ ਪਤਾ?

ਇਹ ਸਿਰਫ਼ ਕੁੱਝ ਸਵਾਲ ਹਨ, ਜੋ ਆਮ ਆਦਮੀ ਦੇ ਜ਼ਿਹਨ ਵਿੱਚ ਆਉਂਦੇ ਹਨ ਪਰ ਜਿਹੜੇ ਉਜੜਨ ਗਏ ਉਹਨਾਂ ਦਾ ਦਰਦ ਤਾਂ ਬਹੁਤ ਵੱਡਾ ਹੈ।


Advice from someone you trust.

Sun Life

Life's brighter under the sun

Life & Health Insurance · Critical Illness Insurance · Disability Insurance
Employee Benefits · RESP · TFSA· RRSP · Mutual Funds



Harvinder Singh*
587-574-0029
harvinder.h.singh@sunlife.com

*Mutual fund business is done with your advisor through Sun Life Financial Investment Services (Canada) Inc. Advisors and their corporations conduct insurance business through Sun Life Financial Distributors (Canada) Inc. Sun Life Assurance Company of Canada is the insurer and is a member of the Sun Life group of companies.
© Sun Life Assurance Company of Canada, 2023.





Avon Accounting & Tax Services

ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸੰਬਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।

ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ


Personal Tax Returns (TI)
Self Employed
Taxi Business

Corporate Tax Returns (T2)
GST/Payrolls/ROE
WCB Returns

Tax Planning & Advisory Services
Weekends/Evenings Services also available.

Tel. : 403-479-4220, 403-561-9011
pandher_2004@yahoo.com or singhh73@gmail.com





SWIFTWRENCH AUTO & DIESEL REPAIR

Your Car, Our Care

SIMRAN GILL
825-760-6111
swiftwrenchservice@gmail.com
swiftwrenchautorepair
Swiftwrench Auto & Diesel Repair
Calgary, Airdrie, Chestermere & Surrounding

Red Seal Certified Reliable On-Time

Mobile Mechanic Services - We Come to You!

- Oil Changes - Gas & Diesel
- Brake Service & Replacement
- Battery Testing & Installation
- Check Engine Light Diagnosis
- Fluid Top-UPS & Inspections
- Fleet & Commercial Maintenance
- Pre-Purchase Inspections
- Suspension Repairs

# ਇਪਸਾ ਵੱਲੋਂ ਮਨਜੀਤ ਬੋਪਾਰਾਏ ਦੀ ਪੁਸਤਕ 'ਕਾਫ਼ਿਰ ਹੀ ਪਵਿੱਤਰ ਮਨੁੱਖ' ਲੋਕ ਅਰਪਣ



ਬ੍ਰਿਸਬੇਨ, ਆਸਟ੍ਰੇਲੀਆ ਦੀ ਨਿਰੰਤਰ ਅਦਬੀ ਸਰਗਰਮੀਆਂ ਵਿੱਚ ਜੁੱਟੀ ਹੋਈ ਸਾਹਿਤਿਕ ਸੰਸਥਾ ਇੰਡੋ-ਪੰਜਾਬੀ ਸਾਹਿਤ ਅਕਾਦਮੀ ਆਫ ਆਸਟ੍ਰੇਲੀਆ ਵੱਲੋਂ ਨਾਮਵਰ ਤਰਕਸ਼ੀਲ ਲੇਖਕ, ਸਮਾਜ ਸੇਵੀ, ਖੇਡ ਪ੍ਰਬੰਧਕ ਹਸਤੀ ਮਨਜੀਤ ਬੋਪਾਰਾਏ ਦੀ ਨਵ ਪ੍ਰਕਾਸ਼ਿਤ ਪੁਸਤਕ 'ਕਾਫ਼ਿਰ ਹੀ ਪਵਿੱਤਰ ਮਨੁੱਖ' ਬਾਰੇ ਸਥਾਨਿਕ ਵੁੱਡਰਿੱਜ ਪਾਰਟੀ ਹਾਲ ਵਿੱਚ ਇੱਕ ਵਿਚਾਰ ਗੋਸ਼ਟੀ ਅਤੇ ਲੋਕ ਅਰਪਣ ਦਾ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਪੂਰੇ ਸ਼ਹਿਰ ਵਿੱਚੋਂ ਪ੍ਰਗਤੀਸ਼ੀਲ ਪੰਜਾਬੀਆਂ ਨੇ ਪੂਰੀ ਗਰਮਜੋਸ਼ੀ ਨਾਲ ਹਿੱਸਾ ਲਿਆ। ਸਮਾਗਮ ਦੀ ਸ਼ੁਰੂਆਤ ਉੱਘੇ ਮਾਈਗਰੇਸ਼ਨ ਮਾਹਿਰ ਅਮਨਪ੍ਰੀਤ ਸਿੰਘ ਭੰਗੂ ਵੱਲੋਂ ਇਪਸਾ ਦੀ ਤਰਫ਼ੋਂ ਸਵਾਗਤੀ ਸ਼ਬਦਾਂ ਨਾਲ ਅਤੇ ਮਨਜੀਤ ਬੋਪਾਰਾਏ ਦੇ ਨਾਲ ਜੁੜੇ ਤਜਰਬਿਆਂ ਬਾਰੇ ਚਾਨਣਾ ਪਾਉਂਦਿਆਂ ਹੋਈ। ਅਮਨ ਭੰਗੂ ਜੀ ਨੇ ਇਸ ਕਿਤਾਬ ਨੂੰ ਆਸਤਿਕਤਾ ਅਤੇ ਨਾਸਤਿਕਤਾ ਵਿਚ ਇਕ ਉਸਾਰੂ ਸੰਵਾਦ ਆਖਿਆ। ਮਨਜੀਤ ਬੋਪਾਰਾਏ ਨੇ ਆਪਣੀ ਕਿਤਾਬ ਦੇ ਸਫ਼ਰ, ਤਰਕਸ਼ੀਲ ਬਣਨ ਦੀ ਪ੍ਰੇਰਨਾ, ਜੀਵਨ ਵਿਚ ਆਏ ਵਿਰੋਧੀ ਹਾਲਾਤ ਅਤੇ ਕਿਤਾਬ ਵਿਚਲੇ ਮੈਟਰ ਨੂੰ ਪ੍ਰਭਾਸ਼ਿਤ ਕਰਦਿਆਂ ਕਿਹਾ ਇਹ ਉਸਦੀ ਸਮੁੱਚੀ ਜ਼ਿੰਦਗੀ ਦੇ ਅਨੁਭਵ ਅਤੇ ਅਧਿਐਨ ਦਾ ਨਿਚੋੜ ਹੈ। ਉਹਨਾਂ ਨੇ ਦੱਸਿਆ ਇਸ ਕਿਤਾਬ ਬਾਰੇ ਦਰਜਨਾਂ ਲੋਕਾਂ ਦੇ ਫੋਨ ਅਤੇ ਮੈਸਜ ਉਹਨਾਂ ਨੂੰ ਆਏ ਹਨ। ਦੇਸ਼ ਵਿਦੇਸ਼ ਵਿਚ ਇਸਦੀ ਮੰਗ ਹੋ ਰਹੀ ਹੈ। ਪੰਜਾਬ ਤੋਂ ਲੇਖਕ ਅਤੇ ਅਨੁਵਾਦਕ ਹਰਚਰਨ ਸਿੰਘ ਚਾਹਲ ਨੇ ਕਿਤਾਬ ਬਾਰੇ ਬੋਲਦਿਆਂ ਇਸ ਨੂੰ ਤਰਕਸ਼ੀਲ ਦਸਤਾਵੇਜ਼ਾਂ ਵਿੱਚ ਇੱਕ ਅਹਿਮ ਕਿਤਾਬ ਦੱਸਿਆ। ਉਹਨਾਂ ਨੇ ਰੱਬ ਦੀ ਧਾਰਨਾ, ਪਵਿੱਤਰ ਮਨੁੱਖ ਦੀ ਪੁਨਰ ਕਸੌਟੀ ਬਾਰੇ ਬਹੁਤ ਭਾਵਪੂਰਤ ਗੱਲਬਾਤ ਕੀਤੀ। ਤਰਕਸ਼ੀਲ ਲੇਖਕ ਜਸਵੰਤ ਸਿੰਘ ਜੀਰਖ ਨੇ ਇਸ ਕਿਤਾਬ ਦੀਆਂ ਪੜਤਾਂ ਅਤੇ ਸੁਧਾਈ ਵਿਚ ਸ਼ਾਮਲ ਹੋਣ ਦੀ ਗੱਲ ਕਰਦਿਆਂ ਤਾਈਦ ਕੀਤਾ ਕਿ ਇਹ ਕਿਤਾਬ ਖੋਜ ਅਤੇ ਅਧਿਐਨ ਦੇ ਅਗਲੇ ਦਰਵਾਜ਼ੇ ਖੋਲਦੀ ਹੈ। ਉਹਨਾਂ ਕਿਹਾ ਕਿ ਵਿਗਿਆਨਿਕ ਨਜ਼ਰੀਆ ਵਿਕਸਤ ਕਰਦਿਆਂ ਇਹ ਕਿਤਾਬ ਤਰਕਸ਼ੀਲ ਵਿਚਾਰਾਂ ਦੀ ਪ੍ਰਪੱਕਤਾ ਲਈ ਵੀ ਅਹਿਮ ਭੂਮਿਕਾ ਨਿਭਾਏਗੀ। ਉਹਨਾਂ ਨੇ ਮਨਜੀਤ ਬੋਪਾਰਾਏ ਦੀ ਬੇਬਾਕ ਲੇਖਣੀ ਅਤੇ ਸਪੱਸ਼ਟ ਨਜ਼ਰੀਏ ਨੂੰ ਤਸਦੀਕ ਕਰਦਿਆਂ ਕਿਹਾ ਇਹ ਇਕ ਦਲੇਰੀ ਭਰੇ ਲੇਖਕ ਦੀ ਕ੍ਰਿਤ ਹੈ। ਸਮਾਗਮ ਦੇ ਅੰਤ ਵਿਚ ਇਨਕਲਾਬੀ ਕਵੀ ਅਤੇ ਵਿਚਾਰਕ ਸਰਬਜੀਤ ਸੋਹੀ ਨੇ ਮਨਜੀਤ ਬੋਪਾਰਾਏ ਦੇ ਨਾਲ ਆਪਣੇ 17 ਸਾਲਾਂ ਦੇ ਸਬੰਧ ਅਤੇ ਤਰਕਸ਼ੀਲ ਸਮਾਜ ਸਿਰਜਣ ਲਈ ਕੀਤੇ ਉਪਰਾਲਿਆਂ ਦਾ ਜ਼ਿਕਰ ਕੀਤਾ। ਸਰਬਜੀਤ ਸੋਹੀ ਨੇ ਕਿਤਾਬ ਦੇ ਸਿਰਲੇਖ ਅਤੇ ਇੱਕ ਤਰਕਸ਼ੀਲ ਵਿਅਕਤੀ ਦੀ ਸਮਾਜਿਕ ਜ਼ਿੰਮੇਵਾਰੀ ਬਾਰੇ ਵਿਚਾਰ ਦਿੱਤੇ। ਸਰਬਜੀਤ ਸੋਹੀ ਵੱਲੋਂ ਕਿਤਾਬ ਬਾਰੇ ਆਏ ਕਈਆਂ ਸਵਾਲਾਂ ਦੇ ਜਵਾਬ ਦਿੰਦਿਆਂ, ਇਸ ਨੂੰ ਉਸਾਰੂ ਸਮਾਜ ਸਿਰਜਣ ਲਈ ਇੱਕ ਮੁਲਵਾਨ ਪੁਸਤਕ ਦੱਸਿਆ। ਸਰਬਜੀਤ ਸੋਹੀ ਨੇ ਮਨਜੀਤ ਬੋਪਾਰਾਏ ਦੀ ਜੀਵਨ ਘਾਲਣਾ ਬਾਰੇ ਕਈ ਪਹਿਲੂਆਂ ਬਾਰੇ ਚਾਨਣਾ ਪਾਇਆ ਗਿਆ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ. ਪਰਮਜੀਤ ਸਿੰਘ, ਰਘਬੀਰ ਸਿੰਘ ਸਰਾਏ, ਬਿਕਰਮਜੀਤ ਸਿੰਘ ਚੰਦੀ, ਪਾਲ ਸਿੰਘ ਰਾਊਕੇ, ਪ੍ਰਦੀਪ ਸ਼ਿੰਜਰ, ਗੁਰਵਿੰਦਰ ਸਿੰਘ ਖੱਟੜਾ, ਬਲਵਿੰਦਰ ਸਿੰਘ ਮੋਰੋਂ, ਜਤਿੰਦਰ ਸਿੰਘ ਢਿੱਲੋਂ, ਭੁਪਿੰਦਰ ਸਿੰਘ ਭੱਪੀ, ਉਂਕਾਰ ਸਿੰਘ, ਦੀਪਇੰਦਰ ਸਿੰਘ, ਦਲਬੀਰ ਸਿੰਘ ਬੋਪਾਰਾਏ, ਸਟੇਜ ਹੋਸਟ ਨਵੀ ਥਿੰਦ, ਐਂਕਰ ਹਰਜਿੰਦ ਕੌਰ ਮਾਂਗਟ, ਸਤਵਿੰਦਰ ਟੀਨੂੰ, ਤਜਿੰਦਰ ਭੰਗੂ, ਦਲਵੀਰ ਹਲਵਾਰਵੀ, ਪ੍ਰਣਾਮ ਹੇਅਰ, ਰਾਜੂ ਜੀਰਖ, ਸੁਰਜੀਤ ਸੰਧੂ, ਹਰਜੀਤ ਸੰਧੂ, ਗੁਲਜ਼ਾਰ ਸਿੰਘ, ਮੁਖਤਿਆਰ ਢਿੱਲੋਂ, ਕਲਚਰਲ ਕੋਆਰਡੀਨੇਟਰ ਰਮਨ ਸੇਖੋਂ, ਰੋਮਨ ਬਾਜਵਾ, ਆਤਮਾ ਸਿੰਘ ਹੇਅਰ, ਰਾਜਦੀਪ ਲਾਲੀ ਆਦਿ ਨਾਮਵਰ ਚਿਹਰੇ ਹਾਜ਼ਰ ਸਨ। ਸਟੇਜ ਸੈਕਟਰੀ ਦੀ ਭੂਮਿਕਾ ਰੁਪਿੰਦਰ ਸੋਜ਼ ਵੱਲੋਂ ਬਾਖ਼ੂਬੀ ਨਿਭਾਈ ਗਈ।

## ਡਾ. ਸਾਹਿਬ ਸਿੰਘ ਦਾ ਨਾਟਕ 'ਤੂੰ ਅਗਲਾ ਵਰਕਾ ਫੋਲ' 18 ਅਕਤੂਬਰ ਨੂੰ ਕੈਲਗਰੀ 'ਚ ਖੇਡਿਆ ਜਾਵੇਗਾ



ਕੈਲਗਰੀ : ਪੰਜਾਬੀ ਰੰਗਮੰਚ ਦੇ ਉਘੇ ਨਾਟਕਕਾਰ ਡਾ. ਸਾਹਿਬ ਸਿੰਘ ਵੱਲੋਂ 18 ਅਕਤੂਬਰ, ਦਿਨ ਸ਼ਨੀਵਾਰ ਨੂੰ ਸ਼ਾਮ 3.00 ਵਜੇ ਤੋਂ 6.00 ਤੱਕ Hop Events Centre, 5 Red Stone Heights NE Calgary AB T3N 0T6 ਵਿਖੇ ਨਾਟਕ 'ਤੂੰ ਅਗਲਾ ਵਰਕਾ ਫੋਲ' ਖੇਡਿਆ ਜਾ ਰਿਹਾ ਹੈ। ਪੰਜਾਬੀ ਮਾਂ ਬੋਲੀ ਨੂੰ ਸਮਰਪਿਤ ਡਾ. ਸਾਹਿਬ ਸਿੰਘ ਦਾ ਇਹ ਨਾਟਕ ਦੇਸ਼ਾਂ ਵਿਦੇਸ਼ਾਂ ਵਿੱਚ ਧੁੰਮਾਂ ਪਾ ਚੁੱਕਾ ਹੈ। ਇਸ ਦੇ ਨਾਲ ਹੀ ਪ੍ਰੋਗਰੈਸਿਵ ਕਲਾ ਮੰਚ ਦੀ ਟੀਮ ਵਲੋਂ ਡਾ. ਸਾਹਿਬ ਸਿੰਘ ਦਾ ਲਿਖਿਆ ਅਤੇ ਨਿਰਦੇਸ਼ਤ ਕੀਤਾ ਨਾਟਕ 'ਬੇਸਮੈਂਟ 'ਚ ਤਰੇੜ ਹੈ' ਖੇਡਿਆ ਜਾਵੇਗਾ। ਇਸ ਦੀ ਜਾਣਕਾਰੀ ਜਲਦੀ ਹੀ ਤੁਹਾਡੇ ਤੱਕ ਪਹੁੰਚਾ ਦਿੱਤੀ ਜਾਵੇਗੀ। ਹੋਰ ਜਾਣਕਾਰੀ ਲਈ ਮਾਸਟਰ ਭਜਨ 403-455-4220 'ਤੇ ਸੰਪਰਕ ਕੀਤਾ ਜਾ ਸਕਦਾ ਹੈ।









# ਸੰਘਰਸ਼ਸ਼ੀਲ ਜੱਥੇਬੰਦੀਆਂ ਅਤੇ ਹਜ਼ਾਰਾਂ ਲੋਕਾਂ ਵੱਲੋਂ ਸੰਗਰੂਰ ਵਿੱਚ ਰੋਹ ਭਰੀ ਰੈਲੀ





ਸੰਗਰੂਰ : ਜ਼ਮੀਨੀਂ ਘੋਲ ਦਰਮਿਆਨ ਗ੍ਰਿਫ਼ਤਾਰ ਕੀਤੇ ਆਗੂਆਂ ਤੇ ਕਾਰਕੁੰਨਾ ਨੂੰ ਤੁਰੰਤ ਰਿਹਾਅ ਕਰਨ, ਜਥੇਬੰਦੀ ਦੇ ਸੰਘਰਸ਼ ਉੱਪਰ ਲਾਈ ਅਣਐਲਾਨੀ ਪਾਬੰਦੀ ਖਿਲਾਫ਼, ਜ਼ਮੀਨ ਹੱਦਬੰਦੀ ਕਾਨੂੰਨ ਲਾਗੂ ਕਰਨ ਅਤੇ ਪੰਜਾਬ ਨੂੰ ਪੁਲਿਸ ਰਾਜ ਵੱਲ ਧੱਕਣ ਖਿਲਾਫ਼ ਮਜ਼ਦੂਰ, ਕਿਸਾਨ, ਮੁਲਾਜਮ, ਨੌਜਵਾਨ ਵਿਦਿਆਰਥੀ, ਔਰਤ, ਸਾਹਿਤਕ ਅਤੇ ਜਮਹੂਰੀ ਜੱਥੇਬੰਦੀਆਂ ਦੀ ਅਗਵਾਈ ਹੇਠ ਇੱਕਠੇ ਹੋਏ ਹਜਾਰਾਂ ਲੋਕਾਂ ਵੱਲੋਂ ਸੰਗਰੂਰ ਦੀ ਅਨਾਜ਼ ਮੰਡੀ ਵਿੱਚ ਵਿਸ਼ਾਲ ਰੈਲੀ ਕੀਤੀ ਗਈ ਅਤੇ ਪੁਲਿਸ ਦੀਆਂ ਲਾਈਆਂ ਪਾਬੰਦੀਆਂ ਨੂੰ ਤੋੜਦੇ ਹੋਏ ਬਰਨਾਲਾ ਕੈਂਚੀਆਂ ਤੱਕ ਰੋਸ ਮਾਰਚ ਕੀਤਾ ਗਿਆ।

ਇਸ ਜ਼ਬਰ ਵਿਰੋਧੀ ਰੈਲੀ ਦੀ ਸ਼ੁਰੂਆਤ ਬੀਤੀ ਰਾਤ ਵਿਛੋੜਾ ਦੇ ਗਏ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਆਗੂ ਜਗਤਾਰ ਸਿੰਘ ਤੋਲੇਵਾਲ ਨੂੰ ਸਮੁੱਚੇ ਪੰਡਾਲ ਵੱਲੋਂ ਖੜ੍ਹੇ ਹੋ ਕੇ ਦੋ ਮਿੰਟ ਦਾ ਮੌਨ ਧਾਰਨ ਕਰਕੇ ਕੀਤੀ ਗਈ।

ਰੈਲੀ ਨੂੰ ਸੰਬੋਧਨ ਕਰਦਿਆਂ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਜੋਨਲ ਸਕੱਤਰ ਗੁਰਵਿੰਦਰ ਬੌੜਾਂ, ਭਾਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਜੋਗਿੰਦਰ ਉਗਰਾਹਾਂ, ਕਿਰਤੀ ਕਿਸਾਨ ਯੂਨੀਅਨ ਦੇ ਪ੍ਰਧਾਨ ਨਿਰਭੈ ਸਿੰਘ ਢੁੱਡੀਕੇ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਲਛਮਣ ਸੇਵੇਵਾਲਾ, ਪੇਂਡੂ ਮਜਦੂਰ ਯੂਨੀਅਨ ਦੇ ਤਰਸੇਮ ਪੀਟਰ, ਭਾਰਤੀ ਕਿਸਾਨ ਯੂਨੀਅਨ ਡਕੌਂਦਾ ਧਨੇਰ ਦੇ ਸੂਬਾ ਆਗੂ ਕੁਲਵੰਤ ਸਿੰਘ ਕਿਸ਼ਨਗੜ੍ਹ, ਡੈਮੋਕ੍ਰੇਟਿਕ ਟੀਚਰਜ਼ ਫ਼ਰੰਟ ਦੇ ਪ੍ਰਧਾਨ ਵਿਕਰਮਦੇਵ ਨੇ ਕਿਹਾ ਕਿ ਪੰਜਾਬ ਸਰਕਾਰ ਮਜ਼ਦੂਰਾਂ ਕਿਸਾਨਾਂ ਸਮੇਤ ਹਰ ਵਰਗ ਦੇ ਲੋਕਾਂ ਦੀਆਂ ਹੱਕੀ ਮੰਗਾਂ ਲਈ ਕੀਤੇ ਜਾ ਰਹੇ ਸੰਘਰਸ਼ਾਂ ਨੂੰ ਡੰਡੇ ਦੇ ਜ਼ੋਰ ਨਾਲ ਕੁਚਲਣ ਦੇ ਰਾਹ ਪਈ ਹੋਈ ਹੈ। ਸੰਗਰੂਰ ਅੰਦਰ ਸੰਘਰਸ਼ ਕਰਦੇ ਸੈਂਕੜੇ ਮਜ਼ਦੂਰਾਂ ਨੂੰ ਜੇਲ੍ਹੀਂ ਡੱਕਿਆ ਗਿਆ ਜਿਨ੍ਹਾਂ ਵਿਚੋਂ ਦਰਜਨਾਂ ਆਗੂ ਅਤੇ ਕਾਰਕੁੰਨ ਅਜੇ ਵੀ ਜੇਲ੍ਹਾਂ ਵਿੱਚ ਬੰਦ ਹਨ। ਪੰਜਾਬ ਸਰਕਾਰ ਕਾਰਪੋਰੇਟ ਅਤੇ ਜਗੀਰਦਾਰਾਂ ਦਾ ਏਜੰਡਾ ਲਾਗੂ ਕਰਨ ਲੱਗੀ ਹੋਈ ਹੈ। ਪੁਲਿਸ ਨੂੰ ਦਿੱਤੀ ਖੁੱਲ੍ਹ ਕਾਰਨ ਨਿੱਤ ਦਿਹਾੜੀ ਝੂਠੇ ਪੁਲਿਸ ਮੁਕਾਬਲੇ, ਹਿਰਾਸਤੀ ਕਤਲ ਅਤੇ ਨਸ਼ੇ ਵਿਰੁੱਧ ਯੁੱਧ ਦੇ ਨਾਮ ਹੇਠ ਗਰੀਬਾਂ ਦੇ ਘਰਾਂ ਉੱਪਰ ਬੁਲਡੋਜ਼ਰ ਚਲਾਉਣਾ ਆਮ ਵਰਤਾਰਾ ਬਣ ਗਿਆ ਹੈ। ਉਹਨਾਂ ਕਿਹਾ ਕਿ ਪੰਜਾਬ ਦੇ ਲੋਕ ਸਰਕਾਰ ਦੇ ਇਸ ਜ਼ਬਰ ਨੂੰ ਹਰਗਿਜ਼ ਬਰਦਾਸ਼ਤ ਨਹੀਂ ਕਰਨਗੇ ਸਗੋਂ ਇਸ ਦਾ ਮੂੰਹ ਤੋੜਵਾਂ ਜਵਾਬ ਦੇਣਗੇ। ਅੰਤ ਵਿੱਚ ਕਿਸਾਨ ਆਗੂ ਨਿਰਭੈ ਸਿੰਘ ਖਾਈ ਉੱਪਰ ਜਾਨਲੇਵਾ ਹਮਲਾ ਕਰਨ ਵਾਲੇ ਸਾਰੇ ਦੋਸ਼ੀਆਂ ਨੂੰ ਤੁਰੰਤ ਗ੍ਰਿਫਤਾਰ ਕਰਨ,ਪਿੰਡ ਜਾਹਲਾਂ ਦੇ ਕਿਸਾਨਾਂ ਦੀ ਜਬਰੀ ਜ਼ਮੀਨ ਜ਼ਬਤ ਕਰਨ ਖ਼ਿਲਾਫ ਅਤੇ ਲੈਂਡ ਪੂਲਿੰਗ ਪਾਲਿਸੀ ਨੂੰ ਰੱਦ ਕਰਨ ਦੇ ਵਿਸ਼ੇਸ਼ ਮਤੇ ਪਾਸ ਕੀਤੇ ਗਏ।

## ਗ੍ਰਿਫ਼ਤਾਰ ਲੋਕਾਂ ਨੂੰ ਫੌਰੀ ਰਿਹਾ ਕਰਨ ਦੀ ਮੰਗ

ਇਸ ਮੌਕੇ ਰੈਲੀ ਨੂੰ ਕਿਰਤੀ ਕਿਸਾਨ ਮੋਰਚੇ ਦੇ ਵੀਰ ਸਿੰਘ ਬੜਵਾ, ਪੰਜਾਬ ਸਟੂਡੈਂਟਸ ਯੂਨੀਅਨ ਦੇ ਰਣਵੀਰ ਸਿੰਘ ਕੁਰੜ, ਡੈਮੋਕ੍ਰੇਟਿਕ ਮੁਲਾਜ਼ਮ ਫ਼ਰੰਟ ਦੇ ਜਰਮਨਜੀਤ, ਨੌਜਵਾਨ ਭਾਰਤ ਸਭਾ ਦੇ ਮੰਗਾ ਅਜ਼ਾਦ, ਇਸਤਰੀ ਜਾਗ੍ਰਿਤੀ ਮੰਚ ਦੇ ਅਮਨ ਦਿਓਲ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਲਖਵੀਰ ਸਿੰਘ ਲੌਂਗੋਵਾਲ, ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਆਗੂ ਗੋਬਿੰਦ ਸਿੰਘ ਛਾਜਲੀ, ਦਿਹਾਤੀ ਮਜ਼ਦੂਰ ਸਭਾ ਦੇ ਪ੍ਰਕਾਸ਼ ਸਿੰਘ ਨੰਦਗੜ੍ਹ, ਪੀ ਐਸ ਯੂ ਸ਼ਹੀਦ ਰੰਧਾਵਾ ਦੇ ਆਗੂ ਹੁਸ਼ਿਆਰ ਸਿੰਘ ਸਲੇਮਗੜ੍ਹ, ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਆਗੂ ਬਲਜੀਤ ਸਿੰਘ ਨਮੋਲ, ਜਮਹੂਰੀ ਅਧਿਕਾਰ ਸਭਾ ਦੇ ਪਿਰਤਪਾਲ ਸਿੰਘ, ਆਪਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਪੰਜਾਬ ਦੇ ਕਨਵੀਨਰ ਬੂਟਾ ਸਿੰਘ ਮਹਿਮੂਦਪੁਰ, ਬੀਕੇਯੂ ਉਗਰਾਹਾਂ ਦੇ ਔਰਤ ਵਿੰਗ ਦੇ ਆਗੂ ਹਰਿੰਦਰ ਬਿੰਦੂ, ਬੀਕੇਯੂ ਡਕੌਂਦਾ ਬੁਰਜ ਗਿੱਲ ਦੇ ਆਗੂ ਕਰਮ ਸਿੰਘ,ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਆਗੂ ਅਵਤਾਰ ਸਿੰਘ ਕੌਰਜੀਵਾਲਾ, ਡੀ ਟੀ ਐਫ਼ ਦੇ ਆਗੂ ਰੇਸ਼ਮ ਸਿੰਘ ਬਠਿੰਡਾ, ਖੇਤੀਬਾੜੀ ਕਿਸਾਨ ਵਿਕਾਸ ਫਰੰਟ ਦੇ ਮਹਿੰਦਰ ਸਿੰਘ ਭੱਠਲ, ਫਲਜੀਤ ਸਿੰਘ, ਹਾਕਮ ਸਿੰਘ ਧਨੇਠਾ ਆਦਿ ਆਗੂਆਂ ਨੇ ਸੰਬੋਧਨ ਕੀਤਾ। ਸਟੇਜ ਸਕੱਤਰ ਦੀ ਭੂਮਿਕਾ ਧਰਮਵੀਰ ਹਰੀਗੜ੍ਹ ਵੱਲੋਂ ਨਿਭਾਈ ਗਈ।


**ਗੁਰਬਿੰਦਰ ਬੌੜਾਂ** 8437153001
**ਭੂਪਿੰਦਰ ਲੌਂਗੋਵਾਲ** 9463756635


ਸੱਦਾ-ਪੱਤਰ

ਗਦਰੀ ਗੁਲਾਬ ਕੌਰ ਨੂੰ ਸਮਰਪਿਤ
ਸ਼ਹੀਦ ਕਿਰਨਜੀਤ ਕੌਰ ਯਾਦਗਰੀ ਸਮਾਗਮ



10 ਅਗਸਤ 2025
ਦੁਪਹਿਰ 1 ਤੋਂ 3 ਵਜੇ ਤੱਕ



28 ਵਰ੍ਹੇ ਪਹਿਲਾਂ ਪੰਜਾਬ ਦੇ ਮਹਿਲਕਲਾਂ ਕਸਬੇ 'ਚ ਕਿਰਨਜੀਤ ਕੌਰ ਨਾਮ ਦੀ ਵਿਦਿਆਰਥਣ ਸਮੂਹਿਕ ਬਲਾਤਕਾਰ ਤੇ ਕਤਲ ਦੀ ਸ਼ਿਕਾਰ ਬਣਾਈ ਗਈ। ਉਸਦੇ ਇਨਸਾਫ ਲਈ ਲੰਮਾ ਲੋਕ ਸੰਘਰਸ਼ ਲੜਿਆ ਗਿਆ ਜੋ ਦੇਸ਼ ਅੰਦਰ ਔਰਤਾਂ ਉੱਤੇ ਹੁੰਦੇ ਜਬਰ-ਜੁਲਮ ਤੇ ਵਿਤਕਰੇ ਖਿਲਾਫ ਔਰਤ ਮੁਕਤੀ ਦਾ ਚਿੰਨ੍ਹ ਬਣਕੇ ਉਭਰਿਆ। ਅੱਜ ਵੀ ਮੌਜੂਦਾ ਪੂੰਜੀਵਾਦੀ ਪ੍ਰਬੰਧ ਦੁਆਰਾ ਸਮਾਜ ਅੰਦਰ ਕਿਰਤੀ ਲੋਕਾਂ ਦੀ ਲੁੱਟ-ਖਸੁੱਟ ਤੇ ਜਬਰ ਦਾ ਸਿਲਸਿਲਾ ਬੇਲਗਾਮ ਜਾਰੀ ਹੈ। ਜਦੋਂ ਤੱਕ ਲੁੱਟ-ਜਬਰ ਦਾ ਸਿਲਸਿਲਾ ਜਾਰੀ ਰਹੇਗਾ ਉਦੋਂ ਤੱਕ ਇਸਦੇ ਖਿਲਾਫ ਸੰਘਰਸ਼ ਦੀ ਲੋੜ ਵੀ ਬਣੀ ਰਹੇਗੀ। ਬੇਇਨਸਾਫੀ ਖਿਲਾਫ ਸੰਘਰਸ਼ ਅਤੇ ਗਦਰੀ ਗੁਲਾਬ ਕੌਰ ਦੀ ਜੁਝਾਰੂ ਵਿਰਾਸਤ ਨੂੰ ਕਾਇਮ ਰੱਖਣ ਲਈ ਆਓ ਸੰਜੀਦਾ ਵਿਚਾਰਾਂ ਦੀ ਸਾਂਝ ਪਾਈਏ।

ਬੁਲਾਰੇ : ਗੁਰਮੀਤ ਸੁਖਪੁਰ, ਬਲਵਿੰਦਰ ਬਰਨਾਲਾ, ਬਲਦੇਵ ਰਹਿਪਾ, ਕੁਲਦੀਪ ਬੋਪਾਰਾਏ, ਅਮਰਦੀਪ ਪੰਧੇਰ, ਮਨਦੀਪ।

ਗੁਰਮੀਤ ਸੁਖਪੁਰ (+91 94659 15763)
ਬਲਵਿੰਦਰ ਬਰਨਾਲਾ (+91 98147 32122)
ਮਨਦੀਪ (438-924-2052)
Cassie Campbell Community Centre,
Chinguacousy Road, Brampton

ਵੱਲੋਂ : ਸ਼ਹੀਦ ਕਿਰਨਜੀਤ ਕੌਰ ਯਾਦਗਰੀ ਕਮੇਟੀ, ਬਰੈਂਪਟਨ


## ਸ਼ਹੀਦ ਕਿਰਨਜੀਤ ਕੌਰ ਮਹਿਲਕਲਾਂ ਯਾਦਗਾਰ ਕਮੇਟੀ ਬਰੈਂਪਟਨ ਵੱਲੋਂ ਸਮਾਗਮ 10 ਅਗਸਤ ਨੂੰ

ਬਰੈਂਪਟਨ, (ਸਰੋਕਾਰਾਂ ਦੀ ਆਵਾਜ਼ ਬਿਊਰੋ) : ਗ਼ਦਰੀ ਗ਼ੁਲਾਬ ਕੌਰ ਦੇ ਵਿਛੋੜੇ ਦੀ ਸ਼ਤਾਬਦੀ ਨੂੰ ਸਮਰਪਿਤ, ਸ਼ਹੀਦ ਕਿਰਨਜੀਤ ਕੌਰ ਦੇ 28ਵੇਂ ਬਰਸੀ ਸਮਾਗਮ ਮੌਕੇ ਯਾਦਗਾਰੀ ਸਮਾਗਮ 10 ਅਗਸਤ 2025 ਦੁਪਹਿਰ 1 ਤੋਂ 3 ਵਜੇ ਤੱਕ Cassie Campbell Community Centre, Chinguacousy Road, Brampton ਵਿਖੇ ਕਰਵਾਇਆ ਜਾ ਰਿਹਾ ਹੈ। ਪ੍ਰੈੱਸ ਨੂੰ ਇਹ ਜਾਣਕਾਰੀ ਦਿੰਦਿਆਂ ਪ੍ਰੋਗਰਾਮ ਦੇ ਆਯੋਜਕਾਂ ਗੁਰਮੀਤ ਸੁਖਪੁਰ, ਬਲਵਿੰਦਰ ਬਰਨਾਲਾ ਅਤੇ ਮਨਦੀਪ ਨੇ ਦੱਸਿਆ ਕਿ 28 ਵਰ੍ਹੇ ਪਹਿਲਾਂ 29 ਜੁਲਾਈ 1997 ਨੂੰ ਪੰਜਾਬ ਦੇ ਮਹਿਲਕਲਾਂ ਕਸਬੇ 'ਚ ਮਾਤਾ ਸਾਹਿਬ ਕੌਰ ਗਰਲਜ਼ ਕਾਲਜ ਦੀ ਕਿਰਨਜੀਤ ਕੌਰ ਨਾਮ ਦੀ ਵਿਦਿਆਰਥਣ ਨੂੰ ਪੁਲਿਸ ਅਤੇ ਸਿਆਸਤਦਾਨ ਦੀ ਸ਼ਹਿ 'ਤੇ ਪਲ ਰਹੇ ਬਦਨਾਮ ਗੁੰਡਾ ਟੋਲੇ ਵੱਲੋਂ ਸਮੂਹਿਕ ਜ਼ਬਰ ਜ਼ਿਨਾਹ ਤੇ ਕਤਲ ਦੀ ਸ਼ਿਕਾਰ ਬਣਾਇਆ ਗਿਆ। ਉਸ ਨੂੰ ਇਨਸਾਫ਼ ਦਿਵਾਉਣ ਲਈ ਐਕਸ਼ਨ ਕਮੇਟੀ ਮਹਿਲਕਲਾਂ ਦੀ ਅਗਵਾਈ ਵਿੱਚ ਲੰਮਾ ਲੋਕ ਸੰਘਰਸ਼ ਲੜਿਆ ਗਿਆ ਜੋ ਦੇਸ਼ ਅੰਦਰ ਔਰਤਾਂ ਉੱਤੇ ਹੁੰਦੇ ਜਬਰ-ਜੁਲਮ ਤੇ ਵਿਤਕਰੇ ਖਿਲਾਫ਼ ਔਰਤ ਮੁਕਤੀ ਦਾ ਚਿੰਨ੍ਹ ਬਣਕੇ ਉਭਰਿਆ। ਅੱਜ ਵੀ ਮੌਜੂਦਾ ਸਾਮਰਾਜੀ ਪੂੰਜੀਵਾਦੀ ਪ੍ਰਬੰਧ ਦੁਆਰਾ ਸਮਾਜ ਅੰਦਰ ਕਿਰਤੀ ਲੋਕਾਂ ਦੀ ਲੁੱਟ-ਖਸੁੱਟ ਤੇ ਜਬਰ ਦਾ ਸਿਲਸਿਲਾ ਬੇਲਗਾਮ ਜਾਰੀ ਹੈ। ਜਦੋਂ ਤੱਕ ਲੁੱਟ-ਜਬਰ ਦਾ ਸਿਲਸਿਲਾ ਜਾਰੀ ਰਹੇਗਾ ਉਦੋਂ ਤੱਕ ਇਸਦੇ ਖਿਲਾਫ਼ ਸੰਘਰਸ਼ ਦੀ ਲੋੜ ਵੀ ਬਣੀ ਰਹੇਗੀ। ਮਹਿਲਕਲਾਂ ਲੋਕ ਘੋਲ-ਜਬਰ ਜ਼ੁਲਮ ਖਿਲਾਫ਼ ਸਾਂਝੇ ਲੋਕ ਟਾਕਰੇ ਦਾ ਐਲਾਨਨਾਮਾ' ਹੈ। ਹਰ ਕਿਸਮ ਦੀ ਬੇਇਨਸਾਫ਼ੀ ਖਿਲਾਫ਼ ਸੰਘਰਸ਼ ਅਤੇ ਗ਼ਦਰੀ ਗੁਲਾਬ ਕੌਰ ਦੇ ਵਿਛੋੜੇ ਦੀ ਸ਼ਤਾਬਦੀ ਮੌਕੇ ਇਸ ਜੁਝਾਰੂ ਵਿਰਾਸਤ ਨੂੰ ਕਾਇਮ ਰੱਖਣ ਲਈ ਆਓ ਸਮੇਂ ਸਿਰ ਪ੍ਰੀਵਾਰਾਂ ਸਮੇਤ ਪਹੁੰਚ ਕੇ ਸੰਜੀਦਾ ਵਿਚਾਰਾਂ ਦੀ ਸਾਂਝ ਪਾਈਏ। ਇਸ ਪ੍ਰੋਗਰਾਮ ਦੇ ਬੁਲਾਰੇ ਗੁਰਮੀਤ ਸੁਖਪੁਰ, ਬਲਵਿੰਦਰ ਬਰਨਾਲਾ, ਬਲਦੇਵ ਰਹਿਪਾ, ਕੁਲਦੀਪ ਣਬੋਪਾਰਾਏ, ਅਮਰਦੀਪ ਪੰਧੇਰ, ਮਨਦੀਪ ਹੋਣਗੇ।


Gill
Truck & Trailer Repair
& Mobile Service
Lube and Truck Wash



Gill Brothers
Owner

Tel: 905-458-3455 | Fax : 905-458-3456 | Cell : 416-312-4707
gillinderjit7@gmail.com | www.gilltruckrepair.com
1295 Shawson Drive, Mississauge, ON L4W 1C4



BAINS VISION CENTRE



Jaswinder S Bains, Ph.D., OD.

New Patients & Walk-Ins Welcome

McKnight Village 5218 Falsbridge Dr. NE Calgary AB T3J 3G1

Dr. Jaswinder S. Bains
ਅੱਖਾਂ ਦੇ ਰੋਗਾਂ ਅਤੇ ਬਰੈਂਡਰ ਐਨਕਾਂ ਲਈ ਮਿਲੋ

Appointments also available on Saturdays & Evenings
ਸ਼ਨਿੱਚਰਵਾਰ ਅਤੇ ਸ਼ਾਮ ਦੀਆਂ ਅਪਾਇੰਟਮੈਂਟਸ ਵੀ ਮਿਲ ਸਕਦੀਆਂ ਹਨ।
Services Available in Punjabi, Hindi, Urdu & English

403-274-4514
deerfootvision@yahoo.ca

ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।

# ਜੇਲ੍ਹ ਵਿੱਚ ਆਪਣੇ ਪੁੱਤਰ ਉਮਰ ਖਾਲਿਦ ਨੂੰ ਮਿਲਣਾ-ਜ਼ੋਹਰਾਨ ਮਮਦਾਨੀ (ਉਮਰ ਖ਼ਾਲਿਦ ਦੀ ਮਾਤਾ)



ਨਰਾਇਣ ਦੱਤ
84275-11770

*ਅਜਿਹੀ ਮਾਂ ਨੂੰ ਸਲਾਮ! ਜਿਸ ਨੇ ਆਪਣੇ ਪੁੱਤਰ ਦੇ ਪੰਜ ਸਾਲ ਤੋਂ ਜੇਲ੍ਹ ਦੀਆਂ ਸਲਾਖਾਂ ਵਿੱਚ ਕੈਦ ਹੋਣ ਦੇ ਬਾਵਜੂਦ ਵੀ ਹੌਸਲਾ ਨਹੀਂ ਹਾਰਿਆ। ਜ਼ੋਹਰਾਨ ਮਮਦਾਨੀ ਨੂੰ ਆਪਣੇ ਪੁੱਤਰ ਵੱਲੋਂ ਨਵਾਂ ਸਮਾਜ ਸਿਰਜਣ ਲਈ ਸ਼ੁਰੂ ਕੀਤੀ ਜ਼ੰਗ (ਜਿਸ ਵਿੱਚ ਅਨੇਕਾਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ) ਉੱਪਰ ਮਾਣ ਹੈ। ਪੰਜ ਸਾਲ ਤੋਂ ਵੀ ਵੱਧ ਸਮੇਂ ਤੋਂ ਮੋਦੀ ਹਕੂਮਤ ਦੇ ਫਿਰਕੂ ਫਾਸ਼ੀ ਹੱਲੇ ਦੀ ਮਾਰ ਹੇਠ ਯੂਏਪੀਏ ਮੁਕੱਦਮੇ ਵਿੱਚ ਜੇਲ੍ਹ ਦੀ ਕਾਲ ਕੋਠੜੀ ਵਿੱਚ ਬੰਦ ਹੈ। ਹਕੂਮਤ ਨੇ ਭਲੇ ਹੀ ਖੋਜਾਰਥੀ ਦਾ ਕਾਰਜ ਖੋਹਣ ਦਾ ਭਰਮ ਪਾਲਿਆ ਪਰ ਬੁਲੰਦ ਹੌਸਲੇ ਨਾਲ 300 ਤੋਂ ਵੱਧ ਕਿਤਾਬਾਂ ਦਾ ਅਧਿਐਨ ਕਰਕੇ ਆਪਣੇ ਕਾਰਜ ਨੂੰ ਜਾਰੀ ਰੱਖਣ ਰਿਹਾ ਹੈ। ਉਮਰ ਖ਼ਾਲਿਦ ਨੂੰ ਜੇਲ੍ਹ ਦੀਆਂ ਸਲਾਖਾਂ ਪਿੱਛੇ ਬੰਦ ਰੱਖਣ ਲਈ ਅਦਾਲਤੀ ਪ੍ਰਬੰਧ ਵੀ ਬਰਾਬਰ ਦਾ ਜ਼ਿੰਮੇਵਾਰ ਹੈ। ਉਮੀਦ ਹੈ ਕਿ ਹਕੂਮਤ ਦੇ ਜਾਬਰ ਹੱਲੇ ਉਮਰ ਖ਼ਾਲਿਦ ਨੂੰ ਉਸ ਦੇ ਨਵਾਂ ਨਰੋਆ ਲੋਕ ਪੱਖੀ ਸਮਾਜ ਸਿਰਜਣ ਦੇ ਮਿਸ਼ਨ ਤੋਂ ਰੋਕ ਨਹੀਂ ਸਕਣਗੇ / - ਸੰਪਾਦਕ*

ਉਮਰ ਖਾਲਿਦ, ਜਿਸਨੂੰ 2020 ਦੇ ਦਿੱਲੀ ਦੰਗਿਆਂ ਵਿੱਚ ਸ਼ਮੂਲੀਅਤ ਦੇ ਝੂਠੇ ਦੋਸ਼ਾਂ ਵਿੱਚ ਯੂਏਪੀਏ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਸੀ, ਪੰਜ ਸਾਲਾਂ ਤੋਂ ਜੇਲ੍ਹ ਵਿੱਚ ਹੈ। ਤਿਹਾੜ ਜੇਲ੍ਹ ਵਿੱਚ ਹੋਈ ਮੁਲਾਕਾਤ ਦਾ ਇਹ ਬਿਆਨ ਉਸਦੀ ਮਾਂ ਸਬੀਹਾ ਖਾਨਮ ਨੇ ਲਿਖਿਆ ਹੈ।

**8 ਜੁਲਾਈ 2025**

ਜੇਲ੍ਹ ਵਿੱਚ ਆਪਣੇ ਪੁੱਤਰ ਉਮਰ ਨੂੰ ਮਿਲਣ ਨਾਲ ਮੇਰੀ ਆਤਮਾ ਨੂੰ ਨਵੀਂ ਤਾਕਤ ਮਿਲੀ।

ਪਿਛਲੇ ਦੋ ਹਫ਼ਤਿਆਂ ਤੋਂ ਉਮਰ ਵੱਲੋਂ ਕੋਈ ਵੀਡੀਓ ਕਾਲ ਨਹੀਂ ਕੀਤੀ ਗਈ ਹੈ। ਇਹ ਖੁਲਾਸਾ ਹੋਇਆ ਕਿ ਤਕਨੀਕੀ ਸਮੱਸਿਆਵਾਂ ਕਾਰਨ ਮੀਟਿੰਗ ਨਹੀਂ ਹੋ ਸਕੀ। ਮੈਨੂੰ ਬੇਚੈਨੀ ਮਹਿਸੂਸ ਹੋਣ ਲੱਗੀ ਕਿਉਂਕਿ ਇਸ ਅੱਧ-ਮਨ ਵਾਲੀ ਮੁਲਾਕਾਤ ਲਈ ਮੇਰੇ ਕੋਲ ਇਹੀ ਇੱਕੋ ਇੱਕ ਸਹਾਰਾ ਸੀ। ਮੇਰਾ ਦਿਲ ਭਾਰੀ ਸੀ ਅਤੇ ਮੇਰੀਆਂ ਅੱਖਾਂ ਵਿੱਚੋਂ ਹੰਝੂ ਵਗਦੇ ਰਹੇ। ਫਿਰ ਅਚਾਨਕ, ਪਰਮਾਤਮਾ ਦੀ ਇੱਛਾ ਨਾਲ, ਮੇਰੇ ਮਨ ਵਿੱਚ ਸਿੱਧੀ ਮੁਲਾਕਾਤ ਦਾ ਵਿਚਾਰ ਆਇਆ।

ਜਦੋਂ ਮੈਂ ਇਹ ਗੱਲ ਆਪਣੇ ਪਤੀ ਨੂੰ ਦੱਸੀ, ਤਾਂ ਉਸਨੇ ਕੰਮ ਦਾ ਬਹਾਨਾ ਬਣਾਇਆ। ਮੈਂ ਹਿੰਮਤ ਨਹੀਂ ਹਾਰੀ ਅਤੇ ਇਕੱਲਾ ਹੀ ਜੇਲ੍ਹ ਗਿਆ। ਉਮਰ ਦੇ ਇਸ ਪੜਾਅ 'ਤੇ ਜੇਲ੍ਹ ਜਾਣਾ ਬਹੁਤ ਮੁਸ਼ਕਲ ਹੈ। ਪਰ ਜਦੋਂ ਕਿਸੇ ਵਿਅਕਤੀ ਨੂੰ ਪਰਮਾਤਮਾ ਵਿੱਚ ਵਿਸ਼ਵਾਸ ਹੁੰਦਾ ਹੈ, ਤਾਂ ਔਖੇ ਰਸਤੇ ਵੀ ਆਸਾਨ ਹੋ ਜਾਂਦੇ ਹਨ।

ਅੱਜ, ਮਹੀਨਿਆਂ ਬਾਅਦ, ਮੈਂ ਆਪਣੇ ਪੁੱਤਰ ਨੂੰ ਆਹਮੋ-ਸਾਹਮਣੇ ਮਿਲਣ ਜਾ ਰਹੀ ਸੀ। ਮੇਰੇ ਦਿਲ ਵਿੱਚ ਇੱਕ ਅਜੀਬ ਜਿਹੀ ਘਬਰਾਹਟ ਸੀ। ਇਸਨੂੰ ਸਿੱਧੀ ਮੁਲਾਕਾਤ ਕਿਹਾ ਜਾਂਦਾ ਹੈ, ਪਰ ਇਹ ਬਹੁਤ ਅਜੀਬ ਵੀ ਹੈ-ਸਾਡੇ ਵਿਚਕਾਰ ਦੋ ਕੱਚ ਦੀਆਂ ਕੰਧਾਂ। ਅਸੀਂ ਇੱਕ ਪਾਸੇ, ਉਮਰ ਦੂਜੇ ਪਾਸੇ। ਇਸਨੂੰ ਛੂਹ ਨਹੀਂ ਸਕਦੀ, ਸਾਫ਼-ਸਾਫ਼ ਨਹੀਂ ਦੇਖ ਸਕਦੀ। ਸਿਰਫ਼ ਧੁੰਦਲੇ ਚਿਹਰੇ ਹੀ ਦਿਖਾਈ ਦਿੰਦੇ ਹਨ ਅਤੇ ਗੱਲਬਾਤ ਇੰਟਰਕਾਮ ਰਾਹੀਂ ਹੁੰਦੀ ਹੈ।

ਸ਼ੁੱਕਰਵਾਰ ਸਵੇਰੇ 9 ਵਜੇ ਘਰੋਂ ਨਿੱਕਲੀ। ਤਿਹਾੜ ਜੇਲ੍ਹ ਜਾਮੀਆ ਤੋਂ ਬਹੁਤ ਦੂਰ ਹੈ, ਰਸਤਾ ਵੀ ਭੀੜ ਵਾਲਾ ਹੈ। ਲਗਭਗ ਇੱਕ ਘੰਟੇ ਵਿੱਚ ਪਹੁੰਚ ਗਈ। ਮੈਂ ਉਮਰ ਲਈ ਚਮੜੇ ਦੀਆਂ ਚੱਪਲਾਂ ਲਈਆਂ ਸਨ, ਪਰ ਚੈਕਿੰਗ ਦੌਰਾਨ ਰੋਕ ਦਿੱਤਾ ਗਿਆ। ਮੈਂ ਬਹੁਤ ਮਿੰਨਤਾਂ ਕੀਤੀਆਂ ਪਰ ਉਸਨੇ ਮੇਰੀ ਇੱਕ ਨਾ ਸੁਣੀ ਅਤੇ ਮੈਨੂੰ ਚੱਪਲਾਂ ਉੱਥੇ ਹੀ ਛੱਡਣੀਆਂ ਪਈਆਂ।

ਅੰਦਰ, ਆਪਣੇ ਅਜ਼ੀਜ਼ਾਂ-ਔਰਤਾਂ, ਮਰਦਾਂ, ਬੱਚਿਆਂ ਨੂੰ ਮਿਲਣ ਦੇ ਚਾਹਵਾਨ ਲੋਕਾਂ ਦੀਆਂ ਲੰਬੀਆਂ ਕਤਾਰਾਂ ਸਨ। ਅੱਜ ਭੀੜ ਜ਼ਿਆਦਾ ਸੀ। ਮੈਂ ਵੀ ਇੱਕ ਲਾਈਨ ਵਿੱਚ ਖੜ੍ਹੀ ਹੋ ਗਈ। ਪਿੱਛੇ, ਦੋ ਔਰਤਾਂ ਆਪਣੇ ਕੈਦੀਆਂ ਬਾਰੇ ਦੱਸ ਰਹੀਆਂ ਸਨ-ਇੱਕ ਦਾ ਪੁੱਤਰ ਬਲਾਤਕਾਰ ਦੇ ਕੇਸ ਵਿੱਚ ਸੀ, ਦੂਜੇ ਦੇ ਜੀਜੇ 'ਤੇ ਵੀ ਇਸੇ ਅਪਰਾਧ ਦਾ ਦੋਸ਼ ਸੀ। ਮੈਂ ਚੁੱਪ ਰਹੀ। ਮੈਂ ਸੋਚਿਆ, ਮੈਂ ਉਨ੍ਹਾਂ ਨੂੰ ਕਿਵੇਂ ਦੱਸਾਂ ਕਿ ਮੇਰਾ ਪੁੱਤਰ ਪੰਜ ਸਾਲਾਂ ਤੋਂ ਬਿਨਾਂ ਕੋਈ ਅਪਰਾਧ ਕੀਤੇ ਜੇਲ੍ਹ ਵਿੱਚ ਸੜ ਰਿਹਾ ਹੈ?

ਮੈਨੂੰ ਯਾਦ ਆਇਆ ਕਿ ਉਮਰ ਨੂੰ ਉਸਦੀ ਭੈਣ ਅਤੇ ਚਚੇਰੇ ਭਰਾ ਦੇ ਵਿਆਹਾਂ ਲਈ ਦੋ ਪੈਰੋਲਾਂ ਦਿੱਤੀਆਂ ਗਈਆਂ ਸਨ-ਹਰੇਕ ਵਿੱਚ ਸੱਤ ਦਿਨ। ਉਹ ਖੁਸ਼ੀਆਂ ਭਰੇ ਪਲ ਕਿੰਨੀ ਜਲਦੀ ਬੀਤ ਗਏ। ਜਦੋਂ ਮੇਰੀ ਵਾਰੀ ਆਈ ਤਾਂ ਮੈਂ ਇਨ੍ਹਾਂ ਵਿਚਾਰਾਂ ਵਿੱਚ ਗੁਆਚੀ ਹੋਈ ਸੀ। ਫਿਰ ਉਮਰ ਦੇ ਖਰਚਿਆਂ ਲਈ ਪੈਸੇ ਜਮ੍ਹਾਂ ਕਰਵਾਉਣ ਲਈ ਇੱਕ ਲੰਬੀ ਕਤਾਰ ਹੈ! ਮੈਂ ਉਮਰ ਨਾਲ ਕਤਾਰਾਂ ਵਿੱਚ ਬਿਤਾਏ ਸਮੇਂ ਨਾਲੋਂ ਬਹੁਤ ਘੱਟ ਸਮਾਂ ਗੱਲ ਕਰ ਸਕੀ। ਇਸ ਤੋਂ ਬਾਅਦ ਜੇਲ੍ਹ ਵਿੱਚ ਦਾਖ਼ਲ ਹੋਣ ਲਈ ਇੱਕ ਕਤਾਰ ਲੱਗ ਗਈ।

ਪਹਿਲਾਂ ਜੁੱਤੀਆਂ ਦਾ ਐਕਸ-ਰੇ ਕੀਤਾ ਗਿਆ, ਫਿਰ ਸਰੀਰ ਦੀ ਜਾਂਚ ਕੀਤੀ ਗਈ। ਫਿਰ ਸਾਨੂੰ ਜੇਲ੍ਹ ਨੰਬਰ 2 ਤੱਕ ਤੁਰਨਾ ਪਿਆ।

ਮੀਟਿੰਗ ਵਾਲੀ ਥਾਂ 'ਤੇ ਇੱਕ ਮਹਿਲਾ ਸਟਾਫ਼ ਮੈਂਬਰ ਨੇ ਪਰਚੀ ਦੇਖੀ ਅਤੇ ਪਿਆਰ ਨਾਲ ਕਿਹਾ: 'ਓਹ! ਕੀ ਤੁਸੀਂ ਉਮਰ ਦੀ ਮਾਂ ਹੋ? ਮੈਂ ਉਸਦੇ ਦੋਸਤਾਂ ਨੂੰ ਦੇਖਿਆ ਹੈ, ਪਰ ਮੈਂ ਤੁਹਾਨੂੰ ਪਹਿਲੀ ਵਾਰ ਦੇਖ ਰਹੀ ਹਾਂ।' ਉਸਨੇ ਮੇਰੇ ਅੰਗੂਠੇ ਦਾ ਨਿਸ਼ਾਨ ਲਿਆ ਅਤੇ ਮੈਨੂੰ ਉਡੀਕ ਕਮਰੇ ਵਿੱਚ ਬਿਠਾਇਆ। ਉਸਦੇ ਸ਼ਬਦ ਉਮਰ ਪ੍ਰਤੀ ਉਸਦੇ ਸਤਿਕਾਰ ਨੂੰ ਦਰਸਾਉਂਦੇ ਸਨ।

ਮੈਂ ਸੋਚਿਆ-ਇਹ ਉਮਰ ਦੇ ਚੰਗੇ ਨੈਤਿਕ ਗੁਣਾਂ ਕਰਕੇ ਹੀ ਹੋਵੇਗਾ। ਜੇਲ੍ਹ ਵਿੱਚ, ਜਿੱਥੇ ਦੁਰਵਿਵਹਾਰ ਆਮ ਹਨ, ਇੱਕ ਕੈਦੀ ਜੋ



ਨਿਮਰਤਾ ਨਾਲ ਪੇਸ਼ ਆਉਂਦਾ ਹੈ, ਹਰ ਕਿਸੇ ਦਾ ਦਿਲ ਜਿੱਤ ਲੈਂਦਾ ਹੈ। ਉਮਰ ਨੂੰ ਵੀ ਬਹੁਤ ਘੱਟ ਗੁੱਸਾ ਆਉਂਦਾ ਹੈ। ਹੁਣ ਜੇਲ੍ਹ ਦੇ ਅੰਦਰ ਹਰ ਕੋਈ ਜਾਣਦਾ ਹੈ ਕਿ ਉਮਰ ਬੇਕਸੂਰ ਹੈ ਅਤੇ ਸਰਕਾਰੀ ਜ਼ੁਲਮ ਦਾ ਸ਼ਿਕਾਰ ਹੈ।

ਉਡੀਕ ਖੇਤਰ ਵਿੱਚ ਪੰਛੀਆਂ ਦੀ ਚਹਿਕ ਸੁਣ ਕੇ ਮੇਰਾ ਦਿਲ ਖੁਸ਼ ਹੋ ਗਿਆ। ਸ਼ਹਿਰਾਂ ਵਿੱਚ ਅਸੀਂ ਕੁਦਰਤ ਦੀਆਂ ਇਨ੍ਹਾਂ ਅਸੀਸਾਂ ਤੋਂ ਵਾਂਝੇ ਹਾਂ। ਇੰਝ ਮਹਿਸੂਸ ਹੋਇਆ ਜਿਵੇਂ ਜੇਲ੍ਹ ਦੀਆਂ ਕੰਧਾਂ ਦੇ ਅੰਦਰ ਉੱਡਦੇ ਪੰਛੀ ਕਹਿ ਰਹੇ ਹੋਣ: 'ਅਸੀਂ ਇੱਥੇ ਵੀ ਆਜ਼ਾਦ ਹਾਂ।' ਮੈਂ ਸੋਚਿਆ- ਕੰਧ ਦੇ ਇਸ ਪਾਸੇ ਅਸੀਂ ਆਪਣੇ ਆਪ ਨੂੰ ਆਜ਼ਾਦ ਕਹਿੰਦੇ ਹਾਂ, ਦੂਜੇ ਪਾਸੇ ਉਮਰ ਵਰਗੇ ਅਣਗਿਣਤ ਲੋਕ ਬੇਵੱਸ ਕੈਦ ਹਨ।

ਉਮਰ ਵਰਗੇ ਵਿਅਕਤੀ ਲਈ, ਜੋ ਜੰਤਰ-ਮੰਤਰ 'ਤੇ ਰੌਲਾ ਪਾਉਂਦਾ ਸੀ, ਜੋ ਇਨਸਾਫ਼ ਲਈ ਦੇਸ਼ ਭਰ ਵਿੱਚ ਘੁੰਮਦਾ ਰਹਿੰਦਾ ਸੀ, ਇਹ ਕੈਦ ਬਹੁਤ ਔਖੀ ਪ੍ਰੀਖਿਆ ਹੈ। ਪੰਜ ਲੰਬੇ ਸਾਲ... ਜੇ ਮੈਨੂੰ ਕਿਤਾਬਾਂ ਦਾ ਸ਼ੌਕ ਨਾ ਹੁੰਦਾ, ਤਾਂ ਸਮਾਂ ਲੰਘਾਉਣਾ ਮੁਸ਼ਕਲ ਹੁੰਦਾ। ਉਸਨੇ ਇਨ੍ਹਾਂ ਪੰਜ ਸਾਲਾਂ ਵਿੱਚ 300 ਤੋਂ ਵੱਧ ਕਿਤਾਬਾਂ ਪੜ੍ਹੀਆਂ ਹਨ।

ਫਿਰ ਉਮਰ ਖਾਲਿਦ ਦਾ ਨਾਮ ਲਾਊਡਸਪੀਕਰ 'ਤੇ ਬੁਲਾਇਆ ਗਿਆ। ਮੈਂ ਭੱਜ ਕੇ ਖਿੜਕੀ ਕੋਲ ਪਹੁੰਚੀ। ਉਮਰ ਮੇਰੇ ਲਈ ਜੇਲ੍ਹ ਦੇ ਅੰਦਰ ਇੱਕ ਦਰੱਖਤ ਤੋਂ ਤੋੜਿਆ ਇੱਕ ਛੋਟਾ ਜਿਹਾ ਫੁੱਲ ਲੈ ਕੇ ਆਇਆ। ਉਹ ਫੁੱਲ ਮੇਰੇ ਲਈ ਕਿਸੇ ਕੀਮਤੀ ਤੋਹਫ਼ੇ ਤੋਂ ਘੱਟ ਨਹੀਂ ਸੀ।

ਸ਼ੀਸ਼ੇ ਅਤੇ ਬਾਰਾਂ ਦੇ ਪਿੱਛੇ ਇੰਟਰਕਾਮ 'ਤੇ ਗੱਲਬਾਤ ਹੋ ਰਹੀ ਸੀ: 'ਅੰਮਾ, ਤੁਸੀਂ ਬਹੁਤ ਸਮਾਂ ਲੈ ਲਿਆ। ਮੈਂ ਬਹੁਤ ਸਮੇਂ ਤੋਂ ਉਡੀਕ ਕਰ ਰਹੀ ਸੀ।'

ਮੈਂ ਕਿਹਾ: 'ਬੇਟਾ, ਕਤਾਰਾਂ ਬਹੁਤ ਲੰਬੀਆਂ ਸਨ।'

ਉਸਨੇ ਪਰਿਵਾਰ ਦੇ ਹਰ ਮੈਂਬਰ ਬਾਰੇ ਪੁੱਛਿਆ -ਪਿਤਾ ਦੀ ਸਿਹਤ ਬਾਰੇ, ਭੈਣਾਂ ਬਾਰੇ, ਬੱਚਿਆਂ ਬਾਰੇ। ਜੇਲ੍ਹ ਦੇ ਅੰਦਰ ਦੀ ਜ਼ਿੰਦਗੀ ਦੀਆਂ ਕਹਾਣੀਆਂ ਸੁਣਾਈਆਂ। ਹਮੇਸ਼ਾ ਵਾਂਗ, ਮੈਂ ਉਸਦੀਆਂ ਖਾਣ-ਪੀਣ ਦੀਆਂ ਆਦਤਾਂ ਅਤੇ ਸਿਹਤ ਬਾਰੇ ਚਿੰਤਤ ਸੀ:

'ਕੀ ਤੂੰ ਠੀਕ ਹੈਂ? ਕੀ ਪੜ੍ਹ ਰਿਹਾ ਹੈਂ? ਕੀ ਤੈਨੂੰ ਬਹੁਤ ਗਰਮੀ ਨਹੀਂ ਲੱਗ ਰਹੀ?'

ਉਸਨੇ ਹਰ ਸਵਾਲ ਦਾ ਜਵਾਬ ਦਿੱਤਾ ਅਤੇ ਫਿਰ ਸਾਰਿਆਂ ਦਾ ਹਾਲ-ਚਾਲ ਪੁੱਛਿਆ। ਉਸਨੇ ਕਿਹਾ: 'ਮੈਂ ਅਖ਼ਬਾਰਾਂ ਵਿੱਚ ਅੱਬੂ ਦੇ ਪ੍ਰੋਗਰਾਮ ਪੜ੍ਹਦਾ ਹਾਂ। ਉਸਨੂੰ ਕਹਿਣਾ ਕਿ ਉਹ ਜ਼ਿਆਦਾ ਯਾਤਰਾ ਨਾ ਕਰੇ ਅਤੇ ਆਪਣੀ ਸਿਹਤ ਦਾ ਧਿਆਨ ਰੱਖੇ।'

ਗੱਲਾਂ ਕਰਦੇ-ਕਰਦੇ ਮੈਨੂੰ ਪਤਾ ਹੀ ਨਹੀਂ ਲੱਗਾ ਕਿ ਸਮਾਂ ਕਦੋਂ ਬੀਤ ਗਿਆ। ਜਾਂਦੇ ਸਮੇਂ, ਉਮਰ ਬਾਹਰ ਜਾਣ ਵਾਲੇ ਦਰਵਾਜ਼ੇ ਦੇ ਨੇੜੇ ਵਾਲੀ ਖਿੜਕੀ ਕੋਲ ਆਇਆ। ਮੈਂ ਪਿੱਛੇ ਮੁੜ ਕੇ ਦੇਖਿਆ ਪਰ ਸ਼ੀਸ਼ੇ ਵਿੱਚੋਂ ਕੁੱਝ ਵੀ ਸਾਫ਼-ਸਾਫ਼ ਨਹੀਂ ਦੇਖ ਸਕਿਆ। ਸ਼ਾਇਦ ਉਹ ਮੈਨੂੰ ਜਾਂਦੇ ਹੋਏ ਦੇਖ ਰਿਹਾ ਸੀ। ਮੈਂ ਭਾਰੀ ਦਿਲ ਨਾਲ ਹੌਲੀ-ਹੌਲੀ ਬਾਹਰ ਨਿੱਕਲ ਆਈ।

ਪਰ ਜੇਲ੍ਹ ਤੋਂ ਵਾਪਸ ਆਉਂਦੇ ਸਮੇਂ, ਮੇਰਾ ਸਿਰ ਮਾਣ ਨਾਲ ਉੱਚਾ ਹੋ ਗਿਆ-ਮੈਨੂੰ ਮਾਣ ਸੀ ਕਿ ਮੇਰਾ ਪੁੱਤਰ ਕਿਸੇ ਅਪਰਾਧ ਕਰਕੇ ਨਹੀਂ, ਸਗੋਂ ਇਸ ਲਈ ਜੇਲ੍ਹ ਵਿੱਚ ਸੀ ਕਿਉਂਕਿ ਉਹ ਦੱਬੇ-ਕੁਚਲੇ ਲੋਕਾਂ ਨਾਲ ਖੜ੍ਹਾ ਸੀ ਅਤੇ ਜ਼ਾਲਮ ਸਰਕਾਰ ਦੇ ਕਾਨੂੰਨਾਂ ਦਾ ਵਿਰੋਧ ਕਰਦਾ ਸੀ। ਇਸਨੇ ਸਾਡੇ ਬਜ਼ੁਰਗਾਂ ਦੀ ਵਿਰਾਸਤ ਨੂੰ ਜ਼ਿੰਦਾ ਰੱਖਿਆ ਹੈ-ਉਹ ਜਿਹੜੇ ਅੰਗਰੇਜ਼ਾਂ ਦੇ ਅੱਤਿਆਚਾਰਾਂ ਵਿਰੁੱਧ ਜੇਲ੍ਹ ਗਏ ਪਰ ਕਦੇ ਨਹੀਂ ਝੁਕੇ।

ਜਿਸਨੇ ਵੀ ਇਹ ਉੱਚਾ ਦਰਜਾ ਪ੍ਰਾਪਤ ਕੀਤਾ, ਉਸਨੂੰ ਇਹ ਪ੍ਰਾਪਤ ਹੋਇਆ।

ਹਰ ਮੁੱਦਈ ਲਈ ਸਬੂਤ ਕਿੱਥੇ ਹਨ?

(ਇਹ ਉੱਚਾ ਦਰਜਾ ਹਰ ਕਿਸੇ ਨੂੰ ਪ੍ਰਾਪਤ ਨਹੀਂ ਹੁੰਦਾ-ਫਾਂਸੀ ਦਾ ਫੰਦਾ ਹਰ ਦਾਅਵੇਦਾਰ ਲਈ ਨਹੀਂ ਹੁੰਦਾ)

ਉਸਦੀ ਕੁਰਬਾਨੀ, ਉਸਦਾ ਸਬਰ, ਉਸਦੀ ਲਗਨ ਇੱਕ ਦਿਨ ਜ਼ਰੂਰ ਰੰਗ ਲਿਆਵੇਗੀ। ਅਤੇ ਅੱਜ ਜੇਲ੍ਹ ਵਿੱਚ ਕੈਦ ਇਨਕਲਾਬ ਦੀ ਹਰ ਆਵਾਜ਼ ਦਾ ਸੰਘਰਸ਼ ਵੀ। ਮੇਰਾ ਦਿਲ ਉਨ੍ਹਾਂ ਸਾਰੀਆਂ ਮਾਵਾਂ ਪ੍ਰਤੀ ਦੁਖੀ ਹੈ ਜੋ ਆਪਣੇ ਪੁੱਤਰਾਂ ਅਤੇ ਧੀਆਂ ਤੋਂ ਵਿਛੋੜੇ ਦਾ ਚੁੱਪ-ਚਾਪ ਦੁੱਖ ਝੱਲ ਰਹੀਆਂ ਹਨ। ਜਦੋਂ ਇਤਿਹਾਸ ਲਿਖਿਆ ਜਾਵੇਗਾ, ਸਾਡੇ ਬੱਚੇ ਉਨ੍ਹਾਂ ਲੋਕਾਂ ਵਿੱਚ ਗਿਣੇ ਜਾਣਗੇ ਜਿਨ੍ਹਾਂ ਨੇ ਜ਼ੁਲਮ ਦੇ ਸਾਹਮਣੇ ਆਪਣਾ ਸਿਰ ਨਹੀਂ ਝੁਕਾਇਆ।

**ਸਟੱਡੀ ਵੀਜ਼ਾ**

# ਵਿਦੇਸ਼ ਦਾ ਖ਼ੁਆਬ, ਹੁਣ ਕਿਵੇਂ ਲਵੇ ਪੰਜਾਬ... !

ਚਰਨਜੀਤ ਭੁੱਲਰ

**ਸਿੱਖਿਆ ਦੇ ਸੰਕਟ ਨਾਲ ਗਹਿਰਾ ਸੰਬੰਧ ਹੈ ਪ੍ਰਵਾਸ ਦਾ, ਜਿਸ ਕਿਸਮ ਨਾਲ ਪੰਜਾਬ ਦੀ ਉਚੇਰੀ ਸਿੱਖਿਆ ਦਹਾਕਿਆਂ ਤੋਂ ਸੰਕਟਗ੍ਰਸਤ ਹੋਈ ਪਈ ਹੈ ਉਸ ਕਾਰਨ ਕਿਸੇ ਵੀ ਕਿਸਮ ਦੀ ਯੋਗਤਾ ਅਤੇ ਸਕਿਲ ਸਾਡੇ ਪੰਜਾਬੀਆਂ ਵਿਚ ਨਹੀਂ ਉਤਪੰਨ ਹੋ ਸਕੀ। ਇਹ ਤਰਾਸਦੀ ਲਗਾਤਾਰ ਬਰਕਰਾਰ ਰਹੇਗੀ। ਭਲਾ ਹੀ ਇਕ ਵਾਰ ਪ੍ਰਵਾਸ ਨੂੰ ਠੱਲ ਪਈ ਹੈ ਪਰ ਇਸ ਤੋਂ ਸਬਕ ਲੈਣ ਲਈ ਸਮੁੱਚੇ ਪੰਜਾਬੀ ਜਗਤ ਦੇ ਸਿੱਖਿਆ ਅਦਾਰੇ ਅਤੇ ਸਰਕਾਰਾਂ ਕਿਸੇ ਵੀ ਕਿਸਮ ਨਾਲ ਗੌਰ ਨਹੀਂ ਕਰ ਰਹੀਆਂ। ਇਸ ਸਵਾਲ ਨੂੰ ਸੰਬੋਧਤ ਹੋਣ ਲਈ ਅਤੇ ਪ੍ਰਵਾਸ ਦੇ ਉਤਰਾਅ ਚੜ੍ਹਾਅ ਨੂੰ ਦੇਖਣ ਹਿੱਤ ਉਪਰੋਕਤ ਮੁੱਲਵਾਨ ਲਿਖਤ ਲੋਕ ਸਰੋਕਾਰਾਂ ਨਾਲ ਜੁੜੇ ਹੋਏ ਲੇਖਕ ਚਰਨਜੀਤ ਭੁੱਲਰ ਦੀ ਦੇਣ ਦਾ ਮਾਣ ਹਾਸਲ ਕਰ ਰਹੇ ਹਾਂ। - ਸੰਪਾਦਕ**



ਕੈਨੇਡਾ ਨੇ 'ਸਟੱਡੀ ਵੀਜ਼ਾ' ਦੇਣ ਤੋਂ ਬੂਹੇ ਭੇੜ ਲਏ ਹਨ, ਜਿਸ ਕਾਰਨ ਪੰਜਾਬ 'ਚ ਪਾਸਪੋਰਟ ਬਣਾਉਣ ਦਾ ਜਨੂੰਨ ਯਕਦਮ ਮੱਠਾ ਪੈ ਗਿਆ ਹੈ। ਲੰਘੇ ਵਰ੍ਹਿਆਂ 'ਚ ਪੰਜਾਬ ਦੇ ਲੋਕਾਂ ਨੇ ਲੱਕ ਬੰਨ੍ਹ ਕੇ ਪਾਸਪੋਰਟ ਬਣਾਏ ਅਤੇ ਹੁਣ ਪੁਰਾਣਾ ਜੋਸ਼ ਗ਼ਾਇਬ ਹੈ। ਖ਼ਾਸ ਕਰਕੇ ਕੈਨੇਡਾ ਸਰਕਾਰ ਵੱਲੋਂ ਦਿਖਾਈ ਸਖ਼ਤੀ ਨੇ ਪੰਜਾਬੀਆਂ ਦੇ ਉਤਸ਼ਾਹ ਨੂੰ ਸੱਟ ਮਾਰੀ ਹੈ। ਕੇਂਦਰੀ ਵਿਦੇਸ਼ ਮੰਤਰਾਲੇ ਵੱਲੋਂ ਜਾਰੀ ਤਾਜ਼ਾ ਅੰਕੜੇ ਗਵਾਹੀ ਭਰਦੇ ਹਨ ਕਿ ਜਨਵਰੀ 2025 ਤੋਂ ਜੂਨ 2025 ਦੇ ਛੇ ਮਹੀਨਿਆਂ ਦੌਰਾਨ ਪੰਜਾਬ 'ਚ ਔਸਤਨ ਪ੍ਰਤੀ ਦਿਨ 1978 ਪਾਸਪੋਰਟ ਬਣੇ ਹਨ ਜਦੋਂ ਕਿ ਸਾਲ 2024 'ਚ ਇਹੋ ਔਸਤ ਪ੍ਰਤੀ ਦਿਨ 2906 ਪਾਸਪੋਰਟਾਂ ਦੀ ਸੀ। ਪੰਜਾਬ ਸਰਕਾਰ ਵੱਲੋਂ 'ਵਤਨ ਵਾਪਸੀ' ਦਾ ਨਾਅਰਾ ਦਿੱਤਾ ਗਿਆ ਸੀ ਅਤੇ ਹੁਣ 'ਆਪ' ਸਰਕਾਰ ਵਿਦੇਸ਼ ਜਾਣ ਦੇ ਰੁਝਾਨ ਨੂੰ ਠੱਲ੍ਹਣ ਨੂੰ ਆਪਣੀ ਪ੍ਰਾਪਤੀ ਵਜੋਂ ਵੀ ਪੇਸ਼ ਕਰ ਰਹੀ ਹੈ। ਹਕੀਕਤ ਇਹ ਹੈ ਕਿ ਕੈਨੇਡਾ ਸਰਕਾਰ ਸਖ਼ਤੀ ਦੇ ਰਾਹ ਪਈ ਹੈ। ਪੰਜਾਬ 'ਚੋਂ ਜ਼ਿਆਦਾਤਰ ਵਿਦਿਆਰਥੀ ਕੈਨੇਡਾ ਹੀ ਪੜ੍ਹਨ ਜਾ ਰਹੇ ਸਨ। ਇਸ ਸਾਲ ਦੇ ਪਹਿਲੇ ਛੇ ਮਹੀਨਿਆਂ ਦੌਰਾਨ 3.60 ਲੱਖ ਪਾਸਪੋਰਟ ਹੀ ਬਣੇ ਹਨ ਅਤੇ ਸਾਲ 2024 ਵਿੱਚ ਇਹ ਅੰਕੜਾ 10.60 ਲੱਖ ਪਾਸਪੋਰਟਾਂ ਦਾ ਸੀ। ਸਾਲ 2023 ਵਿਚ ਤਾਂ ਇਸ ਰੁਝਾਨ ਦਾ ਸਿਖਰ ਸੀ ਜਦੋਂ ਕਿ ਪ੍ਰਤੀ ਦਿਨ ਔਸਤਨ 3271 ਪਾਸਪੋਰਟ ਬਣੇ ਸਨ। 2023 'ਚ 11.94 ਲੱਖ ਪਾਸਪੋਰਟ ਬਣੇ ਸਨ। ਪੰਜਾਬ 'ਚ ਸਾਲ 2014 ਤੋਂ ਜੂਨ 2025 ਤੱਕ 95.41 ਲੱਖ ਪਾਸਪੋਰਟ ਬਣੇ ਹਨ ਜਦੋਂ ਕਿ ਪੰਜਾਬ ਦੇ ਘਰਾਂ ਦੀ ਗਿਣਤੀ 65 ਲੱਖ ਹੈ। ਮਤਲਬ ਕਿ ਹਰ ਦੋ ਘਰਾਂ ਪਿੱਛੇ ਤਿੰਨ ਪਾਸਪੋਰਟ ਬਣੇ ਹਨ। ਉਂਜ ਆਬਾਦੀ ਦੇ ਲਿਹਾਜ਼ ਨਾਲ ਹਰ ਤੀਜਾ ਪੰਜਾਬੀ ਪਾਸਪੋਰਟ ਹੋਲਡਰ ਹੈ। ਵਰ੍ਹਾ 2020 ਵਿੱਚ ਪ੍ਰਤੀ ਦਿਨ ਔਸਤਨ 1321 ਪਾਸਪੋਰਟ ਬਣੇ ਸਨ ਅਤੇ ਸਾਲ 2023 ਵਿੱਚ ਇਹ ਦਰ ਢਾਈ ਗੁਣਾ ਵਾਧੇ ਨੂੰ ਪਾਰ ਕਰ ਗਈ ਸੀ। ਕੈਨੇਡਾ ਵਾਸੀ ਕਮਲਜੀਤ ਸਿੰਘ ਸਿੱਧੂ ਆਖਦੇ ਹਨ ਕਿ ਮੁੱਖ ਦੋ ਕਾਰਨ ਇਸ ਲਈ ਜ਼ਿੰਮੇਵਾਰ ਹਨ। ਪਹਿਲਾ, ਕੈਨੇਡਾ ਸਰਕਾਰ ਵੱਲੋਂ ਕਾਨੂੰਨਾਂ 'ਚ ਸਖ਼ਤੀ ਕਰਨਾ ਅਤੇ ਦੂਜਾ ਕੈਨੇਡਾ ਵਿੱਚ ਮੰਦਹਾਲੀ ਦਾ ਦੌਰ ਹੋਣ ਕਰਕੇ ਵਿਦਿਆਰਥੀਆਂ ਵੱਲੋਂ ਰੁਜ਼ਗਾਰ ਦੀ ਵੱਡੀ ਸਮੱਸਿਆ ਦਾ ਸਾਹਮਣਾ ਕਰਨਾ। ਵਿਦੇਸ਼ ਤੋਂ ਪਰਤੇ ਵਿਦਿਆਰਥੀ ਇਸ਼ਾਨ ਗਰਗ ਦਾ ਕਹਿਣਾ ਸੀ ਕਿ ਪ੍ਰੋਫੈਸ਼ਨਲ ਮੁਹਾਰਤ ਵਾਲੇ ਵਿਦਿਆਰਥੀ ਵੀ ਕੈਨੇਡਾ 'ਚ ਸੰਕਟ ਵਿੱਚੋਂ ਗੁਜ਼ਰ ਰਹੇ ਹਨ। ਦੇਖਿਆ ਜਾਵੇ ਤਾਂ ਪੰਜਾਬ 'ਚ ਆਈਲੈੱਟਸ ਕੇਂਦਰ ਵੀ ਵੱਡੇ ਪੱਧਰ 'ਤੇ ਬੰਦ ਹੋ ਗਏ ਹਨ ਅਤੇ ਪੇਂਡੂ ਬੱਚਿਆਂ ਲਈ ਜਹਾਜ਼ ਦੀ ਤਾਕੀ ਨੂੰ ਹੱਥ ਪਾਉਣਾ ਕਾਫ਼ੀ ਔਖਾ ਹੋ ਗਿਆ ਹੈ। ਬਠਿੰਡਾ ਦੇ ਬਰਿਲਜ਼ ਇੰਸਟੀਚਿਊਟ ਦੇ ਮਾਲਕ ਅਸ਼ੋਕ ਸਦਿਉੜਾ ਦਾ ਕਹਿਣਾ ਸੀ ਕਿ ਕੈਨੇਡਾ ਸਰਕਾਰ 50 ਫ਼ੀਸਦੀ ਦੇ ਕਰੀਬ ਵੀਜ਼ੇ ਰੱਦ ਕਰ ਰਹੀ ਹੈ ਅਤੇ ਸਟੱਡੀ ਵੀਜ਼ਾ ਲੈਣ ਲਈ ਰਾਹ ਕਾਫ਼ੀ ਔਖੇ ਹੋ ਗਏ ਹਨ। ਜੀਆਈਸੀ ਫ਼ੀਸ ਹੁਣ ਦੁੱਗਣੀ ਤੋਂ ਵੀ ਵਧਾ ਦਿੱਤੀ ਗਈ ਹੈ ਅਤੇ ਵਿਦਿਆਰਥੀਆਂ ਲਈ ਫੰਡਜ਼ ਵੀ ਛੇ ਮਹੀਨੇ ਪੁਰਾਣੇ ਹੋਣ ਦੀ ਸ਼ਰਤ ਲਾਜ਼ਮੀ ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਮਾਪਿਆਂ ਨੂੰ ਵੀ ਵੀਜ਼ੇ ਦੇਣੇ ਕਾਫ਼ੀ ਘੱਟ ਕਰ ਦਿੱਤੇ ਹਨ। ਪਿਛਾਂਹ ਨਜ਼ਰ ਮਾਰੀਏ ਤਾਂ ਜਦੋਂ ਕੋਵਿਡ ਮਹਾਮਾਰੀ ਸੀ ਤਾਂ ਉਦੋਂ ਇਸ ਰੁਝਾਨ 'ਚ ਖੜੋਤ ਆ ਗਈ ਸੀ ਅਤੇ ਦੂਜਾ ਹੁਣ ਵਿਦੇਸ਼ ਦੀ ਸਖ਼ਤੀ ਨੇ ਮੋੜਾ ਪਾਇਆ ਹੈ। ਚੰਗਾ ਪੱਖ ਇਹ ਹੈ ਕਿ ਕੈਨੇਡਾ ਦੀ ਸਖ਼ਤੀ ਮਗਰੋਂ ਪੰਜਾਬ ਦੇ ਵਿੱਦਿਅਕ ਅਦਾਰਿਆਂ 'ਚ ਰੌਣਕ ਪਰਤਣ ਲੱਗੀ ਹੈ। ਪੰਜਾਬ 'ਚ ਸਟੱਡੀ ਵੀਜ਼ੇ ਦਾ ਰੁਝਾਨ ਸਾਲ 2016-17 ਵਿਚ ਸ਼ੁਰੂ ਹੋਇਆ ਸੀ। ਮੁੱਢਲੇ ਪੜਾਅ 'ਤੇ ਵਿਦੇਸ਼ਾਂ 'ਚ ਪੀਆਰ ਹੋਣ ਵਾਲੇ ਵਿਦਿਆਰਥੀਆਂ ਦੇ ਮਾਪੇ ਵੀ ਵਿਦੇਸ਼ ਜਾਣ 'ਚ ਸਫ਼ਲ ਹੋ ਗਏ ਸਨ ਜਿਸ ਕਰਕੇ ਪਾਸਪੋਰਟਾਂ ਦਾ ਅੰਕੜਾ ਵਧਿਆ ਸੀ। ਉੱਤਰੀ ਭਾਰਤ 'ਚੋਂ ਪੰਜਾਬ ਇਸ ਮਾਮਲੇ 'ਚ ਪਹਿਲੇ ਨੰਬਰ 'ਤੇ ਰਿਹਾ ਹੈ। ਹਰਿਆਣਾ 'ਚ ਵੀ ਇਸ ਵਰ੍ਹੇ ਦੇ ਛੇ ਮਹੀਨਿਆਂ 'ਚ 2.12 ਲੱਖ ਪਾਸਪੋਰਟ ਬਣੇ ਹਨ ਜਦੋਂ ਕਿ ਸਾਲ 2024 ਵਿੱਚ 5.49 ਲੱਖ ਪਾਸਪੋਰਟ ਬਣੇ ਸਨ।

# 'ਲੈਂਡ ਪੂਲਿੰਗ ਨੀਤੀ' ਦਾ ਵਧ ਰਿਹਾ ਵਿਰੋਧ


ਬੂਟਾ ਸਿੰਘ
ਮਹਿਮੂਦਪੁਰ
94634-74342




*ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਨੀਤੀ ਕਿਸਾਨਾਂ ਨੂੰ ਕਾਇਲ ਕਰਨ 'ਚ ਕਾਮਯਾਬ ਹੁੰਦੀ ਨਜ਼ਰ ਨਹੀਂ ਆ ਰਹੀ। ਅਰਥਸ਼ਾਸਤਰੀ, ਕਿਸਾਨ ਜਥੇਬੰਦੀਆਂ ਅਤੇ ਹੋਰ ਜਾਗਰੂਕ ਹਿੱਸੇ ਵੀ ਇਸ ਨੀਤੀ ਉੱਪਰ ਤਿੱਖੇ ਸਵਾਲ ਉਠਾ ਰਹੇ ਹਨ। ਕੀ ਇਸ ਨੀਤੀ ਵਿਚ ਵਿਕਾਸ ਵਰਗਾ ਕੁਝ ਹੈ ਜਿਸਦੇ ਦਾਅਵੇ ਕੀਤੇ ਜਾ ਰਹੇ ਹਨ ਜਾਂ ਇਹ ਨਵੇਂ ਸੰਕਟਾਂ ਨੂੰ ਜਨਮ ਦੇਵੇਗੀ? ਇਨ੍ਹਾਂ ਮਹੱਤਵਪੂਰਨ ਨੁਕਤਿਆਂ ਦੀ ਚਰਚਾ ਇਸ ਲੇਖ ਵਿਚ ਕੀਤੀ ਗਈ ਹੈ। -ਸੰਪਾਦਕ*

ਜਿਉਂ-ਜਿਉਂ ਭਗਵੰਤ ਮਾਨ ਸਰਕਾਰ ਕਿਸਾਨਾਂ ਨੂੰ ਭਰਮਾਉਣ ਲਈ 'ਲੈਂਡ ਪੂਲਿੰਗ ਨੀਤੀ' ਵਿਚ ਨਵੀਂਆਂ-ਨਵੀਂਆਂ ਸੋਧਾਂ ਕਰ ਰਹੀ ਹੈ, ਓਨਾ ਹੀ ਜ਼ਿਆਦਾ ਇਹ ਨੀਤੀ ਹੋਰ ਜ਼ਿਆਦਾ ਵਿਵਾਦਾਂ 'ਚ ਘਿਰਦੀ ਜਾਂਦੀ ਹੈ। ਗ਼ਲਤ ਨੀਤੀ ਨੂੰ ਵਾਪਸ ਲੈਣ ਦੀ ਬਜਾਏ 'ਆਮ ਆਦਮੀ' ਦੇ ਭੇਸ ਵਿਚ ਇਹ ਰਾਜਨੀਤਕ ਠੱਗ ਵੀ ਮੋਦੀ ਵਜ਼ਾਰਤ ਦੀ ਤਰਜ਼ 'ਤੇ ਇਸ ਨੂੰ ਲੋਕ-ਹਿਤੈਸ਼ੀ ਸਿੱਧ ਕਰਨ ਲਈ ਨਵੀਂਆਂ-ਨਵੀਂਆਂ ਦਲੀਲਾਂ ਨਾਲ ਸ਼ਿੰਗਾਰਕੇ ਪੇਸ਼ ਕਰ ਰਹੇ ਹਨ। ਜਦੋਂ ਨੀਤੀ ਕਿਸੇ ਖ਼ਾਸ ਪਰਤ ਦੇ ਵਪਾਰਕ ਲੋਟੂ ਹਿਤ ਅਤੇ ਗੁੱਝੇ ਮਕਸਦ ਲਈ ਬਣਾਈ ਗਈ ਹੋਵੇ, ਓਦੋਂ ਇੰਝ ਹੀ ਵਾਪਰਦਾ ਹੈ ਅਤੇ ਹੁਕਮਰਾਨ ਧਿਰ ਕੋਲ ਆਪਣੀ ਲੋਕ ਵਿਰੋਧੀ ਨੀਤੀ ਨੂੰ ਜਚਣਹਾਰ ਬਣਾਉਣ ਲਈ ਨਵੀਂਆਂ-ਨਵੀਂਆਂ ਲੁਭਾਉਣੀਆਂ ਝੂਠੀਆਂ ਦਲੀਲਾਂ ਪੇਸ਼ ਕਰਨ ਤੋਂ ਸਿਵਾਏ ਹੋਰ ਕੁਝ ਨਹੀਂ ਹੁੰਦਾ।

ਪ੍ਰਭਾਵਿਤ ਹੋਣ ਵਾਲੇ ਕਿਸਾਨ ਇਸ ਨੀਤੀ ਨੀਤੀ ਦਾ ਤਿੱਖਾ ਵਿਰੋਧ ਕਰ ਰਹੇ ਹਨ। ਸਰਕਾਰ ਉਨ੍ਹਾਂ ਦੇ ਵਿਰੋਧ ਦੀ ਧਾਰ ਖੁੰਢੀ ਕਰਨ ਲਈ ਇਹ ਪ੍ਰਚਾਰ ਕਰ ਰਹੀ ਹੈ ਕਿ ਅਸੀਂ ਤਾਂ ਪਹਿਲੀਆਂ ਸਰਕਾਰਾਂ ਦੀ ਨੀਤੀ ਨੂੰ ਹੀ 'ਲਾਹੇਵੰਦ' ਬਣਾ ਕੇ ਪੇਸ਼ ਕਰ ਰਹੇ ਹਾਂ, ਵਿਰੋਧੀ-ਧਿਰ ਤਾਂ ਰਾਜਨੀਤਕ ਲਾਹਾ ਲੈਣ ਲਈ ਇਸ ਮੁੱਦੇ ਨੂੰ ਤੂਲ ਦੇ ਰਹੀ ਹੈ। ਵੋਟ ਸਿਆਸਤ ਵਿਚ ਹਰ ਵਿਰੋਧੀ-ਧਿਰ ਨੇ ਰਾਜਨੀਤਕ ਲਾਹਾ ਲੈਣ ਲਈ ਇਸੇ ਤਰ੍ਹਾਂ ਕਰਨਾ ਹੁੰਦਾ ਹੈ, ਇਸ ਵਿਚ ਹੈਰਾਨੀਜਨਕ ਕੀ ਹੈ! ਸਵਾਲ ਤਾਂ ਇਹ ਹੈ ਕਿ ਪਹਿਲੀਆਂ ਸਰਕਾਰਾਂ ਦੀ ਆਮ ਲੋਕਾਈ ਦੇ ਸਰੋਕਾਰਾਂ ਤੇ ਹਿਤਾਂ ਨੂੰ ਦਰਕਿਨਾਰ ਕਰਕੇ ਬਣਾਈ ਸ਼ਹਿਰੀਕਰਨ ਦੀ ਨੀਤੀ ਨੂੰ ਰੱਦ ਕਰਨ ਦੀ ਬਜਾਏ ਤੁਸੀਂ ਕਿਉਂ ਜਾਰੀ ਰੱਖਣਾ ਚਾਹੁੰਦੇ ਹੋ? ਸ਼ਹਿਰੀਕਰਨ ਦੇ ਪਸਾਰੇ ਲਈ ਤੁਹਾਡੀ ਇਸ ਨੀਤੀ ਦਾ ਆਧਾਰ ਕਿਹੜਾ ਅਧਿਐਨ ਅਤੇ ਕਿਹੜੇ ਮਾਹਰਾਂ ਦੀਆਂ ਸਿਫ਼ਾਰਸ਼ਾਂ ਹਨ? ਤੁਸੀਂ ਕਿਹੜਾ ਸਰਵੇ ਕਰਾਇਆ, ਜਿਸ ਤੋਂ ਇਹ ਪਤਾ ਲੱਗਿਆ ਕਿ ਸਮਾਜ ਦੇ ਫਲਾਣੇ ਹਿੱਸੇ ਦੀ ਘਰਾਂ ਦੀ ਲੋੜ ਪੂਰਤੀ ਲਈ ਫਲਾਣੇ ਸ਼ਹਿਰ ਨੂੰ ਫਲਾਣੇ ਪਾਸੇ ਵੱਲ ਉਪਜਾਊ ਜ਼ਮੀਨਾਂ ਦੀ ਬਲੀ ਦੇ ਕੇ ਵਧਾਉਣਾ ਜ਼ਰੂਰੀ ਹੈ?

2011 ਦੀ ਮਰਦਮਸ਼ੁਮਾਰੀ ਅਨੁਸਾਰ ਪੰਜਾਬ ਪਹਿਲਾਂ ਹੀ ਭਾਰਤ ਦਾ ਛੇਵਾਂ ਸਭ ਤੋਂ ਵੱਧ ਸ਼ਹਿਰੀਕਰਨ ਹੋ ਚੁੱਕਾ ਰਾਜ ਹੈ। ਜਿੱਥੇ ਪਹਿਲਾਂ ਹੀ ਮੁਲਕ ਦੇ ਔਸਤ ਸ਼ਹਿਰੀਕਰਨ (31%) ਨਾਲੋਂ ਵੱਧ ਸ਼ਹਿਰੀਕਰਨ (37.48%) ਹੋ ਚੁੱਕਾ ਹੈ, ਉੱਥੇ ਸ਼ਹਿਰੀਕਰਨ ਨੂੰ ਹੋਰ ਵਧਾਉਣ ਦੀ ਕੀ ਵਾਜਬੀਅਤ ਹੈ। ਕੋਰੋਨਾ ਮਹਾਮਾਰੀ ਨੇ ਵੀ ਪ੍ਰਤੱਖ ਦਿਖਾ ਦਿੱਤਾ ਸੀ ਕਿ ਸ਼ਹਿਰਾਂ ਦੇ ਮੁਕਾਬਲੇ ਪਿੰਡਾਂ ਦੀ ਘੱਟ ਸਹੂਲਤਾਂ ਵਾਲੀ ਜ਼ਿੰਦਗੀ ਕਿੰਨੀ ਸੁਰੱਖਿਅਤ ਹੈ ਅਤੇ ਉੱਥੇ ਰੋਜ਼ਗਾਰ ਦੇ ਮੌਕੇ ਤੇ ਆਧੁਨਿਕ ਸਹੂਲਤਾਂ ਵਧਾਉਣ ਦੀ ਠੋਸ ਨੀਤੀ ਲੈ ਕੇ ਗ਼ੈਰਜ਼ਰੂਰੀ ਸ਼ਹਿਰੀਕਰਨ ਦੇ ਰੁਝਾਨ ਨੂੰ ਨਿਰਉਤਸ਼ਾਹਤ ਕੀਤਾ ਜਾ ਸਕਦਾ ਹੈ। ਦੂਜੇ ਪਾਸੇ, ਰੀਅਲ ਅਸਟੇਟ ਕਾਰੋਬਾਰੀਆਂ ਵੱਲੋਂ ਧਨ ਅਤੇ ਰਾਜਨੀਤਕ ਰਸੂਖ਼ ਦੇ ਜ਼ੋਰ ਕੀਤਾ ਜਾ ਰਿਹਾ ਬੇਤਹਾਸ਼ਾ ਸ਼ਹਿਰੀਕਰਨ ਸਮਾਜ ਲਈ ਪਹਿਲਾਂ ਹੀ ਵੱਡੇ ਸੰਕਟ ਪੈਦਾ ਕਰ ਰਿਹਾ ਹੈ ਜਿਨ੍ਹਾਂ ਦਾ ਸਰਕਾਰਾਂ ਕੋਲ ਕੋਈ ਹੱਲ ਨਹੀਂ ਹੈ। ਸ਼ਹਿਰਾਂ ਦੀਆਂ ਬੁਰੀ ਤਰ੍ਹਾਂ ਟੁੱਟੀਆਂ ਸੜਕਾਂ, ਸੀਵਰ ਪ੍ਰਬੰਧ ਦੇ ਮਾੜੇ ਹਾਲ, ਕੂੜੇ ਅਤੇ ਗੰਦਗੀ ਦੀ ਸਮੱਸਿਆ, ਸਾਹ ਲੈਣ ਦੇ ਨਾਕਾਬਲ ਦੂਸ਼ਿਤ ਪੌਣਪਾਣੀ, ਪੀਣ ਵਾਲੇ ਪਾਣੀ ਦੀ ਸਮੱਸਿਆ ਆਦਿ ਸ਼ਹਿਰੀਕਰਨ ਨਾਲ ਹੋਏ 'ਵਿਕਾਸ' ਦੀ ਮੂੰਹ ਬੋਲਦੀ ਤਸਵੀਰ ਹਨ। ਪਹਿਲਾਂ ਹੋ ਚੁੱਕੇ ਸ਼ਹਿਰੀਕਰਨ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਸਹੀ ਯੋਜਨਾਬੰਦੀ ਕਰਨ ਅਤੇ ਬੁਨਿਆਦੀ ਢਾਂਚਾ ਵਿਕਸਤ ਕਰਨ ਲਈ ਬਜਟ ਮੁਹੱਈਆ ਕਰਨ ਦੀ ਬਜਾਏ ਸ਼ਹਿਰੀਕਰਨ ਦਾ ਪਸਾਰਾ ਸਮੱਸਿਆਵਾਂ ਨੂੰ ਹੋਰ ਵਧਾਉਣ ਦੀ ਨੀਤੀ ਤੋਂ ਸਿਵਾਏ ਕੁਝ ਨਹੀਂ ਹੈ।

ਪੰਜਾਬ ਵਿਚ ਜ਼ਮੀਨ ਦਾ ਖੇਤੀਬਾੜੀ ਹੇਠਲਾ ਰਕਬਾ ਲਗਾਤਾਰ ਘਟ ਰਿਹਾ ਹੈ। ਕੇਂਦਰ ਸਰਕਾਰ ਵੱਲੋਂ ਕਾਰਪੋਰੇਟ ਸਰਮਾਏ ਦੇ ਕਾਰੋਬਾਰੀ ਹਿਤਾਂ ਲਈ ਉਪਜਾਊ ਜ਼ਮੀਨਾਂ ਉੱਪਰ ਬਣਾਏ ਜਾ ਰਹੇ 'ਭਾਰਤ ਮਾਲਾ' ਵਰਗੇ ਐਕਸਪ੍ਰੈੱਸ ਹਾਈਵੇਅ ਪ੍ਰੋਜੈਕਟ ਪਹਿਲਾਂ ਹੀ ਅਜਿਹੀ ਦਹਿ-ਹਜ਼ਾਰਾਂ ਏਕੜ ਜ਼ਮੀਨ ਕਬਜ਼ਾ ਕੇ ਉਪਜਾਊ ਜ਼ਮੀਨ ਦਾ ਰਕਬਾ ਘਟਾ ਰਹੇ ਹਨ। ਭਵਿੱਖ ਵਿਚ ਇਸਦਾ ਗੰਭੀਰ ਅਸਰ ਖੇਤੀਬਾੜੀ ਪੈਦਾਵਾਰ ਅਤੇ ਵਸੋਂ ਦੀ ਭੋਜਨ ਸੁਰੱਖਿਆ ਉੱਪਰ ਪੈਣਾ ਹੈ। ਖੇਤੀਬਾੜੀ ਹੇਠਲੇ ਮੌਜੂਦਾ ਰਕਬੇ ਨੂੰ ਬਚਾਉਣ ਦੇ ਨਜ਼ਰੀਏ ਨਾਲ ਲੋੜਵੰਦ ਸ਼ਹਿਰੀ ਵਸੋਂ ਦੀਆਂ ਜ਼ਰੂਰਤਾਂ ਦੀ ਪੂਰਤੀ ਲਈ ਕੋਈ ਤਰਕਪੂਰਨ ਨੀਤੀ ਬਣਾਉਣ ਦੀ ਬਜਾਏ ਸ਼ਹਿਰੀਕਰਨ ਦੀ ਉਪਰੋਕਤ ਤਰਕਹੀਣ ਨੀਤੀ ਨੌਕਰਸ਼ਾਹ ਦਿਮਾਗਾਂ ਦੀ ਕਾਢ ਹੈ। ਜਿਸਦੇ ਪਿੱਛੇ ਲਾਜ਼ਮੀ ਤੌਰ 'ਤੇ ਪਿੰਡਾਂ ਦੀ ਕੀਮਤ 'ਤੇ ਖ਼ਾਸ ਹਿਤਾਂ ਨੂੰ ਲਾਭ ਪਹੁੰਚਾਉਣ ਦਾ ਲੋਕ ਵਿਰੋਧੀ ਮਕਸਦ ਕੰਮ ਕਰਦਾ ਹੈ ਜਿਸ ਨੂੰ ਪੁੱਡਾ (ਪੰਜਾਬ ਅਰਬਨ ਡਿਵੈਲਪਮੈਂਟ ਅਥਾਰਟੀ) ਦੇ ਨਾਂ ਹੇਠ ਅੰਜਾਮ ਦਿੱਤਾ ਜਾਣਾ ਹੈ।

ਬਹੁਤ ਸਾਰੇ ਸ਼ਹਿਰਾਂ ਵਿਚ ਪਹਿਲਾਂ ਹੀ ਬਿਲਡਰਾਂ ਅਤੇ ਰੀਅਲ ਇਸਟੇਟ ਮਾਫ਼ੀਆ ਨੇ ਖੇਤੀ ਵਾਲਾ ਉਪਜਾਊ ਰਕਬਾ ਸ਼ਹਿਰੀਕਰਨ ਹੇਠ ਲਿਆ ਕੇ ਕਲੋਨੀਆਂ ਅਤੇ ਪਲਾਟ ਕੱਟੇ ਹੋਏ ਹਨ ਜੋ ਖਾਲੀ ਪਏ ਹਨ। ਵੱਖ-ਵੱਖ ਕਾਰਨਾਂ ਕਰਕੇ ਅਜਿਹੀ ਜ਼ਮੀਨ ਪੂਰੀ ਤਰ੍ਹਾਂ ਵਰਤੋਂ ਵਿਚ ਨਹੀਂ ਲਿਆਂਦੀ ਜਾ ਰਹੀ। ਜ਼ਮੀਨ ਦੇ ਉਸ ਰਕਬੇ ਨੂੰ ਵਰਤੋਂ 'ਚ ਲਿਆਉਣ, ਅਣਅਧਿਕਾਰਕ ਕਾਲੋਨੀਆਂ ਕੱਟਣ ਵਾਲੇ ਮਾਫ਼ੀਆ ਨੂੰ ਨੱਥ ਪਾ ਕੇ ਜ਼ਮੀਨਾਂ ਦੀ ਹੋਰ ਦੁਰਵਰਤੋਂ ਨੂੰ ਰੋਕਣ ਨੂੰ ਤਰਜ਼ੀਹ ਦੇਣੀ ਬਣਦੀ ਸੀ। ਪਰ ਸਰਕਾਰ ਨੇ ਸਗੋਂ ਹੋਰ ਜ਼ਮੀਨਾਂ ਐਕਵਾਇਰ ਕਰਨ ਦੀ ਵਿਨਾਸ਼ਕਾਰੀ ਨੀਤੀ ਥੋਪਣੀ ਸ਼ੁਰੂ ਕਰ ਦਿੱਤੀ ਹੈ।

ਇਸ ਸਰਕਾਰ ਦਾ ਪਹਿਲੀਆਂ ਸਰਕਾਰਾਂ ਦੇ ਮੁਕਾਬਲੇ ਸ਼ਹਿਰੀਕਰਨ ਦੀ ਪਾਰਦਰਸ਼ੀ ਅਤੇ ਲੋਕ ਹਿਤੈਸ਼ੀ ਨੀਤੀ ਦਾ ਦਾਅਵਾ ਪੂਰੀ ਤਰ੍ਹਾਂ ਖੋਖਲਾ ਅਤੇ ਝੂਠਾ ਹੈ। ਹਕੀਕਤ ਇਹ ਹੈ ਕਿ ਇਹ ਨੀਤੀ "ਭੂਮੀ ਗ੍ਰਹਿਣ, ਪੁਨਰਵਾਸ ਅਤੇ ਮੁੜ ਵਸੇਬਾ ਵਿਚ ਯੋਗ ਮੁਆਵਜ਼ਾ ਅਤੇ ਪਾਰਦਰਸ਼ਤਾ ਦਾ ਅਧਿਕਾਰ ਐਕਟ, 2013" ਨੂੰ ਲਾਂਭੇ ਕਰਕੇ ਜ਼ਮੀਨ ਹਥਿਆਉਣ ਲਈ ਹੈ। ਉਸ ਐਕਟ ਵਿਚ ਜੋ ਸਮਾਜ ਦੇ ਵੱਖ-ਵੱਖ ਹਿੱਸਿਆਂ ਉੱਪਰ ਪੈਣ ਵਾਲੇ ਅਸਰਾਂ ਦਾ ਅੰਦਾਜ਼ਾ ਲਾਉਣ ਦੀ ਬਾਕਾਇਦਾ ਪ੍ਰਕਿਰਿਆ, ਘੱਟੋਘੱਟ 70% ਪ੍ਰਭਾਵਿਤ ਪਰਿਵਾਰਾਂ ਦੀ ਸਹਿਮਤੀ ਲੈਣ, ਯੋਗ ਮੁਆਵਜ਼ੇ, ਮੁੜ-ਵਸੇਬੇ ਆਦਿ ਦੀ ਕੁਝ ਨਾ ਕੁਝ ਗਾਰੰਟੀ ਹੈ, ਇਹ ਨੀਤੀ ਇਸ ਐਕਟ ਦੀ ਕਾਨੂੰਨੀ ਵਿਵਸਥਾ ਨੂੰ ਵੀ ਲਾਗੂ ਨਹੀਂ ਕਰਦੀ। ਫਿਰ ਇਸ ਵਿਚ ਪਾਰਦਰਸ਼ਤਾ ਕਿੱਥੇ ਹੈ?

ਕਿਸਾਨਾਂ ਕੋਲ ਸਿਰਫ਼ ਖੇਤੀ ਕਰਨ ਦਾ ਹੁਨਰ ਅਤੇ ਤਜਰਬਾ ਹੈ। ਸਰਕਾਰ ਜੋ ਵਪਾਰਕ ਪਲਾਟਾਂ ਦੀ ਪੇਸ਼ਕਸ਼ ਕਰ ਰਹੀ ਹੈ, ਉਸ ਉੱਪਰ ਕਿਸਾਨ ਕਿਸ ਹੁਨਰ ਅਤੇ ਤਜਰਬੇ ਨਾਲ, ਅਤੇ ਕਿਹੜਾ ਨਵਾਂ ਕਾਰੋਬਾਰ ਸ਼ੁਰੂ ਕਰਨਗੇ। ਇਹ ਨਵੇਂ ਕਾਰੋਬਾਰ ਉੱਥੇ ਹੀ ਖੋਲ੍ਹੇ ਜਾਣਗੇ ਜਿੱਥੇ ਸਰਕਾਰਾਂ ਦੀਆਂ ਵੱਡੇ ਅਜਾਰੇਦਾਰ ਸਰਮਾਏ ਪੱਖੀ ਨੀਤੀਆਂ ਕਾਰਨ ਛੋਟੇ ਤੇ ਦਰਮਿਆਨੇ ਕਾਰੋਬਾਰ ਪਹਿਲਾਂ ਹੀ ਵੱਡੇ ਸੰਕਟ ਦੀ ਲਪੇਟ 'ਚ ਆ ਚੁੱਕੇ ਹਨ। ਜਦੋਂ ਵੱਡੇ-ਵੱਡੇ ਮਾਲ ਤੇ ਐਮਾਜ਼ੋਨ ਵਰਗੇ ਅਜਾਰੇਦਾਰ ਕਾਰੋਬਾਰ ਆਨ-ਲਾਈਨ ਹੋਮ ਡਿਲੀਵਰੀ ਰਾਹੀਂ ਛੋਟੇ ਦੁਕਾਨਦਾਰਾਂ ਦੀ ਮਾਰਕੀਟ ਤੇਜ਼ੀ ਨਾਲ ਹੜੱਪ ਰਹੇ ਹਨ, ਉੱਥੇ ਜ਼ਮੀਨ ਬਦਲੇ ਵਪਾਰਕ ਪਲਾਟ ਲੈਣ ਵਾਲੀ ਕਿਸਾਨੀ ਦੇ ਹਨੇਰੇ ਭਵਿੱਖ ਦੀ ਕਲਪਨਾ ਸਹਿਜੇ ਹੀ ਕੀਤੀ ਜਾ ਸਕਦੀ ਹੈ।

ਜਦੋਂ ਸ਼ਹਿਰੀਕਰਨ ਦੇ ਵਧਾਰੇ-ਪਸਾਰੇ ਨਾਲ ਪਿੰਡ ਖ਼ਤਮ ਹੁੰਦਾ ਹੈ ਤਾਂ ਕਿਸਾਨਾਂ ਤੋਂ ਬਿਨਾਂ ਹੋਰ ਕਈ ਸਮਾਜਿਕ ਹਿੱਸੇ ਵੀ ਉੱਜੜਦੇ ਤੇ ਬਰਬਾਦ ਹੁੰਦੇ ਹਨ। ਪੰਜਾਬ ਵਿਚ ਬੇਰੁਜ਼ਗਾਰੀ ਪਹਿਲਾਂ ਹੀ ਬਹੁਤ ਵੱਡੀ ਸਮੱਸਿਆ ਹੈ। ਪਿੰਡ ਉੱਜੜਣ ਨਾਲ ਸਵੈ ਕਿੱਤੇ ਰਾਹੀਂ ਕਿਸੇ ਨਾ ਕਿਸੇ ਤਰ੍ਹਾਂ ਆਪਣਾ ਗੁਜ਼ਾਰਾ ਕਰਨ ਵਾਲੇ ਇਨ੍ਹਾਂ ਸਾਰੇ ਲੋਕਾਂ ਦੇ ਰੋਜ਼ਗਾਰ ਦੇ ਵਸੀਲੇ ਖ਼ਤਮ ਹੋ ਜਾਂਦੇ ਹਨ। ਸ਼ਹਿਰੀਕਰਨ ਵੱਲੋਂ ਨਿਗਲ ਲਏ ਸੈਂਕੜੇ ਪਿੰਡ ਇਸ ਦੇ ਗਵਾਹ ਹਨ। ਸਰਕਾਰ ਕਿਸਾਨਾਂ ਨੂੰ ਤਾਂ ਜ਼ਮੀਨਾਂ ਬਦਲੇ ਰਿਹਾਇਸ਼ੀ ਤੇ ਵਪਾਰਕ ਪਲਾਟਾਂ ਤੇ ਮੁਆਵਜ਼ੇ ਦੀ ਪੇਸ਼ਕਸ਼ ਕਰ ਰਹੀ ਹੈ ਪਰ ਬੇਜ਼ਮੀਨੇ ਹਿੱਸਿਆਂ ਲਈ ਇਸ ਨੀਤੀ ਵਿਚ ਕੋਈ ਜਗ੍ਹਾ ਨਹੀਂ ਹੈ। ਨਾ ਇਸ ਕੋਲ ਉਨ੍ਹਾਂ ਲਈ ਬਦਲਵੇਂ ਰੋਜ਼ਗਾਰ ਦੀ ਕੋਈ ਯੋਜਨਾ ਵੀ ਨਹੀਂ ਹੈ। ਉਨ੍ਹਾਂ ਦਾ ਕੀ ਬਣੇਗਾ?

ਜੇਕਰ ਸਰਕਾਰ ਦੀ ਇਹ ਨੀਤੀ ਪਾਰਦਰਸ਼ੀ ਅਤੇ ਲੋਕ ਹਿਤੈਸ਼ੀ ਹੈ ਤਾਂ ਫਿਰ ਇਹ ਵਾਰ-ਵਾਰ ਬਦਲੀ ਕਿਉਂ ਜਾ ਰਹੀ ਹੈ? ਪਿੰਡਾਂ ਦੀ ਗਿਣਤੀ ਵੀ ਹੁਣ 156 ਤੋਂ ਵਧਕੇ 164 ਦੱਸੀ ਜਾਣ ਲੱਗੀ ਹੈ ਜਿਨ੍ਹਾਂ ਦੀ ਜ਼ਮੀਨ ਲੈਂਡ ਪੂਲਿੰਗ ਹੇਠ ਲਿਆਂਦੀ ਜਾਣੀ ਹੈ। ਪਹਿਲਾਂ ਜ਼ਮੀਨ 'ਵਿਕਸਿਤ ਹੋਣ ਤੱਕ' ਜ਼ਮੀਨ ਮਾਲਕ ਨੂੰ ਪ੍ਰਤੀ ਏਕੜ ਬਦਲੇ ਇਕ ਹਜ਼ਾਰ ਵਰਗ ਰਿਹਾਇਸ਼ੀ ਪਲਾਟ ਅਤੇ 200 ਵਰਗ ਵਪਾਰਕ ਪਲਾਟ ਦੇ ਨਾਲ 30000 ਰੁਪਏ ਗੁਜ਼ਾਰਾ ਭੱਤਾ ਦੇਣ ਦੀ ਪੇਸ਼ਕਸ਼ ਕੀਤੀ ਗਈ। ਵਿਰੋਧ ਦੇ ਮੱਦੇਨਜ਼ਰ ਇਹ ਰਕਮ ਵਧਾ ਕੇ 50000 ਅਤੇ ਹੁਣ 1 ਲੱਖ ਰੁਪਏ ਕਰ ਦਿੱਤੀ ਗਈ ਹੈ। ਸਵਾਲ ਇਹ ਹੈ ਕਿ ਇਹ ਰਕਮ ਕਿਸ ਆਧਾਰ 'ਤੇ ਤੈਅ ਕੀਤੀ ਜਾ ਰਹੀ ਹੈ? ਤੀਹ ਹਜ਼ਾਰ ਵੀ ਵਾਜਬ ਅਤੇ ਇਕ ਲੱਖ ਵੀ ਵਾਜਬ! ਇਹ ਦਲੀਲ ਹੋਰ ਵੀ ਹਾਸੋਹੀਣੀ ਹੈ ਕਿ ਪਹਿਲੀਆਂ ਸਰਕਾਰਾਂ ਵੱਲੋਂ ਇਹ ਰਕਮ 20000 ਰੁਪਏ ਦਿੱਤੀ ਜਾਣੀ ਸੀ, ਸਾਡੀ ਸਰਕਾਰ ਤਾਂ ਪੰਜ ਗੁਣਾ ਦੇ ਰਹੀ ਹੈ! ਕਿਸਾਨਾਂ ਨੂੰ ਵੱਡੇ ਮੁਨਾਫ਼ੇ ਕਮਾਉਣ ਦੇ ਲਾਲਚ ਦਿੱਤੇ ਜਾ ਰਹੇ ਹਨ ਅਤੇ ਸ਼ਹਿਰੀ ਲੋਕਾਂ ਨੂੰ ਸਸਤੇ ਘਰ ਮੁਹੱਈਆ ਕਰਨ ਦੇ ਲਾਰੇ ਲਾਏ ਜਾ ਰਹੇ ਹਨ। ਲੁਧਿਆਣਾ ਵਿਚ ਅਰਬਨ ਅਸਟੇਟ ਬਣਾਉਣ ਲਈ 32 ਪਿੰਡਾਂ ਦੀ ਪੂਲ ਕੀਤੀ ਜਾਣ ਵਾਲੀ 24322 ਏਕੜ ਜ਼ਮੀਨ ਸਮੇਤ 19 ਸ਼ਹਿਰਾਂ ਵਿਚ ਅਰਬਨ ਅਸਟੇਟ ਬਣਾਉਣ ਅਤੇ ਮੁਹਾਲੀ ਦੇ ਸੈਕਟਰਾਂ ਨੂੰ ਵਧਾਉਣ ਸਮੇਤ ਪੂਰੇ ਪੰਜਾਬ ਵਿਚ 164 ਪਿੰਡਾਂ ਦੀ 65533 ਏਕੜ ਜ਼ਮੀਨ ਐਕਵਾਇਰ ਕਰਨ ਦੀ ਯੋਜਨਾ ਨੂੰ ਲਾਗੂ ਕਰਨ ਲਈ ਧਨ ਦੇ ਉਪਰੋਕਤ ਪਾੜੇ ਨੂੰ ਪੂਰਨ ਲਈ ਪੈਸਾ ਕਿੱਥੋਂ ਆਵੇਗਾ? ਮਾਹਰਾਂ ਅਨੁਸਾਰ ਪੰਜਾਬ ਸਿਰ ਕਰਜ਼ੇ ਦੇ ਪਹਿਲਾਂ ਹੀ ਵਿਤੀ ਸਾਲ 2025-26 ਵਿਚ ਘੱਟੋਘੱਟ 4 ਲੱਖ ਕਰੋੜ ਹੋ ਜਾਣ ਦਾ ਅੰਦਾਜ਼ਾ ਹੈ। 'ਲੈਂਡ ਪੂਲਿੰਗ ਨੀਤੀ' ਲਈ ਕੀਤਾ ਜਾਣ ਵਾਲਾ ਉਪਰੋਕਤ ਖ਼ਰਚ ਇਸ ਕਰਜ਼ੇ ਦੀ ਪੰਡ ਨੂੰ ਹੋਰ ਵਧਾਏਗਾ।

ਕਿਸਾਨਾਂ ਦੀ ਸਹਿਮਤੀ ਲਈ ਜਾ ਰਹੀ ਹੈ ਜਾਂ ਨਹੀਂ, ਗੁਜ਼ਾਰਾ ਭੱਤਾ ਕਿੰਨਾ ਦਿੱਤਾ ਜਾ ਰਿਹਾ ਹੈ, ਜ਼ਮੀਨ ਵਿਕਸਤ ਹੋਣ 'ਤੇ ਜ਼ਮੀਨ ਮਾਲਕ ਨੂੰ ਕੀ-ਕੀ ਲਾਭ ਦਿੱਤੇ ਜਾਣਗੇ, ਜ਼ਮੀਨ ਐਕਵਾਇਰ ਕਰਨ ਸਮੇਂ ਇਹ ਸਾਰੇ ਪੱਖ ਮਹੱਤਵਪੂਰਨ ਹਨ। ਪਰ ਸਭ ਤੋਂ ਮਹੱਤਵਪੂਰਨ ਤਾਂ ਇਹ ਹੈ ਕਿ ਪੈਸਾ ਖ਼ਰਚਣ ਦੇ ਸਮਰੱਥ ਧਨਾਢ ਹਿੱਸਿਆਂ ਅਤੇ ਵਪਾਰਕ ਮੁਨਾਫ਼ਿਆਂ ਨੂੰ ਮੁੱਖ ਰੱਖਕੇ ਲਿਆਂਦਾ ਜਾ ਰਿਹਾ ਇਹ ਮਾਡਲ, ਕੀ ਇਹ ਸੱਚੀਮੁੱਚੀਂ ਸਾਡੇ ਸਮਾਜ ਨੂੰ ਵਿਕਾਸ ਦੇ ਰਾਹ 'ਤੇ ਲਿਜਾ ਰਿਹਾ ਹੈ? ਇਹ ਦਰਅਸਲ ਵਿਨਾਸ਼ਕਾਰੀ 'ਵਿਕਾਸ' ਮਾਡਲ ਹੈ ਜੋ ਉਪਜਾਊ ਜ਼ਮੀਨਾਂ ਨੂੰ ਮੁਨਾਫ਼ਾਖ਼ੋਰ ਗ਼ੈਰਉਪਜਾਊ ਵਪਾਰਕ ਸਰਮਾਏ ਦੇ ਮੁਨਾਫ਼ਿਆਂ ਦਾ ਸਾਧਨ ਬਣਾਉਂਦਾ ਹੈ ਅਤੇ ਸਵੈ-ਰੋਜ਼ਗਾਰ ਦੇ ਵਸੀਲੇ ਖੋਂਹਦਾ ਹੈ। ਇਹ ਸਾਫ਼ ਪੌਣਪਾਣੀ ਦਾ ਨਾਸ਼ ਮਾਰ ਕੇ ਸਮਾਜ ਨੂੰ ਹੋਰ ਜ਼ਿਆਦਾ ਸੰਕਟ ਵੱਲ ਧੱਕ ਰਿਹਾ ਹੈ ਜੋ ਪਹਿਲਾਂ ਹੀ ਪ੍ਰਦੂਸ਼ਣ ਅਤੇ ਖ਼ਤਰਨਾਕ ਬੀਮਾਰੀਆਂ ਨਾਲ ਜੂਝ ਰਹੇ ਹਨ। ਹਾਕਮ ਜਮਾਤ ਨੂੰ ਵਿਕਰਾਲ ਰੂਪ ਧਾਰ ਰਹੇ ਮਨੁੱਖੀ ਅਤੇ ਵਾਤਾਵਰਣੀ ਸੰਕਟਾਂ ਨਾਲ ਕੋਈ ਸਰੋਕਾਰ ਨਹੀਂ ਹੈ।

ਕਿਸਾਨ, ਮਜ਼ਦੂਰ ਅਤੇ ਹੋਰ ਤਬਕੇ ਆਪਣੀਆਂ ਜਿਨ੍ਹਾਂ ਮੰਗਾਂ ਨੂੰ ਮੰਨਵਾਉਣ ਤੇ ਮਸਲੇ ਹੱਲ ਕਰਨ ਲਈ ਸਰਕਾਰ ਵਿਰੁੱਧ ਲਗਾਤਾਰ ਸੰਘਰਸ਼ ਕਰ ਰਹੇ ਹਨ, ਉਨ੍ਹਾਂ ਉੱਪਰ ਸਰਕਾਰ ਗੱਲ ਕਰਨ ਤੋਂ ਵੀ ਟਾਲਾ ਵੱਟ ਰਹੀ ਹੈ ਅਤੇ ਜੋ ਨੀਤੀਆਂ ਸਰਕਾਰ ਪੇਸ਼ ਕਰ ਰਹੀ ਹੈ, ਉਹ ਲੋਕਾਂ ਨੂੰ ਮਨਜ਼ੂਰ ਨਹੀਂ। ਪੰਜਾਬ ਦੇ ਲੋਕਾਂ ਨਾਲ ਇਸ ਤੋਂ ਵੱਡਾ ਕੁਹਜਾ ਮਜ਼ਾਕ ਕੀ ਹੋ ਸਕਦਾ ਹੈ ਜਿਨ੍ਹਾਂ ਨੇ ਪਹਿਲੀਆਂ ਸਰਕਾਰਾਂ ਦੀ ਲੋਕ ਵਿਰੋਧੀ ਕਾਰਗੁਜ਼ਾਰੀ ਤੋਂ ਤੰਗ ਆ ਕੇ ਇਸ ਪਾਰਟੀ ਨੂੰ ਸੱਤਾ ਸੌਂਪੀ। 'ਉਸਾਰੂ ਖੇਤੀ ਨੀਤੀ' ਬਣਾਉਣਾ ਇਸ ਪਾਰਟੀ ਦੇ ਮੁੱਖ ਚੋਣ ਵਾਅਦਿਆਂ 'ਚ ਸ਼ੁਮਾਰ ਸੀ। ਜਿਵੇਂ ਪਹਿਲੀਆਂ ਦੋਹਾਂ ਸਰਕਾਰਾਂ ਨੇ ਆਪਣੇ ਕਾਰਜਕਾਲ ਵਿਚ ਖੇਤੀ ਨੀਤੀ ਬਾਰੇ ਬਣਾਈਆਂ ਕਮੇਟੀਆਂ ਵੱਲੋਂ ਪੇਸ਼ ਕੀਤੇ ਨੀਤੀ ਖਰੜਿਆਂ ਅਤੇ ਮਾਹਰਾਂ ਦੇ ਸੁਝਾਵਾਂ ਉੱਪਰ ਕੋਈ ਕਾਰਵਾਈ ਨਹੀਂ ਸੀ ਕੀਤੀ, ਉਸੇ ਤਰ੍ਹਾਂ ਇਹ ਸਰਕਾਰ ਵੀ ਖੇਤੀ ਸੰਕਟ ਦੇ ਬਹੁਤ ਹੀ ਮਹੱਤਵਪੂਰਨ ਮੁੱਦੇ ਨੂੰ ਚਲਾਕੀ ਨਾਲ ਟਾਲਦੀ ਆ ਰਹੀ ਹੈ।

ਕਿਸਾਨੀ ਦੀ ਮੰਗ ਇਹ ਸੀ ਕਿ ਸਰਕਾਰ ਡੂੰਘੇ ਖੇਤੀ ਸੰਕਟ ਨੂੰ ਹੱਲ ਕਰਨ ਲਈ ਠੋਸ ਨੀਤੀ ਪੇਸ਼ ਕਰੇ। ਕਿਸਾਨ ਜਥੇਬੰਦੀਆਂ ਦੇ ਦਬਾਅ ਹੇਠ ਭਗਵੰਤ ਮਾਨ ਸਰਕਾਰ ਨੂੰ ਖੇਤੀ ਨੀਤੀ ਦਾ ਖਰੜਾ ਬਣਾਉਣਾ ਪਿਆ। ਉਨ੍ਹਾਂ ਸਿਫ਼ਾਰਸ਼ਾਂ ਦੇ ਆਧਾਰ 'ਤੇ ਖੇਤੀ ਨੀਤੀ ਬਣਾਉਣ ਲਈ ਕੋਈ ਠੋਸ ਕਦਮ ਚੁੱਕਣ ਦੀ ਬਜਾਏ ਸਰਕਾਰ ਨੇ ਹੁਣ ਉਪਜਾਊ ਜ਼ਮੀਨਾਂ ਨੂੰ ਗ਼ੈਰਉਪਜਾਊ ਮਨੋਰਥ ਲਈ ਹਥਿਆਉਣ ਦਾ ਰਾਹ ਫੜ ਲਿਆ ਹੈ। ਦਹਿ-ਹਜ਼ਾਰਾਂ ਏਕੜ ਉਪਜਾਊ ਜ਼ਮੀਨਾਂ ਹਥਿਆਉਣ ਦੀ ਇਸ ਨੀਤੀ ਵਿਰੁੱਧ ਕਿਸਾਨਾਂ 'ਚ ਵਧ ਰਹੇ ਗੁੱਸੇ ਨੂੰ ਸ਼ਾਂਤ ਕਰਨ ਲਈ ਭਗਵੰਤ ਮਾਨ ਦੀ ਵਜ਼ਾਰਤ ਵਾਰ-ਵਾਰ ਸੋਧਾਂ ਕਰਕੇ ਭਰਮਾਊ ਸਕੀਮਾਂ ਪੇਸ਼ ਕਰ ਰਹੀ ਹੈ ਤਾਂ ਜੋ ਕਿਸੇ ਤਰ੍ਹਾਂ ਕਿਸਾਨਾਂ ਨੂੰ ਜ਼ਮੀਨਾਂ ਛੱਡਣ ਲਈ ਵਰਗਲਾਇਆ ਜਾ ਸਕੇ। ਸਵਾਲ ਤਾਂ ਇਹ ਵੀ ਹੈ ਕਿ ਮਹਿੰਗੇ ਭਾਅ ਵਿਕਸਤ ਕੀਤੀਆਂ ਜ਼ਮੀਨਾਂ ਉੱਪਰ ਕੱਟੇ ਪਲਾਟਾਂ ਦੇ ਖ਼ਰੀਦਦਾਰ ਕੌਣ ਹੋਣਗੇ। ਬੇਘਰੇ, ਗ਼ਰੀਬ ਕਿਰਤੀ ਅਤੇ ਹੇਠਲੇ ਮੱਧਵਰਗੀ ਲੋਕ ਤਾਂ ਮਹਿੰਗੇ ਪਲਾਟਾਂ ਨੂੰ ਖ਼ਰੀਦ ਹੀ ਨਹੀਂ ਸਕਣਗੇ। ਜੇਕਰ ਜ਼ਮੀਨ ਦੀ ਵਰਤੋਂ ਦਾ ਕੋਈ ਠੋਸ ਪ੍ਰੋਜੈਕਟ ਹੀ ਨਹੀਂ ਹੈ ਅਤੇ ਪੂਲ ਕੀਤੀ ਜ਼ਮੀਨ ਦੀ 'ਹਰ ਤਰ੍ਹਾਂ ਦੇ ਮੰਤਵਾਂ ਲਈ ਵਰਤੋਂ' ਦੀ ਗੱਲ ਕੀਤੀ ਜਾ ਰਹੀ ਹੈ, ਫਿਰ ਇਸ ਗੱਲ ਦੀ ਕੀ ਗਾਰੰਟੀ ਹੈ ਕਿ ਪੁਡਾ ਲਈ ਐਕਵਾਇਰ ਕੀਤੀ ਜਾਣ ਵਾਲੀ ਜ਼ਮੀਨ ਪੁਡਾ ਲਈ ਹੀ ਵਰਤੀ ਜਾਵੇਗੀ।

ਦੂਜੇ ਪਾਸੇ, ਪੰਜਾਬ ਦੇ ਬੇਜ਼ਮੀਨੇ ਮਜ਼ਦੂਰ ਆਪਣੀਆਂ ਰਿਹਾਇਸ਼ੀ ਤੇ ਹੋਰ ਜ਼ਰੂਰੀ ਲੋੜਾਂ ਲਈ ਪੰਜ-ਪੰਜ ਮਰਲੇ ਦੇ ਪਲਾਟਾਂ ਦੀ ਮੰਗ ਕਰਦੇ ਆ ਰਹੇ ਹਨ, ਸਰਕਾਰ ਵਾਰ-ਵਾਰ ਉਨ੍ਹਾਂ ਨਾਲ ਮੀਟਿੰਗਾਂ ਰੱਖਕੇ ਮੁੱਕਰਦੀ ਰਹੀ ਹੈ। ਸਰਕਾਰ ਨੇ ਅੱਜ ਤੱਕ ਇਸ ਮਸਲੇ ਉੱਪਰ ਚਰਚਾ ਕਰਨ ਲਈ ਕੋਈ ਗੰਭੀਰਤਾ ਨਹੀਂ ਦਿਖਾਈ। ਸਰਕਾਰ ਨੇ ਕੋਈ ਸਰਵੇ ਵੀ ਨਹੀਂ ਕਰਾਇਆ ਕਿ ਪੰਜਾਬ ਵਿਚ ਕਿੰਨੇ ਬੇਜ਼ਮੀਨੇ ਲੋਕਾਂ ਨੂੰ ਘਰਾਂ ਲਈ ਜ਼ਮੀਨ ਦੀ ਲੋੜ ਹੈ ਅਤੇ ਨਾ ਹੀ ਕਦੇ ਮਾਹਰਾਂ ਅਤੇ ਬੇਜ਼ਮੀਨੇ ਲੋਕਾਂ ਦੀਆਂ ਜਥੇਬੰਦੀਆਂ ਨਾਲ ਇਹ ਚਰਚਾ ਕਰਨ ਦੀ ਲੋੜ ਸਮਝੀ ਕਿ ਇਸ ਮੁਢਲੀ ਮਨੁੱਖੀ ਜ਼ਰੂਰਤ ਦੀ ਪੂਰਤੀ ਲਈ ਕਿਸ ਤਰ੍ਹਾਂ ਦੀ ਜ਼ਮੀਨ ਵਰਤੋਂ 'ਚ ਲਿਆਂਦੀ ਜਾ ਸਕਦੀ ਹੈ। ਜਦੋਂ ਨਾ ਇਹ ਕਿਸਾਨਾਂ ਦੀ ਮੰਗ ਸੀ ਕਿ ਸਾਡੀਆਂ ਜ਼ਮੀਨਾਂ ਲੈ ਕੇ ਇਸ ਦੇ ਬਦਲੇ ਦੁਕਾਨਾਂ ਪਾਉਣ ਲਈ ਵਪਾਰਕ ਪਲਾਟ ਦੇ ਦਿਓ ਅਤੇ ਸਾਡੀਆਂ ਉੱਪਰ ਕੰਕਰੀਟ ਦੇ ਜੰਗਲ ਉਸਾਰ ਦਿਓ, ਨਾ ਇਹ ਮਜ਼ਦੂਰਾਂ ਦੀ ਮੰਗ ਸੀ, ਫਿਰ ਮੌਜੂਦਾ ਸਰਕਾਰ ਨੇ ਸ਼ਹਿਰੀਕਰਨ ਦੀ ਨੀਤੀ ਬਣਾਈ ਕੀਹਦੇ ਲਈ ਹੈ?

ਅਜੇ ਇਹ ਕਹਿਣਾ ਮੁਸ਼ਕਲ ਹੈ ਕਿ ਇਹ ਜ਼ਮੀਨ ਸਿਰਫ਼ ਰੀਅਲ ਅਸਟੇਟ ਦੇ ਕਾਰੋਬਾਰੀਆਂ ਲਈ ਹਥਿਆਈ ਜਾ ਰਹੀ ਹੈ ਜਾਂ ਇਸਦੇ ਪਿੱਛੇ ਵੱਡੇ ਕਾਰਪੋਰੇਟ ਸਰਮਾਏ ਦੇ ਹਿਤਾਂ ਦੀ ਪੂਰਤੀ ਦੀ ਕੋਈ ਹੋਰ ਡੂੰਘੀ ਯੋਜਨਾ ਹੈ। ਪਰ ਇਕ ਗੱਲ ਤੈਅ ਹੈ ਕਿ ਇਹ ਨੀਤੀ ਸਾਡੇ ਸਮਾਜ ਦੀਆਂ ਅਸਲ ਜ਼ਰੂਰਤਾਂ ਦੀ ਪੂਰਤੀ ਲਈ ਨਹੀਂ ਹੈ। ਹਰ ਫ਼ੈਸਲਾ ਦਿੱਲੀ ਵਾਲੇ ਆਕਾਵਾਂ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਲੈਣ ਵਾਲੀ ਭਗਵੰਤ ਮਾਨ ਵਜ਼ਾਰਤ ਦੀ ਇਹ ਨੀਤੀ ਵੀ ਲੋਕ ਵਿਰੋਧੀ ਨੌਕਰਸ਼ਾਹ ਦਿਮਾਗਾਂ ਦੀ ਕਾਢ ਹੈ। ਨੌਕਰਸ਼ਾਹ ਦਿਮਾਗਾਂ ਦੇ ਇਸ਼ਾਰੇ 'ਤੇ ਨੱਚਣ ਵਾਲੀ ਗ਼ੁਲਾਮ ਜ਼ਿਹਨੀਅਤ ਤੋਂ ਇਹ ਉਮੀਦ ਨਹੀਂ ਕੀਤੀ ਜਾ ਸਕਦੀ ਕਿ ਸਾਡੇ ਲੋਕਾਂ ਦੇ ਭਵਿੱਖ ਉੱਪਰ ਅਸਰ ਪਾਉਣ ਵਾਲਾ ਅਜਿਹਾ ਨੀਤੀ ਫ਼ੈਸਲਾ ਲੈਣ ਤੋਂ ਪਹਿਲਾਂ ਸਰਕਾਰ ਇਸ ਨਾਲ ਪ੍ਰਭਾਵਿਤ ਹੋਣ ਵਾਲੇ ਲੋਕਾਂ ਦੀ ਸਲਾਹ ਅਤੇ ਸਹਿਮਤੀ ਨਾਲ ਫ਼ੈਸਲੇ ਲੈਣ ਦਾ ਅਮਲ ਚਲਾਏਗੀ ਜਾਂ ਵਿਰੋਧ ਦੇ ਮੱਦੇਨਜ਼ਰ ਗ਼ਲਤ ਫ਼ੈਸਲਿਆਂ ਉੱਪਰ ਦਿਆਨਤਦਾਰੀ ਨਾਲ ਮੁੜ ਸੋਚ-ਵਿਚਾਰ ਕਰੇਗੀ। ਲੋਕਾਂ ਦੇ ਹੋਰ ਹਿੱਸਿਆਂ ਦੀ ਹਮਾਇਤ ਨਾਲ ਕਿਸਾਨ ਸੰਘਰਸ਼ ਦੀ ਤਾਕਤ ਹੀ ਸਰਕਾਰ ਨੂੰ ਇਸ ਨੀਤੀ ਨੂੰ ਵਾਪਸ ਲੈਣ ਲਈ ਮਜਬੂਰ ਕਰ ਸਕਦੀ ਹੈ।

ਇਸ ਹਮਲੇ ਦੀ ਮਾਰ ਹੇਠ ਆ ਰਹੇ ਕਿਸਾਨਾਂ ਨੂੰ ਜ਼ਮੀਨਾਂ ਬਚਾਉਣ ਦੇ ਨਾਂ ਹੇਠ ਸਰਗਰਮ ਬਾਦਲ ਦਲੀਆਂ, ਕਾਂਗਰਸੀਆਂ ਸਮੇਤ ਸਮੁੱਚੇ ਹਾਕਮ ਜਮਾਤੀ ਲਾਣੇ ਤੋਂ ਵੀ ਸੁਚੇਤ ਰਹਿਣਾ ਚਾਹੀਦਾ ਹੈ ਜਿਨ੍ਹਾਂ ਨੇ ਇਹ ਨੀਤੀ ਆਪਣੇ ਹੱਥੀਂ ਬਣਾਈ ਅਤੇ ਹੁਣ ਪਿੰਡਾਂ ਤੇ ਕਿਸਾਨਾਂ ਦੇ ਉਜਾੜੇ ਉੱਪਰ ਝੂਠੇ ਹੰਝੂ ਕੇਰਕੇ ਕਿਸਾਨਾਂ ਦੇ ਗੁੱਸੇ ਦਾ ਰਾਜਨੀਤਕ ਲਾਹਾ ਲੈਣ ਲਈ ਤਰਲੋਮੱਛੀ ਹੋ ਰਹੇ ਹਨ। ਸੰਯੁਕਤ ਕਿਸਾਨ ਮੋਰਚੇ ਨੇ ਇਨ੍ਹਾਂ ਕਿਸਾਨਾਂ ਦੀ ਰਾਖੀ ਦਾ ਐਲਾਨ ਕਰ ਦਿੱਤਾ ਹੈ। ਜੇਕਰ ਕਿਸਾਨ ਅੰਦੋਲਨ ਜ਼ੋਰ ਫੜਦਾ ਹੈ ਤਾਂ ਰਾਜਨੀਤਕ ਲਾਹਾ ਲੈਣ ਵਾਲੇ ਉਸੇ ਤਰ੍ਹਾਂ ਗ਼ੈਰਪ੍ਰਸੰਗਿਕ ਹੋ ਜਾਣਗੇ ਜਿਵੇਂ ਇਤਿਹਾਸਕ ਕਿਸਾਨ ਅੰਦੋਲਨ ਸਮੇਂ ਵਾਪਰਿਆ ਸੀ।



# ਆਦਿਵਾਸੀ ਲੋਕਾਂ ਅਤੇ ਇਨ੍ਹਾਂ ਦੇ ਸੰਗੀਆਂ ’ਤੇ ਜਬਰ ਖ਼ਿਲਾਫ਼ ਆਵਾਜ਼

## 8 ਅਗਸਤ ਨੂੰ ਵਹੀਰਾਂ ਘੱਤਕੇ ਮੋਗਾ ਰੈਲੀ ਤੇ ਮੁਜ਼ਾਹਰੇ ’ਚ ਪੁੱਜੋ

ਪੰਜਾਬ ਦੇ ਇਨਸਾਫ਼ਪਸੰਦ ਲੋਕੋ, ਮੋਦੀ ਸਰਕਾਰ ਮੁਲਕ ਦੇ ਜੰਗਲੀ ਖੇਤਰਾਂ ਅੰਦਰ ਆਦਿਵਾਸੀਆਂ ’ਤੇ ਅੰਨ੍ਹਾ ਜਬਰ ਢਾਹ ਰਹੀ ਹੈ। ਰੋਜ਼ ਦਿਹਾੜੇ ਇਹਨਾਂ ਇਲਾਕਿਆਂ ’ਚ ਪੁਲਿਸ ਤੇ ਫ਼ੌਜ ਵੱਲੋਂ ਲੋਕਾਂ ਦੇ ਕਤਲੇਆਮ ਦੀਆਂ ਖ਼ਬਰਾਂ ਆ ਰਹੀਆਂ ਹਨ। ਛੱਤੀਸਗੜ੍ਹ ਤੇ ਉਸਦੇ ਨਾਲ ਲੱਗਦੇ ਸੂਬਿਆਂ ਦੇ ਜੰਗਲੀ ਖੇਤਰਾਂ ਅੰਦਰ ਭਾਰੀ ਗਿਣਤੀ ’ਚ ਸੁਰੱਖਿਆ ਤੇ ਅਰਧ ਸੁਰੱਖਿਆ ਬਲ ਤਾਇਨਾਤ ਕੀਤੇ ਗਏ ਹਨ ਅਤੇ ਇਹਨਾਂ ਜੰਗਲਾਂ ’ਚ ਥਾਂ-ਥਾਂ ’ਤੇ ਪੁਲੀਸ-ਫ਼ੌਜ ਦੇ ਕੈਂਪ ਬਣਾ ਦਿੱਤੇ ਗਏ ਹਨ। ਇਹਨਾਂ ਕੈਂਪਾਂ ਨੇ ਆਦਿਵਾਸੀ ਲੋਕਾਂ ਦੀ ਜ਼ਿੰਦਗੀ ਦੁੱਭਰ ਕਰ ਦਿੱਤੀ ਹੈ ਤੇ ਉਹਨਾਂ ਉੱਤੇ ਜ਼ੁਲਮਾਂ ਦਾ ਝੱਖੜ ਝੁਲਾ ਦਿੱਤਾ ਹੈ। ਹਰ ਤਰ੍ਹਾਂ ਦੇ ਸੰਵਿਧਾਨਕ, ਜਮਹੂਰੀ ਤੇ ਮਨੁੱਖੀ ਅਧਿਕਾਰਾਂ ਦੇ ਤਕਾਜ਼ਿਆਂ ਨੂੰ ਤੱਜ ਕੇ, ਆਏ ਦਿਨ ਝੂਠੇ ਪੁਲਿਸ ਮੁਕਾਬਲਿਆਂ ’ਚ ਆਦਿਵਾਸੀਆਂ ਤੇ ਮਾਓਵਾਦੀਆਂ ਦਾ ਕਤਲੇਆਮ ਕੀਤਾ ਜਾ ਰਿਹਾ ਹੈ। ਇਹ ਇਲਾਕੇ ਪਿਛਲੇ ਦੋ ਦਹਾਕਿਆਂ ਤੋਂ ਹੀ ਕਦੇ ਸਲਵਾ ਜੁਡਮ, ਕਦੇ ਓਪਰੇਸ਼ਨ ਗਰੀਨ ਹੰਟ ਵਰਗੇ ਨੀਮ-ਫ਼ੌਜੀ ਓਪਰੇਸ਼ਨ ਦੀ ਮਾਰ ਲਗਾਤਾਰ ਝੱਲ ਰਹੇ ਹਨ। ਭਾਰਤੀ ਰਾਜ ਵੱਲੋਂ ਲੱਖਾਂ ਨੀਮ-ਫ਼ੌਜੀ ਬਲਾਂ, ਹੈਲੀਕਾਪਟਰਾਂ ਤੇ ਡਰੋਨਾਂ ਦੀ ਮੱਦਦ ਨਾਲ ਆਪਣੇ ਹੀ ਦੇਸ਼ ਦੇ ਲੋਕਾਂ ਵਿਰੁੱਧ ਲੜੀ ਜਾ ਰਹੀ ਇਸ ਵਿਆਪਕ ਖ਼ੂਨੀ ਜੰਗ ਦਾ ਮੌਜੂਦਾ ਨਾਂ ‘ਓਪਰੇਸ਼ਨ ਕਗਾਰ’ ਹੈ। ਦਹਿ-ਹਜ਼ਾਰਾਂ ਪੁਲਿਸ ਅਤੇ ਨੀਮ-ਫ਼ੌਜੀ ਬਲ ਇਲਾਕੇ ਨੂੰ ਘੇਰ ਕੇ ਅਤੇ ਡਰੋਨਾਂ ਤੇ ਸੈਟੇਲਾਈਟ ਨਿਗਰਾਨੀ ਦੀ ਮੱਦਦ ਨਾਲ ਦਿਨ-ਰਾਤ ਮੌਤ ਅਤੇ ਤਬਾਹੀ ਦਾ ਕਹਿਰ ਵਰਤਾ ਰਹੇ ਹਨ। ਜਨਵਰੀ 2024 ਤੋਂ ਲੈ ਕੇ ਮੁਕਾਬਲਿਆਂ ਦੇ ਨਾਂ ਹੇਠ ਪੰਜ ਸੌ ਦੇ ਕਰੀਬ ਲੋਕਾਂ ਨੂੰ ਗੋਲੀਆਂ ਨਾਲ ਭੁੰਨਿਆ ਗਿਆ ਹੈ ਜਿਨ੍ਹਾਂ ਵਿਚ ਜ਼ਿਆਦਾਤਰ ਆਦਿਵਾਸੀ ਅਤੇ ਔਰਤਾਂ ਹਨ।

ਇਨ੍ਹਾਂ ਆਦਿਵਾਸੀ ਖੇਤਰਾਂ ’ਚ ਚਾੜ੍ਹੀਆਂ ਗਈਆਂ ਫ਼ੌਜਾਂ ਦਾ ਅਸਲ ਕਾਰਨ ਇਹਨਾਂ ਇਲਾਕਿਆਂ ’ਚ ਆਦਿਵਾਸੀ ਕਿਸਾਨਾਂ ਦੀਆਂ ਜ਼ਮੀਨਾਂ ’ਤੇ ਕਬਜ਼ਾ ਜਮਾਉਣਾ ਹੈ ਕਿਉਂਕਿ ਸਰਕਾਰ ਇਹਨਾਂ ਜ਼ਮੀਨਾਂ ਹੇਠਲੇ ਬੇਸ਼-ਕੀਮਤੀ ਖਣਿਜਾਂ-ਧਾਤਾਂ ਦੇ ਸੌਦੇ ਸੰਸਾਰ ਸਾਮਰਾਜੀ ਕੰਪਨੀਆਂ ਅਤੇ ਦੇਸੀ ਅਜਾਰੇਦਾਰ ਸਰਮਾਏਦਾਰਾਂ ਨਾਲ ਕਰ ਚੁੱਕੀ ਹੈ। ਇਕੱਲੀ ਛੱਤੀਸਗੜ੍ਹ ਸਰਕਾਰ ਵੱਲੋਂ 2013-2018 ਦੇ ਪੰਜ ਸਾਲਾਂ ’ਚ ਅਜਿਹੇ 272 ਇਕਰਾਰਨਾਮੇ ਕੀਤੇ ਗਏ। ਜਿਨ੍ਹਾਂ ਨੂੰ ਅਮਲ ਵਿਚ ਲਿਆਉਣ ਲਈ ਉੱਥੇ ਸਦੀਆਂ ਤੋਂ ਰਹਿ ਰਹੇ ਆਦਿਵਾਸੀਆਂ ਨੂੰ ਪੂਰੀ ਤਰ੍ਹਾਂ ਉਜਾੜਕੇ ਵੱਡੇ ਪੱਧਰ ’ਤੇ ਖਣਨ ਪ੍ਰੋਜੈਕਟ ਲਾਉਣ ਦੀ ਤਿਆਰੀ ਹੈ। ਇਸ ਵਿੱਚੋਂ ਦੇਸੀ-ਬਦੇਸ਼ੀ ਇਜਾਰੇਦਾਰ ਸਰਮਾਏਦਾਰ ਬੇਥਾਹ ਮੁਨਾਫ਼ੇ ਕਮਾਉਣਗੇ। ਇਹ ਸਾਰਾ ਜਬਰ ਇਹਨਾਂ ਸੌਦਿਆਂ ਤਹਿਤ ਜੰਗਲ, ਜਲ ਤੇ ਜ਼ਮੀਨਾਂ ਇਜਾਰੇਦਾਰ ਕੰਪਨੀਆਂ ਦੇ ਹਵਾਲੇ ਕਰਨ ਲਈ ਹੋ ਰਿਹਾ ਹੈ। ਇਹ ਸੌਦੇ ਆਦਿਵਾਸੀ ਲੋਕਾਂ ਦੀ ਜ਼ਿੰਦਗੀ ਦੇ ਉਜਾੜੇ ਅਤੇ ਤਬਾਹੀ ਦੇ ਫਰਮਾਨ ਹਨ। ਇਸ ਲਈ ਆਦਿਵਾਸੀ ਕਿਸਾਨ ਇਹਨਾਂ ਜ਼ਮੀਨਾਂ ਨੂੰ ਕੰਪਨੀਆਂ ਹੱਥ ਸੌਂਪਣ ਦਾ ਵਿਰੋਧ ਕਰ ਰਹੇ ਹਨ। ਇਸੇ ਲਈ, ਚਾਹੇ ਛੱਤੀਸਗੜ੍ਹ-ਝਾਰਖੰਡ ਦੇ ਮਾਓਵਾਦੀ ਪ੍ਰਭਾਵ ਵਾਲੇ ਜੰਗਲੀ-ਪਹਾੜੀ ਖੇਤਰ ਹਨ ਜਾਂ ਅਜਿਹੇ ਹੋਰ ਖੇਤਰ, ਆਦਿਵਾਸੀ ਤਰ੍ਹਾਂ-ਤਰ੍ਹਾਂ ਦੇ ਸੰਘਰਸ਼ਾਂ ਰਾਹੀਂ ਆਪਣੇ ਜਲ-ਜੰਗਲਾਂ-ਜ਼ਮੀਨਾਂ ਦੀ ਰਾਖੀ ਲਈ ਜਾਨ-ਹੂਲਵੀਂ ਲੜਾਈ ਲੜ ਰਹੇ ਹਨ। ਵਣ ਸੁਰੱਖਿਆ ਅਤੇ ਵਾਤਾਵਰਣ ਸੰਬੰਧੀ ਕਾਨੂੰਨਾਂ ਦੀਆਂ ਧੱਜੀਆਂ ਉਡਾਕੇ ਲਗਾਏ ਜਾਣ ਵਾਲੇ ਇਹ ਪ੍ਰੋਜੈਕਟ ਪੌਣਪਾਣੀ ਅਤੇ ਕੁਦਰਤੀ ਚੌਗਿਰਦੇ ਨੂੰ ਵੀ ਬੁਰੀ ਤਰ੍ਹਾਂ ਤਬਾਹ ਕਰਦੇ ਹਨ। ਇਸ ਕਰਕੇ ਆਦਿਵਾਸੀ ਸੰਘਰਸ਼ ਵਾਤਾਵਰਣ ਨੂੰ ਬਚਾਉਣ ਪੱਖੋਂ ਵੀ ਬੇਹੱਦ ਮਹੱਤਵਪੂਰਨ ਹਨ। ਇਹਨਾਂ ਕੰਪਨੀਆਂ ਦੀਆਂ ਖਾਣਾਂ ਦੇ ਕਾਰੋਬਾਰ ਚਲਾਉਣ ਲਈ ਕੇਂਦਰ ਸਰਕਾਰ ਤੇ ਰਾਜਾਂ ਦੀਆਂ ਸਰਕਾਰਾਂ ਰਲ ਕੇ ਆਦਿਵਾਸੀ ਕਿਸਾਨਾਂ ਦੇ ਹਰ ਤਰ੍ਹਾਂ ਦੇ ਵਿਰੋਧ ਨੂੰ ਕੁਚਲ ਰਹੀਆਂ ਹਨ। ਆਦਿਵਾਸੀ ਕਿਸਾਨਾਂ ਦੇ ਹੱਕ ਚ ਡਟਣ ਵਾਲੀਆਂ ਹਰ ਤਰ੍ਹਾਂ ਦੀਆਂ ਸ਼ਕਤੀਆਂ ਚਾਹੇ ਉਹ ਮਾਓਵਾਦੀ ਹੋਣ ਤੇ ਚਾਹੇ ਜਮਹੂਰੀ ਹੱਕਾਂ ਦੇ ਕਾਰਕੁੰਨ ਜਾਂ ਕੋਈ ਵਕੀਲ ਜਾਂ ਪੱਤਰਕਾਰ ਹੋਣ, ਸਾਰੇ ਹਿੱਸੇ ਹੀ ਹਕੂਮਤੀ ਜਬਰ ਦੀ ਮਾਰ ਹੇਠ ਹਨ। ਇਸ ਜਬਰ ਦੇ ਰੂਪ ਝੂਠੇ ਪੁਲਿਸ ਮੁਕਾਬਲਿਆਂ ਤੋਂ ਲੈ ਕੇ ਝੂਠੇ ਕੇਸਾਂ, ਜੇਲ੍ਹਾਂ, ਹਿਰਾਸਤ ਵਿਚ ਤਸ਼ੱਦਦ ਅਤੇ ਮੌਤਾਂ, ਧਮਕੀਆਂ ਤੇ ਖੱਜਲ-ਖੁਆਰੀ ਤੱਕ ਫੈਲੇ ਹੋਏ ਹਨ। ਮੂਲਵਾਸੀ ਬਚਾਓ ਮੰਚ ਵਰਗੇ ਪੁਰਅਮਨ ਸੰਘਰਸ਼ ਵੀ ਗ਼ੈਰ-ਕਾਨੂੰਨੀ ਕਰਾਰ ਦੇ ਕੇ ਕੁਚਲੇ ਜਾ ਰਹੇ ਹਨ ਤਾਂ ਜੋ ਆਪਣੀ ਹੋਂਦ ਬਚਾਉਣ ਲਈ ਲੜ ਰਹੇ ਆਦਿਵਾਸੀ ਲੋਕਾਂ ਦੇ ਸਮੂਹਿਕ ਵਿਰੋਧ ਦੀ ਨੋਕ ਬਣਨ ਵਾਲੀ ਕੋਈ ਵੀ ਜਥੇਬੰਦੀ ਸੰਘਰਸ਼ ਦੇ ਮੈਦਾਨ ’ਚ ਹੀ ਨਾ ਰਹੇ। ਆਦਿਵਾਸੀ ਖੇਤਰਾਂ ਉੱਪਰ ਹੋ ਰਿਹਾ ਇਹ ਹਮਲਾ ਦੇਸ਼ ਭਰ ਅੰਦਰ ਲੋਕਾਂ ਖਿਲਾਫ਼ ਬੋਲੇ ਹੋਏ ਜਾਬਰ-ਫਾਸ਼ੀ ਹੱਲੇ ਦਾ ਹੀ ਅੰਗ ਹੈ। ਇਹ ਹੱਲਾ ਸਾਮਰਾਜੀ ਦਿਸ਼ਾ ਨਿਰਦੇਸ਼ਤ ਅਖੌਤੀ ਆਰਥਿਕ ਸੁਧਾਰਾਂ ਦੀ ਰਫਤਾਰ ਤੇਜ਼ ਕਰਨ ਲਈ ਬੋਲਿਆ ਗਿਆ ਹੈ। ਮੁਲਕ ਦੇ ਵੱਡੇ ਸਰਮਾਏਦਾਰਾਂ ਤੇ ਸੰਸਾਰ ਦੀਆਂ ਬਹੁ ਕੌਮੀ ਸਾਮਰਾਜੀ ਕੰਪਨੀਆਂ ਨੂੰ ਮੁਲਕ ਦੇ ਸੋਮੇ ਲੁਟਾਉਣ ਤੁਰੀ ਹੋਈ ਮੋਦੀ ਹਕੂਮਤ ਹਰ ਖੇਤਰ ਅੰਦਰ ਲੋਕਾਂ ਦੇ ਹਰ ਤਰ੍ਹਾਂ ਦੇ ਵਿਰੋਧ ਨੂੰ ਕੁਚਲ ਰਹੀ ਹੈ। ਪਹਿਲਾਂ ਮਿਲੇ ਹੋਏ ਨਾਮ ਨਿਹਾਦ ਜਮਹੂਰੀ ਹੱਕ ਵੀ ਖੋਹੇ ਜਾ ਰਹੇ ਹਨ। ਸ਼ਹਿਰੀ ਆਜ਼ਾਦੀਆਂ ਤੇ ਜਮਹੂਰੀ ਹੱਕਾਂ ਦੇ ਕਾਰਕੁੰਨਾਂ ’ਤੇ ਮਾਓਵਾਦੀ ਹੋਣ ਦਾ ਲੇਬਲ ਲਾ ਕੇ ਝੂਠੇ ਕੇਸਾਂ ਤਹਿਤ ਜੇਲ੍ਹਾਂ ’ਚ ਸੁੱਟਿਆ ਜਾ ਰਿਹਾ ਹੈ।

ਕਿਸਾਨਾਂ ਦੀਆਂ ਜ਼ਮੀਨਾਂ ’ਤੇ ਕਾਰਪੋਰੇਟ ਜਗਤ ਦਾ ਇਹ ਹੱਲਾ ਮੁਲਕ ਪੱਧਰਾ ਹੈ। ਪੰਜਾਬ ਤੇ ਹਰਿਆਣਾ ਵਰਗੇ ਮੁਕਾਬਲਤਨ ਵਿਕਸਤ ਖੇਤੀ ਵਾਲੇ ਖੇਤਰਾਂ ਅੰਦਰ ਵੀ ਕਾਰਪੋਰੇਟ ਘਰਾਣਿਆਂ ਵੱਲੋਂ ਕਿਸਾਨਾਂ ਦੀਆਂ ਫ਼ਸਲਾਂ ਤੇ ਜ਼ਮੀਨਾਂ ਹਥਿਆਉਣ ਦੀਆਂ ਵਿਉਂਤਾਂ ਸਪਸ਼ਟ ਹੋ ਚੁੱਕੀਆਂ ਹਨ ਤੇ ਲਾਗੂ ਹੋਣੀਆਂ ਸ਼ੁਰੂ ਹੋ ਚੁੱਕੀਆਂ ਹਨ। ਆਦਿਵਾਸੀ ਖੇਤਰਾਂ ਦੇ ਜੰਗਲਾਂ-ਪਹਾੜਾਂ ਹੇਠ ਵਡਮੁੱਲੇ ਖਣਿਜ ਭੰਡਾਰ ਹਨ ਅਤੇ ਮੁਕਾਬਲਤਨ ਵਿਕਸਤ ਖੇਤੀ ਖੇਤਰਾਂ ਵਿਚ ਉਪਜਾਊ ਜ਼ਮੀਨਾਂ ਅਤੇ ਖੇਤੀਬਾੜੀ ਦੇ ਵਡਮੁੱਲੇ ਖਜ਼ਾਨੇ ਹਨ। ਇਨ੍ਹਾਂ ਖਜ਼ਾਨਿਆਂ ਉੱਪਰ ਧਾੜਵੀ ਕਬਜ਼ਾ ਕਰਨ ਲਈ ਇਜਾਰੇਦਾਰ ਸਰਮਾਏਦਾਰ ਸ਼ਿਕਾਰੀ ਘਾਤ ਲਾਈ ਬੈਠੇ ਹਨ ਅਤੇ ਸਰਕਾਰਾਂ ਉਨ੍ਹਾਂ ਦੀ ਸੇਵਾ ’ਚ ਹਾਜ਼ਰ ਹਨ। ਵਾਪਸ ਕਰਾਏ ਤਿੰਨ ਖੇਤੀ ਕਾਨੂੰਨ, ਖੇਤੀ ਮਾਰਕੀਟਿੰਗ ਨੀਤੀ ਦਾ ਨਵਾਂ ਖਰੜਾ, ਅਮਰੀਕਾ-ਭਾਰਤ ਖੇਤੀ ਵਪਾਰ ਸਮਝੌਤੇ ਦੀ ਚੱਲ ਰਹੀ ਗੱਲਬਾਤ, ਕਾਨੂੰਨਾਂ ’ਚ ਰੱਦੋਬਦਲ, ਇਹ ਸਭ ਵਿਦੇਸ਼ੀ-ਦੇਸੀ ਇਜਾਰੇਦਾਰਾਂ ਦੇ ਢੇਰ ਮੁਨਾਫ਼ਿਆਂ ਦਾ ਰਾਹ ਹੋਰ ਪੱਧਰਾ ਕਰਨ ਦੀ ਖ਼ਾਤਰ ਸਮੁੱਚੀ ਆਰਥਿਕਤਾ ਨੂੰ ਖੋਹਲ ਦੇਣ ਦੀ ਨੀਤੀ ਦੇ ਵੱਖ-ਵੱਖ ਪ੍ਰਗਟਾਵੇ ਹਨ। ਇਸ ਤੋਂ ਵੀ ਅੱਗੇ ਇਹ ਹਮਲਾ ਹਰ ਤਬਦੀਲੀਪਸੰਦ ਵਿਚਾਰ, ਹਰ ਲੋਕਪੱਖੀ ਸੰਘਰਸ਼, ਹਰ ਕਲਾਕਾਰ, ਲੇਖਕ, ਵਿਦਵਾਨ ਅਤੇ ਜਬਰ ਦੀ ਨੀਤੀ ਨੂੰ ਸਵਾਲ ਕਰਨ ਵਾਲੀ ਹਰ ਜ਼ੁਅਰਤਮੰਦ



ਆਵਾਜ਼ ਉੱਪਰ ਹੈ। ਸੋ ਸਾਨੂੰ ਇਸ ਜਾਬਰ ਹੱਲੇ ਦਾ ਵਿਰੋਧ ਸਮੁੱਚੇ ਦੇਸ਼ ਦੇ ਲੋਕਾਂ ਦੇ ਆਪਣੇ ਹਿਤਾਂ ਤੇ ਹੱਕਾਂ ਲਈ ਲੜਨ, ਆਪਣੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਲਈ ਸੰਘਰਸ਼ ਅਤੇ ਜਥੇਬੰਦੀ ਦੇ ਜਮਹੂਰੀ ਹੱਕ ਦੀ ਰਾਖੀ ਦੇ ਵਡੇਰੇ ਸਰੋਕਾਰ ਦੇ ਪੱਖੋਂ ਵੀ ਕਰਨਾ ਚਾਹੀਦਾ ਹੈ।

ਪੰਜਾਬ ਵਿਚ ਇਸ ਹਮਲੇ ਦੇ ਖ਼ਤਰਨਾਕ ਰੰਗ ਉੱਭਰਨੇ ਸ਼ੁਰੂ ਹੋ ਗਏ ਹਨ ਜਿੱਥੇ ਲੋਕ ਸੰਘਰਸ਼ਾਂ ’ਚ ਮੋਹਰੀ ਰੋਲ ਨਿਭਾਉਣ ਵਾਲੇ ਹਿੱਸਿਆਂ ਦੀ ਜਥੇਬੰਦ ਤਾਕਤ ਨੂੰ ਕੁਚਲਣ ਅਤੇ ਜਮਹੂਰੀ ਹੱਕ ਖੋਹਣ ਲਈ ਸਿਲਸਿਲੇਵਾਰ ਤਰੀਕੇ ਨਾਲ ਪੁਲਿਸ ਨੂੰ ਹੋਰ ਜਿਆਦਾ ਖੁੱਲੀਆਂ ਛੋਟਾਂ ਦਿੱਤੀਆਂ ਜਾ ਰਹੀਆਂ ਹਨ। ਕਿਸਾਨ-ਮਜ਼ਦੂਰ ਸੰਘਰਸ਼ਾਂ ਦੀ ਲੜਾਕੂ ਤਾਕਤ ਦੇ ਪਰ ਕੁਤਰਨ ਲਈ ਪੁਲਿਸ ਦੇ ਕਟਕ ਚੜ੍ਹਾਏ ਜਾ ਰਹੇ ਹਨ। ਐਕਸਪ੍ਰੈੱਸ ਮਾਰਗਾਂ ਅਤੇ ਸ਼ਹਿਰਾਂ ਦੇ ਕਥਿਤ ਵਿਕਾਸ ਦੇ ਨਾਂ ਹੇਠ ਲਈ ਉਪਜਾਊ ਜ਼ਮੀਨਾਂ ਖੋਹਣ ਲਈ ਪੰਜਾਬ ਸਰਕਾਰ ਆਉਣ ਵਾਲੇ ਦਿਨਾਂ ’ਚ ਹੋਰ ਵੀ ਤਿੱਖੇ ਜਬਰ ਦਾ ਸਹਾਰਾ ਲਵੇਗੀ। ਕਿਸਾਨਾਂ, ਮਜ਼ਦੂਰਾਂ ਤੇ ਹੋਰ ਜਨਤਕ ਸੰਘਰਸ਼ਾਂ ਨੂੰ ਦਬਾਉਣ ਲਈ ਪੁਲਿਸ ਤਾਕਤ ਨੂੰ ਬੇਲਗਾਮ ਕਰਨਾ, ਨਸ਼ਿਆਂ ਨੂੰ ਠੱਲ ਪਾਉਣ ਦੇ ਬਹਾਨੇ ਬੁਲਡੋਜ਼ਰ ਰਾਜ, ਗੈਂਗਸਟਰਾਂ ਨੂੰ ਠੱਲ ਪਾਉਣ ਦੇ ਨਾਂ ਹੇਠ ਧੜਾਧੜ ‘ਪੁਲਿਸ ਮੁਕਾਬਲੇ’ ਪੁਲਿਸ ਨੂੰ ਦਿੱਤੀਆਂ ਜਾ ਰਹੀਆਂ ਬੇਲਗਾਮ ਖੁੱਲ੍ਹਾਂ ਦਾ ਨਤੀਜਾ ਹਨ। ਜੇਕਰ ਅਸੀਂ ਸੰਘਰਸ਼ ਕਰਨ ਦਾ ਹੱਕ ਪੁਗਾਉਣ ਲਈ ਲੱਕ ਬੰਨ੍ਹ ਕੇ ਮੈਦਾਨ ’ਚ ਨਾ ਆਏ ਤਾਂ ਕੱਲ੍ਹ ਨੂੰ ਹਰ ਰੋਸ਼ਨ ਖਿਆਲ, ਹਰ ਨਿਆਂਪਸੰਦ, ਹਰ ਹੱਕੀ ਆਵਾਜ਼ ਕੁਚਲ ਦਿੱਤੀ ਜਾਵੇਗੀ। ਇਸ ਲਈ ਆਦਿਵਾਸੀ ਖੇਤਰਾਂ ਦੇ ਕਿਸਾਨਾਂ ਦੇ ਹੱਕ ’ਚ ਆਵਾਜ਼ ਉਠਾਉਣੀ ਪੰਜਾਬ ਦੀ ਕਿਸਾਨ ਮਜ਼ਦੂਰ ਤੇ ਜਮਹੂਰੀ ਲਹਿਰ ਦੇ ਮਹਿਜ਼ ਜਮਹੂਰੀ ਸਰੋਕਾਰਾਂ ਦਾ ਹੀ ਮਸਲਾ ਨਹੀਂ ਹੈ ਸਗੋਂ ਉਸ ਤੋਂ ਅੱਗੇ ਇਹ ਮੁਲਕ ਪੱਧਰ ਤੇ ਸੰਸਾਰ ਕਾਰਪੋਰੇਟ ਜਗਤ ਦੇ ਧਾਵੇ ਖ਼ ?ਲਾਫ਼ ਸਾਂਝੀ ਲੜਾਈ ਉਸਾਰਨ ਦੇ ਸਰੋਕਾਰਾਂ ਦਾ ਵੀ ਮੁੱਦਾ ਹੈ।

ਆਦਿਵਾਸੀ ਕਿਸਾਨਾਂ ’ਤੇ ਜਬਰ ਖ਼ਿਲਾਫ਼ ਉੱਠ ਰਹੀ ਪੰਜਾਬ ਦੀ ਅਜਿਹੀ ਲੋਕ ਆਵਾਜ਼ ਸਾਂਝੀ ਜਦੋਜਹਿਦ ਉਸਾਰਨ ਦਾ ਸੰਦੇਸ਼ ਵੀ ਹੈ। ਭਾਵੇਂ ਅੰਗਰੇਜ਼ ਹਕੂਮਤ ਹੋਵੇ ਜਾਂ ਦੇਸੀ ਹਕੂਮਤ, ਪੰਜਾਬ ਦੇ ਜੁਝਾਰੂ ਲੋਕ ਹਮੇਸ਼ਾ ਬੇਇਨਸਾਫ਼ੀ ਅਤੇ ਧੱਕੇ ਵਿਰੁੱਧ ਡੱਟਕੇ ਖੜ੍ਹੇ ਹੋਏ ਹਨ ਅਤੇ ਹਕੂਮਤੀ ਜਬਰ ਦਾ ਲੋਕ ਤਾਕਤ ਦੇ ਜ਼ੋਰ ਮੂੰਹ ਤੋੜ ਜਵਾਬ ਦਿੰਦੇ ਆਏ ਹਨ। ਚਾਹੇ ਅਕਾਲੀ-ਭਾਜਪਾ ਸਰਕਾਰ ਵੱਲੋਂ ਲਿਆਂਦਾ ‘ਸਰਕਾਰੀ ਤੇ ਨਿੱਜੀ ਜਾਇਦਾਦ ਦੀ ਭੰਨਤੋੜ ਰੋਕੂ ਕਾਨੂੰਨ’ ਸੀ, ਜਾਂ ਮੋਦੀ ਸਰਕਾਰ ਵੱਲੋਂ ਲਿਆਂਦੇ ਤਿੰਨ ਕਾਲੇ ਖੇਤੀ ਕਾਨੂੰਨ ਜਾਂ ਫਿਰ ਤਿੰਨ ਨਵੇਂ ਫ਼ੌਜਦਾਰੀ ਕਾਨੂੰਨ, ਚਾਹੇ ਭੀਮਾ-ਕੋਰੇਗਾਓਂ ਕੇਸ ਵਿਚ ਲੋਕਪੱਖੀ ਬੁੱਧੀਜੀਵੀਆਂ ਦੀਆਂ ਗਿ ?ਰਫ਼ਤਾਰੀਆਂ ਸਨ ਜਾਂ ਮੁਸਲਮਾਨ ਭਾਈਚਾਰੇ ਵਿਰੁੱਧ ਫਿਰਕੂ ਨਾਗਰਿਕਤਾ ਸੋਧ ਕਾਨੂੰਨ, ਪੰਜਾਬ ਦੀਆਂ ਜਨਤਕ ਜਮਹੂਰੀ ਜਥੇਬੰਦੀਆਂ ਨੇ ਅਜਿਹੇ ਹਮਲਿਆਂ ਵਿਰੁੱਧ ਡੱਟਕੇ ਆਵਾਜ਼ ਉਠਾਈ ਹੈ। ਕਸ਼ਮੀਰੀ ਲੋਕਾਂ ਉੱਪਰ ਜਬਰ ਤੋਂ ਲੈ ਕੇ ਮਨੀਪੁਰ ਤੱਕ ਹੋ ਰਹੇ ਜਬਰ ਖਿਲਾਫ਼ ਆਵਾਜ਼ ਉਠਾਉਣ ਲਈ ਪੰਜਾਬ ਦੇ ਲੋਕ ਹਮੇਸ਼ਾ ਡੱਟ ਕੇ ਖੜ੍ਹੇ ਹਨ।

ਇਸੇ ਸ਼ਾਨਾਮੱਤੀ ਰਵਾਇਤ ਨੂੰ ਅੱਗੇ ਤੋਰਦਿਆਂ ਅਦਿਵਾਸੀ ਇਲਾਕਿਆਂ ਵਿਚ ਕਤਲੇਆਮ ਵਿਰੁੱਧ 8 ਅਗਸਤ ਨੂੰ ਮੋਗਾ ਦੀ ਧਰਤੀ ’ਤੇ ਸਾਂਝੀ ਜਨਤਕ ਜਮਹੂਰੀ ਲਲਕਾਰ ਗੂੰਜੇਗੀ। ਆਓ, ਪੂਰਾ ਤਾਣ ਲਾ ਕੇ ਇਸ ਰੈਲੀ ਅਤੇ ਮੁਜ਼ਾਹਰੇ ਨੂੰ ਸਫ਼ਲ ਬਣਾਈਏ ਅਤੇ ਮੰਗ ਕਰੀਏ:

-ਬਸਤਰ ਸਮੇਤ ਸਾਰੇ ਆਦਿਵਾਸੀ ਖੇਤਰਾਂ ’ਚ ‘ਅਪਰੇਸ਼ਨ ਕਗਾਰ’ ਸਮੇਤ ਹਰ ਤਰ੍ਹਾਂ ਦੇ ਫ਼ੌਜੀ ਅਪਰੇਸ਼ਨ ਬੰਦ ਕੀਤੇ ਜਾਣ।

-ਝੂਠੇ ਪੁਲਿਸ ਮੁਕਾਬਲੇ ਤੇ ਹਰ ਤਰ੍ਹਾਂ ਦੇ ਜਬਰ ਦੇ ਕਦਮ ਫੌਰੀ ਰੋਕੇ ਜਾਣ, ਇਹਨਾਂ ਇਲਾਕਿਆਂ ’ਚੋਂ ਸਾਰੇ ਪੁਲਿਸ ਕੈਂਪਾਂ ਨੂੰ ਹਟਾਇਆ ਜਾਵੇ, ਪੁਲਿਸ ਤੇ ਸਾਰੇ ਅਰਧ-ਸੈਨਿਕ ਬਲਾਂ ਨੂੰ ਵਾਪਸ ਬੁਲਾਇਆ ਜਾਵੇ।

-ਜੰਗਲਾਂ ਦੀਆਂ ਜ਼ਮੀਨਾਂ ਤੇ ਖਣਿਜ ਭੰਡਾਰ ਕਾਰਪੋਰੇਟਾਂ ਨੂੰ ਲੁਟਾਉਣੇ ਬੰਦ ਕੀਤੇ ਜਾਣ।

-ਆਦਿਵਾਸੀ ਕਿਸਾਨ, ਮਜ਼ਦੂਰ ਅਤੇ ਸਮੂਹ ਮਿਹਨਤਕਸ਼ ਲੋਕਾਂ ਦੇ ਟਾਕਰੇ ਖ਼ਿਲਾਫ਼ ਡਰੋਨਾਂ ਤੇ ਹੈਲੀਕਾਪਟਰਾਂ ਰਾਹੀਂ ਬੰਬਾਰੀ ਬੰਦ ਕੀਤੀ ਜਾਵੇ।

-ਲੋਕਾਂ ਦੀਆਂ ਜਥੇਬੰਦੀਆਂ ਅਤੇ ਸੰਘਰਸ਼ਾਂ ’ਤੇ ਲਾਈਆਂ ਪਾਬੰਦੀਆਂ ਖਤਮ ਕੀਤੀਆਂ ਜਾਣ, ਗ੍ਰਿਫ਼ਤਾਰ ਕੀਤੇ ਗਏ ਆਦਿਵਾਸੀ ਤੇ ਜਮਹੂਰੀ ਹੱਕਾਂ ਦੇ ਕਾਰਕੁੰਨ ਰਿਹਾਅ ਕੀਤੇ ਜਾਣ ਤੇ ਸੰਘਰਸ਼ ਕਰਨ ਦੇ ਅਧਿਕਾਰ ਦੀ ਜ਼ਾਮਨੀ ਕੀਤੀ ਜਾਵੇ।

-ਤਿੰਨ ਫ਼ੌਜਦਾਰੀ ਕਾਨੂੰਨ, ਨਵੇਂ ਚਾਰ ਕਿਰਤ ਕਾਨੂੰਨ (ਕੋਡ), ਯੂਏਪੀਏ, ਅਫਸਪਾ, ਪਬਲਿਕ ਸਕਿਊਰਿਟੀ ਐਕਟ, ਨਿੱਜੀ ਤੇ ਸਰਕਾਰੀ ਜਾਇਦਾਦ ਨੁਕਸਾਨ ਰੋਕਥਾਮ ਕਾਨੂੰਨ ਅਤੇ ਅਜਿਹੇ ਹੋਰ ਕਾਲੇ ਕਾਨੂੰਨ ਤੁਰੰਤ ਰੱਦ ਕੀਤੇ ਜਾਣ੍ਹ

**ਵੱਲੋਂ: ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ), ਪੰਜਾਬ ਖੇਤ ਮਜ਼ਦੂਰ ਯੂਨੀਅਨ, ਪੀਐੱਸਯੂ (ਸ਼ਹੀਦ ਰੰਧਾਵਾ), ਇਫਟੂ, ਪੇਂਡੂ ਮਜ਼ਦੂਰ ਯੂਨੀਅਨ ਪੰਜਾਬ, ਪੰਜਾਬ ਸਟੂਡੈਂਟਸ ਯੂਨੀਅਨ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ (ਸੰਜੀਵ ਮਿੰਟੂ), ਭਾਰਤੀ ਕਿਸਾਨ ਯੂਨੀਅਨ (ਡਕੌਂਦਾ) (ਬੂਟਾ ਸਿੰਘ ਬੁਰਜਗਿੱਲ), ਭਾਰਤੀ ਕਿਸਾਨ ਯੂਨੀਅਨ (ਏਕਤਾ ਡਕੌਂਦਾ) (ਮਨਜੀਤ ਧਨੇਰ), ਕਾਰਖ਼ਾਨਾ ਮਜ਼ਦੂਰ ਯੂਨੀਅਨ, ਇਨਕਲਾਬੀ ਮਜ਼ਦੂਰ ਕੇਂਦਰ, ਮੋਲਡਰ ਐਂਡ ਸਟੀਲ ਵਰਕਰਜ਼ ਯੂਨੀਅਨ, ਜਮਹੂਰੀ ਅਧਿਕਾਰ ਸਭਾ ਪੰਜਾਬ, ਪਲਸ ਮੰਚ, ਤਰਕਸ਼ੀਲ ਸੁਸਾਇਟੀ ਪੰਜਾਬ, ਓਪਰੇਸ਼ਨ ਗ੍ਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਪੰਜਾਬ, ਟੈਕਨੀਕਲ ਸਰਵਿਸਿਜ਼ ਯੂਨੀਅਨ (ਭੰਗਲ), ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ, ਕ੍ਰਾਂਤੀਕਾਰੀ ਕਿਸਾਨ ਯੂਨੀਅਨ, ਦਲਿਤ ਅਤੇ ਮਜ਼ਦੂਰ ਮੁਕਤੀ ਮੋਰਚਾ, ਪੰਜਾਬ ਕਿਸਾਨ ਯੂਨੀਅਨ, ਭਾਰਤੀ ਕਿਸਾਨ ਯੂਨੀਅਨ (ਕ੍ਰਾਂਤੀਕਾਰੀ), ਜਮਹੂਰੀ ਕਿਸਾਨ ਸਭਾ, ਦਿਹਾਤੀ ਮਜ਼ਦੂਰ ਸਭਾ, ਮੈਡੀਕਲ ਪ੍ਰੈਕਟੀਸ਼ਨਰ ਐਸੋਸੀਏਸ਼ਨ ਪੰਜਾਬ, ਵਰਗ ਚੇਤਨਾ, ਡੈਮੋਕਰੇਟਿਕ ਡਿਸਕਸ਼ਨ ਫੋਰਮ ਪਟਿਆਲਾ, ਕ੍ਰਾਂਤੀਕਾਰੀ ਸੱਭਿਆਚਾਰ ਕੇਂਦਰ।**

SHAHEED BHAGAT SINGH BOOK CENTRE
Calgary Canada
ਸ਼ਹੀਦ ਭਗਤ ਸਿੰਘ ਬੁੱਕ ਸੈਂਟਰ
A Non-Profit, Volunteer Service to Promote New Readership & Encourage New Writers!
ਵਾਜਿਬ ਕੀਮਤ ’ਤੇ ਕਿਤਾਬਾਂ ਪ੍ਰਿੰਟ ਕਰਵਾਉਣ ਲਈ ਸੰਪਰਕ ਕਰੋ :
Book Exhibition & Sale!
Contact: Master Bhajan Singh at 403-455-4220

**ਲੈਂਡ ਪੂਲਿੰਗ ਨੀਤੀ**

# ਕਾਰਪੋਰੇਟ ਲੁਟੇਰਿਆਂ ਦੇ ਫੰਡਰ ਕਾਰੋਬਾਰਾਂ ਲਈ ਕਿਸਾਨਾਂ ਦੇ ਉਜਾੜੇ ਦੀ ਸਾਜ਼ਿਸ਼



*ਸ਼ਹਿਰਾਂ ਦੇ ਬਾਹਰ ਕਲੋਨੀਆਂ 'ਚ ਬਹੁਤ ਸਾਰੇ ਪਲਾਟ ਖਾਲੀ ਪਏ ਹਨ ਤੇ ਕਿਤੋਂ ਇਹ ਮੰਗ ਨਹੀਂ ਆਈ ਸੀ ਕਿ ਨਵੀਆਂ ਕਲੋਨੀਆਂ ਵਸਾ ਕੇ ਦਿੱਤੀਆਂ ਜਾਣ ਜਦਕਿ ਪਿੰਡਾਂ ਅੰਦਰ ਹਜ਼ਾਰਾਂ ਖੇਤ ਮਜ਼ਦੂਰ ਪਰਿਵਾਰ ਪੰਜ ਪੰਜ ਮਰਲੇ ਦੇ ਪਲਾਟਾਂ ਲਈ ਦਹਾਕਿਆਂ ਤੋਂ ਮੰਗ ਕਰਦੇ ਆ ਰਹੇ ਹਨ। ਇਉਂ ਹੀ ਸ਼ਹਿਰਾਂ ਅੰਦਰ ਥਾਂ ਥਾਂ 'ਤੇ ਗਰੀਬ ਕਿਰਤੀਆਂ ਦੀਆਂ ਅਜਿਹੀਆਂ ਬਸਤੀਆਂ ਹਨ, ਜਿਨਾਂ 'ਤੇ ਝੁੱਗੀਆਂ ਵਰਗੇ ਮਕਾਨ ਛੱਤੇ ਹੋਏ ਹਨ। ਉਹਨਾਂ ਕੋਲ ਅਜਿਹੀਆਂ ਥਾਵਾਂ ਦੇ ਕੋਈ ਮਾਲਕੀ ਹੱਕ ਨਹੀਂ ਹਨ। ਸ਼ਹਿਰ ਦੇ ਪ੍ਰਸ਼ਾਸਨ ਵਾਰ ਵਾਰ ਇਹਨਾਂ ਨੂੰ ਅਜਿਹੀਆਂ ਥਾਵਾਂ ਤੋਂ ਉਜਾੜਦਾ ਰਹਿੰਦਾ ਹੈ। ਇਹਨਾਂ ਸਾਰੇ ਲੋਕਾਂ ਦੀ ਸਰਕਾਰ ਨੂੰ ਕਦੇ ਯਾਦ ਨਹੀਂ ਆਈ। ਨਾ ਇਹਨਾਂ ਲਈ ਲੈਂਡ ਪੂਲ? ਕਰਨਾ ਯਾਦ ਆਇਆ ਹੈ ਤੇ ਨਾ ਇਹਨਾਂ ਦੇ ਰੈਣ-ਬਸੇਰੇ ਦਾ ਕਦੇ ਕੋਈ ਸਰੋਕਾਰ ਜ਼ਾਹਿਰ ਹੋਇਆ ਹੈ। ਲੈਂਡ ਪੂਲਿੰਗ ਨੀਤੀ ਦੱਸਦੀ ਹੈ ਕਿ ਇਹ ਹਕੂਮਤਾਂ ਕਿਹੜੀਆਂ ਜਮਾਤਾਂ ਦੀ ਸੇਵਾ 'ਚ ਹਨ ਤੇ ਇਹ ਸੇਵਾ ਕਿਵੇਂ ਕੀਤੀ ਜਾਂਦੀ ਹੈ। – ਸੰਪਾਦਕ*

ਕਿਸਾਨਾਂ ਦੀਆਂ ਜ਼ਮੀਨਾਂ ਲੁਟੇਰੇ ਕਾਰਪੋਰੇਟ ਘਰਾਣਿਆਂ ਹਵਾਲੇ ਕਰਨ ਦੇ ਮਕਸਦਾਂ ਵਾਲੀ ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਨੀਤੀ ਖ਼ਿਲਾਫ਼ ਸੂਬੇ ਅੰਦਰ ਸੰਘਰਸ਼ ਦਾ ਪਿੜ ਬੱਝਣਾ ਸ਼ੁਰੂ ਹੋ ਗਿਆ ਹੈ। ਇਸ ਨੀਤੀ ਤਹਿਤ ਲਈ ਜਾਣ ਵਾਲੀ ਉਪਜਾਊ ਜ਼ਮੀਨ ਦੇ ਮਾਲਕ ਕਿਸਾਨਾਂ ਵੱਲੋਂ ਇਸ ਨੀਤੀ ਖ਼ਿਲਾਫ਼ ਆਵਾਜ਼ ਉਠਾਉਂਦਿਆਂ ਜ਼ਮੀਨਾਂ ਸੌਂਪਣ ਤੋਂ ਇਨਕਾਰ ਕਰਨ ਦੀ ਚਰਚਾ ਸ਼ੁਰੂ ਹੋ ਚੁੱਕੀ ਹੈ ਅਤੇ ਸੂਬੇ ਦੀਆਂ ਕਿਸਾਨ ਜਥੇਬੰਦੀਆਂ ਨੇ ਵੀ ਕਿਸਾਨਾਂ ਦੀਆਂ ਉਪਜਾਊ ਜ਼ਮੀਨਾਂ ਜਬਰੀ ਖੋਹੇ ਜਾਣ ਖ਼ਿਲਾਫ਼ ਸੰਘਰਸ਼ ਦਾ ਪੈਂਤੜਾ ਲੈ ਲਿਆ ਹੈ। ਸੰਯੁਕਤ ਕਿਸਾਨ ਮੋਰਚੇ 'ਚ ਸ਼ਾਮਲ ਜਥੇਬੰਦੀਆਂ ਨੇ ਸੰਘਰਸ਼ ਐਕਸ਼ਨਾਂ ਦਾ ਐਲਾਨ ਕਰ ਦਿੱਤਾ ਹੈ ਅਤੇ ਸਥਾਨਕ ਪੱਧਰਾਂ 'ਤੇ ਵੀ ਕਿਸਾਨਾਂ ਨੇ ਅਤੇ ਹੋਰਨਾਂ ਪੇਂਡੂ ਸੰਸਥਾਵਾਂ ਨੇ ਵੀ ਵਿਰੋਧ ਸਰਗਰਮੀ ਸ਼ੁਰੂ ਕਰ ਦਿੱਤੀ ਹੈ। ਇਸ ਨੀਤੀ ਖ਼ਿਲਾਫ਼ ਹਰਕਤਸ਼ੀਲ ਹੋ ਰਹੇ ਰੋਸ ਨੂੰ ਆਪਣੇ ਸੌੜੇ ਸਿਆਸੀ ਹਿਤਾਂ ਲਈ ਵਰਤਣ ਖਾਤਰ ਸੂਬੇ ਦੀਆਂ ਹਾਕਮ ਜਮਾਤੀ ਪਾਰਟੀਆਂ ਵੀ ਸਰਗਰਮ ਦਿਖਾਈ ਦੇ ਰਹੀਆਂ ਹਨ ਅਤੇ ਬਿਆਨਾਂ ਤੋਂ ਅੱਗੇ ਵਧ ਕੇ ਧਰਨਿਆਂ ਲਈ ਲਾਮਬੰਦੀ ਦੀ ਕਵਾਇਦ 'ਚ ਰੁੱਝਣ ਦੇ ਯਤਨ ਕਰ ਰਹੀਆਂ ਹਨ। ਸੂਬੇ ਦੀ ਸਿਆਸਤ ਅੰਦਰ ਇਹ ਮੁੱਦਾ ਭਖਵੀਂ ਚਰਚਾ ਦਾ ਮੁੱਦਾ ਬਣ ਗਿਆ ਹੈ ਤੇ ਕਿਸਾਨੀ ਲਈ ਜ਼ਮੀਨਾਂ 'ਤੇ ਸਰਕਾਰੀ ਹੱਲੇ ਦੀ ਫਿਕਰਮੰਦੀ ਵਿਆਪਕ ਰੂਪ 'ਚ ਜ਼ੋਰ ਫੜ੍ਹ ਗਈ ਹੈ। ਆਪ ਸਰਕਾਰ ਇਸ ਮੁੱਦੇ 'ਤੇ ਫਸਦੀ ਹੋਈ ਨਜ਼ਰ ਆ ਰਹੀ ਹੈ ਅਤੇ ਪਾਲਿਸੀ ਦੀ ਵਜਾਹਤ ਕਰਦਿਆਂ ਵਿਕਾਊ ਪ੍ਰਚਾਰ ਸਾਧਨਾਂ ਨੂੰ ਸਰਗਰਮ ਕਰਨ ਲਈ ਹੱਥ ਪੈਰ ਮਾਰ ਰਹੀ ਹੈ। ਆਉਂਦਾ ਅਰਸਾ ਇਸ ਮੁੱਦੇ 'ਤੇ ਜਨਤਕ ਲਾਮਬੰਦੀਆਂ, ਸਿਆਸੀ ਬਹਿਸ ਵਿਚਾਰ ਤੇ ਹਾਕਮ ਜਮਾਤੀ ਸਿਆਸੀ ਚਾਲਾਂ ਦੀ ਭਰਮਾਰ ਵਾਲਾ ਹੋਣ ਜਾ ਰਿਹਾ ਹੈ।

**ਸਰਕਾਰੀ ਦਾਅਵੇ ਤੇ ਕਿਸਾਨਾਂ ਦੇ ਪ੍ਰਤੀਕਰਮ** : ਸਰਕਾਰ ਨੇ ਇਸ ਨੀਤੀ ਅਨੁਸਾਰ ਲੁਧਿਆਣੇ ਜ਼ਿਲ੍ਹੇ ਦੇ 32 ਪਿੰਡਾਂ ਦੀ 24311 ਏਕੜ ਜ਼ਮੀਨ ਹਾਸਲ ਕਰਕੇ ਅਰਬਨ ਅਸਟੇਟ ਵਸਾਉਣ ਦਾ ਫੈਸਲਾ ਕੀਤਾ ਹੈ। ਇਉਂ ਹੀ ਸਰਕਾਰੀ ਪ੍ਰਚਾਰ ਤੰਤਰ ਵੱਲੋਂ ਪੰਜਾਬ ਦੇ ਵੱਖ-ਵੱਖ 19 ਸ਼ਹਿਰਾਂ ਦੇ ਨੇੜੇ ਹੋਰ ਅਰਬਨ ਅਸਟੇਟ ਵਸਾਏ ਜਾਣੇ ਹਨ ਭਾਵ ਕਿ ਰਹਿਣ ਲਈ ਘਰਾਂ ਵਾਲੀਆਂ ਕਲੋਨੀਆਂ ਵਸਾਉਣ ਦੀ ਵਿਉਂਤ ਦੱਸੀ ਗਈ ਹੈ। ਇਹਨਾਂ ਅਰਬਨ ਅਸਟੇਟਾਂ ਲਈ ਵੱਖ-ਵੱਖ ਸ਼ਹਿਰਾਂ 'ਚ ਵੱਖ-ਵੱਖ ਗਿਣਤੀ 'ਚ ਹਜ਼ਾਰਾਂ ਏਕੜ ਜ਼ਮੀਨ ਲਈ ਜਾਣੀ ਹੈ ਜਿਹੜੀ 12341 ਏਕੜ ਬਣਦੀ ਹੈ। ਇਉਂ ਹੀ ਮੁਹਾਲੀ ਦੇ ਸੈਕਟਰਾਂ ਦੇ ਹੋਰ ਪਸਾਰੇ ਲਈ ਵੀ ਜ਼ਮੀਨ ਐਕਵਾਇਰ ਕੀਤੀ ਜਾ ਰਹੀ ਹੈ। ਇਹਨਾਂ 'ਚ ਉਦਯੋਗਿਕ ਪ੍ਰੋਜੈਕਟਾਂ ਲਈ ਵਰਤੋਂ ਵੀ ਸ਼ਾਮਿਲ ਹੈ। ਸਮੁੱਚੇ ਪੰਜਾਬ 'ਚੋਂ 164 ਪਿੰਡਾਂ ਦੀ ਲਗਭਗ 65,533 ਏਕੜ ਜ਼ਮੀਨ ਲੈਂਡ ਪੂਲਿੰਗ ਪਾਲਿਸੀ ਤਹਿਤ ਸ਼ਾਮਿਲ ਕੀਤੇ ਜਾਣ ਦੀ ਵਿਉਂਤ ਹੈ। ਇਹ ਨੀਤੀ ਐਲਾਨਣ ਵੇਲੇ ਸਰਕਾਰ ਨੇ ਦਾਅਵਾ ਕੀਤਾ ਹੈ ਕਿ ਘਰਾਂ ਦੀ ਵਧ ਰਹੀ ਜ਼ਰੂਰਤ ਨੂੰ ਪੂਰਾ ਕਰਨ ਲਈ ਇਹ ਕਲੋਨੀਆਂ ਵਸਾਈਆਂ ਜਾ ਰਹੀਆਂ ਹਨ। ਸਰਕਾਰ ਦਾ ਦਾਅਵਾ ਹੈ ਕਿ ਉਸਨੇ ਪਹਿਲੀ ਲੈਂਡ ਪੂਲਿੰਗ ਨੀਤੀ 'ਚ ਵੱਡੀਆਂ ਲੋਕ ਪੱਖੀ ਤਬਦੀਲੀਆਂ ਕੀਤੀਆਂ ਹਨ ਤੇ ਪ੍ਰਾਪਰਟੀ ਦੇ ਕਾਰੋਬਾਰੀਆਂ ਨੂੰ ਬਾਹਰ ਰੱਖ ਕੇ ਸਰਕਾਰ ਵੱਲੋਂ ਖੁਦ ਇਹ ਕਲੋਨੀਆਂ ਵਸਾਈਆਂ ਜਾਣੀਆਂ ਹਨ ਤੇ ਕਿਸਾਨਾਂ ਨੂੰ ਵੀ ਜ਼ਮੀਨਾਂ ਦੇਣ ਨਾਲ ਚੰਗੀ ਵੱਟਤ ਹੋਣੀ ਹੈ। ਸਰਕਾਰ ਵੱਲੋਂ ਤਾਂ ਕਿਸਾਨਾਂ ਨੂੰ 400 ਗੁਣਾ ਮੁਨਾਫਾ ਦੇਣ ਦੀ ਗੱਲ ਵੀ ਕਹੀ ਜਾ ਰਹੀ ਹੈ। ਸਰਕਾਰ ਵੱਲੋਂ ਹਾਸਿਲ ਕੀਤੀ ਜਾਣ ਵਾਲੀ 1 ਏਕੜ ਜ਼ਮੀਨ ਪਿੱਛੇ 1000 ਵਰਗ ਗਜ਼ ਦਾ ਰਿਹਾਇਸ਼ੀ ਪਲਾਟ ਅਤੇ 200 ਗਜ਼ ਦਾ ਵਪਾਰਕ ਪਲਾਟ ਦਿੱਤੇ ਜਾਣ ਦੀ ਪੇਸ਼ਕਸ਼ ਰੱਖੀ ਗਈ ਹੈ। ਸਰਕਾਰ ਦਾਅਵਾ ਕਰਦੀ ਹੈ ਕਿ ਕਬਜ਼ੇ ਤੋਂ ਮਗਰੋਂ ਤਿੰਨ ਸਾਲ ਤੱਕ ਪ੍ਰਤੀ ਏਕੜ 30,000 ਰੁ: ਗੁਜ਼ਾਰਾ ਭੱਤਾ ਦਿੱਤਾ ਜਾਣਾ ਹੈ। ਸਰਕਾਰੀ ਦਾਅਵਿਆਂ ਦੀ ਪੇਸ਼ਕਾਰੀ ਹੈ ਕਿ ਇਹਨਾਂ ਪਲਾਟਾਂ ਦੇ ਰੇਟ ਬਹੁਤ ਉੱਚੇ ਜਾਣਗੇ ਤੇ ਕਿਸਾਨ ਮੋਟੀਆਂ ਕਮਾਈਆਂ ਕਰਨਗੇ। ਨਾਲ ਹੀ ਕਿਹਾ ਜਾ ਰਿਹਾ ਹੈ ਕਿ ਸ਼ਹਿਰੀ ਲੋਕਾਂ ਨੂੰ ਸਸਤੇ ਘਰ ਮੁਹੱਈਆ ਕਰਵਾਏ ਜਾਣਗੇ। ਸਰਕਾਰੀ ਦਾਅਵੇ ਦਾ ਟਕਰਾਅ ਏਨਾ ਜੱਗ ਜ਼ਾਹਿਰ ਹੈ ਕਿ ਸੁਭਾਵਿਕ ਹੀ ਇਹ ਸਵਾਲ ਉੱਠ ਖੜ੍ਹਦਾ ਹੈ ਕਿ ਏਨੀਆਂ ਉੱਚੀਆਂ ਕੀਮਤਾਂ ਵਾਲੇ ਘਰ ਕੌਣ ਖਰੀਦੇਗਾ? ਕਿਸਾਨਾਂ ਵੱਲੋਂ ਤਿੱਖੇ ਰੋਸ ਪ੍ਰਤੀਕਰਮ ਪ੍ਰਗਟ ਹੋਣ ਮਗਰੋਂ ਹੁਣ ਇਸ ਨੀਤੀ 'ਚ ਕੁੱਝ ਹੋਰ ਰਿਆਇਤਾਂ ਜੋੜੀਆਂ ਗਈਆਂ ਹਨ। ਜਿਵੇਂ ਸਲਾਨਾ ਰਾਸ਼ੀ ਪ੍ਰਤੀ ਏਕੜ 30 ਹਜ਼ਾਰ ਤੋ ਵਧਾ ਕੇ 50 ਹਜ਼ਾਰ ਕੀਤੀ ਗਈ ਹੈ ਅਤੇ ਨਾਲ ਹੀ ਕਿਹਾ ਗਿਆ ਹੈ ਕਿ ਇਹ ਰਾਸ਼ੀ ਵਿਕਾਸ ਕਾਰਜ ਸ਼ੁਰੂ ਹੋਣ ਤੱਕ ਦਿੱਤੀ ਜਾਵੇਗੀ। ਨਾਲ ਹੀ ਇਹ ਵੀ ਕਿਹਾ ਗਿਆ ਹੈ ਕਿ ਜਦੋਂ ਤੱਕ ਵਿਕਾਸ ਕਾਰਜ ਸ਼ੁਰੂ ਨਹੀਂ ਹੁੰਦੇ, ਉਦੋਂ ਤੱਕ ਸੰਬੰਧਿਤ ਕਿਸਾਨਾਂ ਨੂੰ ਖੇਤੀ ਕਰਦੇ ਰਹਿਣ ਦੀ ਛੋਟ ਦੇਣ ਦੀ ਗੱਲ ਕੀਤੀ ਗਈ ਹੈ। ਇੱਕ ਹੋਰ ਰਿਆਇਤ ਦਾ ਪ੍ਰਭਾਵ ਦਿੱਤਾ ਜਾ ਰਿਹਾ ਹੈ ਕਿ ਕਿਸਾਨਾਂ ਦੀ ਸਹਿਮਤੀ ਮਿਲਣ ਦੇ 21 ਦਿਨਾਂ ਦੇ ਅੰਦਰ-ਅੰਦਰ 'ਲੈਟਰ ਆਫ਼ ਇੰਟੈਂਟ' ਜਾਰੀ ਕੀਤਾ ਜਾਵੇਗਾ। ਮੁੱਖ ਮੰਤਰੀ ਵੱਲੋਂ ਖੁਦ ਪ੍ਰੈਸ ਕਾਨਫਰੰਸ ਕਰਕੇ ਕਈ ਹੋਰ ਹਾਸੋਹੀਣੇ ਐਲਾਨ ਕੀਤੇ ਗਏ ਹਨ ਜੋ ਕਿਸਾਨਾਂ ਨੂੰ ਵਰਾਉਣ-ਵਰਚਾਉਣ ਦੀ ਕਵਾਇਦ ਤੋਂ ਵੱਧ ਕੁੱਝ ਨਹੀਂ ਹਨ।

ਇਹ ਸਾਰੇ ਦਾਅਵੇ ਤਾਂ ਕਿਸਾਨਾਂ ਨੂੰ ਧਰਵਾਸ ਬੰਨ੍ਹਾਉਣ ਜੋਗੇ ਨਹੀਂ ਹਨ। ਹੁਣ ਤੱਕ ਜੋ ਪ੍ਰਤੀਕਰਮ ਆ ਰਹੇ ਹਨ ਤੇ ਪ੍ਰਭਾਵਿਤ ਕਿਸਾਨਾਂ ਵੱਲੋਂ ਜੋ ਸਵਾਲ ਉਠਾਏ ਜਾ ਰਹੇ ਹਨ, ਉਹ ਵਾਜਬ ਹਨ। ਸ਼ਹਿਰਾਂ ਨੇੜਲੀਆਂ ਇਹ ਜ਼ਮੀਨਾਂ ਪਹਿਲਾਂ ਹੀ ਕਾਫੀ ਉੱਚੇ ਰੇਟਾਂ ਦੀਆਂ ਹਨ ਤੇ ਕਿਸਾਨਾਂ ਦੀ ਇੱਕ ਪਰਤ ਅਜਿਹੀ ਹੈ ਜੋ ਇਹਨਾਂ ਦੀ ਵਿੱਕਰੀ ਰਾਹੀਂ ਕਾਫੀ ਕੀਮਤ ਹਾਸਲ ਕਰ ਸਕਣ ਦੀ ਤਵੱਕੋਂ ਕਰਦੀ ਹੈ ਤੇ ਉਸ ਲਈ ਸਾਲਾਂਬੱਧੀ ਲਟਕਣ ਵਾਲੇ ਅਜਿਹੇ ਪ੍ਰੋਜੈਕਟਾਂ ਤੋਂ ਕੁੱਝ ਵੀ ਪੱਲੇ ਪੈਣ ਦੀ ਉਮੀਦ ਨਹੀਂ ਹੈ। ਨਾ ਹੀ 30,000 ਜਾਂ 50 ਹਜ਼ਾਰ ਸਾਲਾਨਾ ਦੇ ਹਿਸਾਬ ਨਾਲ ਗੁਜ਼ਾਰਾ ਚੱਲ ਸਕਦਾ ਹੈ ਜਦਕਿ ਜ਼ਮੀਨਾਂ ਦੇ ਠੇਕੇ ਤਾਂ ਇਸ ਤੋਂ ਤਿੰਨ ਗੁਣਾ ਤੱਕ ਜਾ ਚੁੱਕੇ ਹਨ। ਇਹ ਦਲੀਲਾਂ ਵੀ ਵਾਜਬ ਹਨ ਕਿ ਦਹਾਕਿਆਂ ਬਾਅਦ ਤੱਕ ਵਿਕਸਿਤ ਹੋ ਕੇ ਮਿਲਣ ਵਾਲੇ ਅਜਿਹੇ ਪਲਾਟ ਦਾ ਉਦੋਂ ਕੀ ਅਰਥ ਰਹਿ ਜਾਵੇਗਾ ਕਿਉਂਕਿ ਹੁਣ ਤੱਕ ਕਲੋਨੀਆਂ ਦੇ ਬਕਾਇਦਾ ਵਿਕਸਿਤ ਹੋਣ ਤੇ ਵਸਣ ਦਾ ਅਮਲ ਦਹਾਕਿਆਂ ਬੱਧੀ ਲੰਮਾ ਰਿਹਾ ਹੈ। ਇਸ ਲੰਮੇ ਅਰਸੇ ਦੌਰਾਨ ਜ਼ਮੀਨਾਂ ਤੋਂ ਉੱਜੜੇ ਕਿਸਾਨ ਕਿਵੇਂ ਗੁਜ਼ਾਰਾ ਕਰਨਗੇ ਤੇ ਕਿੱਥੇ ਵਸਣਗੇ। ਕਿਸਾਨਾਂ ਦੀ ਇੱਕ ਅਹਿਮ ਪਰਤ ਉਹ ਹੈ ਜਿਸਦਾ ਛੋਟੀਆਂ ਜ਼ਮੀਨੀ ਢੇਰੀਆਂ 'ਤੇ ਗੁਜ਼ਾਰਾ ਮਸਾਂ ਚੱਲ ਰਿਹਾ ਹੈ ਤੇ ਉਸ ਕੋਲ ਖੇਤੀ ਕਿੱਤੇ ਤੋਂ ਸਿਵਾਏ ਹੋਰ ਕੋਈ ਬਦਲ ਨਹੀਂ ਹੈ। ਇਹ ਪਰਤ ਜ਼ਮੀਨ ਦੇ ਕੇ ਪੂਰੀ ਤਰ੍ਹਾਂ ਉਜਾੜੇ ਮੂੰਹ ਧੱਕੀ ਜਾਣੀ ਹੈ ਅਤੇ ਅਜਿਹੇ ਇੱਕ ਪਲਾਟ 'ਤੇ ਵਸ ਕੇ, (ਉਹ ਵੀ ਸਾਲਾਂ ਬਾਅਦ) ਭਲਾ ਉਸਦੇ ਪੱਲੇ ਕੀ ਪਵੇਗਾ। ਇਹ ਪਰਤ ਜ਼ਮੀਨਾਂ ਸੌਂਪਣ ਤੋਂ ਪੂਰੀ ਤਰ੍ਹਾਂ ਇਨਕਾਰੀ ਹੈ ਤੇ ਆਪਣੇ ਖੇਤੀ ਕਿੱਤੇ ਦੇ ਉਜਾੜੇ ਦੇ ਫਿਕਰਾਂ 'ਚੋਂ ਵੀ ਜ਼ਮੀਨ ਦੀ ਰਾਖੀ ਲਈ ਸਰਗਰਮ ਹੋ ਰਹੀ ਹੈ। ਸਰਕਾਰ ਦੇ ਇਹ ਦਾਅਵੇ ਕਿ ਕਿਸਾਨਾਂ ਦੀ ਜ਼ਮੀਨ ਸਹਿਮਤੀ ਨਾਲ ਲਈ ਜਾਵੇਗੀ, ਕਿਸਾਨਾਂ ਦੇ ਭਰੋਸੇ ਦੇ ਲਾਇਕ ਨਹੀਂ ਹਨ ਕਿਉਂਕਿ ਹੁਣ ਤੱਕ ਹਕੂਮਤਾਂ ਅਜਿਹੇ ਵਾਅਦਿਆਂ 'ਤੇ ਖੜ੍ਹੀਆਂ ਦਿਖੀਆਂ ਨਹੀਂ ਹਨ। ਹੁਣ ਵੀ ਸਰਕਾਰ ਵੱਲੋਂ ਹੇਠਲੇ ਅਧਿਕਾਰੀਆਂ ਤੱਕ ਕੀਤੀਆਂ ਗਈਆਂ ਇਹ ਹਦਾਇਤਾਂ ਦੱਸਦੀਆਂ ਹਨ ਕਿ ਜ਼ਮੀਨਾਂ ਦੇਣ ਲਈ ਕਿਸਾਨਾਂ ਦੀ ਸਹਿਮਤੀ ਲੈਣ ਦੀ ਵਿਉਂਤ ਨਹੀਂ ਹੈ। ਸਰਕਾਰ ਨੇ ਜ਼ਮੀਨ ਨੂੰ ਖੇਤੀ ਦੀ ਥਾਂ ਕਿਸੇ ਹੋਰ ਕੰਮਾਂ ਲਈ ਵਰਤਣ 'ਤੇ ਰੋਕ ਲਗਾ ਦਿੱਤੀ ਹੈ। ਇਸ ਲਈ ਬਕਾਇਦਾ ਲਿਖਤੀ ਹਦਾਇਤਾਂ ਕਰ ਦਿੱਤੀਆਂ ਹਨ। ਪਹਿਲਾਂ ਵੀ ਅਜਿਹਾ ਕਈ ਵਾਰ ਹੋ ਚੁੱਕਿਆ ਹੈ ਕਿ ਐਲਾਨੇ ਗਏ ਪ੍ਰੋਜੈਕਟਾਂ ਅਨੁਸਾਰ ਕੋਈ ਕੰਮ ਨਹੀਂ ਹੋਇਆ ਸੀ ਤੇ ਜ਼ਮੀਨਾਂ ਵਿਹਲੀਆਂ ਪਈਆਂ ਰਹੀਆਂ ਸਨ। ਸ਼ਹਿਰੀ ਅਥਾਰਟੀਆਂ ਦੇ ਅਧੀਨ ਆ ਗਈਆਂ ਜ਼ਮੀਨਾਂ ਵੇਚਣ ਦਾ ਅਧਿਕਾਰ ਹੀ ਜਦੋਂ ਕਿਸਾਨਾਂ ਕੋਲੋਂ ਖੋਹ ਲਿਆ ਜਾਣਾ ਹੈ ਤਾਂ ਫਿਰ ਜ਼ਮੀਨ ਕਿਸਾਨ ਦੀ ਮਰਜ਼ੀ 'ਤੇ ਕਿਵੇਂ ਰਹਿ ਜਾਵੇਗੀ। ਮੁਹਾਲੀ ਦੇ ਕਿਸਾਨਾਂ ਨਾਲ ਵਾਪਰਿਆ ਅਜਿਹਾ ਭਾਣਾ ਕਿਸਾਨਾਂ ਦੇ ਤੌਖਲਿਆਂ ਨੂੰ ਸਹੀ ਸਾਬਿਤ ਕਰਦਾ ਹੈ। ਸਗੋਂ ਇਸ ਨੀਤੀ 'ਚ ਵੱਡੀਆਂ ਜ਼ਮੀਨਾਂ ਵਾਲੇ ਕਿਸਾਨਾਂ ਤੇ ਛੋਟੇ ਕਿਸਾਨਾਂ ਨੂੰ ਮਿਲਣ ਵਾਲੀ ਪਲਾਟਾਂ ਦੀ ਹਿੱਸੇਦਾਰੀ 'ਚ ਵੱਡਾ ਅੰਤਰ ਰੱਖਿਆ ਗਿਆ ਹੈ ਜੋ ਸ਼ਰੇਆਮ ਹੀ ਧਨਾਢ ਕਿਸਾਨਾਂ ਮੁਕਾਬਲੇ ਗਰੀਬ ਕਿਸਾਨਾਂ ਨਾਲ ਵਿਤਕਰੇਬਾਜ਼ੀ ਹੈ।

**ਜ਼ਮੀਨ ਗ੍ਰਹਿਣ ਤੇ ਮੁੜ ਵਸੇਬਾ ਕਾਨੂੰਨ 2013 ਦੀ ਮੱਕਾਰੀ ਭਾਰੀ ਉਲੰਘਣਾ** : ਕਿਸਾਨਾਂ ਤੋਂ ਜ਼ਮੀਨ ਐਕਵਾਇਰ ਕਰਨ ਲਈ ਜ਼ਮੀਨ ਗ੍ਰਹਿਣ ਤੇ ਮੁੜ ਵਸੇਬਾ ਕਾਨੂੰਨ 2013 ਲਾਗੂ ਹੈ। ਜ਼ਮੀਨ ਗ੍ਰਹਿਣ ਇਸ ਕਾਨੂੰਨ ਤਹਿਤ ਹੀ ਕੀਤੀ ਜਾਣੀ ਹੈ ਪਰ ਸਰਕਾਰ ਇਸ ਕਾਨੂੰਨ ਦੀਆਂ ਕੁਝ ਕਿਸਾਨ ਪੱਖੀ ਮਦਾਂ ਤੋਂ ਬਚਣ ਲਈ ਮੱਕਾਰੀ ਭਰਿਆ ਤਰੀਕਾ ਅਪਣਾ ਰਹੀ ਹੈ। ਕਿਸਾਨਾਂ ਨੂੰ ਭਰਮਾਉਣ ਲਈ ਤਰ੍ਹਾਂ ਤਰ੍ਹਾਂ ਦੀਆਂ ਭਰਮਾਊ ਪੇਸ਼ਕਸ਼ਾਂ ਕਰਕੇ ਸਹਿਮਤੀ ਲੈਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਲੈਂਡ ਪੂਲਿੰਗ ਨੀਤੀ ਤਹਿਤ ਕੀਤੀਆਂ ਜਾ ਰਹੀਆਂ ਪੇਸ਼ਕਸ਼ਾਂ ਇਸੇ ਸਹਿਮਤੀ ਨੂੰ ਹਾਸਿਲ ਕਰਨ ਦਾ ਚਤੁਰਾਈ ਭਰਿਆ ਢੰਗ ਹਨ। ਜ਼ਮੀਨ ਗ੍ਰਹਿਣ ਕਾਨੂੰਨ 2013 ਦੀਆਂ ਸ਼ਰਤਾਂ ਅਨੁਸਾਰ ਪੰਜਾਬ ਦੀਆਂ ਅਜਿਹੀਆਂ ਉਪਜਾਊ ਜ਼ਮੀਨਾਂ ਐਕਵਾਇਰ ਕਰਨ ਦਾ ਅਮਲ ਸਰਕਾਰ ਲਈ ਕਾਫ਼ੀ ਗੁੰਝਲਦਾਰ ਬਣਦਾ ਹੈ ਤੇ ਜਿਸ ਵਿੱਚ ਕਿਸਾਨਾਂ ਲਈ ਸੁਣਵਾਈ ਦੀਆਂ ਕੁਝ ਗੁੰਜਾਇਸ਼ਾਂ ਬਣਦੀਆਂ ਹਨ। ਇਹ ਕਾਨੂੰਨ ਸਿਰਫ਼ ਮੁਆਵਜ਼ੇ ਦੀ ਕੀਮਤ ਤੱਕ ਸੀਮਤ ਨਹੀਂ ਹੈ ਸਗੋਂ ਉਸ ਕਾਨੂੰਨ ਅਨੁਸਾਰ ਜ਼ਮੀਨ ਗ੍ਰਹਿਣ ਕਰਨ ਦੇ ਮੰਤਵਾਂ, ਲਾਏ ਜਾਣ ਵਾਲੇ ਪ੍ਰੋਜੈਕਟ ਦੀ ਜ਼ਰੂਰਤ, ਵਸਦੀ ਆਬਾਦੀ ਦੇ ਹੋਣ ਵਾਲੇ ਉਜਾੜੇ ਦੇ ਅਸਰ, ਉਸ ਜ਼ਮੀਨ 'ਤੇ ਸਿੱਧੇ ਜਾਂ ਅਸਿੱਧੇ ਸਿੱਧੇ ਤੌਰ 'ਤੇ ਨਿਰਭਰ ਭਾਈਚਾਰਿਆਂ ਦੇ ਉਜਾੜੇ ਦਾ ਸੰਕਟ, ਮੁੜ ਵਸੇਬੇ ਦੇ ਇੰਤਜ਼ਾਮਾਂ ਬਾਰੇ ਅੰਦਾਜ਼ੇ, ਵਾਤਾਵਰਨ ਤੇ ਹੋਰ ਕੁਦਰਤੀ ਕਾਰਕਾਂ ਦੇ ਅਸਰ ਵਗੈਰਾ ਨੂੰ ਆਧਾਰ ਬਣਾਇਆ ਜਾਂਦਾ ਹੈ। ਭਾਰੀ ਉਪਜਾਊ ਸਮਰੱਥਾ ਵਾਲੀ ਤੇ ਸਾਲ ਵਿੱਚ ਤਿੰਨ-ਤਿੰਨ ਫਸਲਾਂ ਪੈਦਾ ਕਰਨ ਵਾਲੀ ਜ਼ਮੀਨ ਨੂੰ ਗ੍ਰਹਿਣ ਕਰਨ ਪੱਖੋਂ ਇਸ ਕਾਨੂੰਨ ਦੀਆਂ ਸ਼ਰਤਾਂ ਸੌਖਿਆਂ ਹੀ ਪੂਰੀਆਂ ਨਹੀਂ ਹੁੰਦੀਆਂ। ਅਗਾਂਹ ਇਹ ਗੱਲ ਵੀ ਦਿਲਚਸਪ ਹੈ ਕਿ ਐਕਵਾਇਰ ਕੀਤੀ ਜਾਣ ਵਾਲੀ ਜ਼ਮੀਨ ਦਾ ਕੋਈ ਨਿਸ਼ਚਿਤ ਮਕਸਦ ਵੀ ਸਰਕਾਰ ਕੋਲ ਦੱਸਣ ਲਈ ਨਹੀਂ ਹੈ, ਕਿਉਂਕਿ ਇਹ ਮਨ ਚਾਹੇ ਮਕਸਦਾਂ ਲਈ ਵਰਤਣ ਵਾਸਤੇ ਐਕਵਾਇਰ ਕੀਤੀ ਜਾ ਰਹੀ ਹੈ। ਦੁਨੀਆਂ ਦੇ ਸਭ ਤੋਂ ਉਪਜਾਊ ਖਿੱਤੇ 'ਚ ਪੈਂਦੀਆਂ ਇਹ ਜ਼ਮੀਨਾਂ ਤੇ ਪਿੰਡ ਦੀ ਜ਼ਿੰਦਗੀ 'ਚ ਕਿਸਾਨੀ ਤੇ ਖੇਤ ਮਜ਼ਦੂਰਾਂ ਦੀ ਇਹਨਾਂ ਜ਼ਮੀਨਾਂ 'ਤੇ ਨਿਰਭਰਤਾ ਦਾ ਮੁੱਦਾ ਬਹੁਤ ਮਹੱਤਵਪੂਰਨ ਹੈ ਤੇ ਇਸ ਉਜਾੜੇ ਦੇ ਤਰਕ ਨੂੰ ਕਿਸੇ ਢੰਗ ਨਾਲ ਵੀ ਵਾਜਬ ਨਹੀਂ ਠਹਿਰਾਇਆ ਜਾ ਸਕਦਾ। ਸਰਕਾਰ ਇੱਕ ਤਰ੍ਹਾਂ ਨਾਲ ਇਸ ਕਾਨੂੰਨ ਨੂੰ ਬਾਈਪਾਸ ਕਰਕੇ ਹੀ ਜ਼ਮੀਨਾਂ ਹਾਸਲ ਕਰਨ ਦੀ ਵਿਉਂਤ ਵਿੱਚ ਹੈ। ਜ਼ਮੀਨਾਂ ਪੂਲ ਕਰਕੇ ਰੱਖਣ ਦੀ ਸਰਕਾਰ ਦੀ ਧੁੱਸ ਇੰਨੀ ਜ਼ੋਰਦਾਰ ਹੈ ਕਿ ਸਰਕਾਰ ਮੱਕਾਰੀ ਭਰੇ ਢੰਗ ਨਾਲ ਇਸ ਕਾਨੂੰਨ ਨੂੰ ਲਾਗੂ ਕਰਨ ਤੋਂ ਟਾਲਾ ਵੱਟ ਰਹੀ ਹੈ ਅਤੇ ਕਿਸਾਨਾਂ ਨੂੰ ਸਿਰਫ਼ ਸਬਜ਼ਬਾਗ ਦਿਖਾ ਕੇ ਸਹਿਮਤੀ ਲੈਣ ਰਾਹੀਂ ਹੀ ਕਾਨੂੰਨ ਦੀ ਪਾਲਣਾ ਕੀਤੀ ਹੋਈ ਦਿਖਾਉਣਾ ਚਾਹੁੰਦੀ ਹੈ।

**ਲੈਂਡ ਪੂਲਿੰਗ ਕਾਹਦੇ ਲਈ** : ਜਿੱਥੋਂ ਤੱਕ ਸਰਕਾਰੀ ਦਾਅਵਿਆਂ ਦੀ ਹਕੀਕਤ ਦਾ ਮਸਲਾ ਹੈ, ਇਹਦੇ 'ਚ ਬਹੁਤ ਕੁੱਝ ਗੁਮਰਾਹਕੁੰਨ ਹੈ। ਇਹ ਸਵਾਲ ਵੀ ਹੈ ਕਿ ਕੀ ਇਹ ਜ਼ਮੀਨ ਸੱਚਮੁੱਚ ਅਰਬਨ ਅਸਟੇਟਾਂ ਵਿਕਸਿਤ ਕਰਨ ਲਈ ਹੀ ਵਰਤੀ ਜਾਣੀ ਹੈ ਜਾਂ ਆਖਿਰ ਨੂੰ ਵੱਡੇ ਕਾਰੋਬਾਰੀਆਂ ਦੀਆਂ ਲੋੜਾਂ ਅਨੁਸਾਰ ਮਨਚਾਹੀ ਵਰਤੋ ਲਈ ਪੂਲ ਕਰਕੇ ਰੱਖੀ ਜਾ ਰਹੀ ਹੈ। ਸੰਸਾਰ ਦੀਆਂ ਬਹੁਕੌਮੀ ਕੰਪਨੀਆਂ ਦੇ ਮੰਡੀ ਦੇ ਪਸਾਰੇ ਲਈ ਜੋ ਢਾਂਚਾ ਉਸਾਰਿਆ ਜਾ ਰਿਹਾ ਹੈ, ਉਹਦੇ ਇੱਕ ਅੰਗ ਵਜੋਂ ਹੀ ਭਾਰਤ ਮਾਲਾ ਪ੍ਰੋਜੈਕਟ ਸ਼ੁਰੂ ਕੀਤਾ ਗਿਆ ਸੀ ਜਿਸ ਤਹਿਤ ਸੂਬੇ 'ਚ ਵੱਡੀਆਂ ਸੜਕਾਂ ਦਾ ਇੱਕ ਪੂਰਾ ਜਾਲ ਵਿਛਾ ਦਿੱਤਾ ਗਿਆ ਹੈ। ਇਹ ਸੜਕਾਂ ਅਜਿਹੇ ਕਾਰੋਬਾਰਾਂ ਦੇ ਪਾਸਾਰੇ ਦੀ ਇੱਕ ਕੜੀ ਹਨ ਜਿਨ੍ਹਾਂ 'ਚ ਕੰਪਨੀਆਂ ਦੀ ਪਹਿਲੀ ਜ਼ਰੂਰਤ ਜ਼ਮੀਨ ਹੈ। ਉਹ ਚਾਹੇ ਰੀਅਲ ਅਸਟੇਟ ਕਾਰੋਬਾਰ ਹੋਣ, ਚਾਹੇ ਤਿਆਰ ਮਾਲ ਦੇ ਗੁਦਾਮ ਬਣਾਉਣ ਦੇ, ਚਾਹੇ ਕੋਈ ਸ਼ਾਪਿੰਗ ਮਾਲ ਚਲਾਉਣ ਦੇ। 4 ਜੂਨ 2025 ਨੂੰ ਜਾਰੀ ਹੋਇਆ ਸਰਕਾਰੀ ਨੀਤੀ ਦਸਤਾਵੇਜ ਜਦੋਂ ਜ਼ਮੀਨ ਪੂਲ ਕਰਨ ਦੇ ਮੰਤਵਾਂ ਬਾਰੇ ਦੱਸਦਾ ਹੈ ਤਾਂ ਉਸ ਵਿੱਚ ਹਰ ਤਰ੍ਹਾਂ ਦੀ ਵਰਤੋਂ ਕਰਨ ਦੀ ਗੱਲ ਕਹੀ ਗਈ ਹੈ। ਇਸ ਦਾ ਭਾਵ ਇਹੀ ਹੈ ਕਿ ਜ਼ਮੀਨ ਸਰਕਾਰ ਕੋਲ ਜਾਣ ਮਗਰੋਂ ਕਿਸੇ ਨੂੰ ਵੀ ਤੇ ਕਿਸੇ ਵੀ ਮੰਤਵ ਲਈ ਸੌਂਪੀ ਜਾ ਸਕਦੀ ਹੈ। ਇਹ ਮੰਤਵ ਸਪੱਸ਼ਟ ਹੀ ਹੈ ਕਿ ਸਰਕਾਰ ਕੰਪਨੀਆਂ ਦੇ ਕਾਰੋਬਾਰਾਂ ਨੂੰ ਖਿੱਚਣ ਲਈ, ਜਿਸਨੂੰ ਉਹ ਨਿਵੇਸ਼ ਲਈ ਜ਼ਰੂਰੀ ਸ਼ਰਤ ਸਮਝਦੀ ਹੈ, ਜ਼ਮੀਨ ਪੂਲ ਕਰਕੇ ਰੱਖ ਰਹੀ ਹੈ ਤਾਂ ਕਿ ਲੋੜ ਅਨੁਸਾਰ ਕੰਪਨੀਆਂ ਨੂੰ ਮੁਹੱਈਆ ਕਰਵਾਈ ਜਾ ਸਕੇ ਤੇ ਉਦੋਂ ਮੌਕੇ 'ਤੇ ਐਕਵਾਇਰ ਕਰਨ ਦਾ ਪੰਗਾ ਨਾ ਪਵੇ। ਲੈਂਡ ਪੂਲਿੰਗ ਦੀ ਇਹ ਨੀਤੀ ਸੰਸਾਰ ਸਾਮਰਾਜੀ ਸੰਸਥਾਵਾਂ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਹੀ ਹੈ ਜਿਸ ਅਨੁਸਾਰ ਸਰਕਾਰਾਂ ਨੂੰ ਲੈਂਡ ਬੈਂਕ ਬਣਾਉਣ ਦੇ ਨਿਰਦੇਸ਼ ਦਿੱਤੇ ਗਏ ਹਨ ਜਿੱਥੋਂ ਕੰਪਨੀਆਂ ਨੂੰ ਕਿਸੇ ਵੀ ਲੋੜ ਵੇਲੇ ਜ਼ਮੀਨਾਂ ਹਾਸਿਲ ਹੋ ਸਕਣ। ਇਹ ਅਜਿਹੀ ਲੈਂਡ ਬੈਂਕ ਬਣਾਉਣ ਦੀ ਕਵਾਇਦ ਹੈ। ਇਸ ਲਈ ਚਾਹੇ ਕਲੋਨੀਆਂ ਵਿਕਸਿਤ ਕਰਨੀਆਂ ਹੋਣ ਤੇ ਚਾਹੇ ਕੋਈ ਸਨਅਤੀ ਪ੍ਰੋਜੈਕਟ ਲਾਉਣਾ ਹੋਵੇ, ਉਹ ਸਭ ਪ੍ਰਾਈਵੇਟ ਕੰਪਨੀਆਂ ਨੂੰ ਜ਼ਮੀਨ ਸੌਂਪ ਕੇ ਹੀ ਕੀਤਾ ਜਾਣਾ ਹੈ। ਇਸ ਵੇਚ ਵੱਟਤ ਚੋਂ ਨੇਤਾਵਾਂ ਦੀਆਂ ਦਲਾਲੀਆਂ ਦੀਆਂ ਕਮਾਈਆਂ ਕੀਤੀਆਂ ਜਾਣੀਆਂ ਹਨ।

**ਕਿਹੋ ਜਿਹਾ ਸ਼ਹਿਰੀਕਰਨ-ਕਿੰਨ੍ਹਾਂ ਲਈ ਰਿਹਾਇਸ਼** : ਜੇਕਰ ਇਹ ਮੰਨ ਵੀ ਲਿਆ ਜਾਵੇ ਕਿ ਇਹ ਸੱਚਮੁੱਚ ਸ਼ਹਿਰੀ ਕਲੋਨੀਆਂ ਵਸਾਉਣ ਲਈ ਹੀ ਕੀਤਾ ਜਾ ਰਿਹਾ ਹੈ ਤਾਂ ਸਰਕਾਰ ਜਿਸ ਤਰ੍ਹਾਂ ਦੇ ਸ਼ਹਿਰੀਕਰਨ ਲਈ ਜ਼ਮੀਨਾਂ ਪੂਲ ਕਰਨ ਦੀ ਨੀਤੀ ਲਾਗੂ ਕਰਨ ਦਾ ਦਾਅਵਾ ਕਰ ਰਹੀ ਹੈ, ਇਹ ਸ਼ਹਿਰੀਕਰਨ ਵੀ ਸੁਭਾਵਿਕ ਵਿਕਾਸ ਪ੍ਰਕਿਰਿਆ ਦਾ ਸਿੱਟਾ ਨਹੀਂ ਹੈ। ਸੁਭਾਵਿਕ ਵਿਕਾਸ ਪ੍ਰਕਿਰਿਆ ਦੇ ਸਿੱਟੇ ਦਾ ਅਰਥ ਸਨਅਤੀਕਰਨ ਦਾ ਅਮਲ ਚੱਲਣਾ ਹੈ ਜਿੱਥੇ ਖੇਤੀ ਤੋਂ ਵਿਹਲੀ ਹੋਈ ਕਿਸਾਨੀ ਸ਼ਹਿਰੀ ਸਨਅਤੀ ਕੇਂਦਰਾਂ ਵੱਲ ਕਿਰਤੀਆਂ ਵਜੋਂ ਖਿੱਚੀ ਤੁਰੀ ਆਉਂਦੀ ਹੈ ਤੇ ਉਹਨਾਂ ਲਈ ਘਰਾਂ ਦੀ ਜ਼ਰੂਰਤ ਹੁੰਦੀ

ਹੈ। ਜਿਵੇਂ ਕਿਸੇ ਦੌਰ ਅੰਦਰ ਯੂਰਪ 'ਚ ਸਰਮਾਏਦਾਰੀ ਦੇ ਵਿਕਾਸ ਵੇਲੇ ਵਾਪਰਿਆ ਸੀ। ਪਰ ਇਸ ਮੌਜੂਦਾ ਵਿਕਾਸ ਮਾਡਲ ਤਹਿਤ ਤਾਂ ਇਹ ਥੋਪਿਆ ਗਿਆ ਸ਼ਹਿਰੀਕਰਨ ਜੋ ਸਨਅਤੀ ਵਿਕਾਸ ਦੇ ਅਮਲ ਨਾਲੋਂ ਟੁੱਟਿਆ ਹੋਇਆ ਹੈ। ਮੁਲਕ ਦੀ ਆਰਥਿਕਤਾ 'ਤੇ ਸਾਮਰਾਜੀ ਲੁੱਟ ਤੇ ਗਲਬੇ ਕਾਰਨ ਪਹਿਲਾਂ ਦੀ ਸਨਅਤ ਹੀ ਤਬਾਹੀ ਮੂੰਹ ਧੱਕੀ ਜਾ ਰਹੀ ਹੈ ਜਦਕਿ ਨਵੀਆਂ ਸਨਅਤਾਂ ਲੱਗਣਾ ਤਾਂ ਦੂਰ ਦੀ ਕੌਡੀ ਹੈ। ਇਸ ਲਈ ਇਹ ਮਜ਼ਦੂਰਾਂ ਦੀਆਂ ਨਵੀਆਂ ਬਸਤੀਆਂ ਵਸਾਉਣ ਦੀ ਲੋੜ 'ਚੋਂ ਬਣ ਰਹੀਆਂ ਅਰਬਨ ਅਸਟੇਟਾਂ ਨਹੀਂ ਹਨ ਸਗੋਂ ਇਹ ਤਾਂ ਸਮਾਜ ਦੀ ਉੱਪਰਲੀ ਸਰਦੀ ਪੁੱਜਦੀ ਪਰਤ ਲਈ ਆਲੀਸ਼ਾਨ ਕਲੋਨੀਆਂ ਉਸਾਰਨ ਦਾ ਦਾਅਵਾ ਹੈ ਜਿਸ ਵਿੱਚ ਕਿਰਤੀ ਜਮਾਤਾਂ ਲਈ ਕੋਈ ਥਾਂ ਨਹੀਂ ਹੈ। ਜਿੱਥੋਂ ਤੱਕ ਮੌਜੂਦਾ ਸਮੇਂ ਬੇ-ਘਰੇ ਸ਼ਹਿਰੀ ਕਿਰਤੀਆਂ ਦਾ ਸਵਾਲ ਹੈ, ਉਹਨਾਂ ਲਈ ਕੋਈ ਅਰਬਨ ਅਸਟੇਟ ਵਸਾਉਣਾ ਤਾਂ ਦੂਰ, ਰਹਿਣ ਜੋਗੀ ਕਿਸੇ ਤਰ੍ਹਾਂ ਦੀ ਵੀ ਛੱਤ ਮੁਹੱਈਆ ਕਰਵਾਉਣ ਦੀ ਕੋਈ ਯੋਜਨਾ ਨਹੀਂ ਹੈ। ਸਮਾਜ ਦੀ ਜਿਸ ਸਰਦੀ ਪੁੱਜਦੀ ਪਰਤ ਲਈ ਇਹ ਕਲੋਨੀਆਂ ਵਿਕਸਿਤ ਕਰਨ ਦੀ ਯੋਜਨਾ ਦਾ ਦਾਅਵਾ ਹੈ, ਉਸ ਵੱਲੋਂ ਏਨੀ ਤੇਜ਼ੀ ਨਾਲ ਇਹਨਾਂ ਕਲੋਨੀਆਂ 'ਚ ਆ ਕੇ ਵਸਣ ਦਾ ਮਾਮਲਾ ਉਂਝ ਈ ਹਜ਼ਮ ਕਰਨਾ ਔਖਾ ਹੋ ਰਿਹਾ ਹੈ। ਹਾਲਾਂਕਿ ਅਜੇ ਤੱਕ ਤਾਂ ਪਹਿਲਾਂ ਹੀ ਸ਼ਹਿਰਾਂ ਦੇ ਬਾਹਰ ਉਸਰੀਆਂ ਕਲੋਨੀਆਂ 'ਚ ਵੀ ਪਲਾਟਾਂ ਦੇ ਪਲਾਟ ਖਾਲੀ ਪਏ ਹਨ ਤੇ ਉੱਥੇ ਵੀ ਵਸੋਂ ਦਿਖਾਈ ਨਹੀਂ ਦਿੰਦੀ। ਨਾ ਹੀ ਸਰਕਾਰ ਨੇ ਕੋਈ ਅਜਿਹਾ ਸਰਵੇ ਕਰਵਾਇਆ ਹੈ ਜਿਸ ਤਹਿਤ ਇਹ ਅਨੁਮਾਨ ਬਣ ਸਕੇ ਕਿ ਕਿਹੜੇ ਸ਼ਹਿਰ 'ਚ ਕਿੰਨੇ ਘਰਾਂ ਦੀ ਹੋਰ ਲੋੜ ਹੈ ਤੇ ਪਹਿਲਾਂ ਕਿੰਨੇ ਪਲਾਟ ਖਾਲੀ ਪਏ ਹਨ। ਇਹ ਹਾਲਤ ਵੀ ਸਰਕਾਰੀ ਸਕੀਮ ਦੇ ਦਾਅਵਿਆਂ ਨੂੰ ਸ਼ੱਕੀ ਬਣਾਉਂਦੇ ਹਨ। ਇਸ ਹਾਲਤ 'ਚੋਂ ਇਹੀ ਤਸਵੀਰ ਉੱਭਰਦੀ ਹੈ ਕਿ ਇਹ ਸਭ ਕੁੱਝ ਰੀਅਲ ਅਸਟੇਟ ਕਾਰੋਬਾਰੀਆਂ ਲਈ ਕੀਤਾ ਜਾ ਰਿਹਾ ਹੈ। ਜਿਨ੍ਹਾਂ ਨੇ ਵੱਡੀ ਪੂੰਜੀ ਇਸ ਖੇਤਰ 'ਚ ਲਾ ਕੇ, ਮੋਟੇ ਮੁਨਾਫ਼ੇ ਕਮਾਉਣੇ ਹਨ। ਸਰਕਾਰ ਖੁਦ ਇਹਨਾਂ ਕਾਰੋਬਾਰੀਆਂ ਲਈ ਜ਼ਮੀਨ ਲੈ ਕੇ ਦੇ ਰਹੀ ਹੈ। ਸਰਕਾਰ ਵੱਲੋਂ ਖੁਦ ਇਹਨਾਂ ਨੂੰ ਵਿਕਸਿਤ ਕਰਕੇ ਲੋੜਵੰਦਾਂ ਨੂੰ ਮਕਾਨ ਮੁਹੱਈਆ ਕਰਵਾਉਣ ਦੇ ਦਾਅਵੇ ਕੁੱਝ ਚਿਰ 'ਚ ਹੀ ਕਾਫ਼ੂਰ ਹੋ ਜਾਣੇ ਹਨ ਤੇ ਇਹਨਾਂ ਜ਼ਮੀਨਾਂ ਨੂੰ ਸਿੱਧੇ ਅਸਿੱਧੇ ਢੰਗਾਂ ਨਾਲ ਰੀਅਲ ਅਸਟੇਟ ਕਾਰੋਬਾਰੀਆਂ ਹਵਾਲੇ ਕੀਤਾ ਜਾਣਾ ਹੈ ਤੇ ਉਹਨਾਂ ਵੱਲੋਂ ਮਨਚਾਹੇ ਢੰਗਾਂ ਨਾਲ ਇਹਨਾਂ ਦੀ ਵਰਤੋਂ ਕੀਤੀ ਜਾਣੀ ਹੈ।

ਰੀਅਲ ਅਸਟੇਟ ਦੇ ਇਹ ਕਾਰੋਬਾਰ ਅਣ-ਉਤਪਾਦਕ ਫੰਡਰ ਕਾਰੋਬਾਰ ਹਨ ਜਿੰਨ੍ਹਾਂ ਕਾਰੋਬਾਰਾਂ ਦਾ ਪੈਦਾਵਾਰੀ ਅਮਲ ਨਾਲ ਕੋਈ ਤਾਅਲੁੱਕ ਨਹੀਂ ਹੈ। ਸਮਾਜ ਦੀਆਂ ਉੱਪਰਲੀਆਂ ਪਰਤਾਂ ਨੂੰ ਜਾਇਦਾਦਾਂ ਵੇਚਣ/ਬਣਾਉਣ ਤੋਂ ਪੈਸੇ ਕਮਾਉਣ ਲਈ, ਕਿਸਾਨਾਂ ਤੋਂ ਜ਼ਮੀਨਾਂ ਖਰੀਦੀਆਂ ਜਾਂਦੀਆਂ ਹਨ। ਬੇਥਾਹ ਖੇਤੀ ਪੈਦਾਵਾਰ ਰੋਕ ਦਿੱਤੀ ਜਾਣੀ ਹੈ। ਰੀਅਲ ਅਸਟੇਟ ਦੇ ਇਹ ਕਾਰੋਬਾਰ ਸੱਟੇਬਾਜ਼ੀ ਅਧਾਰਿਤ ਮੁਨਾਫ਼ਿਆਂ ਦੇ ਕਾਰੋਬਾਰ ਹਨ ਜਿੰਨਾਂ 'ਚ ਕੀਮਤਾਂ ਹਕੀਕੀ ਵਰਤੋਂ ਲੋੜਾਂ ਅਨੁਸਾਰ ਨਹੀਂ ਤੈਅ ਹੁੰਦੀਆਂ ਸਗੋਂ ਸੱਟੇਬਾਜ਼ੀ ਨਾਲ ਤੈਅ ਹੁੰਦੀਆਂ ਹਨ ਤੇ ਬਿਨਾਂ ਪੈਦਾਵਾਰੀ ਉਪਯੋਗੀ ਵਰਤੋਂ ਦੇ ਜੂਆ-ਨੁਮਾ ਤਰੀਕੇ ਨਾਲ ਹੀ ਹੇਠ ਉੱਪਰ ਹੁੰਦੀਆਂ ਹਨ। ਮੌਜੂਦਾ ਸਮੇਂ 'ਤੇ ਵੱਡੀਆਂ ਕੰਪਨੀਆਂ ਦੀ ਇਹ ਪੂੰਜੀ ਪੈਦਾਵਰੀ ਸਰਗਰਮੀ 'ਚ ਲੱਗਣ ਦੀ ਥਾਂ ਅਜਿਹੇ ਢੰਗਾਂ ਨਾਲ ਹੀ ਮੁਨਾਫੇ ਕਮਾਉਣ 'ਚ ਯਕੀਨ ਰੱਖਦੀ ਹੈ। ਕਿਸਾਨਾਂ ਦੀਆਂ ਉਪਜਾਊ ਜ਼ਮੀਨਾਂ ਨੂੰ ਅਜਿਹੀ ਸੱਟੇਬਾਜ਼ੀ ਵਾਲੇ ਰੀਅਲ ਅਸਟੇਟ ਕਾਰੋਬਾਰਾਂ ਦੇ ਹਵਾਲੇ ਕੀਤਾ ਜਾ ਰਿਹਾ ਹੈ ਤੇ ਸਸਤੀ ਕਿਰਤ ਮੰਡੀ 'ਚ ਬਿਨਾਂ ਕਿਸੇ ਰੁਜ਼ਗਾਰ ਦੀ ਗਾਰੰਟੀ ਦੇ ਸੁੱਟਿਆ ਜਾ ਰਿਹਾ ਹੈ।

**ਜ਼ਮੀਨਾਂ 'ਤੇ ਚੌ-ਤਰਫੇ ਹੱਲੇ ਦਾ ਅੰਗ :** ਇਹ ਲੈਂਡ ਪੂਲਿੰਗ ਨੀਤੀ ਸੂਬੇ ਅੰਦਰ ਕਿਸਾਨਾਂ ਦੀਆਂ ਜ਼ਮੀਨਾਂ 'ਤੇ ਬੋਲੇ ਹੋਏ ਚੌ-ਤਰਫੇ ਹੱਲੇ ਦਾ ਹੀ ਅੰਗ ਹੈ। ਇਸ ਹੱਲੇ ਤਹਿਤ ਇੱਕ ਪਾਸੇ ਤਾਂ ਬਹੁਕੌਮੀ ਕੰਪਨੀਆਂ ਤੇ ਵੱਡੇ ਸਰਮਾਏਦਾਰਾਂ ਨੂੰ ਜ਼ਮੀਨਾਂ ਸੌਂਪਣ ਦੀ ਨੀਤੀ ਲਾਗੂ ਕੀਤੀ ਜਾ ਰਹੀ ਹੈ ਤੇ ਦੂਜੇ ਪਾਸੇ ਪੁਰਾਣੇ ਜਗੀਰਦਾਰ ਵੀ ਆਪਣੀ ਕਾਗਜੀ ਮਾਲਕੀ ਦੀਆਂ ਚੋਰ-ਮੋਰੀਆਂ ਦੇ ਦਾਅਵਿਆਂ ਰਾਹੀਂ ਜ਼ਮੀਨਾਂ ਹੜੱਪਣ ਦੀ ਮੁਹਿੰਮ 'ਤੇ ਹਨ। ਸ਼ਾਹੂਕਾਰਾਂ ਤੇ ਜਗੀਰਦਾਰਾਂ ਦੀ ਅੱਖ ਵੀ ਕਿਸਾਨਾਂ ਦੀਆਂ ਜ਼ਮੀਨਾਂ 'ਤੇ ਹੈ ਅਤੇ ਸੂਬੇ ਅੰਦਰ ਕਿੰਨੇ ਹੀ ਪਿੰਡਾਂ 'ਚ ਅਜਿਹੇ ਸੰਘਰਸ਼ ਹੋ ਰਹੇ ਹਨ ਜਿੱਥੇ ਕਿਸਾਨ ਜਗੀਰਦਾਰਾਂ ਤੇ ਸ਼ਾਹੂਕਾਰਾਂ ਤੋਂ ਜ਼ਮੀਨਾਂ ਦੀ ਰਾਖੀ ਲਈ ਲੜ ਰਹੇ ਹਨ। ਭਾਰਤ ਮਾਲਾ ਪ੍ਰੋਜੈਕਟ ਲਈ ਐਕਵਾਇਰ ਹੋਈਆਂ ਜ਼ਮੀਨਾਂ ਦੇ ਮੁਆਵਜ਼ੇ ਲਈ ਵੀ ਥਾਂ-ਥਾਂ ਸੰਘਰਸ਼ ਹੋ ਰਹੇ ਹਨ। ਸੰਸਾਰ ਪੱਧਰ 'ਤੇ ਹੀ ਬਹੁਕੌਮੀ ਕਾਰਪੋਰੇਸ਼ਨਾਂ ਜ਼ਮੀਨਾਂ ਹੱਥ ਹੇਠ ਕਰਨ ਦੀ ਲੋਟੂ ਮੁਹਿੰਮ 'ਤੇ ਸਵਾਰ ਹਨ ਅਤੇ ਇਹ ਲੈਂਡ ਪੂਲਿੰਗ ਨੀਤੀ ਏਸੇ ਵੱਡੇ ਧਾਵੇ ਦੇ ਅੰਗ ਵਜੋਂ ਹੀ ਕੰਪਨੀਆਂ ਨੂੰ ਜ਼ਮੀਨਾਂ ਮੁਹੱਈਆ ਕਰਵਾਉਣ ਲਈ ਲਿਆਂਦੀ ਗਈ ਹੈ। ਇਸਨੇ ਜ਼ਮੀਨਾਂ ਦੀ ਰਾਖੀ ਦਾ ਸਵਾਲ ਸੂਬੇ ਦੀ ਕਿਸਾਨੀ ਦੇ ਏਜੰਡੇ 'ਤੇ ਲੈ ਆਂਦਾ ਹੈ। ਮਾਲਕ ਕਿਸਾਨੀ ਲਈ ਇਹ ਇਸ ਵੇਲੇ ਸਭ ਤੋਂ ਪ੍ਰਮੁੱਖ ਸਰੋਕਾਰ ਦਾ ਮੁੱਦਾ ਬਣਿਆ ਹੋਇਆ ਹੈ।

**ਜੋਕ ਵਿਕਾਸ ਮਾਡਲ ਦਾ ਵਧਾਰਾ :** ਪ੍ਰਭਾਵਿਤ ਹੋਣ ਜਾ ਰਹੇ ਕਿਸਾਨਾਂ ਦਾ ਵਿਰੋਧ ਦਾ ਪੈਂਤੜਾ ਚਾਹੇ ਸੀਮਤ ਚੌਖਟੇ 'ਚ ਹੀ ਹੋਵੇ ਪਰ ਹਕੀਕੀ ਤੌਰ 'ਤੇ ਇਹ ਸਿਰਫ ਕਿਸਾਨਾਂ ਵੱਲੋਂ ਜ਼ਮੀਨ ਦੇਣ ਜਾਂ ਨਾ ਦੇਣ ਦੀ ਜਮਹੂਰੀ ਰਜ਼ਾ ਤੱਕ ਸੀਮਤ ਮਸਲਾ ਨਹੀਂ ਹੈ। ਇਸਦੇ ਪਸਾਰ ਇਸ ਤੋਂ ਕਿਤੇ ਅੱਗੇ ਹਨ। ਕਿਸਾਨਾਂ ਦੀਆਂ ਉਪਜਾਊ ਜ਼ਮੀਨਾਂ ਨੂੰ ਪੂਲ ਕਰਕੇ ਕੰਪਨੀਆਂ ਹਵਾਲੇ ਕਰਨ ਦੀ ਇਹ ਵਿਉਂਤ ਸਮੁੱਚੇ ਲੋਕ ਦੋਖੀ ਜੋਕ ਵਿਕਾਸ ਮਾਡਲ ਦਾ ਹੀ ਹਿੱਸਾ ਹੈ। ਗਰੀਬ ਤੇ ਬੇਜ਼ਮੀਨੇ ਕਿਸਾਨਾਂ, ਖੇਤ ਮਜ਼ਦੂਰਾਂ, ਸਨਅਤੀ ਮਜ਼ਦੂਰਾਂ ਤੇ ਸਮਾਜ ਦੇ ਹੋਰਨਾਂ ਮਿਹਨਤਕਸ਼ ਤਬਕਿਆਂ ਦੀਆਂ ਜ਼ਿੰਦਗੀਆਂ ਨਾਲ ਖਿਲਵਾੜ ਕਰਕੇ ਕੀਤਾ ਜਾ ਰਿਹਾ ਇਹ ਅਖੌਤੀ ਵਿਕਾਸ ਅਸਲ 'ਚ ਸਮਾਜ ਦੀਆਂ ਪਰਜੀਵੀ ਜਮਾਤਾਂ ਦਾ ਵਿਕਾਸ ਹੈ। ਇਹ ਪਰਜੀਵੀ ਜਮਾਤਾਂ ਦੇਸੀ ਵਿਦੇਸ਼ੀ ਕੰਪਨੀਆਂ, ਮੁਲਕ ਦੇ ਵੱਡੇ ਸਰਮਾਏਦਾਰ ਤੇ ਜਗੀਰਦਾਰ ਹਨ ਤੇ ਇਹਨਾਂ ਦੀ ਪੂੰਜੀ ਦੇ ਸਿਰ 'ਤੇ ਕਾਰੋਬਾਰ ਕਰਦੇ ਰੀਅਲ ਅਸਟੇਟ ਦੇ ਵਪਾਰੀ ਹਨ। ਇਸ ਤਹਿਤ ਥੋਪਿਆ ਗਿਆ ਸ਼ਹਿਰੀਕਰਨ ਇਸਦੀ ਇੱਕ ਵੰਨਗੀ ਦੀ ਅਲਾਮਤ ਹੈ ਜਦਕਿ ਵਾਤਾਵਰਣ ਦੀ ਤਬਾਹੀ, ਕੁਦਰਤੀ ਸਰੋਤਾਂ ਜਿਵੇਂ ਜ਼ਮੀਨ, ਹਵਾ, ਪਾਣੀ ਤੇ ਜੰਗਲਾਂ ਦੀ ਤਬਾਹੀ, ਕਿਰਤੀਆਂ ਦੇ ਰੁਜ਼ਗਾਰ ਦੇ ਉਜਾੜੇ ਸਮੇਤ ਇਸਦੀਆਂ ਅਲਾਮਤਾਂ ਦੇ ਬੁਹਤ ਸਾਰੇ ਪਸਾਰ ਹਨ। ਮੁਲਕ ਅੰਦਰ ਸਨਅਤੀਕਰਨ ਦਾ ਅਮਲ ਤਾਂ ਸਾਮਰਾਜੀ ਮੁਲਕਾਂ ਦੇ ਸਾਜੋ ਸਮਾਨ ਨਾਲ ਪਹਿਲਾਂ ਹੀ ਅਧਰੰਗਿਆ ਹੋਇਆ ਹੈ ਅਤੇ ਖੇਤੀ ਪਹਿਲਾਂ ਹੀ ਜਗੀਰੂ ਤੇ ਸਾਮਰਾਜੀ ਲੁੱਟ ਨਾਲ ਝੰਬੀ ਪਈ ਹੈ। ਦੋਹੇਂ ਖੇਤਰ ਇੱਕ ਦੂਜੇ ਨਾਲ ਦੋ ਪਹੀਆਂ ਵਾਂਗ ਤੁਰ ਕੇ, ਆਰਥਿਕਤਾ ਦੇ ਵਿਕਾਸ ਨੂੰ ਹੁਲਾਰਾ ਦੇਣ ਦੀ ਥਾਂ ਜਾਮ ਹੋਏ ਪਏ ਹਨ। ਜਿਹੜੀ ਵੀ ਵਿਦੇਸ਼ੀ ਪੂੰਜੀ ਆਉਂਦੀ ਹੈ, ਉਹ ਵੀ ਮੁਲਕ ਦੀ ਪੈਦਾਵਾਰੀ ਸਰਗਰਮੀ ਨੂੰ ਹੁਲਾਰਾ ਦੇਣ ਦੀ ਥਾਂ, ਸ਼ੇਅਰ ਮਾਰਕੀਟ, ਰੀਅਲ ਅਸਟੇਟ ਤੇ ਹੋਰ ਸੱਟੇਬਾਜ਼ੀ ਨੁਮਾ ਕਾਰੋਬਾਰਾਂ 'ਚ ਰੁਚੀ ਲੈਂਦੀ ਹੈ ਤੇ ਉੱਪਰੋ-ਉੱਪਰੋਂ ਮਲਾਈ ਛਕ ਕੇ ਉਡਾਰੀ ਮਾਰ ਜਾਂਦੀ ਹੈ। ਅਜਿਹੀ ਮਾਰਕਿਟ ਦਾ ਪਸਾਰਾ ਹੋ ਰਿਹਾ ਹੈ ਜਿਸਦੀਆਂ ਤੰਦਾਂ ਘਰੇਲੂ ਸਨਅਤ ਤੇ ਖੇਤੀ ਪੈਦਾਵਾਰ 'ਚ ਹੋਣ ਦੀ ਥਾਂ, ਸਾਮਰਾਜੀ ਸੰਸਾਰ ਮੰਡੀ ਨਾਲ ਜੁੜੀਆਂ ਹੋਈਆਂ ਹਨ। ਇਉਂ ਉੱਚੀਆਂ-ਉੱਚੀਆਂ ਇਮਾਰਤਾਂ, ਸ਼ਾਪਿੰਗ ਮਾਲਾਂ, ਵੱਡੀਆਂ ਸੜਕਾਂ ਤੇ ਸਾਇਲੋ ਗੁਦਾਮਾਂ ਵਾਲਾ 'ਵਿਕਾਸ' ਸੰਸਾਰ ਸਾਮਰਾਜੀ ਮੰਡੀ ਦੀ ਲੁੱਟ ਦੇ ਅੰਗ ਵਜੋਂ ਮੁਲਕ ਤੇ ਪੰਜਾਬ ਨੂੰ ਢਾਲਣ ਵਾਲਾ ਅਮਲ ਹੈ। ਇਹਦਾ ਤਰਕ ਗਰੀਬ ਕਿਸਾਨਾਂ ਤੇ ਖੇਤੀ 'ਤੇ ਨਿਰਭਰ ਹੋਰਨਾਂ ਹਿੱਸਿਆਂ ਨੂੰ ਜ਼ਮੀਨਾਂ ਤੋਂ ਉਜਾੜ ਕੇ, ਖੇਤੀ ਤੋਂ ਬਾਹਰ ਕਰ ਦੇਣਾ ਹੈ ਤੇ ਸੰਸਾਰ ਕਾਰਪੋਰੇਟ ਜਗਤ ਲਈ ਇੱਕ ਪਾਸੇ ਜ਼ਮੀਨ ਪੂਲ ਕਰਕੇ ਦੇਣੀ ਹੈ ਤੇ ਦੂਜੇ ਪਾਸੇ ਪਿੰਡਾਂ ਤੇ ਸ਼ਹਿਰਾਂ ਦਰਮਿਆਨ ਲਟਕਦੀ ਫਿਰਦੀ ਸਸਤੀ ਕਿਰਤ ਸ਼ਕਤੀ ਨੂੰ ਪੂਲ ਕਰਕੇ ਦੇਣਾ ਹੈ ਜੋ ਕੰਪਨੀਆਂ ਦੇ ਮੈਗਾ ਪ੍ਰੋਜੈਕਟਾਂ ਲਈ ਬੇਹੱਦ ਨੀਵੀਆਂ ਉਜਰਤਾਂ 'ਤੇ ਉਪਲਬਧ ਹੋਵੇ। ਇਸ ਮਾਡਲ ਦਾ ਸਨਅਤੀਕਰਨ ਵੀ ਮੈਗਾ ਪ੍ਰੋਜੈਕਟਾਂ 'ਤੇ ਅਧਾਰਿਤ ਹੈ ਤੇ ਸੰਸਾਰ ਸਾਮਰਾਜੀ ਮੰਡੀ ਤਹਿਤ ਬਰਾਮਦ-ਮੁਖੀ ਹੈ। ਰੁਜ਼ਗਾਰਮੁਖੀ ਨਾ ਹੋਣ ਤੇ ਸਥਾਨਕ ਪੈਦਾਵਾਰੀ ਲੜੀਆਂ ਨਾਲੋਂ ਟੁੱਟਿਆ ਹੋਣ ਦੀਆਂ ਸੀਮਤਾਈਆਂ ਦੇ ਨਾਲ-ਨਾਲ ਇਹ ਵਾਤਾਵਰਣ ਦੀ ਤਬਾਹੀ ਵਾਲਾ ਹੈ ਤੇ ਕੁਦਰਤੀ ਸੋਮਿਆਂ ਦੀ ਬੇ-ਤਹਾਸ਼ਾ ਲੁੱਟ 'ਤੇ ਅਧਾਰਿਤ ਹੈ। ਇਹ ਵੱਖਰਾ ਮਾਮਲਾ ਹੈ ਕਿ ਭਾਰਤੀ ਹਾਕਮ ਜਮਾਤਾਂ ਲਈ ਸਾਮਰਾਜੀ ਕੰਪਨੀਆਂ ਦੇ ਅਜਿਹੇ ਪ੍ਰੋਜੈਕਟ ਮ੍ਰਿਗ ਤ੍ਰਿਸ਼ਨਾ ਹੀ ਬਣੇ ਹੋਏ ਹਨ ਤੇ ਉਹਨਾਂ ਦੀ ਅਜਿਹੇ ਪ੍ਰੋਜੈਕਟਾਂ ਲਈ ਤਲਾਸ਼ ਜਾਰੀ ਹੀ ਰਹਿ ਰਹੀ ਹੈ। ਅਜਿਹੇ ਤਬਾਹੀ ਭਰੇ 'ਵਿਕਾਸ' ਲਈ ਉਪਜਾਊ ਜ਼ਮੀਨਾਂ ਦੀ ਵਰਤੋਂ ਕਿਸੇ ਤਰ੍ਹਾਂ ਵੀ ਸਮਾਜ ਦੇ ਹਿਤ 'ਚ ਨਹੀਂ ਹੈ।

ਇਸ ਲਈ ਲੈਂਡ ਪੂਲਿੰਗ ਦੀਆਂ ਅਜਿਹੀਆਂ ਵਿਉਂਤਾਂ ਸਿਰਫ ਇਸ ਕਰਕੇ ਹੀ ਵਿਰੋਧ ਦੀਆਂ ਹੱਕਦਾਰ ਨਹੀਂ ਹਨ ਕਿ ਇਹ ਕਿਸਾਨਾਂ ਦੀ ਰਜ਼ਾ ਤੋਂ ਉਲਟ ਜਾ ਕੇ ਜ਼ਮੀਨਾਂ ਹਾਸਿਲ ਕਰਨ ਦੀਆਂ ਵਿਉਂਤਾਂ ਹਨ। ਇਹ ਇਸ ਕਰਕੇ ਵੀ ਵਿਰੋਧ ਦੀ ਮੰਗ ਕਰਦੀਆਂ ਹਨ ਕਿਉਂਕਿ ਇਹ ਅਜਿਹੇ ਅਖੌਤੀ ਵਿਕਾਸ ਮਾਡਲ ਦੀ ਵਿਉਂਤ ਦਾ ਹਿੱਸਾ ਹਨ ਜੋ ਹਕੀਕੀ ਤੌਰ 'ਤੇ ਕਿਰਤੀ ਲੋਕਾਈ ਦੇ ਵਿਨਾਸ਼ 'ਤੇ ਅਧਾਰਿਤ ਹੈ। ਇਹ ਵਿਨਾਸ਼ ਚਾਹੇ ਰੀਅਲ ਅਸਟੇਟ ਵਰਗੇ ਗੈਰ-ਪੈਦਾਵਾਰੀ ਕਾਰੋਬਾਰਾਂ ਲਈ ਅਥਾਹ ਉਪਜਾਊ ਸ਼ਕਤੀ ਵਾਲੀ ਜ਼ਮੀਨ ਨੂੰ ਪੂਲ ਕਰਨਾ ਹੋਵੇ ਤੇ ਚਾਹੇ ਮੈਗਾ ਪ੍ਰੋਜੈਕਟਾਂ ਲਈ ਉਪਜਾਊ ਜ਼ਮੀਨ ਦੀ ਬੇਥਾਹ ਵਰਤੋਂ ਕੀਤੀ ਜਾ ਚੁੱਕੀ ਹੈ ਤੇ ਹੁਣ ਹੋਰ ਉਪਜਾਊ ਜ਼ਮੀਨ ਨੂੰ ਵਰਤੇ ਜਾਣ ਦੀਆਂ ਵਿਉਂਤਾਂ ਘੜ ਲਈਆਂ ਗਈਆਂ ਹਨ। ਅਨਾਜ ਤੇ ਹੋਰ ਖਾਧ ਪਦਾਰਥਾਂ ਦੀ ਸੁਰੱਖਿਆ ਲਈ ਅਜਿਹੀ ਉਪਜਾਊ ਜ਼ਮੀਨ ਬੁਨਿਆਦੀ ਜ਼ਰੂਰਤ ਹੈ ਤੇ ਇਸ ਦੀ ਸੰਭਾਲ ਲਈ ਲੰਮੇ ਦਾਅ ਦੀਆਂ ਯੋਜਨਾਵਾਂ ਬਣਾਉਣ ਦੀ ਲੋੜ ਹੈ ਜਦਕਿ ਸਰਕਾਰ ਨੇ ਉਲਟਾ ਰਾਹ ਫੜ੍ਹ ਲਿਆ ਹੈ। ਕੰਪਨੀਆਂ ਦੇ ਕਾਰੋਬਾਰਾਂ ਦੇ ਮੁਨਾਫ਼ ?ਆਂ ਲਈ ਅਜਿਹੀ ਉਪਜਾਊ ਜ਼ਮੀਨ ਦੀ ਵਰਤੋਂ ਨੂੰ ਕਿਸੇ ਤਰ੍ਹਾਂ ਵੀ ਵਾਜਿਬ ਨਹੀਂ ਠਹਿਰਾਇਆ ਜਾ ਸਕਦਾ ਹੈ। ਅਜਿਹੀਆਂ ਉਪਜਾਊ ਜ਼ਮੀਨਾਂ ਕੁਦਰਤੀ ਦਾਤ ਹਨ ਅਤੇ ਹਜ਼ਾਰਾਂ ਸਾਲਾਂ 'ਚ ਦਰਿਆਵਾਂ ਦੇ ਵਹਿਣਾਂ ਨਾਲ ਵਿਛਾਈਆਂ ਗਈਆਂ ਹਨ। ਇਹਨਾਂ ਦੀ ਗੈਰ-ਖੇਤੀ ਕੰਮਾਂ ਲਈ ਵਰਤੋਂ ਬਹੁਤ ਹੀ ਸੀਮਤ ਅਤੇ ਅਣਸਰਦੀ ਹਾਲਤ 'ਚ ਕੀਤੀ ਜਾਣੀ ਬਣਦੀ ਹੈ ਨਾ ਕਿ ਕੰਪਨੀਆਂ ਦੇ ਮੁਨਾਫੇ ਦੇ ਕਾਰੋਬਾਰਾਂ ਲਈ ਇਹਨਾਂ ਦੀ ਬਲੀ ਲਈ ਜਾਣੀ ਚਾਹੀਦੀ ਹੈ। ਪਰ ਮੌਜੂਦਾ ਜੋਕ ਵਿਕਾਸ ਮਾਡਲ ਇਸ ਸਭ ਤੋਂ ਬੇ-ਪ੍ਰਵਾਹ ਹੋ ਕੇ ਸਭ ਕੁੱਝ ਨਿਗਲਦਾ ਤੁਰਿਆ ਜਾ ਰਿਹਾ ਹੈ। ਪਹਿਲਾਂ ਭਾਰਤ ਮਾਲਾ ਪ੍ਰੋਜੈਕਟਾਂ ਤਹਿਤ ਵਿਛਾਏ ਸੜਕੀ ਜਾਲ 'ਚ ਇੱਕ ਲੱਖ ਏਕੜ ਦੇ ਲਗਭਗ ਉਪਜਾਊ ਜ਼ਮੀਨ ਦੀ ਵਰਤੋਂ ਕੀਤੀ ਗਈ ਹੈ ਤੇ ਹੁਣ ਵੀ ਲੈਂਡ ਪੂਲਿੰਗ ਸਕੀਮ ਤਹਿਤ ਇਹ ਇੱਕ ਲੱਖ ਏਕੜ ਤੱਕ ਜਾ ਪਹੁੰਚਣੀ ਹੈ।

ਇਸ ਲਈ ਲੈਂਡ ਪੂਲਿੰਗ ਸਕੀਮ ਦੀ ਵਿਰੋਧ ਸਰਗਰਮੀ ਦੌਰਾਨ ਕਿਸਾਨ ਦੀ ਰਜ਼ਾ ਦੇ ਸੀਮਤ ਜਮਹੂਰੀ ਪੱਖ ਤੋਂ ਅੱਗੇ ਜਾਂਦਿਆਂ ਇਸ ਸਮੁੱਚੇ ਅਖੌਤੀ ਵਿਕਾਸ ਮਾਡਲ ਨੂੰ ਸਿਆਸੀ ਹੱਲੇ ਦਾ ਨਿਸ਼ਾਨਾ ਬਣਾਇਆ ਜਾਣਾ ਚਾਹੀਦਾ ਹੈ ਤੇ ਇਸਦੀਆਂ ਪਰਤਾਂ ਫਰੋਲ ਕੇ ਲੋਕਾਂ ਸਾਹਮਣੇ ਰੱਖੀਆਂ ਜਾਣੀਆਂ ਚਾਹੀਦੀਆਂ ਹਨ। ਬੇਲੋੜੇ ਸ਼ਹਿਰੀਕਰਨ ਤੇ ਅੱਖਾਂ ਚੁੰਧਿਆਊ ਉਸਾਰੀਆਂ ਨੂੰ ਵਿਕਾਸ ਦਾ ਕੁਨਾਂਅ ਦੇਣ ਦਾ ਪਰਦਾਚਾਕ ਕਰਦਿਆਂ ਹਕੀਕੀ ਵਿਕਾਸ ਦੇ ਨਿਸ਼ਾਨਿਆਂ 'ਤੇ ਰਾਹ ਦੀ ਚਰਚਾ ਕਰਨੀ ਚਾਹੀਦੀ ਹੈ। ਖੇਤੀ ਦੇ ਵਿਕਾਸ ਅਧਾਰਿਤ ਆਰਥਿਕਤਾ ਦੇ ਵਿਕਾਸ ਮਾਡਲ ਦੀ ਲੋੜ ਉਭਾਰਨੀ ਚਾਹੀਦੀ ਹੈ। ਖੇਤੀ ਨੂੰ ਅਧਾਰ ਬਣਾ ਕੇ ਚੱਲਣ ਵਾਲਾ ਵਿਉਂਤਬੱਧ ਸਨਅਤੀਕਰਨ ਜਿਹੜਾ ਸਥਾਨਕ ਪੈਦਾਵਾਰੀ ਅਮਲਾਂ ਨਾਲ ਜੁੜਿਆ ਤੇ ਸਥਾਨਕ ਮੰਡੀ ਨੂੰ ਸੰਬੋਧਿਤ ਹੋਵੇ, ਉਹੀ ਹਕੀਕੀ ਵਿਕਾਸ ਵੱਲ ਲਿਜਾ ਸਕਦਾ ਹੈ। ਅਜਿਹੇ ਵਿਕਾਸ ਮਾਡਲ 'ਚ ਉਪਜਾਊ ਜ਼ਮੀਨ ਨੂੰ ਸਾਂਭਣ ਤੇ ਇਸਦੀ ਉਤਪਾਦਕ ਸਮਰੱਥਾ ਕਾਇਮ ਰੱਖਣ ਲਈ ਸੁਚੇਤ ਕੋਸ਼ਿਸ਼ਾਂ ਦੀ ਲੋੜ ਹੁੰਦੀ ਹੈ।

ਇਸ ਲਈ ਲੈਂਡ ਪੂਲਿੰਗ ਨੀਤੀ ਦਾ ਵਿਰੋਧ ਕਰਦਿਆਂ ਇਸ ਜੋਕ ਵਿਕਾਸ ਤੇ ਲੋਕ ਵਿਨਾਸ਼ ਦੇ ਮਾਡਲ ਨੂੰ ਰੱਦ ਕਰਨ ਦੀ ਮੰਗ ਵੀ ਉਭਾਰਨੀ ਚਾਹੀਦੀ ਹੈ।

**- ਧੰਨਵਾਦ ਸਹਿਤ 'ਸੁਰਖ਼ ਲੀਹ'**

# ਨਵੀਆਂ ਤਰਾਸਦੀਆਂ ਨੂੰ ਜਨਮ ਦੇ ਰਿਹਾ - ਉਜਾੜਾ ਤੇ ਉਖੇੜਾ



ਬਲਜਿੰਦਰ ਸਿੰਘ ਵੜੈਚ
+91-92167-29598

ਪੰਜਾਬ ਦਾ ਉਖੇੜਾ ਇੰਝ ਵਾਪਰੇਗਾ ਕਦੇ ਸੋਚਿਆ ਵੀ ਨਹੀਂ ਸੀ। ਹਾਲਾਂਕਿ 1980 ਤੋਂ 92 ਤੱਕ ਦਾ ਜੋ ਕਾਲਾ ਦੌਰ ਰਿਹਾ ਉਸ ਨੇ ਇਕ ਵਾਰੀ ਪੰਜਾਬੀਆਂ ਦਾ ਪੰਜਾਬ ਤੋਂ ਸਰਕਾਰਾਂ ਦੀਆਂ ਜ਼ਿਆਦਤਰੀਆਂ ਕਾਰਨ ਮੂੰਹ ਮੋੜ ਦਿੱਤਾ ਸੀ। ਪ੍ਰੰਤੂ ਹੁਣ ਇਸ ਖਿੱਤੇ ਵਿਚ ਨਾ ਕੋਈ ਜੰਗ ਹੈ ਨਾ ਕੋਈ ਬੇਚੈਨੀ ਹੈ ਪ੍ਰੰਤੂ ਬੇਰੁਜ਼ਗਾਰੀ ਦਾ ਆਲਮ ਵੱਡਾ ਹੈ। ਇਨ੍ਹਾਂ ਸਥਿਤੀਆਂ ਤੋਂ ਖਹਿੜਾ ਛੁਡਾਉਣ ਲਈ ਪੰਜਾਬ ਦੀ ਜਵਾਨੀ ਨੇ ਪ੍ਰਵਾਸ ਦਾ ਰਾਹ ਚੁਣਿਆ। ਆਏ ਦਿਨ ਤਰਾਸਦੀ ਵਾਲੀਆਂ ਘਟਨਾਵਾਂ ਅਤੇ ਖ਼ਬਰਾਂ ਲੋਕਾਂ ਦੇ ਸਨਮੁੱਖ ਕੀਤੀ ਗਈ। ਵਿਦੇਸ਼ ਮੰਤਰਾਲੇ ਅਨੁਸਾਰ ਸਾਊਦੀ ਅਰਬ, ਕੁਵੈਤ, ਸੰਯੁਕਤ ਅਰਬ ਅਮੀਰਾਤ, ਕਤਰ, ਨਿਪਾਲ, ਪਾਕਿਸਤਾਨ, ਅਮਰੀਕਾ, ਸ੍ਰੀਲੰਕਾ, ਸਪੇਨ, ਰੂਸ, ਇਜ਼ਰਾਈਲ, ਚੀਨ, ਬੰਗਲਾਦੇਸ਼ ਅਤੇ ਅਰਜਨਟੀਨਾ ਦੀਆਂ ਜੇਲ੍ਹਾਂ ਵਿਚ ਗ਼ੈਰਕਾਨੂੰਨੀ ਢੰਗ ਨਾਲ ਵਿਦੇਸ਼ ਗਏ 10 ਹਜ਼ਾਰ ਤੋਂ ਵੱਧ ਭਾਰਤੀ ਨਜ਼ਰਬੰਦ ਹਨ। ਯੂਨਾਈਟਿਡ ਨੇਸ਼ਨਜ਼ ਆਫ਼ ਡਰੱਗਜ਼ ਐਂਡ ਕ੍ਰਾਈਮ ਵਲੋਂ ਜਾਰੀ ਕੀਤੀ ਗਈ ਇਕ ਰਿਪੋਰਟ ਵਿਚ ਖ਼ੁਲਾਸਾ ਕੀਤਾ ਗਿਆ ਹੈ ਕਿ ਹਰ ਸਾਲ ਲਗਭਗ ਹਜ਼ਾਰਾਂ ਪੰਜਾਬੀ ਗ਼ੈਰਕਾਨੂੰਨੀ ਢੰਗ ਨਾਲ ਵਿਦੇਸ਼ਾਂ ਵਿਚ ਜਾਂਦੇ ਹਨ ਅਤੇ ਇਸ ਵੇਲੇ ਹਜ਼ਾਰਾਂ ਪੰਜਾਬੀ ਕੈਨੇਡਾ, ਅਮਰੀਕਾ ਅਤੇ ਯੂਰਪ ਸਮੇਤ ਵੱਖ-ਵੱਖ ਦੇਸ਼ਾਂ ਦੀਆਂ ਜੇਲ੍ਹਾਂ ਵਿਚ ਫਸੇ ਹੋਏ ਹਨ। ਕੈਨੇਡਾ ਵਿਚ ਤਾਂ ਪੰਜਾਬੀ ਨੌਜਵਾਨਾਂ ਦੀ ਮੌਤ ਜਾਂ ਜੇਲ੍ਹਾਂ ਵਿਚ ਫਸਣ ਦੀਆਂ ਖ਼ਬਰਾਂ ਅਕਸਰ ਆਉਂਦੀਆਂ ਰਹਿੰਦੀਆਂ ਹਨ। ਇੱਥੇ ਇਹ ਵੀ



ਹੋ ਰਹੀਆਂ ਹਨ। ਇਨ੍ਹਾਂ ਅੰਕੜਿਆਂ ਵਿਚਲੀਆਂ ਮਨੁੱਖੀ ਸਥਿਤੀਆਂ ਨੂੰ ਪਰਖਣਾ ਤਾਂ ਔਖਾ ਹੈ ਪਰ ਜੋ ਕੁਝ ਵਾਪਰ ਹੈ ਉਸ ਦੀ ਜਾਣਕਾਰੀ ਸਾਂਝੀ ਕਰਨਾ ਸਾਡੇ ਸਾਰਿਆਂ ਦਾ ਫਰਜ਼ ਬਣਦਾ ਹੈ ਤਾਂ ਕਿ ਅਸੀਂ ਕਿਸੇ ਨਵੇਂ ਢੰਗਾਂ ਨਾਲ ਮੁੜ ਪੰਜਾਬ ਅਤੇ ਪ੍ਰਵਾਸ ਕਰ ਚੁੱਕੇ ਪੰਜਾਬੀਆਂ ਬਾਰੇ ਸੋਚਣ ਲਈ ਬਹਿਸ ਅਤੇ ਚਰਚਾ ਛੇੜੀਏ।

ਵੱਖ ਵੱਖ ਸਰੋਤਾਂ ਤੋਂ ਇਹ ਤੱਥ ਨਸਰ ਹੋ ਰਹੇ ਹਨ ਕਿ ਗ਼ੈਰਕਾਨੂੰਨੀ ਗਤੀਵਿਧੀਆਂ/ਵੀਜ਼ਾ ਨਿਯਮਾਂ ਦੀ ਉਲੰਘਣਾ ਕਾਰਨ 86 ਦੇਸ਼ਾਂ ਦੀਆਂ ਜੇਲ੍ਹਾਂ 'ਚ 10 ਹਜ਼ਾਰ ਭਾਰਤੀ ਨਜ਼ਰਬੰਦ ਹਨ। ਇਹ ਦਾਅਵਾ ਭਾਰਤ ਸਰਕਾਰ ਦੇ ਵਿਦੇਸ਼ ਮੰਤਰੀ ਵਲੋਂ ਇਕ ਰਿਪੋਰਟ ਵਿਚ ਕੀਤਾ ਗਿਆ ਹੈ, ਜਦਕਿ ਦੂਜੇ ਪਾਸੇ ਅਮਰੀਕਾ ਦੇ ਕਸਟਮ ਤੇ ਸਰਹੱਦੀ ਵਿਭਾਗ ਦੇ ਅੰਕੜਿਆਂ ਮੁਤਾਬਿਕ ਲਗਭਗ ਹਜ਼ਾਰਾਂ ਪੰਜਾਬੀ ਨੌਜਵਾਨ ਕੈਨੇਡਾ, ਅਮਰੀਕਾ ਅਤੇ ਯੂਰਪ ਦੀਆਂ ਜੇਲ੍ਹਾਂ ਵਿਚ ਡੱਕੇ ਹੋਏ ਹਨ। ਵਿਦੇਸ਼ਾਂ 'ਚ ਕਾਨੂੰਨੀ ਸਮੱਸਿਆਵਾਂ ਵਾਲੇ ਭਾਰਤੀਆਂ ਲਈ ਸਰਕਾਰੀ ਮਦਦ ਅਸਰਹੀਣ ਦਿਖਾਈ ਦੇ ਰਹੀ ਹੈ। ਹਾਲਾਂਕਿ ਭਾਰਤ ਸਰਕਾਰ ਨੇ ਦਾਅਵਾ ਕੀਤਾ ਹੈ ਕਿ ਉਹ ਵਿਦੇਸ਼ਾਂ ਵਿਚ ਗ੍ਰਿਫ਼ਤਾਰ ਜਾਂ ਕਾਨੂੰਨੀ ਮੁਸ਼ਕਲਾਂ ਵਿਚ ਫਸੇ ਭਾਰਤੀਆਂ ਨੂੰ ਦੂਤਘਰਾਂ ਰਾਹੀਂ ਮਦਦ ਦਿੰਦੀ ਹੈ ਪਰ ਕਈ ਮਾਮਲੇ ਅਜਿਹੇ ਸਾਹਮਣੇ ਆਏ ਹਨ, ਜਿੱਥੇ ਭਾਰਤੀ ਨਾਗਰਿਕ ਮਦਦ ਲਈ ਤੜਫਦੇ ਰਹੇ। ਦੂਤਘਰਾਂ ਵਲੋਂ ਉਪਲਬਧ ਕਰਵਾਏ ਜਾਂਦੇ ਵਕੀਲ ਬਹੁਤ ਵਾਰ ਬੇਅਸਰ ਰਹਿੰਦੇ ਹਨ, ਕਿਉਂ ਜੋ ਨਾ ਹੀ ਉਹ ਵਿਅਕਤੀਗਤ ਮਾਮਲੇ ਨੂੰ ਸਮਝਦੇ ਹਨ ਅਤੇ ਨਾ ਹੀ ਉਨ੍ਹਾਂ ਨੂੰ ਭਾਸ਼ਾ ਜਾਂ ਸੱਭਿਆਚਾਰ ਬਾਰੇ ਕੋਈ ਗਿਆਨ ਪ੍ਰਾਪਤ ਹੁੰਦਾ ਹੈ। ਇਸ ਨਾਲ ਭਾਰਤੀਆਂ ਦੀ ਨਿਆਂ ਪ੍ਰਾਪਤੀ ਅਸੰਭਵ ਬਣ ਜਾਂਦੀ ਹੈ। ਗ਼ੈਰਕਾਨੂੰਨੀ ਮਾਈਗ੍ਰੇਸ਼ਨ ਲਈ ਸਰਕਾਰੀ ਨੀਤੀ ਅਸਮਝਦਾਰੀ ਨਾਲ ਭਰੀ ਹੋਈ ਹੈ। ਸਰਕਾਰ ਨੇ ਕਿਹਾ ਕਿ ਉਹ ਕਾਨੂੰਨੀ ਮਾਈਗ੍ਰੇਸ਼ਨ ਨੂੰ ਵਧਾਏਗੀ ਪਰ ਇਮੀਗ੍ਰੇਸ਼ਨ ਰਾਹਤ ਜਾਂ ਨਵੀਆਂ ਨੀਤੀਆਂ ਉੱਤੇ ਕਿਸੇ ਵੀ ਨਵੀਨਤਾ ਦੀ ਗੱਲ ਨਹੀਂ ਕੀਤੀ ਗਈ। ਵਿਦੇਸ਼ਾਂ ਦੀਆਂ ਜੇਲ੍ਹਾਂ 'ਚ ਬੰਦ ਭਾਰਤੀਆਂ ਬਾਰੇ ਸਰਕਾਰ ਦੀ ਰਿਪੋਰਟ ਵਿਚ ਉਨ੍ਹਾਂ ਦੀ ਗਿਣਤੀ ਜਾਂ ਹਾਲਾਤ 'ਤੇ ਕੋਈ ਚਰਚਾ ਨਹੀਂ ਦੱਸਣਾ ਬਣਦਾ ਹੈ ਕਿ ਯੂਰਪੀ ਦੇਸ਼ਾਂ ਵਿਚ ਕਈ ਪੰਜਾਬੀ ਨੌਜਵਾਨ ਡੌਂਕੀ ਰਾਹੀਂ ਦਾਖ਼ਲ ਹੋਣ ਦੀ ਕੋਸ਼ਿਸ਼ ਕਰਦੇ ਫੜੇ ਗਏ ਸਨ। ਰੂਸ ਦੀਆਂ ਜੇਲ੍ਹਾਂ ਵਿਚ ਫਸੇ ਕਈ ਪੰਜਾਬੀ ਨੌਜਵਾਨਾਂ ਨੂੰ ਰਾਜ ਸਭਾ ਮੈਂਬਰ ਸੰਤ ਬਲਵੀਰ ਸਿੰਘ ਸੀਚੇਵਾਲ ਦੇ ਯਤਨਾਂ ਸਦਕਾ ਭਾਰਤ ਲਿਆਂਦਾ ਗਿਆ ਸੀ। ਪੰਜਾਬ ਵਿਚ ਬੇਰੁਜ਼ਗਾਰੀ ਅਤੇ ਬਿਹਤਰ ਜੀਵਨ ਦੀ ਤਲਾਸ਼ ਵੀ ਨੌਜਵਾਨਾਂ ਨੂੰ ਗਲਤ ਤਰੀਕਿਆਂ ਰਾਹੀਂ ਵਿਦੇਸ਼ ਜਾਣ ਲਈ ਮਜਬੂਰ ਕਰਦੀ ਹੈ। ਭਾਰਤ ਸਰਕਾਰ ਵਲੋਂ 3281 ਗੈਰਕਾਨੂੰਨੀ ਏਜੰਟਾਂ ਨੂੰ ਈ-ਮਾਈਗਰੇਟ ਪੋਰਟਲ 'ਤੇ 'ਬਲੈਕ ਲਿਸਟ' ਕਰਨ ਦੇ ਦਾਅਵੇ ਕੀਤੇ ਗਏ ਹਨ। ਦੂਜੇ ਪਾਸੇ ਪੰਜਾਬ ਪੁਲਿਸ ਵਲੋਂ ਫਰਵਰੀ 2025 'ਚ 1274 ਇਮੀਗ੍ਰੇਸ਼ਨ ਫ਼ਰਮਾਂ 'ਤੇ ਛਾਪੇ ਮਾਰ ਕੇ 24 ਮੁਕੱਦਮੇ ਕੀਤੇ ਦਰਜ ਕੀਤੇ ਗਏ ਤੇ 7 ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਤੋਂ ਇਲਾਵਾ ਵਿਦੇਸ਼ ਮੰਤਰਾਲੇ ਅਤੇ ਪੰਜਾਬ ਪੁਲਿਸ ਨੇ ਸਾਂਝੀ ਮੁਹਿੰਮ ਤਹਿਤ ਪੰਜਾਬ ਵਿਚ ਗ਼ੈਰਕਾਨੂੰਨੀ ਅਤੇ ਅਣਰਜਿਸਟਰਡ ਭਰਤੀ ਏਜੰਸੀਆਂ ਵਿਰੁੱਧ 38 ਐਫ.ਆਈ.ਆਰ. ਦਰਜ ਕੀਤੀਆਂ ਗਈਆਂ ਅਤੇ ਪੰਜਾਬ ਪੁਲਿਸ ਨੇ 11 ਹੋਰ ਐਫ.ਆਈ.ਆਰ. ਦਰਜ ਕਰਨ ਦਾ ਦਾਅਵਾ ਕੀਤਾ ਹੈ।

ਉਪਰੋਕਤ ਸਥਿਤੀ ਦੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਕਿਸਮ ਦੀ ਭਿਆਨਕਤਾ ਬਣੀ ਹੋਈ ਹੈ। ਦੂਸਰਾ ਪੰਜਾਬ ਦੇ ਅੰਦਰ ਜੋ ਆਰਥਿਕ ਮੰਦਵਾੜਾ ਚਲ ਰਿਹਾ ਹੈ, ਉਹ ਸਿੱਧਾ ਜਾਂ ਅਸਿੱਧੇ ਰੂਪ ਵਿਚ ਵਿਦੇਸ਼ ਗਏ ਨੌਜਵਾਨਾਂ ਨੂੰ ਵਾਪਰ ਪਰਤਣ ਲਈ ਕਿਸ ਕਿਸਮ ਦਾ ਹੌਸਲਾ ਵੀ ਪ੍ਰਦਾਨ ਨਹੀਂ ਕਰ ਰਿਹਾ ਹੈ। ਅਜਿਹੀ ਭਿਆਨਕ ਸਥਿਤੀ ਨੂੰ ਵੱਖ ਵੱਖ ਸਮੇਂ ਦੀਆਂ ਸਰਕਾਰਾਂ ਜ਼ਿੰਮੇਵਾਰ ਹਨ ਜਿਨ੍ਹਾਂ ਨੇ ਦੁਨੀਆ ਦੇ ਬਿਹਤਰੀਨ ਖਿੱਤੇ ਨੂੰ ਆਪਣੇ ਨਿੱਜੀ ਹਿੱਤਾਂ ਲਈ ਉਜਾੜ ਦਿੱਤਾ। ਜਿਸ ਦਾ ਭਵਿੱਖ ਹਾਲੇ ਵੀ ਵਧੀਆ ਦਿਖਾਈ ਨਹੀਂ ਦੇ ਰਿਹਾ। ਦੁਨੀਆ ਭਰ ਦੇ ਪੰਜਾਬੀਆਂ ਨੂੰ ਅਜਿਹੀ ਸਥਿਤੀ ਤੋਂ ਜਾਣੂ ਹੋ ਕੇ ਇਨ੍ਹਾਂ ਨੌਜਵਾਨਾਂ ਦੀ ਸਾਰ ਲੈਣੀ ਚਾਹੀਦੀ ਹੈ ਤਾਂ ਕਿ ਪੰਜਾਬ ਨੂੰ ਉਖੇੜੇ ਅਤੇ ਤਰਾਸਦੀਆਂ ਵਿਚੋਂ ਕੁਝ ਰਾਹਤ ਮਿਲ ਸਕੇ।

### ਜਥੇਬੰਦਕ ਧਰਮਾਂ ਦਾ ਮਾਇਆ ਜਾਲ

20

# ਨਸ਼ਿਆਂ ਅਧਾਰਿਤ ਨਕਲੀ ਧਰਮ

**ਨੋਟ: ਅੱਜ ਦੇ ਪ੍ਰਚਲਤ ਜਥੇਬੰਦਕ ਧਰਮਾਂ (ਧਾਰਮਿਕ ਫਿਰਕਿਆਂ) ਵਿੱਚ ਅਨੇਕਾਂ ਤਰ੍ਹਾਂ ਦੇ ਨਕਲੀ ਧਰਮ ਪ੍ਰਚਲਤ ਹੋ ਚੁੱਕੇ ਹਨ। ਜਿਨ੍ਹਾਂ ਤੇ ਪੁਜਾਰੀਆਂ, ਸਿਆਸਤਦਾਨਾਂ ਤੇ ਸਰਮਾਏਦਾਰਾਂ ਦੀ ਤਿਕੜੀ ਦਾ ਪੂਰਾ ਕਬਜ਼ਾ ਹੋ ਚੁੱਕਾ ਹੈ। ਧਰਮਾਂ ਦਾ ਤਕਰੀਬਨ 5 ਹਜ਼ਾਰ ਸਾਲ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਇਹ ਤਿਕੜੀ ਰਲ਼ ਕੇ ਮਨੁੱਖਤਾ ਨੂੰ ਧਰਮ ਦੇ ਨਾਮ ਤੇ ਲੁੱਟਦੀ ਆ ਰਹੀ ਹੈ। ਧਰਮ ਇਨ੍ਹਾਂ ਲਈ ਪੈਸਾ ਕਮਾਉਣ ਦਾ ਧੰਦਾ ਤੇ ਸ਼ਰਧਾਲੂਆਂ ਦੀ ਤਾਕਤ ਨੂੰ ਆਪਣੇ ਸਿਆਸੀ ਮੁਫਾਦਾਂ ਲਈ ਵਰਤਣ ਦਾ ਜ਼ਰੀਆ ਹੈ। ਇਨ੍ਹਾਂ ਦਾ ਇਹ ਧੰਦਾ ਸਦੀਆਂ ਤੋਂ ਅਗਿਆਨਤਾ, ਅੰਧ-ਵਿਸ਼ਵਾਸ਼ ਤੇ ਕਰਮਕਾਂਡਾਂ ਦੇ ਅਧਾਰ ਤੇ ਚੱਲ ਰਿਹਾ ਹੈ। ਇਤਿਹਾਸ ਵਿੱਚ ਸਮੇਂ-ਸਮੇਂ ਅਨੇਕਾਂ ਸੱਚੇ ਮਨੁੱਖਤਾਵਾਦੀ ਧਰਮ ਗੁਰੂ, ਰਹਿਬਰ, ਪੀਰ-ਪੈਗੰਬਰ, ਮਹਾਂਪੁਰਸ਼ ਪੈਦਾ ਹੁੰਦੇ ਰਹੇ, ਜੋ ਮਨੁੱਖ ਨੂੰ ਅਸਲੀ ਧਰਮ ਨਾਲ ਜੋੜਦੇ ਰਹੇ, ਅਗਿਆਨਤਾ ਤੇ ਅੰਧ ਵਿਸ਼ਵਾਸ਼ ਦੀ ਬੇਹੋਸ਼ੀ ਵਿਚੋਂ ਜਗਾ ਕੇ ਸੱਚ ਦੇ ਰਾਹ ਪਾਉਂਦੇ ਰਹੇ।ਪਰ ਇਸ ਤਿਕੜੀ ਨੇ ਅਜਿਹੇ ਮਹਾਨ ਪੁਰਸ਼ਾਂ ਨੂੰ ਕਦੇ ਬਰਦਾਸ਼ਤ ਨਹੀਂ ਕੀਤਾ। ਉਨ੍ਹਾਂ ਨੂੰ ਸੂਲ਼ੀਆਂ, ਫਾਂਸੀਆਂ ਤੇ ਚੜ੍ਹਾਉਣ ਦੇ ਨਾਲ-ਨਾਲ ਉਨ੍ਹਾਂ ਦੀ ਵਿਚਾਰਧਾਰਾ ਨੂੰ ਖਤਮ ਕਰਨ ਦੀਆਂ ਸਾਜ਼ਿਸ਼ਾਂ ਰਚਦੇ ਰਹੇ ਤੇ ਅਨੇਕਾਂ ਤਰ੍ਹਾਂ ਦੀਆਂ ਮੁਸੀਬਤਾਂ ਉਨ੍ਹਾਂ ਦੇ ਰਾਹਾਂ ਵਿੱਚ ਖੜੀਆਂ ਕਰਦੇ ਰਹੇ। ਪਰ ਫਿਰ ਵੀ ਜਦੋਂ ਅਜਿਹੇ ਮਹਾਂਪੁਰਸ਼ ਆਪਣੀ ਨਵੀਂ ਤੇ ਵੱਖਰੀ ਵਿਚਾਰਧਾਰਾ ਮਨੁੱਖਤਾ ਨੂੰ ਦੇਣ ਵਿੱਚ ਸਫਲ ਹੋ ਜਾਂਦੇ ਤੇ ਉਨ੍ਹਾਂ ਦੇ ਸੰਸਾਰ ਤੋਂ ਚਲੇ ਜਾਣ ਤੋਂ ਬਾਅਦ ਸਮਾਂ ਪਾ ਕੇ ਇਹ ਤਿਕੜੀ ਨਵੇਂ ਰੂਪ ਵਿੱਚ ਉਸੇ ਮਹਾਂਪੁਰਸ਼ ਦੇ ਨਾਮ ਤੇ ਨਵੀਆਂ ਮਰਿਯਾਦਾਵਾਂ, ਕਰਮਕਾਂਡਾਂ ਤੇ ਚਿੰਨ੍ਹਾਂ ਨਾਲ ਲੈਸ ਹੋ ਕੇ ਨਵਾਂ ਧਾਰਮਿਕ ਫਿਰਕਾ ਖੜਾ ਕਰਕੇ ਉਨ੍ਹਾਂ ਦੇ ਅਨੁਆਈਆਂ ਨੂੰ ਆਪਣੇ ਮਾਇਆ ਜਾਲ ਵਿੱਚ ਫਸਾ ਲੈਂਦੇ।ਅੱਜ ਦੇ ਪ੍ਰਚਲਤ ਹਰ ਜਥੇਬੰਦਕ ਛੋਟੇ ਵੱਡੇ ਧਾਰਮਿਕ ਫਿਰਕੇ ਵਿੱਚ ਨਕਲੀ ਧਰਮਾਂ ਦਾ ਪੂਰਾ ਬੋਲਬਾਲਾ ਹੈ ਤੇ ਧਰਮ ਇਨ੍ਹਾਂ ਵਿਚੋਂ ਪੂਰੀ ਤਰ੍ਹਾਂ ਅਲੋਪ ਹੋ ਚੁੱਕਾ ਹੈ। ਹਰ ਧਾਰਮਿਕ ਫਿਰਕਾ ਝੂਠੀਆਂ, ਅੰਧ ਵਿਸ਼ਵਾਸ਼ੀ, ਅਗਿਆਨਤਾ ਭਰਪੂਰ ਰੀਤਾਂ-ਰਸਮਾਂ, ਕਰਮਕਾਂਡਾਂ, ਮਰਿਯਾਦਾਵਾਂ, ਪ੍ਰੰਪਰਾਵਾਂ, ਧਾਰਮਿਕ ਚਿੰਨ੍ਹਾਂ ਦਾ ਮਿਲਗੋਭਾ ਜਿਹਾ ਨਕਲੀ ਧਰਮ ਬਣ ਚੁੱਕਾ ਹੈ। ਇਸ ਲੇਖ ਲੜੀ ਦਾ ਮਕਸਦ ਆਮ ਵਿਅਕਤੀ ਨੂੰ ਜਿਥੇ ਧਰਮ ਦੇ ਨਾਮ ਤੇ ਬਣੇ ਹੋਏ ਇਨ੍ਹਾਂ ਧਾਰਮਿਕ ਫਿਰਕਿਆਂ ਵਿਚਲੇ ਨਕਲੀ ਧਰਮਾਂ ਤੋਂ ਜਾਣੂ ਕਰਾਉਣਾ ਹੈ, ਉਥੇ ਅਸਲੀ ਧਰਮ ਦੀ ਜਾਣ ਪਛਾਣ ਕਰਾਉਣਾ ਵੀ ਹੈ ਤਾਂ ਕਿ ਲੋਕ ਸੱਚੇ ਧਰਮ ਨਾਲ ਜੁੜ ਸਕਣ। ਕੋਸ਼ਿਸ਼ ਇਹੀ ਹੈ ਕਿ ਲੋਕ ਜਾਗ ਪੈਣ ਤੇ ਪਛਾਣ ਕਰਨ ਦੇ ਸਮਰੱਥ ਹੋ ਸਕਣ ਕਿ ਜਿਸਨੂੰ ਉਹ ਤਨੋ, ਮਨੋ ਧਰਮ ਸਮਝ ਕੇ ਆਪਾ ਨਿਛਾਵਰ ਕਰ ਰਹੇ ਹਨ, ਕੀ ਉਸ ਵਿੱਚ ਕੁਝ ਧਰਮ ਵਾਲਾ ਹੈ ਵੀ ਜਾਂ ਉਹ ਸਿਰਫ ਪੁਜਾਰੀਆਂ ਦੀਆਂ ਬਣਾਈਆਂ ਅਗਿਆਨਤਾ ਤੇ ਅੰਧ ਵਿਸ਼ਵਾਸ਼ ਅਧਾਰਿਤ ਮਰਿਯਾਦਾਵਾਂ, ਰੀਤਾਂ-ਰਸਮਾਂ, ਕਰਮਕਾਂਡਾਂ ਦਾ ਭਾਰ ਹੀ ਢੋਹ ਰਹੇ ਹਨ। ਇਹ ਤਿਕੜੀ ਧਰਮ ਨੂੰ ਵਧਾਉਣ ਤੇ ਧਰਮ ਨੂੰ ਖਤਰੇ ਦੇ ਨਾਮ ਤੇ ਪਿਛਲੇ 5 ਹਜ਼ਾਰ ਸਾਲਾਂ ਵਿੱਚ 15 ਹਜ਼ਾਰ ਤੋਂ ਵੱਧ ਯੁੱਧਾਂ ਰਾਹੀਂ ਮਨੁੱਖਤਾ ਦਾ ਵੱਡੇ ਪੱਧਰ ਤੇ ਘਾਣ ਕਰ ਚੁੱਕੀ ਹੈ। ਧਰਮ ਨੂੰ ਖਤਰਾ ਨਾਸਤਿਕਾਂ ਜਾਂ ਧਰਮ ਵਿਰੋਧੀਆਂ ਤੋਂ ਨਹੀਂ, ਇਨ੍ਹਾਂ ਨਕਲੀ ਧਰਮਾਂ ਤੇ ਇਸ ਤਿਕੜੀ ਤੋਂ ਹੈ। ਤੁਸੀਂ ਇਸ ਲੇਖ ਲੜੀ ਬਾਰੇ ਆਪਣੇ ਵਿਚਾਰ ਭੇਜ ਸਕਦੇ ਹੋ ਤਾਂ ਕਿ ਗੱਲ ਅੱਗੇ ਤੁਰ ਸਕੇ। ਤੁਹਾਡੇ ਸੁਝਾਵਾਂ ਤੇ ਵਿਚਾਰਾਂ ਬਾਰੇ ਗੰਭੀਰਤਾ ਨਾਲ ਵਿਚਾਰ ਕੀਤੀ ਜਾਵੇਗੀ।**



ਹਰਚਰਨ ਸਿੰਘ ਪਰਹਾਰ
403-681-8689
hp8689@gmail.com

**ਵੈਸੇ** ਤਾਂ ਧਰਮ ਅਧਾਰਿਤ ਹਰ ਫਿਰਕਾ ਜਾਂ ਮਜ਼ਹਬ ਇਹੀ ਦਾਅਵਾ ਕਰਦਾ ਹੈ ਕਿ ਉਨ੍ਹਾਂ ਦਾ ਧਰਮ ਹਰ ਤਰ੍ਹਾਂ ਦੇ ਨਸ਼ਿਆਂ ਦੇ ਖਿਲਾਫ ਹੈ।ਪਰ ਅਸਲੀਅਤ ਇਹ ਹੈ ਕਿ ਹਰ ਧਾਰਮਿਕ ਫਿਰਕੇ ਦੇ ਅਨੁਯਾਈ ਨਾ ਸਿਰਫ ਵੱਖ-ਵੱਖ ਤਰ੍ਹਾਂ ਦੇ ਨਸ਼ਿਆਂ ਦਾ ਸੇਵਨ ਕਰਦੇ ਹਨ, ਸਗੋਂ ਵੱਡੀ ਪੱਧਰ ਤੇ ਨਸ਼ਿਆਂ ਦਾ ਵਪਾਰ ਵੀ ਕਰਦੇ ਹਨ। ਇਸ ਤੋਂ ਪਹਿਲਾਂ ਕਿ ਅਸੀਂ ਨਸ਼ਿਆਂ ਅਧਾਰਿਤ ਨਕਲੀ ਧਰਮ ਦੀ ਚਰਚਾ ਕਰੀਏ, ਇਹ ਜਾਣ ਲੈਣਾ ਲਾਹੇਵੰਦ ਹੋਵੇਗਾ ਕਿ ਨਸ਼ੇ ਕਹਿੰਦੇ ਕਿਸਨੂੰ ਹਨ ਜਾਂ ਨਸ਼ਾ ਹੁੰਦਾ ਕੀ ਹੈ? ਇਸ ਦੇ ਨਾਲ ਹੀ ਇਹ ਵਿਚਾਰ ਕਰਾਂਗੇ ਕਿ ਦੁਨੀਆਂ ਦੇ ਮਹਾਨ ਅਰਥ ਸ਼ਾਸਤਰੀ ਤੇ ਵਰਗ ਰਹਿਤ ਸਮਾਜ ਦੀ ਸਿਰਜਣਾ ਦੀ ਫਿਲਾਸਫੀ ਦੇ ਕਰਤਾ ਜਰਮਨ ਵਿਦਵਾਨ ਕਾਰਲ ਮਾਰਕਸ ਨੇ ਅਜਿਹਾ ਕਿਉਂ ਕਿਹਾ ਸੀ ਕਿ ਧਰਮ **ਲੋਕਾਂ ਦੀ ਅਫੀਮ (ਨਸ਼ਾ) ਹੈ।** ਗੱਲ ਨੂੰ ਪੂਰੀ ਸਮਝਣ ਲਈ ਕਾਰਲ ਮਾਰਕਸ ਦੀ ਧਰਮ ਬਾਰੇ ਅੰਗਰੇਜ਼ੀ ਵਿੱਚ ਪੂਰੀ ਟਿੱਪਣੀ ਇਸ ਤਰ੍ਹਾਂ ਹੈ: **“Religion is the sigh of the oppressed creature, the heart of a heartless World, and the soul of soulless conditions, It is the opium of the people”. ਭਾਵ:** ‘ਧਰਮ ਦੱਬੇ ਕੁਚਲੇ ਲੋਕਾਂ ਲਈ ਧਰਵਾਸ (ਰੱਬ ਦੀ), ਭਾਵਨਾਵਾਂ (ਦਿਲ) ਰਹਿਤ ਸੰਸਾਰ ਲਈ ਭਾਵਨਾ ਦਾ ਅਹਿਸਾਸ ਹੈ, ਆਤਮਾ ਰਹਿਤ ਸਮਾਜਿਕ ਹਾਲਤਾਂ ਲਈ ਆਤਮਾ ਹੈ, ਅਤੇ ਧਰਮ ਲੋਕਾਂ ਦੀ ਅਫੀਮ (ਨਸ਼ਾ) ਹੈ।’ ਮੇਰੀ ਸਮਝੇ ਇਸ ਸਾਰੀ ਟਿੱਪਣੀ ਦਾ ਭਾਵ ਅਰਥ ਦੇਖੀਏ ਤਾਂ ਇਹ ਬਣਦਾ ਹੈ ਕਿ ਧਰਮ (ਨਕਲੀ) ਉਨ੍ਹਾਂ ਹਾਲਾਤਾਂ ਵਿੱਚ ਜਦੋਂ ਸਮਾਜ ਵਿੱਚ ਕਾਣੀ ਵੰਡ ਕਾਰਨ ਵਿਤਕਰੇ ਹੋ ਰਹੇ ਹਨ, ਤਾਕਤਵਰ ਸਰਮਾਏਦਾਰ ਤੇ ਪੁਜਾਰੀ ਧੱਕੇਸ਼ਾਹੀਆਂ, ਬੇਇਨਸਾਫੀਆਂ ਕਰਦੇ ਹਨ, ਦੱਬੇ ਕੁਚਲੇ ਲੋਕਾਂ ਨੂੰ ਕੋਈ ਇਨਸਾਫ ਨਹੀਂ ਮਿਲਦਾ ਤਾਂ ਧਰਮ ਮਨੁੱਖ ਨੂੰ ਸੰਘਰਸ਼ ਕਰਕੇ ਵਰਗ ਰਹਿਤ, ਵਿਤਕਰਾ ਰਹਿਤ ਤੇ ਮਨੁੱਖੀ ਬਰਾਬਰਤਾ ਵਾਲਾ ਸਮਾਜ ਸਿਰਜਣ ਦੀ ਪ੍ਰੇਰਨਾ ਦੇਣ ਦੀ ਥਾਂ ਕਿਸੇ ਕਲਪਿਤ ਰੱਬ ਅੱਗੇ ਅਰਦਾਸਾਂ ਕਰਨ ਜਾਂ ਇਹ ਭਰੋਸਾ ਕਰਨ ਦਾ ਧਰਵਾਸ ਦਿੰਦਾ ਹੈ ਕਿ ਰੱਬ ਆਪੇ ਸਭ ਠੀਕ ਕਰੇਗਾ, ਰੱਬ ਦੇ ਘਰ ਦੇਰ ਹੈ ਅੰਦੇਰ ਨਹੀਂ। ਇਸ ਲਈ ਧਰਮ ਲੋਕਾਂ ਦੀ ਅਫੀਮ ਬਣ ਚੁੱਕਾ ਹੈ। ਧਰਮ ਜਾਂ ਰੱਬ ਦੱਬੇ-ਕੁਚਲੇ, ਮਜਲੂਮ, ਗੁਲਾਮ, ਬੇਆਸਰਾ, ਅਨਾਥਾਂ ਨਾਲ ਖੜਨ ਦੀ ਥਾਂ ਜਾਲਮਾਂ, ਜਾਬਰਾਂ, ਸਰਮਾਏਦਾਰਾਂ, ਸਿਆਸੀ ਲੋਕਾਂ ਦੇ ਹੱਕ ਵਿੱਚ ਭੁਗਤਦਾ ਹੈ ਤੇ ਲੋਕ ਫਿਰ ਵੀ ਬੜੇ ਅਨੰਦ ਨਾਲ ਪੂਜਾ ਪਾਠ ਵਿਚ ਲੱਗੇ ਹੋਏ ਹਨ। ਅਜਿਹੇ ਹਾਲਾਤਾਂ ਦੇ ਮੱਦੇਨਜ਼ਰ ਹੀ ਕਿਸੇ ਵਿਦਵਾਨ ਨੇ ਖੂਬ ਕਿਹਾ ਸੀ ਕਿ ਜਦੋਂ ਲੋਕ ਆਪਣੀ ਗੁਲਾਮੀ ਵਿਚੋਂ ਆਨੰਦ ਲੈਣ ਲੱਗ ਪੈਣ ਤਾਂ ਉਨ੍ਹਾਂ ਨੂੰ ਕੋਈ ਆਜ਼ਾਦ ਨਹੀਂ ਕਰਾ ਸਕਦਾ।

ਮੇਰੀ ਸਮਝੇ ਹਰ ਧਰਮ ਪੁਜਾਰੀ ਨੇ ਮਾਰਕਸ ਦੀ ਇਸ ਉਪਰ ਦਿਤੀ ਟਿਪਣੀ ਦੇ ਹਮੇਸ਼ਾਂ ਗਲਤ ਅਰਥ ਕਰਕੇ ਆਪਣੇ ਸ਼ਰਧਾਲੂਆਂ ਨੂੰ ਗੁੰਮਰਾਹ ਕੀਤਾ ਹੈ।ਮੇਰੇ ਵਿਚਾਰ ਵਿੱਚ ਮਾਰਕਸ ਦੀ ਇਹ ਟਿਪਣੀ ਬੇਸ਼ਕ ਨਕਲੀ ਧਰਮਾਂ ਬਾਰੇ ਹੀ ਹੈ, ਪਰ ਸ਼ਾਇਦ ਉਸਨੇ ਅਸਲੀ ਧਰਮ ਨੂੰ ਨਹੀਂ ਜਾਣਿਆ ਸੀ, ਨਹੀਂ ਤਾਂ ਉਹ ਅਸਲੀ ਧਰਮ ਬਾਰੇ ਵੀ ਆਪਣਾ ਨਜ਼ਰੀਆ ਜ਼ਰੂਰ ਪੇਸ਼ ਕਰਦਾ। ਇਸਦੇ ਬਾਵਜੂਦ ਕਿ ਧਰਮ ਜਾਂ ਰੱਬ ਬਾਰੇ ਮਾਰਕਸ ਦਾ ਜੋ ਮਰਜੀ ਨਜਰੀਆ ਹੋਵੇ, ਉਸਦੀ ਵਿਚਾਰਧਾਰਾ ਨਾਲ ਵਰਗ ਰਹਿਤ ਸਮਾਜ ਸਿਰਜਿਆ ਜਾ ਸਕਦਾ ਹੋਵੇ ਜਾਂ ਨਾ, ਤੇ ਉਸਦੀ ਵਿਚਾਰਧਾਰਾ ਵਿਚ ਜਿੰਨੀਆਂ ਮਰਜੀ ਖਾਮੀਆਂ ਹੋਣ, ਇਸਦੇ ਬਾਵਜੂਦ ਇਸ ਗੱਲ ਤੋਂ ਕਿਸੇ ਢੰਗ ਨਾਲ ਵੀ ਇਨਕਾਰੀ ਨਹੀਂ ਹੋਇਆ ਜਾ ਸਕਦਾ ਕਿ ਉਹ ਇੱਕ ਅਜਿਹਾ ਇਨਕਲਾਬੀ ਯੁੱਗਪੁਰਸ਼ ਸੀ, ਜੋ ਵਰਗ ਰਹਿਤ ਸਮਾਜ ਦੀ ਸਿਰਜਣਾ ਦਾ ਇੱਛਕ ਸੀ, ਜਿੱਥੇ ਮਨੁੱਖੀ ਬਰਾਬਰਤਾ ਹੋਵੇ, ਕੋਈ ਉੱਚਾ ਨੀਵਾਂ ਨਹੀਂ, ਕੁਦਰਤ ਵਲੋਂ ਮਿਲੇ ਵਸੀਲਿਆਂ ਤੇ ਸਾਧਨਾਂ ਉੱਤੇ ਸਮਾਜ ਦਾ ਸਾਂਝਾ ਕੰਟਰੋਲ ਹੋਵੇ ਤੇ ਉਨ੍ਹਾਂ ਨੂੰ ਸਭ ਬਰਾਬਰਤਾ ਨਾਲ ਮਿਲ ਕੇ ਵਰਤਣ। ਇਸ ਵਿਚ ਕੋਈ ਸ਼ੱਕ ਨਹੀਂ ਕਿ ਅਜਿਹਾ ਆਦਰਸ਼ਵਾਦੀ ਸਮਾਜ ਸ਼ਾਇਦ ਇਸ ਧਰਤੀ ’ਤੇ ਸੰਭਵ ਨਾ ਹੋਵੇ ਕਿਉਂਕਿ ਹਰ ਮਨੁੱਖ ਦੀਆਂ ਆਪਣੀਆਂ ਕੁਝ ਬੁਨਿਆਦੀ ਕਮਜ਼ੋਰੀਆਂ ਹਨ, ਜਦ ਤੱਕ ਉਨ੍ਹਾਂ ਨੂੰ ਸੰਬੋਧਨ ਨਹੀਂ ਹੋਇਆ ਜਾਂਦਾ, ਉਦੋਂ ਤੱਕ ਸਮੁੱਚੇ ਸਮਾਜ ਨੂੰ ਬਦਲਣਾ ਸੰਭਵ ਨਹੀਂ ਹੈ।

ਅਸਲੀ ਧਰਮ ਮਨੁੱਖ ਦੀਆਂ ਇਨ੍ਹਾਂ ਬੁਨਿਆਦੀ ਕਮਜ਼ੋਰੀਆਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਈਰਖਾ, ਨਫਰਤ, ਕਬਜਾ ਆਦਿ) ਨੂੰ ਸੰਬੋਧਨ ਹੋ ਕੇ ਆਪਣੇ ਮੂਲ ਨੂੰ ਪਛਾਨਣ ਦੀ ਵਕਾਲਤ ਕਰਦਾ ਹੋਇਆ ਮਨੁੱਖ ਨੂੰ ਸੋਝੀ ਬਖਸ਼ਦਾ ਹੈ ਕਿ ਜੇ ਤੂੰ ਆਪਣੇ ਅੰਦਰ ਛੁਪੇ ਇਨ੍ਹਾਂ ਔਗੁਣਾਂ ਪ੍ਰਤੀ ਸੁਚੇਤ ਨਹੀਂ ਹੁੰਦਾ, ਇਸ ‘ਤੇ ਕਾਬੂ ਨਹੀਂ ਪਾਉਂਦਾ, ਇਨ੍ਹਾਂ ਨੂੰ ਆਪਣੇ ਵੱਸ ਨਹੀਂ ਕਰਦਾ, ਇਨ੍ਹਾਂ ਨੂੰ ਆਪਣੇ ਅਤੇ ਸਮਾਜ ਦੇ ਭਲੇ ਲਈ ਵਰਤਣਾ ਨਹੀਂ ਸਿੱਖਦਾ, ਸਮਾਜ ਵਿੱਚ ਤਬਦੀਲੀ ਅਸੰਭਵ ਹੈ। ਇਸੇ ਲਈ ਅਸਲੀ ਧਰਮ ਤੁਹਾਡੇ ਆਪੇ ਤੋਂ ਸ਼ੁਰੂ ਹੁੰਦਾ ਹੈ, ਜਦੋਂ ਤੱਕ ਤੂੰ ਨਹੀਂ ਬਦਲਦਾ, ਕੁਝ ਨਹੀਂ ਬਦਲਦਾ, ਪਹਿਲਾਂ ਤੂੰ ਆਪਣੇ ਆਪ ਨੂੰ ਸੰਬੋਧਨ ਹੋ। ਪਰ ਇਸ ਦਾ ਭਾਵ ਇਹ ਨਹੀਂ ਕਿ ਮਨੁੱਖ ਨੇ ਕਿਤੇ ਛੁਪ ਕੇ ਬੈਠ ਜਾਣਾ ਹੈ, ਕਿਤੇ ਅੰਦਰ ਵੜ ਕੇ ਕੋਈ ਭਗਤੀ ਕਰਨੀ ਹੈ, ਨਹੀਂ ਅਜਿਹਾ ਬਿਲਕੁਲ ਨਹੀਂ। ਇਸ ਅੰਦਰ ਅਤੇ ਬਾਹਰ ਦਾ ਕਰਮ ਨਾਲੋ ਨਾਲ ਚੱਲਦਾ ਰਹਿਣਾ ਹੈ। ਜੇ ਕੋਈ ਕਹੇ ਕਿ ਪਹਿਲਾਂ ਆਪਾ ਸੁਧਾਰ ਲਈਏ, ਫਿਰ ਸਮਾਜ ਜਾਂ ਦੁਨੀਆਂ ਦੀ ਗੱਲ ਕਰਾਂਗੇ, ਜਾਂ ਪਹਿਲਾਂ ਸਮਾਜ ਜਾਂ ਦੁਨੀਆਂ ਵਿੱਚ ਬਰਾਬਰਤਾ ਜਾਂ ਵਰਗ ਰਹਿਤ ਸਮਾਜ ਸਿਰਜ ਲਈਏ, ਫਿਰ ਆਪੇ ਦੀ ਖੋਜ ਕਰ ਲਵਾਂਗੇ। ਅਜਿਹਾ ਕਦੇ ਵੀ ਸੰਭਵ ਨਹੀਂ ਹੋਇਆ ਤੇ ਨਾ ਹੀ ਹੋਵੇਗਾ। ਇਹ ਨਾਲੋ ਨਾਲ ਹੀ ਚੱਲਦਾ ਆਇਆ ਤੇ ਚੱਲਦਾ ਰਹੇਗਾ। ਲੋੜ ਸਿਰਫ ਇਸ ਵਿਚ ਸੰਤੁਲਨ (ਬੈਲੈਂਸ) ਕਰਨ ਦੀ ਹੈ। ਪਿਛਲੇ ਸਮੇਂ ਵਿੱਚ ਇਹੀ ਕੁਝ ਹੋਇਆ ਹੈ, ਜਿਹੜੇ ਆਪੇ ਦੀ ਖੋਜ ਲਈ ਨਿਕਲੇ ਸਨ, ਉਹ ਸਮਾਜ ਤੋਂ ਟੁੱਟ ਗਏ, ਦੁਨੀਆਂ ਵਿੱਚ ਕੀ ਕੁਝ ਹੁੰਦਾ ਰਿਹਾ, ਉਸ ਨਾਲ ਉਨ੍ਹਾਂ ਦਾ ਵਸਤਾ ਨਹੀਂ ਰਿਹਾ ਅਤੇ ਜਿਹੜੇ ਦੁਨੀਆਂ ਸੁਧਾਰਨ ਤੁਰੇ ਸਨ, ਜਦੋਂ ਤਾਕਤ ਉਨ੍ਹਾਂ ਦੇ ਹੱਥ ਆਈ ਤਾਂ ਉਹ ਆਪਣੀਆਂ ਅੰਦਰੂਨੀ ਕਮਜੋਰੀਆਂ ਦਾ ਸ਼ਿਕਾਰ ਹੋ ਕੇ ਧੱਕੇ, ਜਬਰ ਤੇ ਲੁੱਟ ਦੇ ਰਾਹ ਪੈ ਗਏ।

ਨਸ਼ਿਆਂ ਵਾਲੇ ਵਿਸ਼ੇ ਵੱਲ ਫਿਰ ਮੁੜਦੇ ਹਾਂ। ਨਸ਼ੇ ਤੋਂ ਭਾਵ ਹੈ ਕਿ ਮਨੁੱਖ ਦੀ ਉਹ ਮਾਨਸਿਕ ਅਵਸਥਾ ਜਦੋਂ ਉਹ ਆਪੇ ਦੀ ਹੋਸ਼ ਖੋ ਬੈਠਦਾ ਹੈ। ਇਸ ਲਈ ਅਸੀਂ ਨਸ਼ਾ ਉਸ ਹਰ ਸ਼ੈ ਨੂੰ ਕਹਿ ਸਕਦੇ ਹਾਂ, ਜਿਸ ਨਾਲ ਮਨੁੱਖ ਆਪਣੇ ਆਪੇ ਤੋਂ ਟੁੱਟ ਕੇ ਕਿਸੇ ਹੋਰ ਦੁਨੀਆਂ ਵਿਚ ਮਹਿਸੂਸ ਕਰੇ। ਇਸਨੂੰ ਜੇ ਇਸ ਤਰ੍ਹਾਂ ਸਮਝਿਆ ਜਾਏ ਕਿ ਜਦੋਂ ਮਨੁੱਖ ਆਪਣੇ ਆਪੇ ਤੋਂ ਟੁੱਟ ਕੇ ਕਿਸੇ ਭਰਮ (ਕਲਪਨਾ) ਵਿੱਚ ਜੀਵੇ ਤਾਂ ਉਹ ਨਸ਼ੇ ਵਿੱਚ ਹੈ।ਮੁੱਖ ਤੌਰ ‘ਤੇ ਨਸ਼ੇ ਦੋ ਤਰ੍ਹਾਂ ਦੇ ਹਨ, ਇੱਕ ਨਸ਼ੇ ਉਹ ਜੋ ਮਨੁੱਖ ਬਾਹਰੋਂ ਲੈਂਦਾ ਹੈ, ਜੋ ਕੁਝ ਸਮੇਂ ਬਾਅਦ ਅਤੇ ਕੁਝ ਸਮੇਂ ਲਈ ਮਨੁੱਖ ਦੇ ਮਨ (ਦਿਮਾਗ) ਦਾ ਸਬੰਧ ਦੁਨੀਆਂ (ਅਸਲੀਅਤ) ਤੋਂ ਤੋੜ ਦਿੰਦਾ ਹੈ ਅਤੇ ਮਨੁੱਖ ਭਰਮ ਵਿਚ ਸਕੂਨ ਮਹਿਸੂਸ ਕਰਦਾ ਹੈ, ਹਲਕਾ ਮਹਿਸੂਸ ਕਰਦਾ ਹੈ, ਸਮਝਦਾ ਹੈ ਕਿ ਉਸਦੇ ਸਾਰੇ ਦੁੱਖ ਕਲੇਸ਼ ਕੱਟੇ ਗਏ, ਸਭ ਮੁਸੀਬਤਾਂ ਟਲ਼ ਗਈਆਂ, ਸਵਰਗ ਦਾ ਝੂਟਾ ਆ ਗਿਆ। ਫਿਰ ਜਦੋਂ ਨਸ਼ਾ ਉਤਰਦਾ ਹੈ, ਅਸਲੀਅਤ ਸਾਹਮਣੇ ਖੜ੍ਹੀ ਹੁੰਦੀ ਹੈ। ਉਹ ਫਿਰ ਭੱਜ ਕੇ ਨਸ਼ੇ ਵੱਲ ਜਾਂਦਾ ਹੈ ਤਾਂ ਕਿ ਭਰਮ ਵਿੱਚ ਜਿਉਂਦਾ ਰਹੇ। ਇਸ ਤਰ੍ਹਾਂ ਹੀ ਉਹ ਇਸਦਾ ਆਦੀ ਹੋ ਜਾਂਦਾ ਹੈ। ਫਿਰ ਜਦ ਵੀ ਉਹ ਅਸਲੀਅਤ ਦਾ ਸਾਹਮਣਾ ਕਰਨ ਤੋਂ ਅਸਮਰਥ ਹੁੰਦਾ ਹੈ, ਨਸ਼ੇ ਦਾ ਸਹਾਰਾ ਲੈਂਦਾ ਹੈ।

ਇਸੇ ਤਰ੍ਹਾਂ ਦੂਜਾ ਨਸ਼ਾ ਮਨੁੱਖ ਅੰਦਰੋਂ ਲੈਂਦਾ ਹੈ। ਇਹ ਨਸ਼ਾ ਬਾਹਰੀ ਨਸ਼ੇ ਨਾਲੋਂ ਜਿਆਦਾ ਭੈੜਾ ਹੈ, ਜੋ ਮਨੁੱਖ ਇਸਦਾ ਆਦੀ ਹੋ ਜਾਂਦਾ ਹੈ, ਉਸਨੂੰ ਨਿਕਲਣਾ ਮੁਸ਼ਕਿਲ ਹੋ ਜਾਂਦਾ ਹੈ। ਜਿਸ ਨੂੰ ਇਹ ਨਸ਼ਾ ਹੋ ਜਾਵੇ, ਉਸਨੂੰ ਬਾਹਰੀ ਨਸ਼ੇ ਵਾਂਗ ਵਾਰ ਵਾਰ ਲੈਣ ਦੀ ਲੋੜ ਨਹੀਂ ਪੈਂਦੀ। ਇਹ ਨਸ਼ਾ ਹੈ ਸਾਡੀਆਂ ਬੁਨਿਆਦੀ ਮਨੁੱਖੀ ਕਮਜੋਰੀਆਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਈਰਖਾ, ਨਫਰਤ, ਵਿਭਚਾਰ, ਕਬਜਾ, ਦੂਜੇ ਦਾ ਹੱਕ ਮਾਰਨਾ ਆਦਿ) ਦਾ ਨਸ਼ਾ। ਜਿਸ ਵੀ ਮਨੁੱਖ ਨੂੰ ਇਨ੍ਹਾਂ ਵਿਚੋਂ ਕੋਈ ਵੀ ਨਸ਼ਾ ਲੱਗ ਜਾਵੇ ਉਸਨੂੰ ਛੱਡਣਾ ਸੌਖਾ ਨਹੀਂ। ਜੇ ਮਨੁੱਖ ਬਾਹਰੀ ਨਸ਼ਿਆਂ ਦੇ ਪ੍ਰਭਾਵ ਵਿੱਚ ਸਮਾਜ ਵਿਰੋਧੀ ਕੁਕਰਮ ਕਰਦਾ ਹੈ ਤਾਂ ਅੰਦਰਲੇ ਨਸ਼ਿਆਂ ਨਾਲ ਉਸ ਤੋਂ ਵੀ ਵੱਧ ਕੁਕਰਮ ਕਰਦਾ ਹੈ। ਬਾਹਰਲੇ ਨਸ਼ੇ ਛੱਡਣੇ ਇਤਨੇ ਔਖੇ ਨਹੀਂ, ਜਿਤਨੇ ਅੰਦਰਲੇ ਨਸ਼ੇ ਹਨ। ਬਾਹਰੀ ਨਸ਼ੇ ਛੱਡ ਕੇ ਮਨੁੱਖ ਝੱਟ ਧਰਮੀ ਬਣ ਜਾਂਦਾ ਹੈ, ਪਰ ਅੰਦਰਲੇ ਨਸ਼ਿਆਂ ਦੇ ਆਦੀ ਮਨੁੱਖ ਨੂੰ ਪਤਾ ਹੀ ਨਹੀਂ ਲਗਦਾ ਕਿ ਉਹ ਨਸ਼ਾ ਕਰਦਾ ਹੈ, ਇਹ ਵੀ ਦੇਖਿਆ ਜਾਂਦਾ ਹੈ ਕਿ ਜਿਤਨਾ ਕੋਈ ਜਿਆਦਾ ਅੰਦਰਲੇ ਨਸ਼ਿਆਂ ਦਾ ਆਦੀ ਹੈ, ਉਤਨਾ ਹੀ ਉਹ ਬਾਹਰੋਂ ਧਰਮੀ ਦਿਸੇਗਾ ਜਾਂ ਧਰਮੀ ਹੋਣ ਦਾ ਦਿਖਾਵਾ ਕਰੇਗਾ।

ਪਰ ਅੰਦਰਲੇ ਨਸ਼ਿਆਂ ਦਾ ਇੱਕ ਪੱਖ ਹੋਰ ਵੀ ਹੈ, ਉਹ ਹੈ ਅਸਲੀ ਨਸ਼ੇ। ਜਿਨ੍ਹਾਂ ਨੂੰ ਉਹ ਸੱਚੇ ਨਸ਼ੇ ਲੱਗ ਜਾਣ ਛੱਡਦਾ ਉਹ ਵੀ ਨਹੀਂ। ਫਿਰ ਜਾਨ ਭਾਵੇਂ ਚਲੀ ਜਾਏ, ਨਸ਼ਾ ਨਹੀਂ ਛੱਡੇਗਾ।ਉਹ ਨਸ਼ੇ ਹਨ, ਹੱਕ, ਸੱਚ, ਇਨਸਾਫ, ਮਨੁੱਖੀ ਬਰਾਬਰਤਾ, ਸਾਂਝੀਵਾਲਤਾ, ਸਰਬੱਤ ਦਾ ਭਲਾ ਆਦਿ ਲਈ ਖੜਨਾ ਅਤੇ ਸੰਘਰਸ਼ ਕਰਨਾ। ਕਾਮ (ਭਾਵ ਇਛਾਵਾਂ, ਕਾਮਨਾਵਾਂ) ਦਾ ਤਿਆਗ, ਨਿਮਰਤਾ ਵਿੱਚ ਰਹਿਣਾ, ਵੰਡ ਛਕਣਾ, ਸਭ ਲਈ ਪਿਆਰ, ਸਤਿਕਾਰ ਆਦਿ ਗੁਣ। ਇਤਿਹਾਸ ਗਵਾਹ ਹੈ ਕਿ ਸਦਪੁਰਸ਼ ਜੋ ਅਜਿਹੇ ਨਸ਼ਿਆਂ ਦੇ ਆਦੀ ਸਨ, ਉਹ ਫਿਰ ਹੱਸ-ਹੱਸ ਕੇ ਜਾਨਾਂ ਤੇ ਵਾਰ ਗਏ, ਪਰ ਪਿੱਛੇ ਨਹੀਂ ਹਟੇ। ਅਸਲੀ ਧਰਮ ਮਨੁੱਖ ਨੂੰ ਅਜਿਹੇ ਨਸ਼ਈ ਬਣਾਉਂਦਾ ਹੈ ਕਿ ਤੁਸੀਂ ਹਮੇਸ਼ਾਂ ਲਈ ਜਾਗ ਜਾਓ! ਜਿੱਥੇ ਬਾਹਰੀ ਤੇ ਅੰਦਰਲੇ ਭੈੜੇ ਨਸ਼ੇ ਮਨੁੱਖ ਨੂੰ ਸਵਾਉਂਦੇ ਹਨ, ਨੀਂਦ ਵਿਚ ਲਿਜਾਂਦੇ ਹਨ, ਬੇਹੋਸ਼ ਕਰਦੇ ਹਨ, ਉੱਥੇ ਅਸਲੀ ਨਸ਼ੇ ਮਨੁੱਖ ਨੂੰ ਸੁਰਤ ਜਾਂ ਹੋਸ਼ ਵਿਚ ਲਿਆਉਂਦੇ ਹਨ। ਇਸੇ ਕਰਕੇ ਮੈਂ ਅਕਸਰ ਕਹਿੰਦਾ ਹਾਂ ਕਿ ਧਰਮ ਅੰਦਰੋਂ ਜਾਗਣ ਦਾ ਨਾਮ ਹੈ, ਅਗਿਆਨਤਾ ਦੇ ਹਨ੍ਹੇਰੇ ਵਿਚੋਂ ਨਿਕਲ ਕੇ ਸੱਚ ਦੇ ਚਾਨਣ ਵਿੱਚ ਤੁਰਨ ਦਾ ਨਾਮ ਹੈ, ਵਹਿਮਾਂ-ਭਰਮਾਂ-ਕਰਮਕਾਡਾਂ ਦੇ ਮਕੜਜਾਲ ਵਿਚੋਂ ਨਿਕਲ ਕੁਦਰਤ ਨਾਲ ਇੱਕਮਿਕ ਹੋ ਕੇ ਵਿਚਰਨ ਦਾ ਨਾਮ ਹੈ। ਇਸ ਲਈ ਜਦੋਂ ਮਨੁੱਖ ਅੰਦਰੋਂ ਜਾਗ ਪੈਂਦਾ ਹੈ, ਫਿਰ ਉਹ ਬਾਹਰੀ ਨਸ਼ਿਆਂ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਆਦਿ) ਦੇ ਪ੍ਰਭਾਵ ਤੋਂ ਉੱਪਰ ਉਠ ਜਾਂਦਾ ਹੈ।

ਨਕਲੀ ਧਰਮ ਸਾਨੂੰ ਬਾਹਰੀ ਤੇ ਅੰਦਰਲੇ ਭੈੜੇ ਨਸ਼ਿਆਂ ਦੀ ਦਲ-ਦਲ ਵਿੱਚ ਫਸਾਉਂਦੇ ਹਨ, ਉਹ ਨਹੀਂ ਚਾਹੁੰਦੇ ਕਿ ਮਨੁੱਖ ਅਸਲੀ ਧਰਮ ਨਾਲ ਜੁੜ ਕੇ ਅੰਦਰੋਂ ਜਾਗ ਜਾਏ ਕਿਉਂਕਿ ਪੁਜਾਰੀਆਂ ਲਈ ਧਰਮ ਇੱਕ ਧੰਦਾ ਹੈ, ਉਨ੍ਹਾਂ ਦਾ ਧੰਦਾ ਤਦ ਤੱਕ ਹੀ ਚਲ ਸਕਦਾ ਹੈ, ਜਦ ਤੱਕ ਮਨੁੱਖ ਨੀਂਦ ਵਿੱਚ ਰਹੇ। ਅਗਿਆਨਤਾ ਤੇ ਅੰਧ ਵਿਸ਼ਵਾਸ਼, ਵਿੱਚ ਫਸਿਆ ਰਹੇ। ਜਾਗੇ ਹੋਏ ਮਨੁੱਖ ਉਨ੍ਹਾਂ ਨੂੰ ਚੰਗੇ ਨਹੀਂ ਲਗਦੇ। ਅੱਜ ਦੇ ਪ੍ਰਚਲਤ ਜਥੇਬੰਦਕ ਸਾਰੇ ਧਰਮ ਨਕਲੀ ਹਨ ਤੇ ਇਨ੍ਹਾਂ ’ਤੇ ਕਾਬਜ਼ ਧਰਮ ਨੂੰ ਧੰਦਾ ਬਣਾਈ ਬੈਠੇ ਪੁਜਾਰੀਆਂ ਅਤੇ ਸਰਬ ਸਾਂਝੇ ਮਨੁੱਖੀ ਸਾਧਨਾਂ ’ਤੇ ਕਬਜਾ ਕਰਕੇ ਆਪਣੇ ਮੁਨਾਫੇ ਲਈ ਲੁੱਟਣ ਵਾਲੇ ਰਾਜਨੀਤਕ ਅਤੇ ਸਰਮਾਏਦਾਰ ਲਾਣੇ ਦਾ ਪੂਰਾ ਕੰਟਰੋਲ ਹੈ। ਇਹ ਤਿੰਨੇ ਰਲ ਕੇ ਸਦੀਆਂ ਤੋਂ ਸਮਾਜ ਦੀ ਹਰ ਪੱਧਰ ਤੇ ਲੁੱਟ ਦਾ ਧਰਮ ਦੇ ਨਾਮ ‘ਤੇ ਧੰਦਾ ਕਰਦੇ ਆ ਰਹੇ ਹਨ। ਸਦੀਆਂ ਤੋਂ ਜਾਗੇ ਧਰਮੀ ਪੁਰਸ਼ਾਂ ਨੂੰ ਖਤਮ ਕਰਨ ਦੀ ਘਟੀਆ ਖੇਡ ਖੇਡਦੇ ਰਹੇ ਹਨ ਤੇ ਇਹ ਖੇਡ ਅੱਜ ਵੀ ਉਸੇ ਤਰ੍ਹਾਂ ਜਾਰੀ ਹੈ। ਆਮ ਸ਼ਰਧਾਲੂ ਮਨੁੱਖ ਦੀ ਹਮੇਸ਼ਾਂ ਇਹ ਤ੍ਰਾਸਦੀ ਇਹ ਰਹੀ ਹੈ ਕਿ ਉਹ ਪੁਜਾਰੀਆਂ ਦੇ ਢਹੇ ਚੜ੍ਹ ਕੇ ਸ਼ਰਧਾ ਤੇ ਅੰਧ ਵਿਸ਼ਵਾਸ਼ ਦੇ ਨਸ਼ੇ ਵਿੱਚ ਬੇਹੋਸ਼ ਰਹਿੰਦਾ ਹੈ ਤੇ ਜਾਗੇ ਹੋਏ ਤੇ ਮਨੁੱਖਤਾ ਨੂੰ ਜਗਾਉਣਾ ਦਾ ਹੋਕਾ ਦੇਣ ਵਾਲੇ ਮਹਾਂਪੁਰਸ਼ਾਂ ਖਿਲਾਫ ਲੜਦਾ ਰਿਹਾ ਤੇ ਸਮਾਂ ਪਾ ਕੇ ਜਦੋਂ ਉਹ ਧਰਮੀ ਪੁਰਸ਼ ਇਸ ਸੰਸਾਰ ਤੋਂ ਚਲੇ ਜਾਂਦੇ ਹਨ ਤੇ ਪੁਜਾਰੀ ਉਨ੍ਹਾਂ ਦੀ ਸਰਬ ਸਾਂਝੀ ਵਿਚਾਰਧਾਰਾ ਤੇ ਨਵਾਂ ਧਾਰਮਿਕ ਫਿਰਕਾ ਖੜ੍ਹਾ ਕਰ ਲੈਂਦਾ ਹੈ ਤਾਂ ਉਹੀ ਸ਼ਰਧਾਲੂ ਫਿਰ ਉਨ੍ਹਾਂ ਹੀ ਮਹਾਂਪੁਰਸ਼ਾਂ ਦੀ ਪੂਜਾ ਕਰਨ ਲਗਦੇ ਹਨ।

ਜਿਸ ਤਰ੍ਹਾਂ ਪਹਿਲਾਂ ਜ਼ਿਕਰ ਕੀਤਾ ਹੈ ਕਿ ਇਨ੍ਹਾਂ ਜਥੇਬੰਦਕ ਨਕਲੀ ਧਰਮਾਂ ਨੇ ਸਮਾਜ ਵਿੱਚ ਹਮੇਸ਼ਾਂ ਮੂਰਛਾ ਜਾਂ ਬੇਹੋਸ਼ੀ ਪੈਦਾ ਕੀਤੀ ਹੈ। ਇਨ੍ਹਾਂ ਦੇ ਪੁਜਾਰੀਆਂ ਨੇ ਆਪਣੀ ਲੁੱਟ ਦਾ ਧੰਦਾ ਜਾਰੀ ਰੱਖਣ ਤੇ ਸਿਆਸੀ ਲੋਕਾਂ ਨੂੰ ਖੁਸ਼ ਕਰਨ ਲਈ ਹਮੇਸ਼ਾਂ ਆਪਣੇ ਸ਼ਰਧਾਲੂਆਂ ਨੂੰ ਸ਼ਰਧਾ ਰੂਪੀ ਅਫੀਮ ਦੇ ਗੱਫੇ ਬਖਸ਼ੇ ਹਨ ਤਾਂ ਕਿ ਸਿਆਸੀ ਲੋਕ ਆਮ ਜਨਤਾ ਤੇ ਅਸਾਨੀ ਨਾਲ ਹਕੂਮਤ ਕਰ ਸਕਣ। ਨਸ਼ਿਆਂ ਵਿਰੁੱਧ ਪ੍ਰਚਾਰ ਕਰਨ ਦਾ ਦਾਅਵਾ ਕਰਨ ਵਾਲੇ ਇਨ੍ਹਾਂ ਨਕਲੀ ਧਰਮਾਂ ਦੇ ਪੁਜਾਰੀ ਖੁਦ ਭੰਗ, ਅਫੀਮ, ਸ਼ਰਾਬ, ਚਰਸ, ਗਾਂਜਾ ਆਦਿ ਨਸ਼ੇ ਕਰਦੇ ਆਮ ਹੀ ਦੇਖੇ ਜਾ ਸਕਦੇ ਹਨ। ਕਈ ਤਾਂ ਅਜਿਹਾ ਪ੍ਰਚਾਰ ਵੀ ਕਰਦੇ ਹਨ ਕਿ ਉਹ ਨਸ਼ੇ ਆਪਣੀ ਸੁਰਤ ਨੂੰ ਦਸਵੇਂ ਦੁਆਰ ਲਿਜਾਣ ਲਈ ਕਰਦੇ ਹਨ। ਉਨ੍ਹਾਂ ਅਨੁਸਾਰ ਜਦ ਤੱਕ ਮਨੁੱਖ ਦਾ ਦਸਵਾਂ ਦੁਆਰ ਨਹੀਂ ਖੁੱਲ੍ਹਦਾ, ਉਦੋਂ ਤੱਕ ਰੱਬ ਦੇ ਦਰਸ਼ਣ ਨਹੀਂ ਹੁੰਦੇ। ਇਨ੍ਹਾਂ ਦੇ ਸਿਮਰਨ, ਭਜਨ ਬੰਦਗੀ, ਮੰਤਰ ਜਾਪ, ਗ੍ਰੰਥਾਂ ਦੇ ਪਾਠ ਆਦਿ ਤੁਹਾਨੂੰ ਸੁਆਉਣ ਦੇ ਵੱਖ-ਵੱਖ ਤਰੀਕੇ ਹਨ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਨਸ਼ਿਆਂ ਅਧਾਰਿਤ ਨਕਲੀ ਧਰਮ ਹਮੇਸ਼ਾਂ ਤੁਹਾਨੂੰ ਸੁਲਾਉਣ ਦੀ ਕੋਸ਼ਿਸ਼ ਕਰਦਾ ਹੈ, ਤੁਹਾਨੂੰ ਬੇਹੋਸ਼ ਕਰਨ ਦੀ ਕੋਸ਼ਿਸ਼ ਕਰਦਾ ਹੈ। ਨਸ਼ਿਆਂ ਵਾਲੇ ਨਕਲੀ ਧਰਮ ਦੇ ਪੁਜਾਰੀ ਕੋਲ ਤੁਹਾਨੂੰ ਬੇਹੋਸ਼ ਕਰਨ, ਸੁਲਾਉਣ ਦੇ ਬਹੁਤ ਵੱਖਰੇ-ਵੱਖਰੇ ਟੀਕੇ ਹਨ, ਗੋਲੀਆਂ ਹਨ, ਤੁਸੀਂ ਆਪਣੀ ਤਕਲੀਫ ਦੱਸੀ ਨਹੀਂ ‘ਤੇ ਉਸਨੇ ਝੱਟ ਟੀਕਾ ਠੋਕ ਦਿੱਤਾ। ਸਮਾਜ ਵਿੱਚ ਕਾਣੀ ਵੰਡ ਕਾਰਨ ਕੋਈ ਵਿਅਕਤੀ ਜਾਂ ਪਰਿਵਾਰ ਅੱਗੇ ਨਿਕਲ ਗਿਆ ਤੇ ਖੁਸ਼ਹਾਲ ਜਿੰਦਗੀ ਜਿਉਂਦਾ ਹੈ ਅਤੇ ਦੂਸਰਾ ਵਿਚਾਰਾ ਸਾਰੀ ਉਮਰ ਮਿਹਨਤ ਮੁਸ਼ੱਕਤ ਕਰਦਾ ਹੈ, ਪਰ ਫਿਰ ਵੀ ਪੂਰੀ ਨਹੀਂ ਪੈਂਦੀ। ਜਦੋਂ ਸ਼ਰਧਾਲੂ ਸਵਾਲ ਕਰਦਾ ਹੈ ਤਾਂ ਪੁਜਾਰੀ ਝੱਟ ਟੀਕਾ ਲਗਾਉਂਦਾ ਹੈ ਕਿ ਇਹ ਸਭ ਕਰਮਾਂ ਦੀ ਖੇਡ ਹੈ। ਇਹ ਖੁਸ਼ਹਾਲ ਵਿਅਕਤੀ ਆਪਣੇ ਪਿਛਲੇ ਜਨਮਾਂ ਦੇ ਚੰਗੇ ਕਰਮਾਂ ਦੇ ਫਲ ਭੁਗਤ ਰਿਹਾ ਹੈ, ਦਰਿੱਦਰ ਭੋਗ ਰਿਹਾ ਮਨੁੱਖ ਆਪਣੇ ਪਿਛਲੇ ਮਾੜੇ ਕਰਮਾਂ ਦਾ ਫਲ ਭੁਗਤ ਰਿਹਾ ਹੈ, ਇਸ ਵਿਚ ਸਮਾਜਿਕ ਜਾਂ ਰਾਜਨੀਤਕ ਵਿਵਸਥਾ ਦਾ ਕੋਈ ਰੋਲ ਨਹੀਂ। ਉਹ ਮਨੁੱਖ ਨੂੰ ਕਦੇ ਵੀ ਇਹ ਨਹੀਂ ਸਮਝਾਉਂਦਾ ਕਿ ਤਾਕਤਵਰ ਤੇ ਸ਼ੈਤਾਨ ਲੋਕਾਂ ਨੇ ਗੱਠਜੋੜ ਕਰਕੇ ਸਾਂਝੇ ਮਨੁੱਖੀ ਸਾਧਨਾਂ ’ਤੇ ਕਬਜਾ ਕਰਕੇ ਆਪਣੀ ਮਰਜੀ ਨਾਲ ਕੀਤੀ ਕਾਣੀ ਵੰਡ ਤੇ ਵਿਤਕਰਿਆਂ ਕਾਰਨ ਕੁਝ ਲੋਕ ਖੁਸ਼ਹਾਲ ਤੇ ਬਹੁਤੇ ਕੰਗਾਲ ਹਨ। ਇਹ ਵਿਵਸਥਾ ਸੰਘਰਸ਼ ਕਰਨ ਨਾਲ ਹੀ ਖਤਮ ਹੋਵੇਗੀ। ਕਿਸੇ ਹੋਰ ਨੇ ਅਸਮਾਨੋ ਉਤਰ ਕੇ ਇਹ ਵਿਵਸਥਾ ਨਹੀਂ ਬਦਲਣੀ। ਪੁਜਾਰੀ ਕਦੇ ਅਜਿਹਾ ਨਹੀਂ ਕਰਦਾ ਕਿਉਂਕਿ ਉਸਦਾ ਧੰਦਾ ਤਦ ਹੀ ਚੱਲਦਾ ਜੇ ਮਨੁੱਖ ਬੇਹੋਸ਼ ਰਹਿੰਦਾ ਹੈ।

ਪੁਜਾਰੀਆਂ ਕੋਲ ਮਨੁੱਖ ਨੂੰ ਬੇਹੋਸ਼ ਤੇ ਨਸ਼ਈ ਰੱਖਣ ਦੇ ਬੜੇ ਨੁਸਖੇ ਹਨ। ਕੋਈ ਬੰਦਾ ਆਪਣੇ ਦੁੱਖ ਤਕਲੀਫਾਂ ਤੋਂ ਦੁਖੀ ਹੈ, ਉਸਨੂੰ ਪਤਾ ਨਹੀਂ ਚਲਦਾ ਕਿ ਕੀ ਕਰੇ, ਕਿਸ ਤੋਂ ਸੇਧ ਲਵੇ। ਮਨੁੱਖ ਜਾਂਦਾ ਹੈ ਧਰਮ ਦੇ ਪੁਜਾਰੀ ਕੋਲ ਆਪਣੀ ਫਰਿਆਦ ਲੈ ਕੇ। ਅੱਗੇ ਪੁਜਾਰੀ ਸਰਿੰਜ ਭਰ ਕੇ ਖੜ੍ਹਾ ਹੁੰਦਾ ਹੈ, ਟੀਕਾ ਲਾਉਂਦਾ ਹੈ ਅਰਦਾਸ ਦਾ। ਉਸਨੂੰ ਸਮੱਸਿਆਵਾਂ ਦਾ ਸਹੀ ਹੱਲ ਦੱਸਣ ਦੀ ਥਾਂ ਕਹਿੰਦਾ ਹੈ ਬੱਸ ਰੱਬ ਅੱਗੇ ਅਰਦਾਸ ਕਰ, ਆਪੇ ਭਲੀ ਕਰੇਗਾ। ਕਰ ਮੰਤਰ ਪਾਠ ਜਾਂ ਕਰ ਪੂਜਾ ਪਾਠ ਜਾਂ ਸੁੱਖ ਕੋਈ ਸੁੱਖਣਾ,

ਸਭ ਦੁੱਖ ਦੂਰ ਹੋ ਜਾਣਗੇ। ਬੰਦੇ ਨੂੰ ਰੱਬ ਦਾ ਧਰਵਾਸ ਮਿਲ ਗਿਆ। ਤੁਰਿਆ ਫਿਰੇਗਾ, ਫਿਰ ਇਸ ਨਸ਼ੇ ਦੇ ਲੋਰ ਵਿਚ ਕਿ ਰੱਬ ਆਪੇ ਸਭ ਠੀਕ ਕਰੇਗਾ। ਕੋਈ ਵਿਅਕਤੀ ਜ਼ੁਲਮ ਜਬਰ ਧੱਕੇ ਦਾ ਸ਼ਿਕਾਰ ਹੋ ਕੇ ਪੁਜਾਰੀ ਕੋਲ ਜਾਂਦਾ ਤਾਂ ਅੱਗੇ ਪੁਜਾਰੀ ਇੱਕ ਹੋਰ ਟੀਕਾ ਲਾਉਂਦਾ ਹੈ ਕਿ ਰੱਬ ਦੇ ਘਰ ਦੇਰ ਹੈ ਅੰਧੇਰ ਨਹੀਂ। ਉਹ ਸਾਰੀ ਉਮਰ ਇਨਸਾਫ ਉਡੀਕਦਾ ਮਰ ਜਾਂਦਾ ਹੈ, ਉਸਨੂੰ ਅਫੀਮ ਛਕਾ ਦਿੱਤੀ ਕਿ ਰੱਬ ਆਪੇ ਇਨਸਾਫ ਕਰੂ, ਆਪੇ ਸਜ਼ਾਵਾਂ ਦੇਊ।

ਪੁਜਾਰੀ ਕਦੇ ਮਨੁੱਖ ਨੂੰ ਦੁੱਖਾਂ, ਦਰਦਾਂ, ਮੁਸੀਬਤਾਂ, ਬੇਇਨਸਾਫੀਆਂ, ਜ਼ੁਲਮਾਂ ਵਿਰੁੱਧ ਸੰਘਰਸ਼ ਕਰਨ ਲਈ ਨਹੀਂ ਪ੍ਰੇਰਦਾ। ਉਸਨੂੰ ਪਤਾ ਹੈ ਕਿ ਜੇ ਅੱਜ ਇਹ ਦੂਜਿਆਂ ਖਿਲਾਫ ਸੰਘਰਸ਼ ਕਰੇਗਾ ਤਾਂ ਕੱਲ੍ਹ ਨੂੰ ਮੇਰੇ ਖਿਲਾਫ ਵੀ ਸੰਘਰਸ਼ ਕਰੇਗਾ। ਇਸ ਲਈ ਉਹ ਚਾਹੁੰਦਾ ਹੈ ਕਿ ਮਨੁੱਖ ਆਤਮਿਕ ਤੌਰ ਤੇ ਸੁੱਤਾ ਰਹੇ। ਬੇਹੋਸ਼ ਰਹੇ, ਮਦਹੋਸ਼ ਰਹੇ। ਉਹ ਸ਼ਰਧਾ ਜਾਂ ਅਗਲੇ ਜਨਮਾਂ ਦੇ ਝੂਠੇ ਲਾਰਿਆਂ ਵਿੱਚ ਫਸਿਆ ਰਹੇ। ਹੋਰ ਦੇਖੋ ਕਿਸੇ ਦੇ ਘਰ ਮੌਤ ਹੋ ਜਾਂਦੀ ਹੈ, ਪਰਿਵਾਰ ਦੁਖੀ ਹੈ, ਪੁਜਾਰੀ ਨੇ ਮਨੁੱਖ ਕੁਦਰਤ ਦਾ ਅਟੱਲ ਨਿਯਮ ਸਮਝਾਉਣ ਦੀ ਥਾਂ, ਇੱਕ ਹੋਰ ਮੌਰਫਿਨ ਦੀ ਡੋਜ਼ ਦੇ ਦਿੱਤੀ, ਅਖੇ ਆਤਮਾ ਅਮਰ ਹੈ, ਉਹ ਮਰਦੀ ਨਹੀਂ, ਬਸ ਚੋਲ਼ਾ ਬਦਲਦੀ ਹੈ, ਪੂਜਾ ਪਾਠ ਕਰਾਉ, ਮੈਂ ਅਰਦਾਸ ਕਰਾਂਗਾ, ਉਸਦੇ ਸਚਖੰਡ ਵਾਸੇ ਲਈ, ਗੁਰੂ ਦੇ ਚਰਨਾਂ ਵਿੱਚ ਨਿਵਾਸ ਲਈ, ਸਵਰਗਾਂ ਵਿੱਚ ਟਿਕਟ ਪੱਕੀ ਕਰਨ ਲਈ। ਜਿਸ ਤਰ੍ਹਾਂ ਪਹਿਲਾਂ ਵੀ ਕਈ ਵਾਰ ਗੱਲ ਕੀਤੀ ਹੈ ਕਿ ਮਨੁੱਖ ਕੁਦਰਤੀ ਤੌਰ ਤੇ ਸੁਭਾਅ ਪੱਖੋਂ ਆਲਸੀ ਜੀਵ ਹੈ, ਉਹ ਚਾਹੁੰਦਾ ਹੈ ਕਿ ਚੁਟਕੀ ਮਾਰਨ ਨਾਲ, ਕਿਸੇ ਮੰਤਰ-ਜੰਤਰ ਨਾਲ, ਕਿਸੇ ਗ਼ੈਬੀ ਸ਼ਕਤੀ ਨਾਲ ਉਸਦੀਆਂ ਸਭ ਦੁੱਖ ਮੁਸੀਬਤਾਂ ਹੱਲ ਹੋ ਜਾਣ, ਉਸਨੂੰ ਜੀਵਨ ਦੀਆਂ ਸਭ ਸੁੱਖ ਸਹੂਲਤਾਂ ਮਿਲ ਜਾਣ। ਪੁਜਾਰੀ ਮਨੁੱਖ ਦੀ ਇਹ ਬੁਨਿਆਦੀ ਕਮਜ਼ੋਰੀ ਨੂੰ ਸਮਝਦਾ ਹੈ। ਇਸ ਲਈ ਉਹ ਉਸ ਨੂੰ ਨੀਮ ਬੇਹੋਸ਼ ਰੱਖਣਾ ਚਾਹੁੰਦਾ ਹੈ, ਉਹ ਚਾਹੁੰਦਾ ਹੈ ਕਿ ਸ਼ਰਧਾਲੂ ਮਾਨਸਿਕ ਪੱਧਰ ਤੇ ਹੀਣਾ ਬਣਿਆ ਰਹੇ। ਉਸ ਅੱਗੇ ਜਾਂ ਉਸ ਦੁਆਰਾ ਬਣਾਏ ਕਲਪਿਤ ਰੱਬ ਜਾਂ ਦੇਵੀ ਦੇਵਤੇ ਅੱਗੇ ਹੱਥ ਜੋੜੀ, ਸਿਰ ਝੁਕਾਈ ਖੜ੍ਹਾ ਰਹੇ। ਮਨੁੱਖ ਆਲਸੀ ਹੋਣ ਕਾਰਨ ਸੰਘਰਸ਼ ਕਰਨ ਤੋਂ ਕੰਨੀ ਕਤਰਾਉਂਦਾ ਹੈ, ਭਾਵੇਂ ਉਸਨੂੰ ਵੀ ਪਤਾ ਹੁੰਦਾ ਹੈ ਕਿ ਪੁਜਾਰੀ ਪੱਲੇ ਕੁਝ ਨਹੀਂ, ਪਰ ਫਿਰ ਵੀ ਉਹ ਭਰਮ ਦੇ ਨਸ਼ੇ ਵਿੱਚ ਜੀਣਾ ਪਸੰਦ ਕਰਦਾ ਹੈ। ਪੁਜਾਰੀ ਤੇ ਰਾਜਨੀਤਕ ਮਨੁੱਖ ਦੀਆਂ ਇਨ੍ਹਾਂ ਬੁਨਿਆਦੀ ਕਮਜ਼ੋਰੀਆਂ ਤੋਂ ਲਾਭ ਉਠਾ ਕੇ ਸਦੀਆਂ ਤੋਂ ਨਕਲੀ ਧਰਮ ਦਾ ਧੰਦਾ ਕਰਦੇ ਆ ਰਹੇ ਹਨ।

ਹੁਣ ਸਵਾਲ ਇਹ ਹੈ ਕਿ ਮਨੁੱਖ ਫਿਰ ਅਜਿਹਾ ਕੀ ਕਰੇ ਨਕਲੀ ਧਰਮਾਂ ਵਿੱਚ ਫਸੇ ਹੀ ਨਾ? ਸਾਨੂੰ ਨਸ਼ਿਆਂ ਅਧਾਰਿਤ ਨਕਲੀ ਧਰਮ ਦੇ ਪੱਖ ਤੋਂ ਇਹ ਗੱਲ ਸਮਝਣ ਦੀ ਲੋੜ ਹੈ ਕਿ ਸਾਰੇ ਨਕਲੀ ਧਰਮ ਬਾਹਰੀ ਤੇ ਅੰਦਰਲੇ ਨਸ਼ੇ ਵੰਡ ਰਹੇ ਹਨ। ਅਸੀਂ ਇਹ ਸਮਝ ਲਈਏ ਕਿ ਸਾਡੀਆਂ ਸਮੱਸਿਆਵਾਂ ਜਾਂ ਤੇ ਸਾਡੀਆਂ ਆਪਣੀਆਂ ਗਲਤੀਆਂ ਕਾਰਨ ਹਨ ਤੇ ਜਾਂ ਫਿਰ ਪੁਜਾਰੀਆਂ, ਰਾਜਨੀਤਕਾਂ ਤੇ ਸਰਮਾਏਦਾਰਾਂ ਦੀ ਤਿੱਕੜੀ ਵਲੋਂ ਪੈਦਾ ਕੀਤੀਆਂ ਹੋਈਆਂ ਹਨ। ਇਹ ਸਮੱਸਿਆਵਾਂ ਇਸ ਧਰਤੀ ਦੀਆਂ ਹਨ ਤੇ ਇਨ੍ਹਾਂ ਦਾ ਹੱਲ ਵੀ ਇਸ ਧਰਤੀ ਤੇ ਹੀ ਹੋਵੇਗਾ ਅਤੇ ਹੱਲ ਕਰਨਾ ਵੀ ਸਾਨੂੰ ਆਪ ਹੀ ਪਵੇਗਾ। ਬਾਹਰੋਂ ਕਿਸੇ ਸ਼ਕਤੀ ਨੇ ਆ ਕੇ ਇਨ੍ਹਾਂ ਦਾ ਹੱਲ ਨਹੀਂ ਕਰਨਾ। ਇਸ ਵਾਸਤੇ ਸਾਨੂੰ ਆਪ ਹੀ ਉੱਦਮ ਕਰਨਾ ਪਵੇਗਾ। ਸਾਨੂੰ ਆਪ ਹੀ ਸੰਘਰਸ਼ ਕਰਨਾ ਪਏਗਾ। ਇਹ ਸੰਘਰਸ਼ ਉਦੋਂ ਤੱਕ ਜਾਰੀ ਰੱਖਣਾ ਪਏਗਾ, ਜਦੋਂ ਤੱਕ ਇਨ੍ਹਾਂ ਨਕਲੀ ਧਰਮਾਂ ਦਾ ਖਾਤਮਾ ਨਹੀਂ ਹੋ ਜਾਂਦਾ ਤੇ ਸੱਚੇ ਧਰਮ ਦਾ ਬੋਲਬਾਲਾ ਨਹੀਂ ਹੁੰਦਾ। ਭਾਵ ਇਹ ਸੰਘਰਸ਼ ਹਮੇਸ਼ਾਂ ਜਾਰੀ ਰਹੇਗਾ। ਅਸੀਂ ਆਪਣੇ ਜੀਵਨ ਵਿੱਚ ਆਪਣਾ ਬਣਦਾ ਯੋਗਦਾਨ ਪਾ ਦੇਈਏ। ਇਹ ਸਭ ਤਾਂ ਹੀ ਹੋਵੇਗਾ ਜੇ ਅਸੀਂ ਜਾਗ ਪਈਏ।ਨਕਲੀ ਧਰਮ ਤੁਹਾਨੂੰ ਸੁਲਾਉਂਦੇ ਹਨ, ਬੇਹੋਸ਼ ਕਰਦੇ ਹਨ, ਤੇ ਅਸਲੀ ਧਰਮ ਜਾਗਣ ਦਾ ਨਾਮ ਹੈ। ਅੰਦਰੋਂ ਜਾਗੇ ਹੋਏ ਪੁਰਸ਼ ਹੀ ਅਸਲੀ ਧਰਮੀ ਹੁੰਦੇ ਹਨ।

# 78 ਸਾਲ ਆਜ਼ਾਦੀ ਦੇ - ਭੁੱਖ ਨੰਗ ਬਰਬਾਦੀ ਦੇ

## ਵਿਸ਼ਵੀਕਰਨ ਦੇ ਦੌਰ ਵਿੱਚ ਮਜ਼ਦੂਰਾਂ, ਗ਼ਰੀਬ ਔਰਤਾਂ ਅਤੇ ਬੇ ਵਿਸ਼ਵੀਕਰਨ ਦੇ ਦੌਰ ਵਿੱਚ ਮਜ਼ਦੂਰਾਂ, ਗ਼ਰੀਬ ਔਰਤਾਂ ਅਤੇ ਬੇ ਰਤਾਂ ਅਤੇ ਬੇ-ਜ਼ਮੀਨੇ ਲੋਕਾਂ ਦੀ ਦਾਸਤਾਨ ਜ਼ਮੀਨੇ ਲੋਕਾਂ ਦੀ ਦਾਸਤਾਨ



ਲਾਭ ਸਿੰਘ ਅਕਲੀਆ
94636-10661

ਆਜ਼ਾਦੀ ਦੇ 78 ਸਾਲ ਬੀਤ ਜਾਣ ਤੋਂ ਬਾਅਦ ਵੀ ਗ਼ਰੀਬ ਅਤੇ ਬੇ-ਜ਼ਮੀਨੇ ਲੋਕਾਂ ਖ਼ਾਸ ਕਰਕੇ ਸਮਾਜ ਦੇ ਸਭ ਤੋਂ ਪਛੜੇ ਦਲਿਤ ਵਰਗਾਂ ਦੀ ਆਰਥਿਕ ਹਾਲਤ ਤਰਸਯੋਗ ਬਣ ਗਈ ਹੈ। ਪੂੰਜੀਵਾਦੀ ਵਿਵਸਥਾ ਦੇ ਅਧੀਨ ਹਰ ਖੇਤਰ ਵਿਚ ਵੱਡੇ ਪੱਧਰ 'ਤੇ ਮਸ਼ੀਨਾਂ ਨੇ ਪੈਰ ਪਸਾਰ ਲਏ ਹਨ ਅਤੇ ਮਜ਼ਦੂਰਾਂ ਦੇ ਪੈਰ ਉੱਖੜ ਗਏ ਹਨ। ਗ਼ਰੀਬੀ, ਮਹਿੰਗਾਈ ਅਤੇ ਬੇਰੁਜ਼ਗਾਰੀ ਹਰ ਰੋਜ਼ ਛੜੱਪੇ ਮਾਰਕੇ ਵਧ ਰਹੀ ਹੈ, ਜਿਸਨੇ ਆਮ ਲੋਕਾਂ ਦੀ ਹਾਲਤ ਨਰਕਾਂ ਭਰੀ ਬਣਾ ਦਿੱਤੀ ਹੈ। ਕੇਂਦਰ ਅਤੇ ਰਾਜ ਸਰਕਾਰਾਂ ਵੱਲੋਂ ਆਮ ਲੋਕਾਂ ਨੂੰ ਪੈਰਾਂ ਸਿਰ ਖੜ੍ਹਾ ਕਰਨ ਦੀ ਬਜਾਏ ਦੁੱਖਾਂ ਅਤੇ ਮੁਸੀਬਤਾਂ ਭਰੀ ਜ਼ਿੰਦਗੀ ਜਿਉਣ ਲਈ ਮਜ਼ਬੂਰ ਕਰ ਦਿੱਤਾ ਹੈ। ਪੀੜ੍ਹੀ-ਦਰ-ਪੀੜ੍ਹੀ ਖੇਤ ਮਜ਼ਦੂਰਾਂ ਵੱਲੋਂ ਮਿਹਨਤ-ਮੁਸੱਕਤ ਕਰਕੇ ਅਨਾਜ਼ ਪੈਦਾ ਕਰਨ, ਸੜਕਾਂ, ਕੋਠੀਆਂ, ਡੈਮ ਅਤੇ ਕਾਰਖਾਨੇ ਉਸਾਰਕੇ ਅਤੇ ਖ਼ਾਸ ਕਰਕੇ ਸਨਅਤੀ ਖੇਤਰ ਵਿਚ ਅਥਾਹ ਪੈਦਾਵਾਰ ਕਰਕੇ ਦੇਸ਼ ਦੇ ਵਿਕਾਸ ਵਿਚ ਅਹਿਮ ਯੋਗਦਾਨ ਪਾਇਆ ਹੈ। ਅੱਜ ਇਕ ਪਾਸੇ ਕਰੋੜਾਂ ਲੋਕ ਇਕ ਡੰਗ ਦੀ ਰੋਟੀ ਨੂੰ ਤਰਸ ਰਹੇ ਹਨ, ਦੂਜੇ ਪਾਸੇ ਲੱਖਾਂ ਟਨ ਅਨਾਜ਼ ਹਰ ਸਾਲ ਗਦਾਮਾਂ ਵਿਚ ਗਲ਼ ਸੜ ਰਿਹਾ ਹੈ। ਸੰਯੁਕਤ ਰਾਸ਼ਟਰ ਦੀ ਰੀਪੋਰਟ ਅਨੁਸਾਰ ਭਾਰਤ ਵਿਚ ਹਰ ਚਾਰ ਨਾਗਰਿਕਾਂ ਪਿੱਛੇ ਤਿੰਨ ਨਾਗਰਿਕਾਂ ਨੂੰ ਪੇਟ ਭਰਕੇ ਖਾਣਾ ਨਸੀਬ ਨਹੀਂ ਹੁੰਦਾ। ਅਮਰੀਕਾ-ਬ੍ਰਿਟੇਨ ਵਰਗੇ ਵਿਕਸਤ ਮੁਲਕਾਂ ਵਿਚ ਜਿਨ੍ਹਾਂ ਨੂੰ ਰੱਜਵੀਂ ਰੋਟੀ ਨਹੀਂ ਮਿਲਦੀ, ਉਹਨਾਂ ਦੀ ਗਿਣਤੀ 1.2 ਪ੍ਰਤੀਸ਼ਤ ਹੈ। ਜਦੋਂ ਕਿ ਭਾਰਤ ਵਿਚ ਇਹ ਗਿਣਤੀ 74 ਪ੍ਰਤੀਸ਼ਤ ਹੈ। ਵਿਸ਼ਵ ਭੁੱਖ ਸੂਚਿਕ ਅੰਕ (789) 2023 ਦੀ ਰਿਪੋਰਟ ਵਿਚ ਖੁਲਾਸਾ ਕੀਤਾ ਗਿਆ ਹੈ ਕਿ ਭੁੱਖ ਨਾਲ ਦੋ-ਚਾਰ ਹੋਣ ਵਾਲੇ ਦੁਨੀਆਂ ਦੇ 125 ਮੁਲਕਾਂ ਦੀ ਸੂਚੀ ਵਿਚ ਭਾਰਤ 111ਵੇਂ ਸਥਾਨ ਤੇ ਪਹੁੰਚ ਗਿਆ ਹੈ। ਭਾਰਤ ਵਰਗੇ ਦੇਸ਼ ਨੂੰ ਪ੍ਰਧਾਨ ਮੰਤਰੀ ਮੋਦੀ ਅਤੇ ਅਮਿੱਤ ਸ਼ਾਹ ਇਹ ਦਾਅਵਾ ਕਰ ਰਹੇ ਹਨ ਕਿ "2047 ਤੱਕ ਭਾਰਤ ਨੂੰ 'ਵਿਸ਼ਵ ਗੁਰੂ' ਦਾ ਦਰਜਾ ਮਿਲ ਜਾਵੇਗਾ ਅਤੇ ਦੁਨੀਆਂ ਦੇ ਦੇਸ਼ਾਂ ਨੂੰ ਰਸਤਾ ਦਿਖਾਉਣ ਵਾਲਾ ਬਣ ਜਾਵੇਗਾ।" ਮਨੁੱਖੀ ਵਿਕਾਸ ਅਤੇ ਗ਼ਰੀਬੀ ਖ਼ਤਮ ਦੇ ਮਾਮਲੇ 'ਚ ਉਹਨਾਂ ਦੇ ਇਹ ਦਾਅਵੇ ਕਿੰਨੇ ਖੋਖਲੇ ਹਨ, ਜੋ ਨਵੇਂ ਜੁਮਲੇ ਤੋਂ ਵੱਧ ਕੁਝ ਨਹੀਂ। ਅਸਲੀਅਤ ਇਹ ਹੈ ਕਿ ਭਾਰਤ ਦੀ

81.35 ਕਰੋੜ ਵਸੋਂ ਜਨਤਕ ਵੰਡ ਪ੍ਰਣਾਲੀ (PDS) ਦੇ ਤਹਿਤ 5 ਕਿੱਲੋ ਅਨਾਜ਼ ਦੇ ਸਹਾਰੇ ਜ਼ਿੰਦਗੀ ਜਿਉਣ ਲਈ ਮਜ਼ਬੂਰ ਹੈ, ਉਹਨਾਂ ਕੋਲ ਆਮਦਨ ਦੇ ਨਾ-ਮਾਤਰ ਸ੍ਰੋਤ ਹੋਣ ਕਰਕੇ ਆਪਣੇ ਜੀਵਨ ਨਿਰਵਾਹ ਲਈ ਖ਼ਰੀਦ ਸ਼ਕਤੀ ਹੀ ਨਹੀਂ ਹੈ। 19 ਵਰ੍ਹੇ ਪਹਿਲਾਂ 'ਮਨਰੇਗਾ ਐਕਟ' ਹੋਂਦ ਵਿਚ ਆਉਣ ਤੋਂ ਬਾਅਦ 'ਜੌਬ ਕਾਰਡ ਧਾਰਕਾਂ' ਨੂੰ (ਅੱਜ ਜਿਨ੍ਹਾਂ ਦੀ ਗਿਣਤੀ 25 ਕਰੋੜ ਹੈ) ਆਪਣਾ ਚੁੱਲ੍ਹਾ ਤਪਾਉਣ ਦੀ ਆਸ ਬੱਝੀ ਸੀ, ਉਹ ਵੀ ਹੁਣ ਭ੍ਰਿਸ਼ਟਾਚਾਰ ਅਤੇ ਦੀਵਾਲੀਆ ਰਾਜਨੀਤੀ ਦੀ ਭੇਟ ਚੜ੍ਹਕੇ ਮੂਧੇ-ਮੂੰਹ ਡਿੱਗ ਪਿਆ ਹੈ। ਪੰਜਾਬ ਦੇ ਇਕ ਵੀ ਪਿੰਡ ਵਿਚ ਆਮ ਲੋਕਾਂ ਨੂੰ ਪੂਰੇ ਸੌ ਦਿਨ ਦਾ ਕੰਮ ਨਸੀਬ ਨਹੀਂ ਹੋਇਆ, ਬੇਰੁਜ਼ਗਾਰੀ ਭੱਤਾ ਤਾਂ ਸੁਪਨਾ ਬਣ ਕੇ ਰਹਿ ਗਿਆ।

ਕੁਪੋਸ਼ਣ ਦੇ ਮਾਮਲੇ ਵਿਚ ਵੀ ਦੁਨੀਆਂ ਦੇ ਨਕਸ਼ੇ 'ਤੇ ਭਾਰਤ ਦੀ ਸਥਿਤੀ ਬੇਹੱਦ ਚਿੰਤਾਜਨਕ ਹੈ। 'ਵਿਸ਼ਵ ਬੈਂਕ' ਦੀ ਰਿਪੋਰਟ ਦੱਸਦੀ ਹੈ ਕਿ ਭਾਰਤ ਵਿਚ 22 ਫ਼ੀਸਦੀ ਲੋਕ ਅੱਜ ਵੀ ਗ਼ਰੀਬੀ ਦੀ ਰੇਖਾ (BPL) ਤੋਂ ਹੇਠਾਂ ਰਹਿ ਰਹੇ ਹਨ। ਗ਼ਰੀਬਾਂ ਅਤੇ ਅਮੀਰਾਂ ਵਿਚਕਾਰ ਪਾੜੇ ਦੀ ਲਕੀਰ ਖ਼ਤਰਨਾਕ ਹੱਦ ਤੱਕ ਵਧ ਗਈ ਹੈ। ਦੇਸ਼ ਵਿਚ 284 ਅਰਬਪਤੀ ਘਰਾਣੇ 98 ਲੱਖ ਕਰੋੜ ਧਨਦੌਲਤ ਦੇ ਮਾਲਕ ਹਨ, 1% ਮਹਾਂ ਅਮੀਰਾਂ ਦਾ 47 ਫ਼ੀਸਦੀ ਸੰਪਤੀ 'ਤੇ ਕਬਜ਼ਾ ਹੋ ਗਿਆ ਹੈ। ਉੱਪਰਲੇ 10% ਅਮੀਰਾਂ ਕੋਲ ਦੇਸ਼ ਦੀ 73.3 ਫ਼ੀਸਦੀ ਸੰਪਤੀ ਇਕੱਠੀ ਹੋ ਗਈ ਹੈ। ਸੈਂਕੜੇ ਵੱਡੇ ਪੂੰਜੀਪਤੀ ਅਜਿਹੇ ਹਨ, ਜਿਨ੍ਹਾਂ ਦੀ ਆਮਦਨ ਵਿਚ ਹਰ ਰੋਜ਼ 88 ਕਰੋੜ ਦਾ ਨਵਾਂ ਵਾਧਾ ਹੋ ਜਾਂਦਾ ਹੈ। ਦੂਜੇ ਪਾਸੇ ਸਭ ਤੋਂ ਹੇਠਲੇ 30% ਲੋਕਾਂ ਕੋਲ ਮਹਿਜ 1% ਸੰਪਤੀ ਤੋਂ ਵੀ ਘੱਟ ਹੈ। ਇਸਦੇ ਨਾਲ ਹੀ 'ਕੇਂਦਰੀ ਯੋਜਨਾ ਕਮਿਸ਼ਨ' ਵੱਲੋਂ ਇਹ ਖੁਲਾਸਾ ਕੀਤਾ ਗਿਆ ਸੀ, ਕਿ ਭਾਰਤ ਦੀ ਅੱਧੀ ਵਸੋਂ 20 ਰੁਪਏ ਤੋਂ ਵੀ ਘੱਟ ਵਿਚ ਗੁਜ਼ਾਰਾ ਕਰ ਰਹੀ ਹੈ। ਹਰ ਸਾਲ ਲੱਖਾਂ ਲੋਕ ਭੁਖਮਰੀ ਅਤੇ ਕੁਪੋਸ਼ਣ ਦਾ ਸ਼ਿਕਾਰ ਹੋਕੇ ਮੌਤ ਦੇ ਮੂੰਹ ਵਿਚ ਚਲੇ ਜਾਂਦੇ ਹਨ। ਦੇਸ਼ ਵਿਚ ਇਕ ਕਰੋੜ ਤੋਂ ਵੱਧ ਔਰਤਾਂ ਆਪਣੀ ਜ਼ਮੀਰ ਦੇ ਉਲਟ ਵੇਸ਼ਵਾਗਮਨੀ ਦੇ ਧੰਦੇ ਵਿਚ ਧੱਕ ਦਿੱਤੀਆਂ ਗਈਆਂ ਹਨ। 78 ਹਜ਼ਾਰ ਦੇ ਕਰੀਬ ਔਰਤਾਂ ਦੀ ਖ਼ੂਨ ਦੀ ਘਾਟ ਕਾਰਨ ਹਰ ਸਾਲ ਮੌਤ ਹੋ ਜਾਂਦੀ ਹੈ।

ਅੰਗਰੇਜ਼ਾਂ ਦੇ ਜਾਣ ਤੋਂ ਬਾਅਦ ਦੇਸ਼ ਦੀ ਰਾਜ ਸੱਤਾ ਸਰਮਾਏਦਾਰਾਂ, ਵੱਡੇ ਭੂ-ਸਵਾਮੀਆਂ ਅਤੇ ਕੁਲਕਾਂ (ਧਨੀ ਕਿਸਾਨਾਂ) ਦੇ ਹੱਥਾਂ ਵਿਚ ਆ ਗਈ ਹੈ। ਜਿੱਥੇ ਕਿਰਤੀ ਅਤੇ ਬੇ-ਜ਼ਮੀਨੇ ਲੋਕਾਂ ਦੀ ਜ਼ਿੰਦਗੀ ਵਿਚ ਕੋਈ ਫ਼ਰਕ ਨਹੀਂ ਪਿਆ। ਭਾਵੇਂ ਵਿਦੇਸ਼ੀ ਪੂੰਜੀ ਨਿਵੇਸ਼ ਦੇ ਜ਼ਰੀਏ ਦੇਸ਼ ਦੇ ਹਰ ਖੇਤਰ ਵਿਚ ਅਥਾਹ ਵਾਧਾ ਅਤੇ ਵਿਕਾਸ ਹੋਇਆ ਹੈ ਪਰ ਇਹ ਵਿਕਾਸ ਸਮਾਜਿਕ ਅਤੇ ਆਰਥਿਕ ਪੱਖੋਂ ਪਛੜੇ ਕਰੋੜਾਂ ਲੋਕਾਂ ਦੀ ਪਹੁੰਚ ਤੋਂ ਕੋਹਾਂ ਦੂਰ ਹੈ। ਜੇਕਰ ਪੰਜਾਬ ਦੀ ਗੱਲ ਕਰੀਏ ਤਾਂ 2011 ਦੀ ਮਰਦਮ ਸੁਮਾਰੀ ਦੇ ਅੰਕੜੇ ਦੱਸਦੇ ਹਨ ਕਿ 1.1 ਫ਼ੀਸਦੀ ਗ਼ਰੀਬ ਲੋਕਾਂ ਕੋਲ ਇਕ ਕਮਰੇ ਦਾ ਵੀ ਘਰ ਨਹੀਂ ਸੀ, 17.1 ਲੱਖ ਪਰਿਵਾਰਾਂ ਕੋਲ ਰਸੋਈ ਅਤੇ 15 ਲੱਖ ਪਰਿਵਾਰਾਂ ਕੋਲ ਬਾਥਰੂਮ ਅਤੇ 10.53 ਲੱਖ ਪਰਿਵਾਰਾਂ ਕੋਲ ਪਖਾਨੇ ਨਹੀਂ ਸਨ।

**ਕਰਜ਼ੇ ਦੇ ਮੱਕੜ ਜਾਲ ਵਿਚ ਫ਼ਸੀਆਂ ਔਰਤਾਂ :** ਸਰਕਾਰ ਦੀਆਂ ਲੋਕ ਮਾਰੂ ਅਤੇ ਦੋਗਲੀਆਂ ਨੀਤੀਆਂ ਕਾਰਨ ਗ਼ਰੀਬ ਲੋਕਾਂ ਨੂੰ ਸਰਕਾਰੀ ਬੈਂਕਾਂ ਨੇ ਕਿਸੇ ਤਰ੍ਹਾਂ ਦਾ ਕਰਜ਼ਾ ਦੇਣ ਤੋਂ ਆਪਣੇ ਦਰਵਾਜ਼ੇ ਬੰਦ ਕਰ ਦਿੱਤੇ ਹਨ। ਕਿਉਂਕਿ ਉਹਨਾਂ ਕੋਲ ਕਰਜ਼ੇ ਦੀ ਅਦਾਇਗੀ ਦੇ ਲਈ ਕੋਈ ਠੋਸ ਗਰੰਟੀ ਨਹੀਂ ਹੁੰਦੀ। ਸਰਕਾਰਾਂ ਗ਼ਰੀਬ ਅਤੇ ਬੇ-ਜ਼ਮੀਨੇ ਲੋਕਾਂ ਨਾਲ ਹਮੇਸ਼ਾਂ ਮਤਰੇਈ ਮਾਂ ਵਾਲਾ ਸਲੂਕ ਕਰਦੀਆਂ ਆ ਰਹੀਆਂ ਹਨ। ਪਿੰਡਾਂ ਅਤੇ ਸ਼ਹਿਰਾਂ ਵਿਚ ਸੈਂਕੜੇ ਪ੍ਰਾਈਵੇਟ ਮਾਈਕਰੋ ਫਾਈਨਾਂਸ ਕੰਪਨੀਆਂ ਨੇ ਲੱਖਾਂ ਔਰਤਾਂ ਨੂੰ ਸੈਲਫ਼ ਹੈਲਫ਼ ਗਰੁੱਪਾਂ ਦੇ ਰਾਹੀਂ ਕਰਜ਼ੇ ਦੇ ਮੱਕੜ ਜਾਲ਼ ਵਿਚ ਫ਼ਸਾਇਆ ਹੋਇਆ ਹੈ। ਇਹ ਕੰਪਨੀਆਂ ਪੰਜਾਬ ਦੇ ਹਰ ਕੋਨੇ ਵਿਚ ਆਪਣਾ ਜਾਲ਼ ਵਿਛਾ ਚੁੱਕੀਆਂ ਹਨ। ਇਨ੍ਹਾਂ ਵੱਲੋਂ 26 ਤੋਂ 30 ਪ੍ਰਤੀਸ਼ਤ ਵਿਆਜ ਦਰਾਂ 'ਤੇ ਕਰਜ਼ਾ ਦੇਣ ਲਈ ਵੱਡੇ ਪੱਧਰ 'ਤੇ ਨੈੱਟ ਵਰਕ ਤਿਆਰ ਕੀਤਾ ਹੋਇਆ ਹੈ। ਇਹਨਾਂ ਕੰਪਨੀਆਂ ਵੱਲੋਂ ਫ਼ਾਈਲ ਖਰਚੇ, ਬੀਮਾ ਅਤੇ ਜ਼ੁਰਮਾਨੇ ਵਸੂਲ ਕੇ ਮੋਟੇ ਵਿਆਜ਼ ਦੇ ਰਾਹੀਂ ਗ਼ਰੀਬ ਲੋਕਾਂ ਦਾ ਖ਼ੂਨ ਚੂਸਿਆ ਜਾ ਰਿਹਾ ਹੈ ਅਤੇ ਉਹਨਾਂ ਦੀ ਕਿਰਤ ਕਮਾਈ ਦੇ ਪੈਸੇ ਰਾਹੀਂ ਆਪਣੀ ਦੋ ਨੰਬਰ ਦੀ ਧਨ ਰਾਸ਼ੀ ਨੂੰ ਇੱਕ ਨੰਬਰ (ਵਾਈਟ ਮਨੀ) ਵਿਚ ਤਬਦੀਲ ਕੀਤਾ ਜਾ ਰਿਹਾ ਹੈ। ਇਹਨਾਂ ਵੱਲੋਂ ਲੋਕਾਂ ਦੀ ਅਨਪੜ੍ਹਤਾ ਅਤੇ ਆਰਥਿਕ ਮਜ਼ਬੂਰੀ ਦਾ ਫ਼ਾਇਦਾ ਉਠਾਕੇ 28 ਦਿਨ ਦਾ ਮਹੀਨਾ ਅਤੇ ਸਾਲ ਵਿਚ ਤੇਰ੍ਹਾਂ ਕਿਸਤਾਂ ਰਾਹੀਂ ਵੱਡੇ ਪੱਧਰ 'ਤੇ ਲੁੱਟ ਕੀਤੀ ਜਾ ਰਹੀ ਹੈ। ਇਹਨਾਂ ਕੰਪਨੀਆਂ ਵੱਲੋਂ ਭਾਰਤੀ ਰੀਜ਼ਰਵ ਬੈਂਕ ਅਤੇ ਸੰਵਿਧਾਨਕ ਨਿਯਮਾਂ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਸਰਕਾਰੀ ਏਜੰਸੀਆਂ ਅਤੇ ਪ੍ਰਸ਼ਾਸਨਿਕ ਅਧਿਕਾਰੀ ਮੂਕ ਦਰਸ਼ਕ ਬਣਕੇ ਦੇਖ ਰਹੇ ਹਨ, ਇਹਨਾਂ ਦੇ ਕਾਰੋਬਾਰ ਦੀ ਕੋਈ ਪੁੱਛ ਪੜਤਾਲ ਹੀ ਨਹੀਂ ਕੀਤੀ ਜਾਂਦੀ। ਇਨਾਂ ਕੰਪਨੀਆਂ ਵੱਲੋਂ ਭਰਤੀ ਕੀਤੇ ਗੁੰਡਾ ਗ੍ਰੋਹਾਂ ਵੱਲੋਂ ਕਿਸਤਾਂ ਭਰਨ ਲਈ ਗ਼ਰੀਬ ਔਰਤਾਂ ਨੂੰ ਬੁਰੀ ਤਰ੍ਹਾਂ ਡਰਾਇਆ ਧਮਕਾਇਆ ਅਤੇ ਜ਼ਲੀਲ ਕੀਤਾ ਜਾਂਦਾ ਹੈ, ਜੀਹਦੇ ਕਰਕੇ ਗ਼ਰੀਬ ਲੋਕਾਂ ਨੂੰ ਆਪਣੇ ਘਰ ਦਾ ਸਮਾਨ ਵੇਚ ਕੇ ਕਿਸਤਾਂ ਦੀ ਅਦਾਇਗੀ ਕਰਨੀ ਪੈਂਦੀ ਹੈ। ਹਫ਼ਤੇ ਬਾਅਦ ਜਾਂ ਪੰਦਰਾਂ ਦਿਨਾਂ ਬਾਅਦ ਫਾਈਨਾਂਸਰਾਂ ਦਾ ਕਰਜ਼ਾ ਮੋੜਨ ਲਈ ਹਰ ਸਮੇਂ ਔਰਤਾਂ ਦੀ ਨੀਂਦ ਹਰਾਮ ਹੋਈ ਰਹਿੰਦੀ ਹੈ ਅਤੇ ਭਾਈਚਾਰੇ ਦਾ ਦਬਾਅ ਵੀ ਹਮੇਸ਼ਾ ਭੂਤ ਬਣ ਕੇ ਸਤਾਉਂਦਾ ਰਹਿੰਦਾ ਹੈ। ਕਿਸ਼ਤਾਂ ਦਾ ਭੁਗਤਾਨ ਸਮੇਂ ਸਿਰ ਨਾ ਹੋਣ 'ਤੇ ਗੁੰਡਾ ਗ੍ਰੋਹ ਵੱਲੋਂ 'ਸਿੱਬਲ' ਖ਼ਰਾਬ ਹੋਣ ਜਾਂ ਦੁਬਾਰਾ ਕਰਜ਼ਾ ਨਾ ਮਿਲਣ ਦੇ ਡਰਾਬੇ ਔਰਤਾਂ ਨੂੰ ਮਾਨਸਿਕ ਰੋਗੀ ਬਣਾ ਰਹੇ ਹਨ। ਅਸਲ ਵਿਚ ਤਸਵੀਰ ਦਾ ਇਹ ਇਕ ਪਾਸਾ ਹੈ।

ਦੂਜਾ ਪਾਸਾ ਇਹ ਹੈ, ਮਾਰਚ 2016 ਵਿਚ 'ਭਾਰਤੀ ਰੀਜ਼ਰਵ ਬੈਂਕ' ਦੀ ਸਟੇਟਮੈਂਟ ਅਨੁਸਾਰ ਦੇਸ਼ ਦੇ ਵੱਡੇ ਪੂੰਜੀਪਤੀਆਂ/ਕਾਰਪੋਰੇਟਾਂ ਨੇ ਸਰਕਾਰੀ ਬੈਂਕਾਂ ਦਾ 8.55 ਲੱਖ ਕਰੋੜ ਦਾ ਕਰਜ਼ਾ ਦੇਣਾ ਸੀ, ਜੋ 2024 ਤੱਕ ਵਧਕੇ 14.56 ਲੱਖ ਕਰੋੜ ਹੋ ਗਿਆ, ਜਿਨ੍ਹਾਂ ਨੇ ਇਕ ਧੇਲਾ ਵੀ ਨਹੀਂ ਮੋੜਿਆ। ਜਿਸਨੂੰ ਮੋਦੀ ਸਰਕਾਰ ਵੱਲੋਂ ਵੱਟੇ ਖ਼ਾਤੇ ਪਾ ਦਿੱਤਾ ਗਿਆ, ਕਿਉਂਕਿ ਇਹਨਾਂ ਦੇ ਸਿਰ 'ਤੇ ਮੋਦੀ ਦੇ ਆਸ਼ੀਰਵਾਦ ਦਾ ਹੱਥ ਹੈ। ਮੋਦੀ ਸਾਹਬ ਦੇ ਖਾਸ ਮਿੱਤਰ ਸ਼ਰਾਬ ਦੇ ਕਾਰੋਬਾਰੀ ਕਿੰਗ ਫਿਸ਼ਰ ਦੇ ਮਾਲਕ 'ਵਿਜੈ ਮਾਲ੍ਹਿਆ' ਨੇ ਬੈਂਕਾਂ ਦਾ 900 ਕਰੋੜ ਅਤੇ 'ਨੀਰਵ ਮੋਦੀ' ਨੇ 11 ਹਜ਼ਾਰਾਂ 400 ਕਰੋੜ ਰੁਪਏ ਦਾ ਕਰਜ਼ਾ ਲੈ ਕੇ ਫਰਾਰ ਹੋ ਗਏ ਹਨ। 'ਜੀ. ਨਿਊਜ ਚੈਨਲ' ਦੇ ਮਾਲਕ 'ਡਾ. ਸੁਭਾਸ਼ ਚੰਦਰਾ' ਨੇ ਸਰਕਾਰੀ ਬੈਂਕ ਤੋਂ 8400 ਕਰੋੜ ਦਾ ਕਰਜ਼ਾ ਲਿਆ ਸੀ। ਮੋਦੀ ਦੇ ਕਹਿਣ 'ਤੇ ਬੈਂਕ ਨੇ ਸਮਝਾਉਤਾ ਕਰ ਲਿਆ ਕਿ ਉਹ 1500 ਕਰੋੜ ਰੁਪਏ ਵਾਪਿਸ ਕਰ ਦੇਵੇ, 6900 ਕਰੋੜ ਵੱਟੇ-ਖਾਤੇ ਪਾ ਦਿੱਤਾ ਜਾਵੇਗਾ। ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਇਹਨਾਂ ਲੋਕਾਂ ਦਾ ਨਾ ਕਦੇ 'ਸਿੱਬਲ' ਖ਼ਰਾਬ ਹੋਇਆ ਤੇ ਨਾ ਹੀ ਕਿਸੇ ਬੈਂਕ ਨੇ ਕਰਜ਼ੇ ਤੋਂ ਜਵਾਬ ਦਿੱਤਾ। ਪੰਜਾਬ ਸਰਕਾਰ ਵੀ ਇਹੀ ਕੁਝ ਕਰਦੀ ਆ ਰਹੀ ਹੈ। ਸਰਮਾਏਦਾਰ ਪਾਰਟੀਆਂ ਵੱਲੋਂ ਚੋਣਾ ਸਮੇਂ ਆਮ ਲੋਕਾਂ ਲਾਲ ਝੂਠੇ ਵਾਅਦੇ ਕੀਤੇ ਜਾਂਦੇ ਹਨ ਪਰ ਰਾਜ-ਸੱਤਾ 'ਚ ਪਹੁੰਚਕੇ ਵੱਡੇ ਸਰਮਾਏਦਾਰਾਂ, ਭੂਸਵਾਮੀਆ ਅਤੇ ਧਨੀ ਕਿਸਾਨਾਂ ਦੀਆਂ ਗੋਗੜਾਂ ਭਰੀਆਂ ਜਾ ਰਹੀਆਂ ਹਨ। ਪੰਜਾਬ ਸਰਕਾਰ ਕਿਸਾਨਾਂ ਨੂੰ ਜੋ ਬੀਜ਼ਾਂ, ਖਾਦਾਂ, ਮਸ਼ੀਨਰੀ, ਨਹਿਰੀ ਪਾਣੀ ਆਦਿ ਉੱਤੇ ਹਜ਼ਾਰਾਂ ਕਰੋੜ ਰੁਪਏ ਦੀ ਸਬਸਿਡੀ ਦਿੱਤੀ ਜਾ ਰਿਹਾ ਰਹੀ ਹੈ ਜਾਂ ਕਰਜ਼ਾ ਮੁਆਫ਼ ਕੀਤਾ ਗਿਆ। ਪੰਜਾਬ ਸਰਕਾਰ 2024-25 ਵਿੱਚ ਖੇਤੀ ਖੇਤਰ ਦਾ 21909 ਕਰੋੜ ਦਾ ਬਿਲ ਅਦਾ ਕਰ ਚੁੱਕੀ ਹੈ। ਇਹਨਾਂ ਸਹੂਲਤਾਂ/ਸਬਸਿਡੀਆਂ ਦਾ ਵੱਡਾ ਫਾਇਦਾ ਧਨੀ ਕਿਸਾਨਾਂ ਅਤੇ ਵੱਡੇ ਭੂ-ਸਵਾਮੀਆਂ ਨੂੰ ਪਹੁੰਚ ਰਿਹਾ ਹੈ। ਸੰਘਰਸ਼ਾਂ ਦੇ ਮੈਦਾਨ 'ਚ ਨਿੱਤਰੇ ਛੋਟੇ ਕਿਸਾਨਾਂ ਨੂੰ ਤਾਂ ਬਹੁਤ ਨਿਗੂਣੀਆਂ ਸਹੂਲਤਾਂ ਮਿਲ ਰਹੀਆਂ ਹਨ। ਇੱਥੇ ਸਵਾਲ ਇਹ ਵੀ ਖੜ੍ਹਾ ਹੁੰਦਾ ਕਿ ਗ਼ਰੀਬ ਲੋਕਾਂ ਸਿਰ ਚੜ੍ਹਿਆ ਕਰਜ਼ਾ ਜੋ ਆਟੇ 'ਚ ਲੂਣ ਦੇ ਬਰਾਬਰ ਹੈ, ਕਿਉਂ ਨਹੀਂ ਮੁਆਫ਼ ਕੀਤਾ ਜਾ ਸਕਦਾ? 2 ਜੂਨ 2025 ਨੂੰ 'ਪੰਜਾਬ ਮੰਤਰੀ ਮੰਡਲ' ਨੇ ਇਕ ਮੀਟਿੰਗ ਕਰਕੇ 'ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿਤ ਕਾਰਪੋਰੇਸ਼ਨ' ਨਾਲ ਸੰਬੰਧਿਤ 4727 ਐਸ.ਸੀ. ਪਰਿਵਾਰਾਂ ਦਾ ਮਾਤਰ 68 ਕਰੋੜ ਰੁਪਏ ਦਾ ਕਰਜ਼ਾ ਮੁਆਫ਼ ਕਰਕੇ ਕੱਛਾਂ ਵਜਾਈਆਂ ਜਾ ਰਹੀਆਂ ਹਨ। ਜਦੋਂ ਕਿ ਪੰਜਾਬ ਦੇ ਲੱਖਾਂ ਪਰਿਵਾਰਾਂ ਸਿਰ ਸੂਦਖੋਰਾਂ, ਫਾਈਨਾਂਸ ਕੰਪਨੀਆਂ ਅਤੇ ਕੁੱਝ ਕੁ ਸਰਕਾਰੀ ਬੈਂਕਾਂ ਦਾ ਕਰਜਾ ਦੇਣ ਵਾਲਾ ਖੜ੍ਹਾ ਹੈ। ਅੱਜ ਜਦੋਂ ਚਾਰੇ ਪਾਸੇ ਮਸ਼ੀਨਾ ਆਉਣ ਕਾਰਨ ਗ਼ਰੀਬ ਲੋਕਾਂ ਦੇ ਕੰਮ ਧੰਦੇ ਬੰਦ ਹੋ ਗਏ ਹਨ, ਆਮਦਨ ਦਾ ਕੋਈ ਬੱਝਵਾਂ ਸ੍ਰੋਤ ਨਹੀਂ ਹੈ। ਗ਼ਰੀਬ ਲੋਕਾਂ ਨੂੰ ਮਜ਼ਬੂਰੀ ਵੱਸ ਪ੍ਰਾਈਵੇਟ ਸੂਦਖੋਰਾਂ ਤੋਂ ਮਨਮਰਜ਼ੀ ਦੀਆਂ ਵਿਆਜ਼ ਦਰਾਂ 'ਤੇ ਕਰਜ਼ਾ ਲੈਣ ਲਈ ਮਜ਼ਬੂਰ ਹੋਣਾ ਪੈਂਦਾ ਹੈ। ਹਰ ਰੋਜ਼ ਨਿਆਂ ਪ੍ਰਣਾਲੀ (ਕੋਰਟਾਂ) ਦੇ ਹੁਕਮਾਂ ਰਾਹੀਂ ਹਰ ਜ਼ਿਲ੍ਹੇ ਵਿਚ ਕਿਤੇ ਨਾ ਕਿਤੇ ਬੇ-ਜ਼ਮੀਨੇ ਅਤੇ ਬੇ-ਸਹਾਰਾ ਗ਼ਰੀਬ ਲੋਕਾਂ ਦੇ ਘਰਾਂ ਦੀਆਂ ਕੁਰਕੀਆਂ ਦੇ ਆਰਡਰ ਅਖ਼ਬਾਰਾਂ ਦੀਆਂ ਨਿੱਤ ਦੀਆਂ ਸੁਰਖ਼ੀਆਂ ਬਣੇ ਹੋਏ ਹਨ। ਗ਼ਰੀਬ ਪ੍ਰੀਵਾਰਾਂ ਦੇ ਘਰਾਂ ਨੂੰ ਜਿੰਦਰੇ ਲਾ ਕੇ ਘਰੋਂ ਬੇਘਰ ਕੀਤਾ ਜਾ ਰਿਹਾ ਹੈ।

ਅੱਜ ਜਦੋਂ ਵਿਸ਼ਵ ਪੱਧਰ 'ਤੇ ਮਜ਼ਦੂਰ ਜਮਾਤ ਅਤੇ ਉਸਦੀਆਂ ਸਹਿਯੋਗੀ ਤਾਕਤਾਂ ਦੀ ਲਹਿਰ ਬੇਹੱਦ ਕਮਜ਼ੋਰ ਤੇ ਟੁੱਟ ਖਿਡਿਆਂ ਦਾ ਸ਼ਿਕਾਰ ਹੈ। ਪੂੰਜੀਪਤੀ ਵਰਗ ਵਧੇਰੇ ਤਾਕਤਵਰ ਅਤੇ ਖ਼ੂੰਖਾਰ ਹੋ ਗਿਆ ਹੈ ਅਤੇ ਜਿਸਨੇ ਫਾਸ਼ੀਵਾਦੀ ਰੂਪ ਧਾਰਨ ਕਰ ਲਿਆ ਹੈ। ਵਿਸ਼ਵ ਪੱਧਰ 'ਤੇ ਕਿਰਤ ਕਾਨੂੰਨਾਂ ਨੂੰ ਤੋੜਿਆ-ਮਰੋੜਿਆ ਜਾ ਰਿਹਾ ਹੈ। ਕਾਰਪੋਰੇਟ ਘਰਾਣਿਆਂ ਦੀ ਦਲਾਲ, ਜਨਤਾ ਦੀ ਦੁਸ਼ਮਣ, ਅਤੇ ਮਨੂੰਵਾਦ ਦੀ ਪੈਰੋਕਾਰ ਮੋਦੀ ਸਰਕਾਰ ਵੀ ਫਾਸ਼ੀਵਾਦੀ ਹੋ ਗਈ ਹੈ। ਜਿਸਨੇ 'ਵਰਲਡ ਬੈਂਕ' ਅਤੇ 'ਡਬਲਿਊ.ਟੀ.ਓ.' ਦੇ ਨਿਰਦੇਸ਼ਾਂ ਤਹਿਤ 44 ਕਿਰਤ ਕਾਨੂੰਨਾਂ ਨੂੰ ਖ਼ਤਮ ਕਰਕੇ 4 ਲੇਬਰ ਕੋਡ ਵਿਚ ਤਬਦੀਲ ਕਰ ਦਿੱਤਾ ਹੈ। 8 ਘੰਟੇ ਦਿਹਾੜੀ ਦਾ ਕਾਨੂੰਨ ਖ਼ਤਮ ਕਰਕੇ 12 ਘੰਟੇ ਕਰਨ ਲਈ ਪਹਿਲਾ ਹੱਲਾ ਬੋਲ ਦਿੱਤਾ ਹੈ। ਇਹਨਾਂ ਤਬਦੀਲੀਆਂ ਦੇ ਰਾਹੀਂ ਮਜ਼ਦੂਰਾਂ/ਮੁਲਾਜਮਾਂ ਦੇ ਪੱਕੇ ਰੁਜ਼ਗਾਰ ਦੀ ਬਜਾਏ ਠੇਕਾ ਭਰਤੀ, ਆਊਟਸੋਰਸਜ਼, ਕੰਮ ਲਓ-ਕੱਢ ਦਿਓ, ਦੀ ਨੀਤੀ ਲਾਗੂ ਕੀਤੀ ਜਾ ਰਹੀ ਹੈ। ਇਹਨਾਂ ਨੀਤੀਆਂ ਦੇ ਤਹਿਤ ਪਹਿਲਾਂ ਹੀ ਕਿਸਾਨਾਂ-ਮਜ਼ਦੂਰਾਂ ਦੀ ਹੋ ਰਹੀ ਬਰਬਾਦੀ ਅਤੇ ਵਧ ਰਹੀਆਂ ਆਤਮ ਹੱਤਿਆਵਾਂ, ਪੜ੍ਹੇ-ਲਿਖੇ ਨੌਜਵਾਨਾਂ ਦਾ ਬੇਰੁਜ਼ਗਾਰੀ ਦੀ ਭੱਠੀ ਵਿਚ ਸੜਨਾ, ਸੇਵਾ ਮੁਕਤ ਮੁਲਾਜ਼ਮਾਂ ਤੋਂ ਗੁਜ਼ਾਰਾ ਪੈਨਸ਼ਨ ਅਤੇ ਸਿਹਤ ਸਹੂਲਤਾਂ ਦਾ ਖੋਹ ਲੈਣਾ, ਸਿੱਖਿਆ ਦਾ ਨਿੱਜੀਕਰਨ ਤੇ ਭਗਵਾਂਕਰਨ ਕਰਨ ਦੇ ਲਈ ਨਵ-ਉਦਾਰਵਾਦੀ ਨੀਤੀਆਂ ਜਿਮੇਂਵਾਰ ਹਨ। ਕਿਰਤ ਕਾਨੂੰਨਾਂ ਉੱਪਰ ਹੋ ਰਹੇ ਹਮਲਿਆਂ ਦਾ ਮੂੰਹ-ਤੋੜ ਜਵਾਬ ਤਾਂ ਹੀ ਦਿੱਤਾ ਜਾਵੇਗਾ, ਜੇਕਰ ਮਜ਼ਦੂਰ ਜਮਾਤ ਦੀ ਅਗਵਾਈ ਹੇਠ ਤਮਾਮ ਸਹਿਯੋਗੀ ਤਾਕਤਾਂ ਨੂੰ ਰਾਜਸੀ ਚੇਤਨਾ ਨਾਲ ਲੈਸ ਕਰਕੇ ਹੇਠ ਲਿਖੀਆਂ ਮੰਗਾਂ ਦੀ ਪ੍ਰਾਪਤੀ ਲਈ ਇਕ ਤਾਕਤਵਰ 'ਜਮਹੂਰੀ ਲਹਿਰ' ਦੀ ਉਸਾਰੀ ਕੀਤੀ ਜਾਵੇ ਅਤੇ ਮੰਗ ਕੀਤੀ ਜਾਵੇ ਕਿ :

1) ਔਰਤਾਂ ਸਮੇਤ ਸਾਰੇ ਗ਼ਰੀਬ ਅਤੇ ਬੇ-ਜ਼ਮੀਨੇ ਲੋਕਾਂ ਸਿਰ ਚੜ੍ਹਿਆ ਸਰਕਾਰੀ ਤੇ ਪ੍ਰਾਈਵੇਟ ਕਰਜਾ ਮੁਆਫ਼ ਕੀਤਾ ਜਾਵੇ।

2) ਮਨਰੇਗਾ ਮਜ਼ਦੂਰਾਂ ਨੂੰ ਪੂਰਾ ਸਾਲ ਕੰਮ, 700 ਰੁਪਏ ਦਿਹਾੜੀ ਅਤੇ ਪਰਿਵਾਰ ਦੇ ਦੋ ਮੈਂਬਰਾਂ ਨੂੰ ਵੱਖ-ਵੱਖ ਤੌਰ 'ਤੇ ਕੰਮ ਦੀ ਗਰੰਟੀ ਦਿੱਤੀ ਜਾਵੇ।

3) ਮਜ਼ਦੂਰ ਵਿਰੋਧੀ ਚਾਰ ਲੇਬਰ ਕੋਡ ਖ਼ਤਮ ਕਰਕੇ 44 ਕਿਰਤ ਕਾਨੂੰਨ ਬਹਾਲ ਕੀਤੇ ਜਾਣ ਅਤੇ ਮਜ਼ਦੂਰਾਂ ਨੂੰ ਸਾਰੀਆਂ ਬਣਦੀਆਂ ਸਹੂਲਤਾਂ ਮੁੜ ਉਪਲੱਬਧ ਕਰਵਾਈਆਂ ਜਾਣ।

4) ਸ਼ਹਿਰੀ ਮਜ਼ਦੂਰਾਂ ਦੇ ਲਈ ਨਵਾਂ ਕਾਨੂੰਨ ਬਣਾ ਕੇ 'ਰੁਜ਼ਗਾਰ ਗਰੰਟੀ ਯੋਜਨਾ' ਸ਼ੁਰੂ ਕੀਤੀ ਜਾਵੇ।

5) ਠੇਕਾ ਅਧਾਰਿਤ, ਆਉਟਸੋਰਸ ਅਤੇ ਕੱਚੇ ਕਾਮਿਆਂ (ਜਿਵੇਂ ਆਂਗਣਵਾੜੀ, ਆਸ਼ਾ ਵਰਕਰ, ਮਿਡ-ਡੇ-ਮੀਲ ਅਤੇ ਪੇਂਡੂ ਚੌਕੀਦਾਰਾਂ ਆਦਿ) ਨੂੰ ਪ੍ਰਤੀ ਦਿਨ 1 ਹਜ਼ਾਰ ਰੁਪਏ ਅਤੇ ਮਾਸਿਕ ਮਿਹਨਤਾਨਾ 31000 ਰੁਪਏ ਦਿੱਤਾ ਜਾਵੇ।

6) ਸਾਰੇ ਬੇ-ਜ਼ਮੀਨੇ ਅਤੇ ਗ਼ਰੀਬ ਲੋਕਾਂ ਨੂੰ ਸਵੈ-ਰੁਜ਼ਗਾਰ ਧੰਦਾ ਚਲਾਉਣ ਲਈ ਬਿਨਾਂ ਕਿਸੇ ਭੇਦ-ਭਾਵ ਅਤੇ ਗਰੰਟੀ ਤੋਂ ਘੱਟੋ-ਘੱਟ ਤਿੰਨ ਲੱਖ ਰੁਪਏ 7 ਸਾਲ ਦੇ ਲਈ ਕਰਜਾ ਦਿੱਤਾ ਜਾਵੇ।

# ਸਿੰਘ ਸਭਾ ਲਹਿਰ ਲਾਹੌਰ ਰਾਹੀਂ ਅੰਗਰੇਜ਼ਾਂ ਨੇ ਕਿਵੇਂ ਸਿੱਖਾਂ ਨੂੰ ਕਾਬੂ ਕਰਕੇ ਆਪਣੇ ਵਫ਼ਾਦਾਰ ਬਣਾ ਕੇ ਵਰਤਿਆ ?

## *ਅੰਗਰੇਜ਼ਾਂ ਵਲੋਂ ਪਹਿਲਾਂ ਸਿੰਘ ਸਭਾ ਲਹਿਰ ਅਤੇ ਬਾਅਦ ਵਿੱਚ ਚੀਫ ਖਾਲਸਾ ਦੀਵਾਨ ਅਤੇ ਸ਼੍ਰੋਮਣੀ ਕਮੇਟੀ ਰਾਹੀਂ ਕਿਵੇਂ ਬਾਹਰੀ ਦਿੱਖ ਤੇ ਪੰਜ ਕਕਾਰੀ ਰਹਿਤ ਅਤੇ ਨਵੀਂ ਸਿੱਖ ਮਰਿਯਾਦਾ ਵਾਲ਼ੀ ਜਥੇਬੰਦਕ ਸਿੱਖ ਤੇ ਨਵੀਂ ਸਿੱਖ ਕੌਮ ਖੜੀ ਕੀਤੀ ਗਈ?*



ਹਰਚਰਨ ਸਿੰਘ ਪਰਹਾਰ
403-681-8689
hp8689@gmail.com

1. **ਸਿੱਖ ਧਰਮ ਵਿੱਚ ਬ੍ਰਿਟਿਸ਼ ਬਸਤੀਵਾਦੀਆਂ ਦੀ ਦਿਲਚਸਪੀ** : ਪੰਜਾਬ ਨੂੰ ਆਪਣੇ ਕਬਜ਼ੇ ਵਿੱਚ ਲੈਣ ਤੋਂ ਬਾਅਦ, ਬ੍ਰਿਟਿਸ਼ ਅਧਿਕਾਰੀਆਂ ਅਤੇ ਵਿਦਵਾਨਾਂ ਨੇ ਸਿੱਖ ਧਰਮ ਗ੍ਰੰਥਾਂ, ਪ੍ਰੰਪਰਾਵਾਂ ਅਤੇ ਇਤਿਹਾਸ ਦਾ ਡੂੰਘਾਈ ਨਾਲ ਅਧਿਐਨ ਕਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ਦੀਆਂ ਲਿਖਤਾਂ ਨੇ ਸਿੱਖ ਧਰਮ ਨੂੰ ਹਿੰਦੂ ਧਰਮ ਤੋਂ ਵੱਖਰੇ ਇੱਕ ਧਰਮ ਵਜੋਂ ਮੁੜ ਪ੍ਰੀਭਾਸ਼ਤ ਕੀਤਾ, ਤਾਂ ਕਿ ਉਹ ਆਪਣੇ ਰਾਜਨੀਤਕ ਲਾਭਾਂ ਲਈ, ਸਿੱਖਾਂ ਨੂੰ ਇੱਕ ਵਫ਼ਾਦਾਰ ਮਾਰਸ਼ਲ ਕੌਮ ਵਜੋਂ ਵਰਤਣ ਸਕਣ। ਇਸ ਅਕਾਦਮਿਕ ਅਤੇ ਪ੍ਰਸ਼ਾਸਕੀ ਵਰਗੀਕਰਨ ਨੇ ਪੜ੍ਹੇ-ਲਿਖੇ ਸਿੱਖਾਂ ਨੂੰ ਪ੍ਰਭਾਵਿਤ ਕੀਤਾ, ਜਿਨ੍ਹਾਂ ਨੇ ਆਪਣੇ ਧਰਮ ਨੂੰ ਇੱਕ ਨਵੇਂ, ਵਧੇਰੇ ਤਿੱਖੇ ਪ੍ਰੀਭਾਸ਼ਤ ਢਾਂਚੇ ਵਿੱਚ ਦੇਖਣਾ ਸ਼ੁਰੂ ਕਰ ਦਿੱਤਾ।

2. **ਹਿੰਦੂ ਸੁਧਾਰ ਲਹਿਰਾਂ ਤੋਂ ਚੁਣੌਤੀ** : ਸਵਾਮੀ ਦਯਾਨੰਦ ਸਰਸਵਤੀ ਦੀ ਅਗਵਾਈ ਵਿੱਚ ਆਰੀਆ ਸਮਾਜ ਨੇ ਹਿੰਦੂ ਧਰਮ ਵਿੱਚ ਸੁਧਾਰ ਕਰਕੇ ਭਟਕੇ ਹਿੰਦੂਆਂ ਨੂੰ ''ਵਾਪਿਸ'' 'ਸਨਾਤਨ ਧਰਮ' ਵਿੱਚ ਲਿਆਉਣ ਲਈ ਸਰਗਰਮੀ ਨਾਲ ਮੁਹਿੰਮ ਚਲਾਈ। ਇਸ ਤੋਂ ਬਹੁਤ ਸਾਰੇ ਨਾਨਕਪੰਥੀ ਸਿੱਖ ਵੀ ਪ੍ਰਭਾਵਿਤ ਹੋ ਕੇ 'ਆਰੀਆ ਸਮਾਜੀ' ਬਣੇ। ਆਰੀਆ ਸਮਾਜੀ ਮੂਰਤੀ ਪੂਜਾ ਜਾਂ ਸਖਸ਼ੀ ਪੂਜਾ ਦੇ ਬਹੁਤ ਵਿਰੁੱਧ ਸਨ। ਜਿਸ ਕਰਕੇ ਆਰੀਆਂ ਸਮਾਜ ਉਨ੍ਹਾਂ ਨੂੰ ਵੱਧ ਪ੍ਰਭਾਵਤ ਕਰਦਾ ਸੀ। ਇਸੇ ਦੌਰਾਨ ਉਨ੍ਹਾਂ ਨੇ ਆਪਣੀ ਇੱਕ ਕਿਤਾਬ 'ਸਤਿਆਰਥ ਪ੍ਰਕਾਸ਼' ਵਿੱਚ ਗੁਰੂ ਨਾਨਕ ਸਾਹਿਬ ਬਾਰੇ ਇਤਰਾਜ਼ਯੋਗ ਟਿੱਪਣੀਆਂ ਕੀਤੀਆਂ। ਜਿਸਨੇ ਨਾਨਾਕਪੰਥੀ ਸਿੱਖਾਂ ਵਿੱਚ ਇੱਕ ਸਖ਼ਤ ਪ੍ਰਤੀਕਿਰਿਆ ਭੜਕਾਈ।

3. **ਈਸਾਈ ਮਿਸ਼ਨਰੀ ਗਤੀਵਿਧੀਆਂ** : ਈਸਾਈ ਮਿਸ਼ਨਰੀਆਂ ਨੇ ਇਸਾਈ ਧਰਮ ਦੇ ਪਾਸਾਰ ਲਈ ਸਕੂਲ ਅਤੇ ਹਸਪਤਾਲ ਸਥਾਪਤ ਕੀਤੇ ਅਤੇ ਸਿੱਖਾਂ ਨੂੰ, ਖਾਸ ਕਰਕੇ ਹੇਠਲੀਆਂ ਜਾਤਾਂ ਦੇ ਲੋਕਾਂ ਨੂੰ ਧਰਮ ਪ੍ਰੀਵਰਤਨ ਕਰਨ ਲਈ ਸਿੱਖ ਧਰਮ ਗ੍ਰੰਥਾਂ ਅਤੇ ਜੀਵਨ ਜਾਚ ਦੀ ਆਲੋਚਨਾ ਕੀਤੀ। ਸਿੱਖ ਉਚ ਵਰਗ ਨੇ ਸਿੱਖ ਕਦਰਾਂ-ਕੀਮਤਾਂ ਦੀ ਰੱਖਿਆ ਅਤੇ ਆਪਣੇ ਭਾਈਚਾਰੇ ਨੂੰ ਸਿੱਖਿਅਤ ਕਰਨ ਲਈ ਆਪਣੇ ਸਕੂਲ ਅਤੇ ਸੰਸਥਾਵਾਂ ਬਣਾ ਕੇ ਜਵਾਬ ਦੇਣਾ ਸ਼ੁਰੂ ਕੀਤਾ।

4. **ਸਿੰਘ ਸਭਾ ਲਹਿਰ ਲਾਹੌਰ ਦਾ ਆਰੰਭ** : 1849 ਵਿੱਚ ਸਿੱਖ ਰਾਜ ਜਾਣ ਤੋਂ ਬਾਅਦ ਸਿੱਖਾਂ ਨੇ ਜਲਦੀ ਹੀ ਅੰਗਰੇਜ ਫੌਜ ਵਿੱਚ ਵੱਡੀ ਗਿਣਤੀ ਵਿੱਚ ਭਰਤੀ ਹੋਣਾ ਸ਼ੁਰੂ ਕਰ ਦਿੱਤਾ ਸੀ। 1857 ਦੇ ਗਦਰ ਮੌਕੇ ਸਿੱਖ ਬੜੀ ਬਹਾਦਰੀ ਤੇ ਵਫ਼ਾਦਾਰੀ ਨਾਲ ਅੰਗਰੇਜ਼ਾਂ ਲਈ ਲੜੇ। ਜਿਸ ਤੋਂ ਅੰਗਰੇਜ ਬੜੇ ਪ੍ਰਭਾਵਤ ਹੋਏ ਕਿ ਜੇ ਸਿੱਖਾਂ ਨੂੰ ਇੱਕ ਵੱਖਰੀ ਪਛਾਣ ਨਾਲ ਹਿੰਦੂਆਂ ਤੋਂ ਵੱਖ ਕੀਤਾ ਜਾਵੇ ਤਾਂ ਸਾਡੇ ਬਹੁਤ ਕੰਮ ਆਉਣਗੇ।

ਇਸੇ ਸਮੇਂ ਦੌਰਾਨ ਸਿੱਖਾਂ ਵਿੱਚ ਅੰਗਰੇਜ਼ਾਂ ਵਿਰੁੱਧ ਨਾਮਧਾਰੀਆਂ ਵੱਲੋਂ ਭਾਈ ਰਾਮ ਸਿੰਘ ਦੀ ਅਗਵਾਈ ਵਿੱਚ ਬਗਾਵਤੀ ਲਹਿਰ ਸ਼ੁਰੂ ਕਰ ਦਿੱਤੀ ਗਈ। ਜਿਸਨੂੰ ਦਬਾਉਣ ਲਈ ਅੰਗਰੇਜ਼ਾਂ ਨੇ ਕਈ ਸਾਜ਼ਿਸ਼ਾਂ ਕੀਤੀਆਂ। ਉਨ੍ਹਾਂ ਸਮਿਆਂ ਵਿੱਚ ਹਿੰਦੂਆਂ ਦੀ ਸੁਧਾਰਵਾਦੀ ਆਰੀਆ ਸਮਾਜ ਲਹਿਰ, ਮੁਸਲਮਾਨਾਂ ਵਿੱਚ ਅਲੀਗੜ੍ਹ ਮੁਸਲਿਮ ਲਹਿਰ ਅਹਿਮਦੀਆ ਮੁਸਲਿਮ ਜਮਾਤ ਸ਼ੁਰੂ ਹੋਈਆਂ ਅਤੇ ਸਿੱਖਾਂ ਵਿੱਚ ਸਿੰਘ ਸਭਾ ਲਹਿਰ ਅੰਮ੍ਰਿਤਸਰ ਸ਼ੁਰੂ ਹੋਈ।

ਆਮ ਸਿੱਖਾਂ ਨੂੰ ਪਤਾ ਨਹੀ ਕਿ ਪਹਿਲੀ ਸਿੰਘ ਸਭਾ ਲਹਿਰ ਸਨਾਨਤੀ ਨਾਨਕਪੰਥੀ ਸਿੱਖਾਂ ਨੇ ਅੰਮ੍ਰਿਤਸਰ ਤੋਂ ਇਸਾਈ ਮਿਸ਼ਨਰੀਆਂ ਖਿਲਾਫ ਸੀ।

ਜੋ ਸਿੱਖਾਂ ਨੌਜਵਾਨਾਂ ਤੇ ਖਾਸਕਰ ਦਲਿਤ ਜਾਤੀ ਲੋਕਾਂ ਨੂੰ ਹਿੰਦੂਆਂ ਅਤੇ ਸਿੱਖਾਂ ਤੋਂ ਜਾਤ ਦੇ ਨਾਮ 'ਤੇ ਇਸਾਈ ਧਰਮ ਵਿੱਚ ਲਿਆ ਰਹੇ ਸਨ। ਇਸੇ ਲਹਿਰ ਵਿੱਚੋਂ ਨਿਕਲ਼ ਕੇ ਆਰੀਆ ਸਮਾਜੀਆਂ ਵਰਗੀ ਕੱਟੜਤਾ ਵਾਲ਼ੀ ਲਾਈਨ ਲੈ ਕੇ ਕੁਝ ਨੌਜਵਾਨਾਂ ਨੇ ਸਿੰਘ ਸਭਾ ਲਾਹੌਰ ਬਣਾਈ। ਜਿਸਦੇ ਮੋਢੀ ਪ੍ਰੋ. ਗੁਰਮੁੱਖ ਸਿੰਘ, ਗਿਆਨੀ ਦਿੱਤ ਸਿੰਘ, ਠਾਕੁਰ ਸਿੰਘ ਸੰਧਾਵਾਲ਼ੀਆ ਆਦਿ ਪ੍ਰਮੁੱਖ ਸਨ। ਜਦਕਿ ਅੰਮ੍ਰਿਤਸਰ ਵਾਲ਼ੀ ਸਿੰਘ ਸਭਾ ਦੇ ਆਗੂ ਬਾਬਾ ਖੇਮ ਸਿੰਘ ਬੇਦੀ, ਗਿਆਨੀ ਗਿਆਨ ਸਿੰਘ, ਕੰਵਰ ਬਿਕਰਮਾ ਸਿੰਘ ਆਦਿ ਸਨ। ਲਾਹੌਰ ਵਾਲ਼ੀ ਸਿੰਘ ਸਭਾ ਨੂੰ ਅੰਗਰੇਜ਼ਾਂ ਸਮੇਤ ਅੰਗਰੇਜ਼ ਪੱਖੀ ਸਿੱਖ ਰਿਆਸਤਾਂ ਦੀ ਪੂਰੀ ਹਮਾਇਤ ਸੀ।

ਇਸਦਾ ਪਤਾ 'ਖਾਲਸਾ ਅਖ਼ਬਾਰ ਲਾਹੌਰ' ਸੰਪਾਦਕੀ, 14 ਅਗਸਤ 1886 ਤੋਂ ਲੱਗਦਾ ਹੈ: ''ਬ੍ਰਿਟਿਸ਼ ਸ਼ਾਸਨ ਦੀਆਂ ਅਸੀਸਾਂ ਨੇ ਸਿੱਖ ਭਾਈਚਾਰੇ ਨੂੰ ਬਿਨਾਂ ਕਿਸੇ ਡਰ ਦੇ ਆਪਣੇ ਧਰਮ ਦਾ ਅਭਿਆਸ ਕਰਨ ਦੀ ਆਜ਼ਾਦੀ ਦਿੱਤੀ ਹੈ। ਖਾਲਸੇ ਨੂੰ ਵਫ਼ਾਦਾਰ ਆਚਰਣ ਦੁਆਰਾ ਅੰਗਰੇਜ਼ੀ ਰਾਜ ਪ੍ਰਤੀ ਸ਼ੁਕਰਗੁਜ਼ਾਰੀ ਦਿਖਾਉਣੀ ਚਾਹੀਦੀ ਹੈ।"

ਇਸੇ ਤਰ੍ਹਾਂ 'ਖਾਲਸਾ ਅਖ਼ਬਾਰ ਲਾਹੌਰ' ਸੰਪਾਦਕੀ, 10 ਜਨਵਰੀ 1890 ਅਨੁਸਾਰ: ''ਸਾਡੀ ਤਰੱਕੀ ਸਰਕਾਰ ਪ੍ਰਤੀ ਵਫ਼ਾਦਾਰੀ ਅਤੇ ਸਾਡੇ ਰੀਤੀ-ਰਿਵਾਜਾਂ ਨੂੰ ਸੁਧਾਰਨ ਵਿੱਚ ਹੈ; ਅੰਦੋਲਨ ਅਤੇ ਅਸੰਤੁਸ਼ਟੀ ਸਾਡੇ ਲਈ ਸਿਰਫ਼ ਤਬਾਹੀ ਲਿਆਉਂਦੀ ਹੈ।"

ਦੋਨੋਂ ਸਿੰਘ ਸਭਾ ਲਹਿਰਾਂ ਦੇ ਬਹੁਤੇ ਮੋਢੀ ਲੀਡਰ ਸਾਲ 1900 ਤੱਕ ਚਲਾਣਾ ਕਰ ਚੁੱਕੇ ਸਨ। ਦੋਨੋਂ ਲਹਿਰਾਂ ਵੀ ਖਤਮ ਹੋ ਚੁੱਕੀਆਂ ਸਨ। ਇਨ੍ਹਾਂ ਵਿੱਚੋਂ ਹੀ ਫਿਰ ਅੰਗਰੇਜ਼ ਪ੍ਰਸਤ ਰਿਆਸਤੀ ਸਿੱਖਾਂ ਅਤੇ ਸਾਬਕਾ ਸਿੱਖ ਫੌਜੀਆਂ ਰਾਹੀਂ ਇੱਕ ਨਵੀਂ ਲੀਡਰਸ਼ਿਪ 'ਚੀਫ ਖਾਲਸਾ ਦੀਵਾਨ' ਦੇ ਰੂਪ ਵਿੱਚ 1902 ਦੇ ਨੇੜੇ ਪ੍ਰਗਟ ਹੁੰਦੀ ਹੈ। ਇਸਦਾ ਪ੍ਰਮਾਣ ਚੀਫ ਖਾਲਸਾ ਦੀਵਾਨ ਦੀ ਅੰਮ੍ਰਿਤਸਰ ਮੀਟਿੰਗ ਦਾ ਮਤਾ ਹੈ, ਜਿਸ ਅਨੁਸਾਰ: ''ਖਾਲਸਾ ਬ੍ਰਿਟਿਸ਼ ਤਾਜ ਪ੍ਰਤੀ ਵਫ਼ਾਦਾਰੀ ਵਿੱਚ ਅਡੋਲ ਹੈ ਅਤੇ ਰਹੇਗਾ। ਖਾਲਸਾ ਨਿਮਰਤਾ ਪੂਰਵਕ ਪਟੀਸ਼ਨਾਂ ਦੁਆਰਾ ਸ਼ਿਕਾਇਤਾਂ ਦਾ ਨਿਪਟਾਰਾ ਚਾਹੁੰਦਾ ਹੈ, ਅੰਦੋਲਨਾਂ ਦੁਆਰਾ ਨਹੀਂ।'' ਅਜਿਹੇ ਮਤੇ ਹੋਰ ਵੀ ਮਿਲ ਜਾਂਦੇ ਹਨ। ਉਨ੍ਹਾਂ ਨੇ ਬਾਅਦ ਵਿੱਚ 'ਖਾਲਸਾ ਲੌਇਲਟੀ' (ਖਾਲਸੇ ਦੀ ਅੰਗਰੇਜ਼ਾਂ ਪ੍ਰਤੀ ਵਫਾਦਾਰੀ) ਨਾਮ ਦਾ ਇੱਕ ਪੈਂਫਲੈਟ ਵੀ ਕੱਢਿਆ ਸੀ। ਜਿਸ ਵਿੱਚ ਉਨ੍ਹਾਂ ਸਿੱਖਾਂ ਨੂੰ ਹੀ ਅਸਲੀ ਸਿੱਖ ਮੰਨਿਆ ਗਿਆ ਸੀ, ਜਿਹੜੇ ਅੰਗਰੇਜ਼ਾਂ ਪ੍ਰਤੀ ਸੱਚੇ ਵਫਾਦਾਰ ਸਨ। ਸਾਰੇ ਸਿੱਖਾਂ ਨੂੰ ਅੰਗਰੇਜ਼ਾਂ ਪ੍ਰਤੀ ਵਫਾਦਾਰ ਰਹਿਣ ਦੀ ਅਪੀਲ ਕੀਤੀ ਸੀ।

5. **ਅੰਦਰੂਨੀ ਸਮਾਜਿਕ ਅਤੇ ਧਾਰਮਿਕ ਸੁਧਾਰ** : ਸਿੰਘ ਸਭਾ ਦੇ ਆਗੂ ਸਮੇਂ ਦੇ ਨਾਲ ਭਾਈਚਾਰਕ ਜੀਵਨ ਵਿੱਚ ਪ੍ਰਵੇਸ਼ ਕਰ ਚੁੱਕੇ ਬ੍ਰਾਹਮਣੀ ਰਸਮਾਂ ਅਤੇ ਅੰਧ-ਵਿਸ਼ਵਾਸਾਂ ਨੂੰ ਦੂਰ ਕਰਕੇ ਸਿੱਖ ਪ੍ਰਥਾਵਾਂ ਨੂੰ ਸ਼ੁੱਧ ਕਰਨਾ ਚਾਹੁੰਦੇ ਸਨ। ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ 'ਤੇ ਜ਼ੋਰ ਦਿੱਤਾ, ਮੂਰਤੀ ਪੂਜਾ ਨੂੰ ਰੱਦ ਕੀਤਾ ਅਤੇ ਖਾਲਸਾ ਆਦਰਸ਼ਾਂ ਨੂੰ ਉਤਸ਼ਾਹਿਤ ਕੀਤਾ। ਇਸਦੇ ਨਾਲ਼ ਹੀ ਅੰਗਰੇਜਾਂ ਪ੍ਰਤੀ ਵਫਾਦਾਰ ਰਹਿਣ ਦੀ ਅਪੀਲ ਕੀਤੀ ਜਾਂਦੀ ਰਹੀ।

6. **ਸਿੱਖਿਆ ਅਤੇ ਭਾਸ਼ਾ** : ਫ਼ਾਰਸੀ, ਉਰਦੂ ਅਤੇ ਅੰਗਰੇਜ਼ੀ ਦੇ ਦਬਦਬੇ ਦਾ ਮੁਕਾਬਲਾ ਕਰਦੇ ਹੋਏ, ਗੁਰਮੁਖੀ ਲਿਪੀ ਵਿੱਚ ਪੰਜਾਬੀ ਨੂੰ ਉਤਸ਼ਾਹਿਤ ਕਰਨ ਲਈ ਜ਼ੋਰਦਾਰ ਜ਼ੋਰ ਦਿੱਤਾ ਗਿਆ। ਸਿੰਘ ਸਭਾ ਸੰਸਥਾਵਾਂ ਜਿਵੇਂ ਕਿ ਖਾਲਸਾ ਸਕੂਲ ਸਿੱਖ ਸੱਭਿਆਚਾਰ ਅਤੇ ਭਾਸ਼ਾ ਨੂੰ ਸੁਰੱਖਿਅਤ ਰੱਖਦੇ ਹੋਏ ਆਧੁਨਿਕ ਸਿੱਖਿਆ ਪ੍ਰਦਾਨ ਕਰਨ ਲਈ ਸਥਾਪਿਤ ਕੀਤੀਆਂ ਗਈਆਂ ਸਨ।

ਬ੍ਰਿਟਿਸ਼ ਨੀਤੀਆਂ ਅਤੇ ਸਿੱਖ ਭਾਈਚਾਰੇ ਅੰਦਰ ਵੰਡ

ਸਿੰਘ ਸਭਾ ਲਹਿਰ ਦੇ ਉਭਾਰ ਦੇ ਮੁੱਖ ਕਾਰਨਾਂ ਵਿੱਚੋਂ ਇੱਕ ਇਹ ਵੀ ਸੀ ਕਿ ਬ੍ਰਿਟਿਸ਼ ਬਸਤੀਵਾਦੀ ਸ਼ਾਸਕਾਂ ਨੇ ਅੰਦਰੂਨੀ ਸਿੱਖ ਮੂਵਮੈਂਟ ਨੂੰ ਕਿਵੇਂ ਪ੍ਰਭਾਵਿਤ ਕੀਤਾ, ਖਾਸ ਕਰਕੇ:

1. **ਜੱਟ ਸਿੱਖਾਂ ਦਾ ਪੱਖ ਪੂਰਨਾ** : ਬ੍ਰਿਟਿਸ਼ ਸ਼ਾਸਕਾਂ ਨੇ ਸਿੱਖਾਂ ਨੂੰ ''ਮਾਰਸ਼ਲ ਕੌਮ" ਵਜੋਂ ਸ਼੍ਰੇਣੀਬੱਧ ਕੀਤਾ ਅਤੇ ਬ੍ਰਿਟਿਸ਼ ਭਾਰਤੀ ਫੌਜ ਲਈ ਜੱਟ ਸਿੱਖ ਕਿਸਾਨੀ ਤੋਂ ਭਾਰੀ ਭਰਤੀ ਸ਼ੁਰੂ ਕਰ ਦਿੱਤੀ ਜੱਟ ਸਿੱਖਾਂ ਨੂੰ ਅੰਗਰੇਜ਼ਾਂ ਦੇ ਵਫ਼ਾਦਾਰ, ਸਰੀਰਕ ਤੌਰ 'ਤੇ ਮਜ਼ਬੂਤ ਅਤੇ ਰਾਜਨੀਤਿਕ ਤੌਰ 'ਤੇ ਸਥਿਰ ਮੰਨਿਆ ਜਾਂਦਾ ਸੀ, ਇਸ ਲਈ ਉਨ੍ਹਾਂ ਨੂੰ ਫੌਜੀ ਸੇਵਾ, ਜ਼ਮੀਨੀ ਗ੍ਰਾਂਟਾਂ ਅਤੇ ਜਨਤਕ ਸਨਮਾਨਾਂ ਵਿੱਚ ਪਸੰਦ ਕੀਤਾ ਜਾਂਦਾ ਸੀ। ਇਸ ਨੇ ਸਿੱਖ ਸਮਾਜ ਅੰਦਰ ਜੱਟਾਂ ਦਾ ਦਰਜਾ ਉੱਚਾ ਕੀਤਾ ਅਤੇ ਉਨ੍ਹਾਂ ਨੂੰ ਵਧੇਰੇ ਰਾਜਨੀਤਿਕ ਅਤੇ ਸਮਾਜਿਕ ਪ੍ਰਭਾਵ ਦਿੱਤਾ।

2. **ਮਜ਼ਹਬੀ ਸਿੱਖਾਂ ਲਈ ਵੱਖਰੀਆਂ ਫੌਜੀ ਰੈਜਮੈਂਟਾਂ** : ਬਸਤੀਵਾਦੀ ਅੰਗਰੇਜਾਂ ਨੇ ਸਿੱਖਾਂ ਵਿੱਚ ਜਾਤ ਅਧਾਰਿਤ ਵੰਡਾਂ ਪਾਉਣ ਲਈ ਜੱਟਾਂ ਅਤੇ ਮਜ਼ਹਬੀ ਸਿੱਖਾਂ (ਚੂਹੜੇ ਅਤੇ ਚਮਾਰਾਂ) ਲਈ ਨਾ ਸਿਰਫ ਵੱਖਰੀਆਂ-ਵੱਖਰੀਆਂ ਰੈਜਮੈਂਟਾਂ ਬਣਾਈਆਂ, ਸਗੋਂ ਖਾਣ-ਪੀਣ ਤੇ ਰਹਿਣ ਲਈ ਵੱਖਰੇ ਪ੍ਰਬੰਧ ਕੀਤੇ ਤਾਂ ਕਿ ਜੱਟ ਸਿੱਖਾਂ ਵਿੱਚ ਉਚ ਜਾਤੀ ਹੋਣ ਦਾ ਹੰਕਾਰ ਪੈਦਾ ਕਤਿਾ ਜਾਵੇ। ਇੱਥੋਂ ਤੱਕ ਕਿ ਇਨਫੈਂਟਰੀ (ਪੈਦਲ ਫੌਜੀ ਦਸਤਿਆਂ), ਪਾਈਨੀਅਰ (ਸਭ ਤੋਂ ਮੂਹਰੇ ਹੋ ਕੇ ਲੜਨ ਵਾਲ਼ੇ ਫੌਜੀ ਦਸਤਿਆਂ) ਵਿੱਚ ਮਰਨ ਲਈ ਮਜ਼ਹਬੀ ਸਿੱਖ ਰੱਖੇ।

3. **ਨਾਮਧਾਰੀ ਲੋਕਾਂ ਦਾ ਵਿਰੋਧ ਅਤੇ ਦਮਨ** : ਨਾਮਧਾਰੀ ਲਹਿਰ (ਬਾਬਾ ਰਾਮ ਸਿੰਘ ਦੀ ਅਗਵਾਈ ਵਿੱਚ) ਨੇ ਖਾਲਸਾ ਅਨੁਸ਼ਾਸਨ, ਸ਼ਾਕਾਹਾਰੀ ਅਤੇ ਬ੍ਰਿਟਿਸ਼ ਵਿਰੋਧੀ ਭਾਵਨਾ ਦੀ ਪੁਨਰ ਸੁਰਜੀਤੀ 'ਤੇ ਜ਼ੋਰ ਦਿੱਤਾ। ਉਹ ਕੂਕਾ ਲਹਿਰ ਸਮੇਤ ਬ੍ਰਿਟਿਸ਼ ਸ਼ਾਸਨ ਦੇ ਸ਼ੁਰੂਆਤੀ ਵਿਰੋਧ ਵਿੱਚ ਸ਼ਾਮਲ ਸਨ, ਜਿਸ ਕਾਰਨ ਹਿੰਸਕ ਟਕਰਾਅ ਹੋਏ। ਨਤੀਜੇ ਵਜੋਂ, ਅੰਗਰੇਜ਼ਾਂ ਨੇ ਨਾਮਧਾਰੀਆਂ ਨੂੰ ਸਖ਼ਤੀ ਨਾਲ ਦਬਾ ਦਿੱਤਾ, ਇੱਥੋਂ ਤੱਕ ਕਿ 1870 ਦੇ ਦਹਾਕੇ ਵਿੱਚ ਕੁਝ ਮੈਂਬਰਾਂ ਨੂੰ ਜਨਤਕ ਤੌਰ 'ਤੇ ਫਾਂਸੀ ਵੀ ਦਿੱਤੀ ਗਈ। ਤੋਪ ਦੇ ਗੋਲ਼ਿਆਂ ਅੱਗੇ ਬੰਨ੍ਹ ਕੇ ਉਡਾਏ ਗਏ। ਨਾਮਧਾਰੀਆਂ ਨੂੰ ਸਿੱਖ ਧਰਮ ਵਿਰੋਧੀ ਫਿਰਕਾ ਗਰਦਾਨਿਆ ਗਿਆ, ਜੋ ਹੁਣ ਤੱਕ ਜਾਰੀ ਹੈ। ਅਜਿਹਾ ਪ੍ਰਚਾਰ ਕਰਨ ਵਿੱਚ ਸਿੰਘ ਸਭਾ ਲਹਿਰ, ਚੀਫ ਖਾਲਸਾ ਦੀਵਾਨ ਅਤੇ ਬਾਅਦ ਵਿੱਚ ਸ਼੍ਰੋਮਣੀ ਕਮੇਟੀ ਦੀ ਅਹਿਮ ਭੂਮਿਕਾ ਰਹੀ। ਜਿਸਦੇ ਨਤੀਜੇ ਵਜੋਂ ਹੁਣ ਉਨ੍ਹਾਂ ਦਾ ਸਿੱਖ ਸਮਾਜ ਵਿੱਚ ਕੋਈ ਪ੍ਰਭਾਵ ਨਹੀਂ ਰਿਹਾ। ਸਿੱਖ ਆਦਰਸ਼ਾਂ ਪ੍ਰਤੀ ਡੂੰਘੀ ਵਚਨਬੱਧਤਾ ਦੇ ਬਾਵਜੂਦ, ਨਾਮਧਾਰੀਆਂ ਨੂੰ ਬ੍ਰਿਟਿਸ਼ ਸ਼ਾਸਨ ਦੌਰਾਨ ਮੁੱਖਧਾਰਾ ਦੀ ਸਿੱਖ ਮਾਨਤਾ ਤੋਂ ਬਾਹਰ ਰੱਖਿਆ ਗਿਆ ਸੀ।

1857 ਦੇ ਵਿਦਰੋਹ ਤੋਂ ਬਾਅਦ, ਅੰਗਰੇਜ਼ ਹਿੰਦੂ ਅਤੇ ਮੁਸਲਿਮ ਫੌਜਾਂ 'ਤੇ ਬਹੁਤ ਸ਼ੱਕ ਕਰਨ ਲੱਗ ਪਏ ਸਨ, ਜਿਨ੍ਹਾਂ ਨੇ ਬਗਾਵਤ ਵਿੱਚ ਵੱਡੇ ਪੱਧਰ 'ਤੇ ਹਿੱਸਾ ਲਿਆ ਸੀ। ਇਸਦੇ ਉਲਟ, ਸਿੱਖਾਂ (ਖਾਸ ਕਰਕੇ ਜੱਟ ਸਿੱਖਾਂ) ਨੂੰ ਉਨ੍ਹਾਂ ਦੀ ਵਫ਼ਾਦਾਰੀ ਲਈ ਇਨਾਮ ਦਿੱਤੇ ਗਏ ਅਤੇ ਬ੍ਰਿਟਿਸ਼ ਭਾਰਤੀ ਫੌਜ ਵਿੱਚ ਭਾਰੀ ਭਰਤੀ ਕੀਤੀ ਗਈ। ਵੱਡੇ-ਵੱਡੇ ਸਨਮਾਨਾਂ ਦੇ ਨਾਲ਼-ਨਾਲ਼ 'ਵਾਰ ਦੇ ਇਲਾਕਿਆਂ' (ਅੰਗਰੇਜ਼ਾਂ ਵਲੋਂ ਵੱਡੀ ਗਿਣਤੀ ਵਿੱਚ ਉਨ੍ਹਾਂ ਲਈ ਲੜਨ ਵਾਲ਼ੇ ਸਿੱਖਾਂ ਨੂੰ ਹੁਣ ਦੇ ਪਾਕਿਸਤਾਨ ਵਾਲ਼ੀ ਸਾਈਡ ਵਿੱਚ ਲਾਇਲਪੁਰ, ਸਿਆਲਕੋਟ, ਮਿੰਟਗੁਮਰੀ, ਸ਼ੈਖ਼ੂਪੁਰਾ, ਸਰਗੋਧਾ, ਗੁੱਜਰਾਂਵਾਲ਼ਾ ਆਦਿ ਉਨ੍ਹਾਂ ਇਲਾਕਿਆਂ ਵਿੱਚ ਵਸਾਇਆ, ਜਿੱਥੇ ਉਨ੍ਹਾਂ ਨਹਿਰੀ ਪਾਣੀ ਦਾ ਪ੍ਰਬੰਧ ਕਰ ਦਿੱਤਾ ਸੀ) ਵਿੱਚ ਵੱਡੀਆਂ ਜਮੀਨਾਂ ਅਲਾਟ ਕੀਤੀਆਂ ਗਈਆਂ। ਯਾਦ ਰਹੇ ਪੰਜਾਬੀਆਂ ਵਿੱਚ ਇਸਨੂੰ 'ਵਾਰ' ਦੇ ਇਲਾਕੇ ਇਸ ਕਰਕੇ ਜਿਹਾ ਜਾਂਦਾ ਹੈ ਕਿਉਂਕਿ ਇਨ੍ਹਾਂ ਇਲਾਕਿਆਂ ਅੰਗਰੇਜੀ ਸਿੱਖ ਫੌਜਾਂ ਵਿੱਚ ਜੰਗਾਂ ਲੜਨ ਵਾਲ਼ੇ ਫੌਜੀਆਂ ਨੂੰ ਖਾਸ ਸਹੂਲਤਾਂ ਦੇ ਕੇ ਵਸਾਇਆ ਗਿਆ ਸੀ। ਆਪਣੀ ਨਿਰੰਤਰ ਵਫ਼ਾਦਾਰੀ ਨੂੰ ਯਕੀਨੀ ਬਣਾਉਣ ਲਈ, ਅੰਗਰੇਜ਼ਾਂ ਨੇ ਖਾਸ ਤੌਰ 'ਤੇ ਸਿੱਖ ਸੈਨਿਕਾਂ ਵਿੱਚ ਦਿਖਾਈ ਦੇਣ ਵਾਲੀ ਬਾਹਰੀ ਸਰੀਰਕ ਸਿੱਖ ਧਾਰਮਿਕ ਪਛਾਣ (ਪੱਗ, ਦਾਹੜੀ, ਪੰਜ ਕਕਾਰ ਆਦਿ) ਨੂੰ ਉਤਸ਼ਾਹਿਤ ਕਰਨਾ ਅਤੇ ਸਖਤੀ ਨਾਲ਼ ਲਾਗੂ ਕਰਨਾ ਸ਼ੁਰੂ ਕਰ ਦਿੱਤਾ। ਇਸ ਤੋਂ ਪਹਿਲਾਂ ਸਿੱਖਾਂ ਵਿੱਚ ਅਜਿਹੀ ਬਾਹਰੀ ਦਿੱਖ ਵਾਲ਼ੀ ਪਹਿਚਾਣ ਦੀ ਕੋਈ ਬਹੁਤੀ ਮਹੱਤਤਾ ਨਹੀਂ ਸੀ।ਅਜਿਹੀ ਦਿੱਖ ਜਿਆਦਾਤਰ ਉਹ ਖਾਲਸੇ ਹੀ ਰੱਖਦੇ ਸਨ, ਜਿਹੜੇ ਪੰਜ ਹਥਿਆਰੀ ਹੁੰਦੇ ਸਨ, ਜੋ ਘਰ-ਬਾਰ ਛੱਡ ਕੇ ਮੁਗਲਾਂ ਖਿਲਾਫ ਵਲੰਟੀਅਰ ਲੜਦੇ ਸਨ। ਇਨ੍ਹਾਂ ਵਿੱਚੋਂ ਹੀ ਥੋੜੇ ਬਾਅਦ ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਫੌਜ ਦੇ ਤਨਖਾਹਦਾਰ ਮੁਲਾਜਮ ਬਣੇ। ਉਸਦੇ ਰਾਜ ਵਿੱਚ ਵੀ ਬਹੁਤੇ ਖਾਲਸੇ (ਬੁੱਢਾ ਦਲ ਤੇ ਤਰਨਾ ਦਲ ਦੇ ਨਿਹੰਗ) ਬਿਨਾਂ ਤਨਖਾਹ ਹੀ ਲੜਦੇ ਸਨ। ਉਨ੍ਹਾਂ ਸਮਿਆਂ ਵਿੱਚ ਥੋੜੇ ਲੋਕ ਹੀ ਸ਼ਸਤਰਧਾਰੀ ਖਾਲਸੇ ਹੁੰਦੇ ਸਨ। ਬਹੁ-ਗਿਣਤੀ ਆਮ ਲੋਕ ਨਾਨਕ ਪੰਥੀ ਕਹਾਏ ਜਾਂਦੇ ਸਨ। ਪੰਜ ਕਕਾਰੀ ਰਹਿਤ ਵੀ ਸਿੰਘ ਸਭਾ ਦੇ ਦੌਰ ਵਿੱਚ ਹੀ ਸ਼ੁਰੂ ਕੀਤੀ ਗਈ ਸੀ। ਉਸ ਤੋਂ ਪਹਿਲਾਂ ਸ਼ਾਸਤਰਧਾਰੀ ਵਿਅਕਤੀ ਖਾਲਸਾ ਸੀ।

ਅੰਗਰੇਜ਼ਾਂ ਨੇ ਆਪਣੀਆਂ ਸਿੱਖ ਰੈਜਮੈਂਟਾਂ ਵਿੱਚ ਪੰਜ ਸਿੱਖ ਚਿੰਨ੍ਹਾਂ (ਕੇਸ, ਕੜਾ, ਕਿਰਪਾਨ, ਕੰਘਾ, ਕਛਹਿਰਾ ਆਦਿ) ਨੂੰ ਨਿਰਧਾਰਤ ਕਰਕੇ ਪਹਿਨਣ ਲਈ ਉਤਸ਼ਾਹਿਤ ਕੀਤਾ ਗਿਆ। ਗੁਰੂ ਗ੍ਰੰਥ ਸਾਹਿਬ ਨੂੰ ਫੌਜੀ ਕੈਂਪਾਂ ਵਿੱਚ ਲਿਜਾਣ ਦੀ ਇਜਾਜ਼ਤ ਦਿੱਤੀ ਗਈ ਅਤੇ ਇੱਥੋਂ ਤੱਕ ਕਿ ਉਤਸ਼ਾਹਿਤ ਵੀ ਕੀਤਾ ਗਿਆ ਕਿ ਸਿੱਖ ਰੈਜੀਮੈਂਟਾਂ ਦੇ ਅੰਦਰ ਅਧਿਕਾਰਤ ਤੌਰ 'ਤੇ ਸਿੱਖ ਧਾਰਮਿਕ ਸਮਾਰੋਹ ਆਯੋਜਿਤ ਕੀਤੇ ਗਏ। ਕੱਟੜਪੰਥੀ ਜਾਂ ਬ੍ਰਿਟਿਸ਼ ਵਿਰੋਧੀ ਤੱਤਾਂ (ਜਿਵੇਂ ਕਿ ਨਾਮਧਾਰੀਆਂ) ਨੂੰ ਦਬਾਉਂਦੇ ਹੋਏ, ਬਸਤੀਵਾਦੀ ਨਿਯੰਤਰਣ ਨਾਲ ਜੁੜੀਆਂ ਸਿੱਖ ਸੰਸਥਾਵਾਂ (ਸਿੰਘ ਸਭ ਅਤੇ ਬਾਅਦ ਵਿੱਚ ਚੀਫ ਖਾਲਸਾ ਦੀਵਾਨ ਅਤੇ ਸ਼੍ਰੋਮਣੀ ਕਮੇਟੀ ਆਦਿ) ਨੂੰ ਉਤਸ਼ਾਹਿਤ ਕੀਤਾ ਗਿਆ। ਉਨ੍ਹਾਂ ਨੂੰ ਖਾਲਸਾ ਸਕੂਲ, ਖਾਲਸਾ ਕਾਲਜ ਅਤੇ ਹੋਰ ਸਿੱਖ ਸੰਸਥਾਵਾਂ ਖੋਲਣ ਦੀ ਖੁੱਲ੍ਹ ਦਿੱਤੀ ਗਈ।

**ਅੰਗਰੇਜ਼ਾਂ ਦਾ ਉਦੇਸ਼:** ਉਨ੍ਹਾਂ ਦਾ ਉਦੇਸ਼ ਧਾਰਮਿਕ ਸਤਿਕਾਰ ਨਹੀਂ ਸੀ, ਸਗੋਂ ਸਿੱਖਾਂ ਦਾ ਰਾਜਨੀਤਿਕ ਨਿਯੰਤਰਣ ਕਰਨਾ ਸੀ। ਇੱਕ ਵੱਖਰੀ ਸਿਰਫ ਬਾਹਰੀ ਦਿੱਖ ਵਾਲ਼ੀ ਸਿੱਖ ਪਛਾਣ ਨੂੰ ਉਤਸ਼ਾਹਿਤ ਕਰਕੇ, ਅੰਗਰੇਜ਼ਾਂ ਨੂੰ ਉਮੀਦ ਸੀ ਕਿ ਉਹ ਸਿੱਖਾਂ ਨੂੰ ਹਿੰਦੂਆਂ ਅਤੇ ਮੁਸਲਮਾਨਾਂ ਤੋਂ ਅਲੱਗ ਕਰ ਦੇਣਗੇ। ਉਹ ਸਿੱਖਾਂ ਨੂੰ ਬਸਤੀਵਾਦੀ ਢਾਂਚੇ ਨਾਲ ਡੂੰਘਾ ਲਗਾਅ ਰੱਖਣ ਵਾਲਾ ਇੱਕ ਵਫ਼ਾਦਾਰ, ਫੌਜੀ ਸਮੂਹ ਬਣਾਉਣਾ ਚਾਹੁੰਦੇ ਸਨ। ਜਿਸਨੂੰ ਉਹ ਦੁਨੀਆਂ ਬਰ ਵਿੱਚ ਵਰਤ ਸਕੇ ਅਤੇ ਉਨ੍ਹਾਂ ਨੇ ਦੋਨੋਂ ਸੰਸਾਰ ਜੰਗਾਂ ਵਿੱਚ ਸਿੱਖਾਂ ਨੂੰ ਖੂਬ ਵਰਤਿਆ ਸੀ। ਉਹ ਭਾਰਤੀ ਭਾਈਚਾਰਿਆਂ ਨੂੰ ਧਾਰਮਿਕ ਤੇ ਜਾਤੀ ਲੀਹਾਂ 'ਤੇ ਵੰਡ ਕੇ ਏਕੀਕ੍ਰਿਤ ਵਿਦਰੋਹਾਂ ਨੂੰ ਰੋਕਣਾ ਚਾਹੁੰਦੇ ਸਨ। ਇਸ ਉਨ੍ਹਾਂ ਦੀ ਕਲਾਸਿਕ ਫੁੱਟ ਪਾਓ ਅਤੇ ਰਾਜ ਕਰੋ ਰਣਨੀਤੀ ਦਾ ਅਹਿਮ ਹਿੱਸਾ ਸੀ।ਬਾਹਰੀ (ਦਾਹੜੀ, ਪੱਗ, ਪੰਜ ਕਕਾਰ ਆਦਿ ਵਾਲ਼ੀ) ਸਿੱਖ ਪਛਾਣ ਨੂੰ ''ਕੱਟੜਪੰਥੀ ਬਣਾਓ'' ਜਾਂ ਫੌਜੀਕਰਨ ਕਰੋ, ਪਰ ਸਾਮਰਾਜੀ ਨਿਯੰਤਰਣ ਅਧੀਨ-ਖਾਲਸਾਈ ਆਦਰਸ਼ਾਂ ਨੂੰ ਸਾਮਰਾਜ ਲਈ ਇੱਕ ਸੰਦ ਵਿੱਚ ਬਦਲਣਾ।

**ਸਿੱਖਾਂ ਵਿੱਚ ਪ੍ਰਭਾਵ ਅਤੇ ਪ੍ਰਤੀਕਿਰਿਆ:** ਜਦੋਂ ਕਿ ਸਿੱਖ ਸਮਾਜ ਦੇ ਕੁਝ ਵਰਗਾਂ ਨੇ ਬ੍ਰਿਟਿਸ਼ ਪੱਖ ਤੋਂ ਪ੍ਰਾਪਤ ਵਕਾਰ ਅਤੇ ਲਾਭਾਂ ਦੀ ਕਦਰ ਕੀਤੀ, ਦੂਜਿਆਂ ਨੇ ਇਸ ਰਣਨੀਤੀ ਨੂੰ ਨਾ ਸਮਝਿਆ।ਬਾਹਰੀ ਲੋਕਾਂ ਦੁਆਰਾ ਸਿੱਖ ਪ੍ਰੰਪਰਾਵਾਂ ਨੂੰ ਮਰਿਯਾਦਾ ਬਣਾ ਕੇ ਸੰਸਥਾਗਤ ਰੂਪ ਦੇਣ ਦੇ ਤਰੀਕੇ ਵਿੱਚ ਹੇਰਾਫੇਰੀ ਅਤੇ ਪ੍ਰਮਾਣਿਕਤਾ ਦੇ ਨੁਕਸਾਨ ਨੂੰ ਬਹ-ਗਿਣਤੀ ਸਿੱਖ ਸਮਝ ਨਹੀਂ ਸਕੇ।ਉਹ ਅੰਗਰੇਜ਼ਾਂ ਤੋਂ ਮਿਲ਼ ਰਹੇ ਲਾਭਾਂ ਤੋਂ ਹੀ ਬਹੁਤ ਪ੍ਰਭਾਵਤ ਸਨ, ਖਾਸਕਰ ਖੜਾ ਕੀਤਾ ਗਿਆ ਨਵਾਂ ਉਚ ਵਰਗ। ਇਸ ਸਹਿਯੋਗ ਨੇ ਬ੍ਰਿਟਿਸ਼ਰ ਪ੍ਰਤੀ ਵਫ਼ਾਦਾਰ ਸਿੰਘ ਸਭਾ ਸੁਧਾਰਕਾਂ ਦੇ ਉਭਾਰ ਵਿੱਚ ਯੋਗਦਾਨ ਪਾਇਆ।

**ਹੋਰ ਭਾਈਚਾਰਿਆਂ 'ਤੇ ਪ੍ਰਭਾਵ:** ਫੌਜ ਵਿੱਚ ਸਿੱਖ ਵਿਲੱਖਣਤਾ ਦੇ ਬ੍ਰਿਟਿਸ਼ ਪ੍ਰਚਾਰ ਨੇ ਹਿੰਦੂਆਂ ਅਤੇ ਮੁਸਲਮਾਨਾਂ ਵਿੱਚ ਨਾਰਾਜ਼ਗੀ ਪੈਦਾ ਕੀਤੀ, ਜਿਨ੍ਹਾਂ ਨੂੰ ਲਗਦਾ ਸੀ ਕਿ ਸਿੱਖਾਂ ਨੂੰ ਵਿਸ਼ੇਸ਼ ਅਧਿਕਾਰ ਦਿੱਤੇ ਜਾ ਰਹੇ ਹਨ। ਇਸਨੇ ਧਾਰਮਿਕ ਅਵਿਸ਼ਵਾਸ ਬੀਜਿਆ ਅਤੇ ਫਿਰਕੂ ਵੰਡਾਂ ਵਿੱਚ ਯੋਗਦਾਨ ਪਾਇਆ, ਖਾਸ ਕਰਕੇ ਪੰਜਾਬ ਵਿੱਚ। ਇਹੀ ਬ੍ਰਿਟਿਸ਼ ਹਾਕਮ ਚਾਹੁੰਦੇ ਸਨ। ਬੇਸ਼ੱਕ ਕਾਹਲੀ ਵਿੱਚ ਦੇਸ਼ ਛੱਡਣ ਮੌਕੇ ਉਹ ਨਵੀਂ ਸਿੱਖ ਲੀਡਰਸ਼ਿਪ ਦੀ ਹਿੰਦੂਆਂ ਪ੍ਰਤੀ ਸਦੀਆਂ ਦੀ ਮੋਹ ਦੀ ਸਾਂਝ ਦੀ ਦੁਬਿਧਾ ਕਾਰਨ ਭਾਰਤ ਨੂੰ ਦੋ ਦੀ ਥਾਂ ਤਿੰਨ ਹਿੱਸਿਆਂ ਵਿੱਚ ਨਹੀਂ ਵੰਡ ਸਕੇ, ਪਰ ਪੰਜਾਬ ਨੂੰ ਦੋ ਹਿੱਸਿਆਂ ਵਿੱਚ ਵੰਡਣ ਵਿੱਚ ਜਰੂਰ ਕਾਮਯਾਬ ਹੋਏ। ਜਿਸਦੇ ਨਤੀਜੇ ਵਜੋਂ ਸਿੱਖ ਭਾਰਤ ਨਾਲ਼ ਆਪਣੀ ਕਿਸਮਤ ਜੋੜ ਕੇ ਦਿਲੋਂ ਜੁੜ ਨਾ ਸਕੇ, ਆਪਣੀ ਵੱਖਰੀ ਬਾਹਰੀ ਸਰੀਰਕ ਪਛਾਣ ਦੀ ਅੰਗਰੇਜ਼ਾਂ ਵਲੋਂ ਦਿੱਤੀ ਰਾਜਨੀਤੀ ਦਾ ਅੱਜ ਤੱਕ ਸ਼ਿਕਾਰ ਹਨ।

# 1914 ਕਾਮਾਗਾਟਾ ਮਾਰੂ ਜਹਾਜ਼ ਦੀ ਵੈਨਕੂਵਰ ਤੋਂ ਵਾਪਸੀ, 1927 ਰੇਡੀਓ ਤੋਂ ਪਹਿਲਾ ਸਮਾਚਾਰ ਬੁਲੇਟਿਨ ਸ਼ੁਰੂ

23 ਜੁਲਾਈ ਮਾਰਗ ਦਰਸ਼ਕ ਉਹ ਹੁੰਦਾ ਹੈ ਜੋ ਰਸਤਾ ਜਾਣਦਾ ਹੈ, ਉਸ ਉਪਰ ਚੱਲਦਾ ਹੈ 'ਤੇ ਦੂਜਿਆਂ ਨੂੰ ਵੀ ਰਸਤਾ ਵਿਖਾਉਂਦਾ ਹੈ।

23-7-1856 ਲੋਕ ਮਾਨਿਯਾ ਬਾਲ ਗੰਗਾਧਰ ਤਿਲਕ ਦਾ ਜਨਮ।

1906 ਕ੍ਰਾਂਤੀਕਾਰੀ 'ਚੰਦਰ ਸ਼ੇਖਰ' 'ਅਜ਼ਾਦ' ਦਾ ਪਿੰਡ ਭਾਂਵਰਾ ਜ਼ਿਲ੍ਹਾ ਝਾਬੂਆ (MP) ਵਿੱਚ ਜਨਮ।

1914 ਕਾਮਾਗਾਟਾ ਮਾਰੂ ਜਹਾਜ ਦੀ ਵੈਨਕੂਵਰ ਤੋਂ ਵਾਪਸੀ।


1927 ਰੇਡੀਉ ਤੋਂ ਪਹਿਲਾ ਸਮਾਚਾਰ ਬੁਲੇਟਿਨ ਸ਼ੁਰੂ।

1927 ਜਲ੍ਹਿਆਂਵਾਲੇ ਬਾਗ ਵਿੱਚ ਗੋਲੀ ਚਲਾਉਣ ਵਾਲਾ ਬਦਨਾਮ ਫੌਜੀ ਜਨਰਲ ਡਾਇਰ ਦੀ ਬਿਮਾਰੀ ਨਾਲ ਮੌਤ।

2005 ਮਿਸਰ ਦੇ ਰਿਜੋਰਟ ਵਿੱਚ ਬੰਬ ਧਮਾਕਾ 88 ਮਰੇ ਤੇ 200 ਜਖਮੀ ਹੋਏ।

**ਕਾਮਾਗਾਟਾ ਮਾਰੂ ਜਹਾਜ਼ :** ਆਜ਼ਾਦੀ ਦੇ ਇਤਿਹਾਸ ਵਿੱਚ ਕਾਮਾਗਾਟਾ ਮਾਰੂ ਜਹਾਜ਼ ਦੀ ਘਟਨਾ ਬਹੁਤ ਅਹਿਮੀਅਤ ਰੱਖਦੀ ਹੈ ਕੈਨੇਡਾ ਵਿੱਚ ਪੰਜਾਬੀ ਹਿੰਦੀਆਂ ਦੀ ਵੱਧਦੀ ਗਿਣਤੀ ਨੂੰ ਰੋਕਣ ਲਈ ਉਥੋਂ ਦੀ ਸਰਕਾਰ ਨੇ 9-5-1907 ਨੂੰ ਐਲਾਨ ਕੀਤਾ ਕਿ ਕਨੈਡਾ ਵਿੱਚ ਉਹੋ ਹੀ ਦਾਖਲ ਹੋਵੇਗਾ ਜੋ ਭਾਰਤ ਤੋਂ ਸਿੱਧੀ ਟਿਕਟ ਅਤੇ 200 ਡਾਲਰ (600 ਰੁਪਏ) ਲੈ ਕੇ ਆਵੇਗਾ। ਉਹ ਜਾਣਦੇ ਸਨ ਕਿ ਭਾਰਤ ਤੋਂ ਕੋਈ ਸਿੱਧਾ ਜਹਾਜ਼ ਕਨੈਡਾ ਨਹੀਂ ਆਉਂਦਾ,ਬਾਬਾ ਗੁਰਦਿੱਤ ਸਿੰਘ ਜੋ ਸਰਹਾਲੀ (ਜ਼ਿਲ੍ਹਾ ਤਰਨਤਾਰਨ) ਦੇ ਸਨ ਉਸ ਸਮੇਂ ਮਲੇਸ਼ੀਆ ਵਿੱਚ ਵਪਾਰ ਦਾ ਕੰਮ ਕਰਦੇ ਸਨ ਉਨਾਂ ਨੇ ਜਪਾਨੀ ਕੰਪਨੀ ਕੋਲੋਂ 19 ਮਾਰਚ 1914 ਨੂੰ ਐਸ ਐਸ ਕਾਮਾਗਾਟਾਮਾਰੂ ਜਹਾਜ਼ ਛੇ ਮਹੀਨੇ ਲਈ 11000 ਡਾਲਰ ਪ੍ਰਤੀ ਮਹੀਨੇ ਦੇ ਹਿਸਾਬ ਨਾਲ ਪਟੇ ਤੇ ਲੈ ਕੇ 500 ਯਾਤਰੀਆਂ ਸਮੇਤ ਕੋਲਾ ਲੱਦ ਕੇ ਵਪਾਰ ਕਰਨ ਲਈ ਤੁਰਨ ਲੱਗੇ ਤਾਂ ਸਰਕਾਰ ਨੇ ਬਾਬਾ ਜੀ ਨੂੰ ਝੂਠੇ ਕੇਸ 'ਚ 25-3- 1914 ਨੂੰ ਗ੍ਰਿਫਤਾਰ ਕਰ ਲਿਆ ਇਸ ਸਮੇਂ ਪੈਦਾ ਹੋਈ ਹਫੜਾ ਦਫੜੀ ਕਰਕੇ ਬਹੁਤੇ ਮੁਸਾਫਰ ਖਿਸਕ ਗਏ ਅਤੇ ਸਿਰਫ 135 ਮੁਸਾਫਰ ਰਹਿ ਗਏ। ਦੁਬਾਰਾ ਗਵਰਨਰ ਦੀ ਮਨਜ਼ੂਰੀ ਮਿਲਣ ਤੇ ਜਹਾਜ਼ ਵੱਖ-ਵੱਖ ਬੰਦਰਗਾਹਾਂ ਤੋਂ ਕੁਲ 376 ਯਾਤਰੀ ਲੈ ਕੇ 4-4-1914 ਨੂੰ ਕੈਨੇਡਾ ਲਈ ਰਵਾਨਾ ਹੋਇਆ। 17 ਅਪ੍ਰੈਲ ਨੂੰ ਖਾਲਸਾ ਦੀਵਾਨ ਸ਼ੰਘਾਈ ਦੀ ਮੀਟਿੰਗ ਵਿੱਚ ਭਾਰਤ ਦੇ ਵਾਇਸਰਾਏ ਨੂੰ ਬੇਨਤੀ ਕੀਤੀ ਗਈ ਕਿ ਕਾਮਾਗਾਟਾਮਾਰੂ ਜਹਾਜ਼ ਦੇ ਮੁਸਾਫਰਾਂ ਨੂੰ ਉਤਰਨ ਦੀ ਆਗਿਆ ਦੇਣ ਵਾਸਤੇ ਉਥੋਂ ਦੀ ਸਰਕਾਰ ਨੂੰ ਸਲਾਹ ਦਿੱਤੀ ਜਾਵੇ। 1 ਮਈ 1914 ਨੂੰ ਉਸਨੇ ਉਤਰ ਦਿੱਤਾ ਕਿ ਕੈਨੇਡਾ ਦੇ ਕਾਨੂੰਨਾਂ ਮੁਤਾਬਿਕ ਉਹ ਇਸ ਬਾਰੇ ਕੋਈ ਵੀ ਸਹਾਇਤਾ ਕਰਨ ਤੋਂ ਅਸਮਰਥ ਹੈ। ਕੁਝ ਹੋਰ ਸੰਸਥਾਵਾਂ ਲੰਡਨ ਆਲ ਇੰਡੀਆ ਮੁਸਲਿਮ ਲੀਗ ਅਤੇ ਹਾਂਗਕਾਂਗ ਗੁਰਦੁਆਰਾ ਦੀ ਪ੍ਰਬੰਧਕ ਕਮੇਟੀ ਨੇ ਵੀ ਮੁਸਾਫਰਾਂ ਦੇ ਹੱਕ ਵਿਚ ਨਾਅਰਾ ਮਾਰਿਆ। 22-23 ਮਈ ਨੂੰ ਕੈਨੇਡਾ ਦੀ ਬੰਦਰਗਾਹ ਵੈਨਾਕੂਵਰ ਤੋਂ ਪਿਛੇ ਵਾਪਸ ਭੇਜਣ ਵਾਸਤੇ ਰੋਕ ਦਿੱਤਾ ਗਿਆ। ਜਹਾਜ ਵਿੱਚ ਗਿਣਤੀ ਦੇ ਦਿਨਾਂ ਦਾ ਰੱਖਿਆ ਰਾਸ਼ਨ ਖਤਮ ਹੋ ਗਿਆ। ਦੋ ਮਹੀਨੇ ਖਜਲ ਖਰਾਬ ਕਰਨ ਤੇ ਜਹਾਜ਼ ਨੂੰ ਵਾਪਸ ਮੋੜਨ ਲਈ ਰੇਨਬੋ ਜੰਗੀ ਜਹਾਜ਼ ਨੇ ਹਥਿਆਰਾਂ ਸਮੇਤ 21 ਜੁਲਾਈ ਨੂੰ ਘੇਰਾ ਪਾਕੇ ਬੰਦੂਕਾਂ, ਤੋਪਾਂ ਚਲਾਉਣ ਦੀ ਧਮਕੀ ਦਿੱਤੀ, ਜਿਸ ਦੇ ਵਿਰੋਧ 'ਚ ਵੈਨਾਕੂਵਰ ਵਿਚਲੇ ਪੰਜਾਬੀਆਂ ਨੇ ਜਵਾਬੀ ਕਾਰਵਾਈ ਕਰਦਿਆਂ ਸ਼ਹਿਰ ਨੂੰ ਅੱਗ ਲਾਉਣ ਦੀ ਧਮਕੀ ਦੇ ਦਿੱਤੀ। ਅੰਤ ਵਿੱਚ ਸਰਕਾਰ ਨੇ ਜਹਾਜ਼ ਦੇ ਯਾਤਰੀਆਂ ਨੂੰ ਰਾਸ਼ਨ ਦੇ ਕੇ 23 ਜੁਲਾਈ ਨੂੰ ਭਾਰਤ ਵਾਪਸ ਭੇਜਣ ਵਾਸਤੇ ਰਾਜੀ ਕਰ ਲਿਆ, ਜੋ 29 ਸਤੰਬਰ ਨੂੰ ਬਜਬਜ ਘਾਟ (ਕਲਕੱਤਾ) ਪਹੁੰਚਣ ਤੇ ਅੰਗਰੇਜ਼ ਸਰਕਾਰ ਦੀ ਪੁਲਿਸ ਵਲੋਂ ਬਾਬਾ ਜੀ ਅਤੇ ਬਾਕੀ ਮੁਸਾਫਰਾਂ ਨੂੰ ਗ੍ਰਿਫਤਾਰ ਕਰਨ ਲਈ ਹੋਈ ਕਾਰਵਾਈ ਸਮੇਂ ਵਾਪਰੇ ਸਾਕੇ ਵਿਚ 21 ਦੇ ਕਰੀਬ ਮੌਤਾਂ ਤੇ 300 ਤੋਂ ਵੱਧ ਗ੍ਰਿਫਤਾਰੀਆਂ ਹੋਈਆਂ ਅਤੇ ਬਾਬਾ ਜੀ ਤੇ ਕੁਝ ਮੁਸਾਫਰ ਬੱਚ ਨਿਕਲਣ ਵਿੱਚ ਸਫਲ ਹੋ ਗਏ। 18 ਮਈ 2016 ਨੂੰ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਸ ਟਰੂਡੋ ਨੇ ਕਾਮਾਗਾਟਾਮਾਰੂ ਜਹਾਜ਼ ਨੂੰ ਉਸ ਵੇਲੇ ਦੀ ਸਰਕਾਰ ਵਲੋਂ ਵਾਪਸ ਭੇਜਣ ਦੇ ਸਬੰਧ ਵਿਚ ਭਾਰਤੀਆਂ ਤੋਂ ਮੁਆਫੀ ਮੰਗੀ।

**ਕ੍ਰਾਂਤੀਕਾਰੀ ਦੇਸ਼ ਭਗਤ ਚੰਦਰ ਸ਼ੇਖਰ ਅਜ਼ਾਦ :** ਅਜ਼ਾਦ ਦਾ ਜਨਮ 23-7-1906 ਨੂੰ ਪੰਡਤ ਸੀਤਾ ਰਾਮ ਤਿਵਾੜੀ ਦੇ ਘਰ ਮਾਤਾ ਜਗਰਾਣੀ ਦੇਵੀ ਦੀ ਕੁੱਖੋਂ ਪਿੰਡ ਭਾਵਰਾ ਜਿਲਾ ਝਾਬੂਆ (ਐਮ ਪੀ) ਵਿੱਚ ਹੋਇਆ। ਘਰੇਲੂ ਹਾਲਤ ਕਮਜ਼ੋਰ ਹੋਣ ਕਾਰਨ ਰੋਜ਼ਗਾਰ ਦੀ ਤਲਾਸ਼ ਵਿੱਚ ਇਨ੍ਹਾਂ ਦੇ ਪਿਤਾ ਕਈ ਥਾਂ ਗਏ, ਫਿਰ ਪਰਿਵਾਰ ਸਮੇਤ ਅਲੀਰਾਜ ਰਿਆਸਤ ਵਿੱਚ ਜਾ ਵਸੇ। ਅਜ਼ਾਦ ਪੰਜ ਭਰਾਵਾਂ 'ਚੋਂ ਛੋਟੇ ਸਨ। ਸੰਸਕ੍ਰਿਤ ਦੀ ਪੜ੍ਹਾਈ ਲਈ ਬਨਾਰਸ ਚਲੇ ਗਏ। 1921 ਨੂੰ ਨਾ-ਮਿਲਵਰਤਣ ਲਹਿਰ ਵਿੱਚ ਸਾਥੀਆਂ ਸਮੇਤ ਸ਼ਾਮਲ ਹੋ ਗਏ। 15 ਸਾਲ ਦੀ ਉਮਰ ਵਿੱਚ ਉਨਾਂ ਸਰਕਾਰ ਵਿਰੁੱਧ ਨਾ ਮਿਲਵਰਤਣ ਲਹਿਰ ਵਿਰੁੱਧ ਬਨਾਰਸ ਵਿੱਚ ਵੱਡੇ ਜਲੂਸ ਦੀ ਅਗਵਾਈ ਕੀਤੀ, ਜਿਸ ਕਰਕੇ ਉਨਾਂ ਨੂੰ ਮੈਜਿਸਟਰੇਟ ਦੇ ਸਾਹਮਣੇ ਪੇਸ਼ ਕੀਤਾ ਗਿਆ। ਜਦ ਉਸਨੂੰ ਨਾਂ ਤੇ ਪਤਾ ਪੁੱਛਿਆ ਤੇ ਉਨਾਂ ਆਪਣਾ ਨਾਂ 'ਅਜ਼ਾਦ ਤੇ ਪਿਤਾ ਦਾ ਨਾਂ ਸੁੰਤਤਰ ਤੇ ਘਰ ਜੇਲ' ਮੈਜਿਸਟਰੇਟ ਨੇ 15 ਬੈਂਤ ਦੀ ਸਜਾ ਸੁਣਾਈ ਤਾਂ ਜੇਲਰ ਬੰਨ ਕੇ ਸਜਾ ਦੇਣ ਲਗਾ ਤੇ ਉਸਨੇ ਕਿਹਾ ਮੈਨੂੰ ਬੰਨਣ ਦੀ ਲੋੜ ਨਹੀਂ ਹੈ। ਮੇਰੇ ਵਿੱਚ ਸਜ਼ਾ ਸਹਿਣ ਦੀ ਹਿੰਮਤ ਹੈ। ਉਹ 'ਭਾਰਤ ਮਾਤਾ ਜੈ' ਦੇ ਨਾਹਰੇ ਲਾਉਂਦਾ ਰਿਹਾ ਤੇ ਬੈਂਤ ਵਜਦੇ ਰਹੇ। ਜਲ੍ਹਿਆਂਵਾਲੇ ਬਾਗ 'ਚ ਅੰਗਰੇਜ਼ਾਂ ਵਲੋਂ ਕੀਤੀ ਕਤਲੋਗਾਰਤ ਪਿਛੋਂ ਅਜ਼ਾਦੀ ਦੀ ਜੰਗ ਵਿੱਚ ਕੁੱਦ ਪਿਆ। ਕਾਨਪੁਰ ਵਿੱਚ ਸ਼ਹੀਦ ਭਗਤ ਸਿੰਘ ਤੇ ਹੋਰ ਸਾਥੀਆਂ ਨਾਲ ਰਲ ਕੇ ਕੰਮ ਕਰਨ ਲਗੇ। ਉਨ੍ਹਾਂ ਪਾਰਟੀ ਫੰਡ ਲਈ ਡਾਕੇ ਵੀ ਮਾਰੇ ਤੇ ਖਾਸ ਕਰਕੇ 9-8-1925 ਨੂੰ ਲਖਨਊ ਨੇੜੇ ਕੋਕਰੀ ਤੇ ਆਲਮ ਨਗਰ ਵਿਚਕਾਰ ਚਲਦੀ ਰੇਲ ਗਡੀ ਵਿੱਚ ਡਾਕਾ ਮਾਰਿਆ, ਜਿਸ ਵਿੱਚ ਬਹੁਤ ਸਾਰਾ ਸਰਕਾਰੀ ਖਜ਼ਾਨਾ ਹੱਥ ਲਗਾ। ਚੰਦਰ ਸ਼ੇਖਰ ਅਜ਼ਾਦ ਭੇਸ ਬਦਲ ਕੇ ਝਾਂਸੀ ਚਲੇ ਗਏ। 6-4-1927 ਨੂੰ ਕੇਸ ਦੇ ਹੋਏ ਫੈਸਲੇ ਮੁਤਾਬਿਕ ਪੰਡਤ ਰਾਮ ਪ੍ਰਸ਼ਾਦਿ ਬਿਸਮਿਲ, ਰਾਜਿੰਦਰ ਨਾਥ ਲਹਿਰੀ, ਰੋਸ਼ਨ ਸਿੰਘ ਤੇ ਅਸ਼ਫਾਕ ਉਲਾ ਨੂੰ ਫਾਂਸੀ ਦਿੱਤੀ ਗਈ। ਬਾਕੀ ਇਨਕਲਾਬੀਆਂ ਨੂੰ 5 ਤੋਂ 14 ਸਾਲ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ। ਚੰਦਰ ਸ਼ੇਖਰ ਅਜ਼ਾਦ ਨੇ ਸਾਥੀਆਂ ਨਾਲ ਰਲ ਕੇ 8 ਤੇ 9 ਸਤੰਬਰ 1928 ਨੂੰ ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕਨ ਐਸੋਸੀਏਸ਼ਨ ਬਣਾਈ ਗਈ। ਜਿਸਦਾ ਕਮਾਂਡਰ ਇਨ ਚੀਫ ਅਜ਼ਾਦ ਨੂੰ ਬਣਾਇਆ ਗਿਆ। ਇਨ੍ਹਾਂ ਦਾ ਉਦੇਸ਼ ਸੀ 'ਹਥਿਆਰਬੰਦ ਇਨਕਲਾਬ ਰਾਹੀਂ ਅਜ਼ਾਦੀ ਹਾਸਲ ਕਰਨਾ ਤੇ ਇਸ ਲਈ ਬੰਬ ਬਣਾਉਣੇ ਤੇ ਸਰਕਾਰੀ ਖਜਾਨੇ ਲੁੱਟਣੇ।' 1928 ਵਿੱਚ ਲਾਲਾ ਲਾਜਪਤ ਰਾਏ ਦਾ ਬਦਲਾ ਲੈਣ ਸਮੇਂ ਜਦ ਭੁਲੇਖੇ ਵਿੱਚ ਸਾਂਡਰਸ ਮਾਰਿਆ ਸੀ ਤਾਂ ਉਸ ਸਮੇ ਚੰਨਣ ਸਿੰਘ ਸਿਪਾਹੀ ਸ਼ਹੀਦ ਭਗਤ ਸਿੰਘ ਤੇ ਰਾਜਗੁਰੂ ਦਾ ਪਿੱਛਾ ਕਰਨ ਤੋਂ ਰੋਕਣ ਦੇ ਬਾਵਜੂਦ ਨਾ ਰੁਕਿਆ ਤਾਂ ਚੰਦਰ ਸ਼ੇਖਰ ਅਜ਼ਾਦ ਨੇ ਗੋਲੀਆਂ ਮਾਰਕੇ ਮਾਰ ਦਿਤਾ ਸੀ। ਫਿਰ ਦੂਜੇ ਸਾਥੀਆਂ ਵਾਂਗ ਭੇਸ ਬਦਲ ਕੇ ਮਥੁਰਾ ਪਹੁੰਚ ਗਿਆ। ਉਨ੍ਹਾਂ ਦੀ ਅਸੈਂਬਲੀ ਬੰਬ ਕੇਸ ਵਿਚ ਸ਼ਹੀਦ ਭਗਤ ਸਿੰਘ ਤੇ ਬੀ ਕੇ ਦੱਤ ਨੂੰ ਜੇਲ ਵਿਚੋਂ ਛਡਾਉਣ ਦੀ ਸਕੀਮ ਭਗਵਤੀ ਚਰਨ ਵੋਹਰਾ ਦੇ ਸ਼ਹੀਦ ਹੋਣ ਕਾਰਣ ਸਿਰੇ ਨਾ ਚੜੀ। ਅਜ਼ਾਦ ਦੀ ਗਿਰਫਤਾਰੀ ਲਈ 5,000 ਰੁ ਇਨਾਮ ਰੱਖਿਆ ਸੀ। 1930 ਵਿੱਚ ਵਾਇਸਰਾਏ ਦੀ ਗੱਡੀ ਉਲਟਾਉਣ 'ਚ ਵੀ ਉਹ ਸ਼ਾਮਲ ਸਨ, ਉਨ੍ਹਾਂ 26-1-1930 ਨੂੰ ਫਿਲਾਸਫੀ ਆਫ ਬੰਬ ਦੇ ਇਸ਼ਤਹਾਰ ਵੰਡੇ। 27-2-1931 ਨੂੰ ਇਲਾਹਬਾਦ ਦੇ ਐਲਫਰੈਡ ਪਾਰਕ ਵਿੱਚ ਸਾਥੀਆਂ ਨੂੰ ਮਿਲਣ ਆਏ ਤਾਂ ਕਿਸੇ ਨੇ ਅੰਗਰੇਜ਼ਾਂ ਨੂੰ ਸੂਚਨਾ ਦੇ ਦਿੱਤੀ ਤੇ 40 ਹਥਿਆਰਬੰਦ ਪੁਲੀਸ ਵਾਲਿਆਂ ਵਲੋਂ ਘੇਰਾ ਪੈਣ ਤੇ ਸੁਖਦੇਵ ਨੂੰ ਪਹਿਲਾਂ ਭਜਾ ਦਿੱਤਾ। ਐਸ ਪੀ ਨਾਟਬਾਵਰ ਦੇ ਜਖ਼ਮੀ ਹੋਣ ਤੇ ਐਸ ਪੀ ਬਸ਼ੇਸਰ ਸਿੰਘ ਨੇ ਘੇਰਾ ਪਾ ਕੇ ਗੋਲੀਆਂ ਦਾ ਮੀਂਹ ਵਰਾ ਦਿਤਾ। 32 ਮਿੰਟ ਗੋਲੀ ਚਲਦੀ ਰਹੀ। ਅਜ਼ਾਦ ਰੁੱਖ ਉਹਲੇ ਪਿਸਤੌਲ ਨਾਲ ਆਖਰੀ ਗੋਲੀ ਤੱਕ ਮੁਕਾਬਲਾ ਕਰਦਾ ਰਿਹਾ। ਉਸ ਨੇ ਪਿਸਤੌਲ ਨੂੰ ਆਪਣੀ ਪੁੜਪੜੀ ਤੇ ਰੱਖ ਕੇ ਆਖਰੀ ਗੋਲੀ ਚਲਾਕੇ ਸ਼ਹਾਦਤ ਪ੍ਰਾਪਤ ਕਰ ਲਈ। ਪੁਲਿਸ ਲਾਸ਼ ਚੁੱਕਣ ਤੋਂ ਵੀ ਡਰਦੀ ਸੀ ਕਿਤੇ ਅਜ਼ਾਦ ਜਿਉਂਦਾ ਨਾ ਹੋਵੇ। ਉਹ ਆਮ ਤੌਰ 'ਤੇ ਗੁਣਗਣਾਉਂਦਾ ਹੁੰਦਾ ਸੀ, 'ਦੁਸ਼ਮਣੋਂ ਕੀ ਗੋਲੀਆਂ ਕਾ ਸਾਹਮਣਾ ਕਰੇਂਗੇ, ਅਜ਼ਾਦ ਹਮ ਅਜ਼ਾਦ ਹੀ ਰਹੇਂਗੇ।' ਉਸਦਾ ਪਿਸਤੌਲ ਹੁਣ ਵੀ ਇਲਾਹਬਾਦ ਦੇ ਮਿਊਜੀਅਮ ਵਿਚ ਰਖਿਆ ਹੋਇਆ ਹੈ।




**ਮੁਖਵਿੰਦਰ ਚੋਹਲਾ ਮਰਹੂਮ**
**ਚਲੰਤ ਮਾਸਟਰ ਕੁਲਵੰਤ ਸਿੰਘ**
**ਤਰਨਤਾਰਨ**












# ਸ਼ਹੀਦ ਕਾਮਰੇਡ ਅਵਤਾਰ ਢੁੱਡੀਕੇ ਨੂੰ ਯਾਦ ਕਰਦਿਆਂ....

ਕਾਮਰੇਡ ਅਵਤਾਰ ਨੌਜਵਾਨ ਭਾਰਤ ਸਭਾ ਦਾ ਸਿਰ ਕੱਢ ਆਗੂ ਸੀ। ਲੋਕ ਸੰਘਰਸ਼ਾਂ ਵਿਚ ਅੱਗੇ ਹੋ ਕੇ ਲੜਦਾ ਸੀ। ਭਾਵੇਂ ਉਹ ਕੋਕਰੀ ਕਲਾਂ ਡਾਕਖਾਨੇ ਵਿੱਚ ਸਰਕਾਰੀ ਨੌਕਰੀ ਤੇ ਤਾਇਨਾਤ ਸੀ। ਪਰ, ਨੌਕਰੀ ਦੇ ਨਾਲ ਨਾਲ ਉਸਨੇ ਇਨਕਲਾਬੀ ਸਰਗਰਮੀਆਂ ਵੀ ਜਾਰੀ ਰੱਖੀਆਂ।

ਉਸ ਦੇ ਪਿੰਡ ਵਿੱਚ ਅੰਮ੍ਰਿਤਸਰ ਜ਼ਿਲ੍ਹੇ ਦੀ ਇੱਕ ਨਰਸ ਹਸਪਤਾਲ ਵਿੱਚ ਨੌਕਰੀ ਕਰਦੀ ਸੀ ਅਤੇ ਉਸ ਦੀ ਰਿਹਾਇਸ਼ ਪਿੰਡ ਵਿੱਚ ਹੀ ਸੀ। ਕਾਮਰੇਡ ਅਵਤਾਰ ਦੇ ਗਵਾਂਡ ਵਿੱਚ ਰਹਿੰਦੇ ਗਲਤ ਅਨਸਰ ਸੀਤੇ ਦਾ ਭਰਾ, ਦੋ ਹੋਰਾਂ ਨੂੰ ਨਾਲ ਲੈਕੇ ਨਰਸ ਦੇ ਘਰ ਅੰਦਰ ਗਿਆ ਅਤੇ ਨਰਸ ਦੀ ਆਬਰੂ ਰੋਲਣ ਦੀ ਕੋਸ਼ਿਸ਼ ਕੀਤੀ। ਨੌਜਵਾਨ ਭਾਰਤ ਸਭਾ ਨੇ ਇਸ ਗੁੰਡਾਗਰਦੀ ਦੇ ਖਿਲਾਫ ਪਿੰਡ ਵਿੱਚ ਮੁਜ਼ਾਹਰਾ ਕੀਤਾ। ਗੁੰਡੇ ਨੂੰ ਪੰਚਾਇਤ ਵਿੱਚ ਦੋਸ਼ੀ ਵਜੋਂ ਖੜ੍ਹਾ ਕਰਕੇ ਮਾਮਲਾ ਨਿਬੇੜ ਦਿੱਤਾ। ਪਰ ਉਸਦਾ ਗੁੰਡਾਬਿਰਤੀ ਵਾਲਾ ਵੱਡਾ ਭਰਾ-ਸੀਤਾ-ਪਿੰਡ ’ਚ ਮੁਜ਼ਾਹਰਾ ਕਰਨ ਵਾਲੇ ਨੌਜਵਾਨ ਭਾਰਤ ਸਭਾ ਦੇ ਆਗੂਆਂ ਤੋਂ ਇਸ ਦਾ ਬਦਲਾ ਲੈਣ ਲਈ, ਮੌਕੇ ਦੀ ਭਾਲ ਕਰਨ ਲੱਗਾ। ਅਪ੍ਰੈਲ 1983 ਵਿੱਚ ਸੀਤੇ ਨੇ ਹੱਥ ਰਾਈਫਲ ਫੜਕੇ, ਬਿੱਕਰ ਸਿੰਘ ਚੂਹੜਚੱਕ ਦੇ ਅਜਿੱਤਵਾਲ ਅੱਡੇ ਵਿੱਚ ਗਲ ਪੈ ਗਿਆ। ਨੇੜੇ ਹੀ ਦੁਕਾਨ ਤੇ ਬੈਠੇ ਸਭਾ ਦੇ ਸਰਗਰਮ ਆਗੂ ਵਿਨੋਦ ਕੁਮਾਰ ਲਾਲੀ ਅਤੇ ਹੋਰ ਲੋਕੀ ਮੌਕੇ ਤੇ ਪਹੁੰਚ ਗਏ। ਸੀਤੇ ਦੀ ਥੱਪੜਪਰੇਟ ਕਰਕੇ, ਰਾਈਫਲ ਖੋਹ ਲਈ ਅਤੇ ਧੂਹਕੇ, ਪੁਲਿਸ ਚੌਂਕੀ ਲੈ ਗਏ। ਮੰਗ ਕੀਤੀ ਕਿ ਇਸ ਦੀ ਰਾਈਫਲ ਦਾ ਲਾਇਸੰਸ ਰੱਦ ਕੀਤਾ ਜਾਵੇ।

ਇਸ ਘਟਨਾ ਤੋਂ ਬਾਅਦ, ਸੀਤੇ ਨੇ ਸੋਚਿਆ ਕਿ ਇਕੱਲੇ ਤੋਂ ਇਹ ਕੰਮ ਨਹੀਂ ਹੋਣਾ। ਕਿਸੇ ਹੋਰ ਬਦਮਾਸ਼ ਨੂੰ ਨਾਲ ਲੈਣਾ ਪੈਣਾ ਹੈ। ਉਸ ਨੇ ਢੁੱਡੀਕੇ ਦੇ ਇੱਕ ਮਜ਼ਦੂਰ ਕਾਲੇ ਨੂੰ ਆਪਣੇ ਨਾਲ ਜੋੜ ਲਿਆ ਕਿਉਂਕਿ ਕਾਲਾ ਕ੍ਰਾਂਤੀਕਾਰੀਆਂ ਦਾ ਵਿਰੋਧੀ ਸੀ ਅਤੇ ਕੰਧਾਂ ਤੋਂ ਇਨਕਲਾਬੀ ਜਥੇਬੰਦੀਆਂ ਦੇ, ਉਹ ਪੋਸਟਰ ਵੀ ਪਾੜ ਦਿੰਦਾ ਸੀ? ਜਿਸ ਕਰਕੇ ਉਸ ਨਾਲ ਕ੍ਰਾਂਤੀਕਾਰੀਆਂ ਦਾ ਕਈ ਵਾਰ ਝਗੜਾ ਵੀ ਹੋਇਆ ਸੀ। ਕਾਲੇ ਨੂੰ ਵੀ ਸੀਤੇ ਅਤੇ ਸੀਤੇ ਨੂੰ ਕਾਲੇ ਦੇ ਸਾਥ ਦੀ ਲੋੜ ਸੀ। ਉਨ੍ਹਾਂ ਦੋਨਾਂ ਨੇ ਕਾਮਰੇਡ ਅਵਤਾਰ ਤੇ ਹਮਲਾ ਕਰਨ ਦੀ ਵਿਉਂਤ ਬਣਾਈ ਕਿ ਅਵਤਾਰ ਸਿੰਘ ਨੂੰ ਟਾਰਗੈਟ ਕੀਤਾ ਜਾਵੇ। ਉਹ ਇਕੱਲਾ ਮਿਲ ਸਕਦਾ ਸੀ ਅਤੇ ਆਉਂਦਾ-ਜਾਂਦਾ, ਸੌਖਿਆਂ ਹੀ ਨਿਸ਼ਾਨਾ ਬਣਾਇਆ ਜਾ ਸਕਦਾ ਸੀ ਕਿਉਂਕਿ ਉਸਦੇ ਆਉਣ ਜਾਣ ਦਾ ਸਮਾਂ ਫਿਕਸ ਸੀ।

25 ਜੁਲਾਈ 1983 ਨੂੰ ਕਾਮਰੇਡ ਅਵਤਾਰ ਆਪਣੀ ਡਿਊਟੀ ਖਤਮ ਕਰਕੇ, ਘਰ ਨੂੰ ਵਾਪਸ ਆ ਰਿਹਾ ਸੀ ਤਾਂ ਅਜਿੱਤਵਾਲ ਦੇ ਨਜ਼ਦੀਕ ਗੁੰਡਾ ਟੋਲੇ (ਸੀਤੇ ਅਤੇ ਕਾਲੇ) ਨੇ ਉਸਨੂੰ ਡਿਊਟੀ ਕਰਕੇ ਆਉਂਦੇ ਨੂੰ ਘੇਰਾ ਪਾ ਲਿਆ। ਕਾਮਰੇਡ ਅਵਤਾਰ ਨੇ ਡਟਕੇ ਦੋਨਾਂ ਦਾ ਮੁਕਾਬਲਾ ਕੀਤਾ। ਉਨ੍ਹਾਂ ਨੇ ਤੇਜਧਾਰ ਹਥਿਆਰਾਂ ਨਾਲ ਹਮਲਾ ਕਰਕੇ ਕਾਮਰੇਡ ਅਵਤਾਰ ਨੂੰ ਸ਼ਹੀਦ ਕਰ ਦਿੱਤਾ।




ਇਸ ਕਤਲ ਵਿਰੁੱਧ ਜਗਰਾਵਾਂ ਮੋਗੇ ਇਲਾਕੇ ਦੀਆਂ ਜਥੇਬੰਦੀਆਂ ਨੇ, ਐਕਸ਼ਨ ਕਮੇਟੀ ਬਣਾ ਕੇ ਰੋਹ ਭਰਪੂਰ ਸੰਘਰਸ਼ ਲੜਿਆ। ਕੋਟ ਕਚਹਿਰੀਆਂ ਵਿੱਚ ਵੀ ਰੋਹ ਭਰਪੂਰ ਮੁਜ਼ਾਹਰੇ ਹੁੰਦੇ ਰਹੇ। ਸੰਘਰਸ਼ ਦੇ ਦਬਾਅ ਨਾਲ ਸੀਤੇ ਅਤੇ ਕਾਲੇ ਨੂੰ ਗਿਰਫਤਾਰ ਕਰਾਇਆ ਅਤੇ ਸਜਾ ਕਰਾਈ। ਸੀਤੇ ਕਾਲੇ ਨੂੰ (14 ਸਾਲ) ਉਮਰ ਕੈਦ ਦੀ ਸਜਾ ਹੋਈ, ਜਿਹੜੀ ਸੱਤ ਸਾਲ ਵਿੱਚ ਪੂਰੀ ਹੋ ਗਈ ਅਤੇ ਉਹ ਸਜਾ ਕੱਟ ਕੇ ਜੇਲ ਤੋਂ ਬਾਹਰ ਆ ਗਏ।

ਸੰਘਰਸ਼ ਦੌਰਾਨ ਇੱਕ ਨਾਹਰਾ ਪੂਰੇ ਜੋਰ ਨਾਲ ਗੂੰਜਿਆ ਸੀ। ਉਹ ਨਾਹਰਾ ਸੀ- ‘ਅਵਤਾਰ ਤੇਰੇ ਕਾਤਲ ਕੁੱਤੇ, ਬਚ ਕੇ ਜਾਣ ਨਹੀਂ ਦੇਣੇ ਸੁੱਕੇ।’ ਪਰ ਭੂਸਰੇ ਕਾਤਲ ਤਾਂ ਦਨਦਨਾਉਂ ਫਿਰ ਰਹੇ ਸਨ ਅਤੇ ਨੌਜਵਾਨ ਭਾਰਤ ਸਭਾ ਦੇ ਵਰਕਰਾਂ ਨਾਲ ਪੰਗੇ ਲੈ ਰਹੇ ਸਨ। ਕ੍ਰਾਂਤੀਕਾਰੀ ਯੋਧੇ ਵੀ ਬਦਲਾ ਲੈਣ ਲਈ ਸਕੀਮਾਂ ਘੜਨ ਲੱਗੇ। ਇਸ ਗੁੰਡਾ ਜੋੜੀ ਵਿੱਚੋਂ ਕਾਤਲ ਕਾਲਾ ਕੋਕਰੀ ਕਲਾਂ ਬੱਸ ਅੱਡੇ ਤੇ ਘੁੰਮਦਾ, ਕ੍ਰਾਂਤੀਕਾਰੀ ਗੁਰੀਲਿਆਂ ਦੇ ਅੜਿਕੇ ਚੜ ਗਿਆ। ਯੋਧਿਆਂ ਨੇ, ਦਿਨ- ਦਿਹਾੜੇ ਉਸਨੂੰ ਫੁੰਡ ਦਿੱਤਾ। ਨਕਸਲਬਾੜੀ ਜਿੰਦਾਬਾਦ ਦਾ ਨਾਹਰਾ ਲਾਕੇ ਸਿਰ ਚੜੀ ਭਾਜੀ ਉਤਾਰ ਦਿੱਤੀ। ਇਸ ਐਕਸ਼ਨ ਨੇ ਦੁਸ਼ਮਣਾਂ ਨੂੰ ਐਨੇ ਭੈਭੀਤ ਕਰ ਦਿੱਤਾ ਕਿ ਲਾਸ਼ ਲੰਮਾ ਸਮਾਂ ਕੋਕਰੀ ਅੱਡੇ ਵਿੱਚ ਰੁਲਦੀ ਰਹੀ। ਕੁਝ ਸਮਾਂ ਬਾਅਦ, ਨਕਸਲਬਾੜੀ ਗੁਰੀਲਾ ਸੁਕਾਇਡ ਨੇ ਢੁਡੀਕੇ ਬੱਸ ਅੱਡੇ ਵਿੱਚ, ਚੱਲਦੀ ਕਾਰ ਵਿੱਚ ਬੈਠੇ ਸੀਤੇ ਉਤੇ ਫਾਇਰਿੰਗ ਕਰ ਦਿੱਤੀ। ਗੋਲੀ ਤਾਂ ਪੁੜਪੜੀ ਵਿੱਚ ਲੱਗੀ, ਪਰ ਗੋਲੀ ਚਮੜੀ ਵਿੱਚੋਂ ਤਿਰਸ਼ੀ ਲੰਘ ਗਈ ਅਤੇ ਉਹ ਬਚ ਗਿਆ। ਸੀਤੇ ਨੇ ਇਸ ਹਮਲੇ ਦੇ ਦੋਸ਼ ਵਿਚ ਕਾਮਰੇਡ ਅਵਤਾਰ ਦੇ ਪੁੱਤਰ ਗੁਰਸ਼ਰਨ ਸਿੰਘ, ਬਿਜਲੀ ਮੁਲਾਜ਼ਮ ਆਗੂ ਜਗਮੋਹਨ ਸਿੰਘ ਢੁੱਡੀਕੇ ਅਤੇ ਕਾਮਰੇਡ ਨਿਰਭੈ ਸਿੰਘ ਢੁੱਡੀਕੇ ਉਤੇ 307 (ਇਰਾਦਾ ਕਤਲ) ਦਾ ਕੇਸ ਦਰਜ ਕਰਾ ਦਿੱਤਾ। ਇਸ ਕੇਸ ਵਿੱਚ ਝੂਠੀ ਗਵਾਹੀ ਦੇਣ ਲਈ, ਸੀਤੇ ਵੱਲੋਂ ਪਿੰਡ ਵਿੱਚੋਂ ਤਿਆਰ ਕੀਤਾ ਗਵਾਹ, ਕੋਟ ਵਿੱਚ ਗਵਾਹੀ ਦੇਣ ਤੋਂ ਭੱਜ ਗਿਆ। ਸੀਤਾ ਨੂੰ ਲੱਗਾ ਕਿ ਝੂਠਾ ਬਣਾਇਆ ਕੇਸ ਕਿਸੇ ਨੂੰ ਕੋਈ ਸਜ਼ਾ ਨਹੀਂ ਕਰਾ ਸਕਦਾ। ਇਨਕਲਾਬੀ ਲਹਿਰ ਨਾਲ ਟਕਰਾਅ ਉਸ ਨੂੰ ਮਹਿੰਗਾ ਪਵੇਗਾ। ਸੀਤੇ ਨੇ ਵਿਚੋਲੇ ਵਿੱਚ ਪਾਕੇ, ਜਨਤਕ ਜਥੇਬੰਦੀਆਂ ਦੇ ਆਗੂਆਂ ਨਾਲ ਗੱਲਬਾਤ ਲਈ ਭੇਜੇ। ਤਹਿ ਹੋਇਆ ਕਿ ਦੋਸ਼ੀ ਨੂੰ ਲੋਕ ਕਚਹਿਰੀ ਵਿੱਚ ਆਕੇ ਕਾਮਰੇਡ ਅਵਤਾਰ ਦੇ ਕੀਤੇ ਕਤਲ ਦੀ ਮਾਫੀ ਮੰਗਣੀ ਹੋਵੇਗੀ। ਕਾਤਲ ਵੀ ਜਾਣਦਾ ਸੀ ਕਿ ਲੋਕਾਂ ਦੀ ਕਚਹਿਰੀ ਵਿੱਚ ਆ ਕੇ, ਕਾਮਰੇਡ ਅਵਤਾਰ ਦੇ ਕਤਲ ਦੀ ਪਬਲਿਕ ਤੌਰ ’ਤੇ ਮੁਆਫੀ ਮੰਗੇ ਬਿਨਾਂ ਖਹਿੜਾ ਨਹੀਂ ਛੁੱਟਣਾ। ਵਿਚੋਲਿਆਂ ਨੂੰ ਨਾਲ ਲੈ ਕੇ ਸੀਤਾ ਲੋਕ ਕਚਹਿਰੀ ਵਿੱਚ ਹਾਜ਼ਰ ਹੋ ਗਿਆ। ਲੋਕ ਕਚਹਿਰੀ ਵਿੱਚ ਮਾਫੀ ਮੰਗਣ ਸਮੇਂ ਦੋਸ਼ੀ ਸੀਤੇ ਦੀ ਹੈਂਕੜੀ ਨਿਕਲ ਚੁੱਕੀ ਸੀ। ਜਥੇਬੰਦੀਆਂ ਨੇ ਰੱਖਿਆ ਕਿ ਉਸ ਨਾਲ ਸਿਰਫ ਇਨਾ ਸਮਝੌਤਾ ਹੈ ਕਿ ਦੁਸ਼ਮਣੀ ਉਸ ਨਾਲ ਮਾਈਨਸ ਹੋ ਗਈ ਹੈ। ਉਸ ਦੇ ਨਾਲ ਪਰਿਵਾਰ ਅਤੇ ਕ੍ਰਾਂਤੀਕਾਰੀਆਂ ਦੀ ਬੋਲਬਾਣੀ ਕਦੇ ਨਹੀਂ ਹੋਵੇਗੀ। ਪਤਾ ਲੱਗਾ ਹੈ ਕਿ ਪਿਛਲੇ ਦਿਨੀਂ ਸੀਤਾ ਦੁਨੀਆਂ ਨੂੰ ਅਲਵਿਦਾ ਕਹਿ ਗਿਆ।

ਸ਼ਹੀਦ ਕਾਮਰੇਡ ਅਵਤਾਰ ਦੀ ਜੀਵਨ ਸਾਥਣ ਸੁਰਿੰਦਰ ਕੌਰ ਢੁੱਡੀਕੇ ਨੇ ਕਾਮਰੇਡ ਅਵਤਾਰ ਵਾਲਾ ਸੰਘਰਸ਼ਮਈ ਰਾਹ ਅਪਣਾਅ ਲਿਆ। ਪਰਿਵਾਰ ਦੇ ਵਿੱਚ ਬਣਦੀਆਂ ਸਾਰੀਆਂ ਜਿੰਮੇਵਾਰੀਆਂ ਭੈਣ ਸੁਰਿੰਦਰ ਕੌਰ ਨੇ ਨਿਵਾਈਆਂ। ਪਰਿਵਾਰਕ ਜ਼ਿੰਮੇਵਾਰੀਆਂ ਦੇ ਨਾਲ ਨਾਲ, ਉਹ ਲਗਾਤਾਰ ਸੰਘਰਸ਼ਾਂ ਦਾ ਹਿੱਸਾ ਵੀ ਬਣੀ ਰਹੀ। ਉਹ ਬੁਢੇਪੇ ਦੇ ਵਿੱਚ ਵੀ ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ (ਔਰਤ ਵਿੰਗ) ਦੇ ਵਿੱਚ ਸਰਗਰਮ ਭੂਮਿਕਾ ਨਿਭਾਅ ਰਹੀ ਹੈ। ਉਸਦਾ ਇਕਲੌਤਾ ਪੁੱਤ ਗੁਰਸ਼ਰਨ, ਪੋਤਾ ਹਰਮਨਜੋਤ, ਪੋਤੀਆਂ ਅਤੇ ਨੂੰਹ ਦੀਆਂ ਇਨਕਲਾਬੀ ਲਹਿਰ ਨਾਲ ਹਮਦਰਦੀਆਂ ਸਦਾ ਜੁੜੀਆਂ ਰਹੀਆਂ।

ਅੱਜ ਕੱਲ ਸੁਰਿੰਦਰ ਕੌਰ ਢੁੱਡੀਕੇ ਆਪਣੇ ਬੱਚਿਆਂ ਕੋਲ ਕਨੇਡਾ ਗਏ ਹੋਏ ਹਨ। ਉਸ ਤੇ ਲੰਮੇ ਸੰਘਰਸ਼ਮਈ ਜੀਵਨ ਨੂੰ ਵੇਖ ਕੇ, ਪਿਛਲੇ ਦਿਨੀਂ ਉਨ੍ਹਾਂ ਨੂੰ ਗਦਰੀ ਬੀਬੀ ਗੁਲਾਬ ਕੌਰ ਦੇ ਅਵਾਰਡ ਨਾਲ ਕਨੇਡਾ ਵਿੱਚ ਨਾਟਕ ਮੇਲੇ ਦੌਰਾਨ ਸਨਮਾਨਿਤ ਕੀਤਾ ਗਿਆ ਹੈ।

ਲੋਕ ਸੰਗਰਾਮ ਮੋਰਚਾ ਸ਼ਹੀਦ ਕਾਮਰੇਡ ਅਵਤਾਰ ਸਿੰਘ ਢੁੱਡੀਕੇ ਨੂੰ ਸ਼ਰਧਾਂਜਲੀ ਦਿੰਦਾ ਹੈ ਅਤੇ ਉਹਨਾਂ ਦੇ ਅਧੂਰੇ ਕਾਰਜਾਂ ਨੂੰ ਨੇਪਰੇ ਚਾੜਣ ਲਈ ਸਰਗਰਮੀ ਜਾਰੀ ਰੱਖਣ ਦਾ ਪ੍ਰਣ ਕਰਦਾ ਹੈ।

27 ਜੁਲਾਈ ਨੂੰ ਹੋਰਨਾਂ ਸ਼ਹੀਦਾਂ ਸਮੇਤ ਫਰੀਡਮ ਫਾਈਟਰ ਭਵਨ ਮੋਗਾ ਵਿਖੇ ਉਹਨਾਂ ਨੂੰ ਸ਼ਰਧਾਂਜਲੀ ਦਿੱਤੀ ਗਈ। ਕਾਮਰੇਡ ਅਵਤਾਰ ਦੇ ਪੋਤਰੇ ਹਰਮਨਜੋਤ ਸੰਧੂ (ਲਵਲੀ) ਨੇ ਲੋਕ ਸੰਗਰਾਮ ਮੋਰਚੇ ਨੂੰ ਆਪਣੇ ਦਾਦਾ ਜੀ ਦੇ ਸ਼ਹੀਦੀ ਦਿਨ ਤੇ ਆਰਥਿਕ ਸਹਾਇਤਾ ਵੀ ਭੇਜੀ ਹੈ। ਲੋਕ ਸੰਗਰਾਮ ਮੋਰਚਾ ਉਹਨਾਂ ਦਾ ਧੰਨਵਾਦ ਕਰਦਾ ਹੈ।

**ਤਾਰਾ ਸਿੰਘ ਮੋਗਾ ਪ੍ਰਧਾਨ**
**ਲੋਕ ਸੰਗਰਾਮ ਮੋਰਚਾ, ਪੰਜਾਬ**



ਕੈਲਗਰੀ (ਕੈਨੇਡਾ) ਵਿਖੇ ਸ਼ਹੀਦ ਅਵਤਾਰ ਸਿੰਘ ਢੁੱਡੀਕੇ ਦੀ ਜੀਵਨ ਸਾਥਣ ਸ੍ਰੀਮਤੀ ਸੁਰਿੰਦਰ ਕੌਰ ਢੁੱਡੀਕੇ ਦਾ ‘ਗ਼ਦਰੀ ਸ਼ਹੀਦ ਬੀਬੀ ਗੁਲਾਬ ਕੌਰ ਯਾਦਗਾਰੀ ਐਵਾਰਡ’ ਨਾਲ ਸਨਮਾਨਿਤ ਕਰਦੇ ਹੋਏ।












ਪੁਸਤਕ ਸਮੀਖਿਆ

# ਸਾਡੇ ਸਮਿਆਂ ਦੀ ਲਹਿਰ : ਕਿਸਾਨ ਅੰਦੋਲਨ

**ਭਾਰਤ ਦੇ ਵੱਖ-ਵੱਖ ਖਿੱਤਿਆਂ ਵਿਚ ਕਿਸਾਨ ਲਹਿਰਾਂ ਦਾ ਇਤਿਹਾਸ ਬੜਾ ਲੰਬਾ ਹੈ ਕਿਉਂਕਿ ਜਿਸ ਕਿਸਮ ਦਾ ਇਹ ਗੁੰਝਲਦਾਰ ਮੁਲਕ ਹੈ ਉਸ ਵਿਚ ਵੱਖੋ-ਵੱਖਰੇ ਕਿਸਮ ਦੀਆਂ ਸਥਿਤੀਆਂ ਅਤੇ ਪ੍ਰਸਥਿਤੀਆਂ ਹਨ। ਜਿਹੜੀਆਂ ਲਗਾਤਾਰ ਖੇਤੀ ਖੇਤਰ ਵਿਚ ਆ ਰਹੀਆਂ ਤਬਦੀਲੀਆਂ ਕਾਰਨ ਕਿਸਾਨੀ ਨੂੰ ਪ੍ਰਭਾਵਿਤ ਕਰਦੀਆਂ ਹਨ ਅਤੇ ਪੇਂਡੂ ਅਰਥਚਾਰਾ ਬੁਰੀ ਤਰ੍ਹਾਂ ਤਹਿਸ਼-ਨਹਿਸ਼ ਹੋ ਜਾਂਦਾ ਹੈ ਉਸ ਵਿਚੋਂ ਹੀ ਕਈ ਕਿਸਮ ਦੇ ਇਤਿਹਾਸਕ ਅੰਦੋਲਨ ਜਨਮ ਲੈਂਦੇ ਹਨ। ਉਨ੍ਹਾਂ ਦੀ ਇਤਿਹਾਸਕਾਰੀ ਬਾਰੇ ਜਾਣਕਾਰੀ ਕਿਸਾਨ ਅੰਦੋਲਨ ਨੂੰ ਅਧਾਰ ਬਣਾ ਕੇ ਲਿਖੀ ਗਈ ਨਮਿਤਾ ਵਾਈਕਰ ਦੀ ਪੁਸਤਕ ਵਿਚ ਸੰਖੇਪਤ ਦਿੱਤੇ ਗਏ ਵੇਰਵੇ ਦਾ ਉਲੇਖ 'ਸਰੋਕਾਰਾਂ ਦੀ ਆਵਾਜ਼' ਦੇ ਕੇ ਆਪਣਾ ਫਰਜ਼ ਪੂਰਾ ਕਰਦੀ ਹੈ ਕਿ ਕਿਸ ਕਿਸਮ ਨਾਲ ਇਤਿਹਾਸ ਦੀਆਂ ਪੈੜਾਂ ਨੂੰ ਦੇਖਣਾ ਚਾਹੀਦਾ ਹੈ।**

| ਸਾਲ | ਸਥਾਨ | ਕਾਰਨ |
|---|---|---|
| 1857 | ਮੇਰਠ | ਕਿਸਾਨਾਂ ਦਾ ਹਥਿਆਰਬੰਦ ਵਿਦਰੋਹ |
| 1875 | ਪੂਨਾ | ਡੇਕਣ ਦੰਗੇ |
| 1896 | ਮਹਾਰਾਸ਼ਟਰ | ਕੋਈ ਕਿਰਾਇਆ ਨਾ ਦੇਣ ਦਾ ਅੰਦੋਲਨ |
| 1897 | ਬੀਜੋਲੀਆ | ਕਿਸਾਨ ਸੰਘਰਸ਼ ਟੈਕਸ ਵਿਰੋਧੀ |
| 1905 | ਮੈਵਾਰ | ਕਿਸਾਨ ਅੰਦੋਲਨ ਚਾਨਵਾਰੀ ਟੈਕਸ ਖਿਲਾਫ਼ |
| 1917 | ਚਿਪਾਰਨ | ਚਿਪਾਰਨ ਸਤਿਆਗ੍ਰਹਿ |
| 1918 | ਬਿਹਾਰ | ਚਿਪਾਰਨ ਖੇਤੀਬਾੜੀ ਕਾਨੂੰਨ ਖਤਮ ਕਰਨ ਵਿਰੁੱਧ |
| 1918 | ਖੇਡਾ, ਗੁਜਰਾਤ | ਖੇਡਾ ਸਤਿਆਗ੍ਰਹਿ |
| 1920 | ਉਤਰ ਪ੍ਰਦੇਸ਼ | ਉਡ ਲਹਿਰ |
| 1920 | ਪੰਜਾਬ | ਬਿਸਵੇਦਾਰੀ ਟੈਕਸ ਸਿਸਟਮ ਵਿਰੋਧੀ ਅੰਦੋਲਨ |
| 1921 | ਮੁਲਸੀ | ਮੁੱਲਾ ਦਰਿਆ ਬਣਾਉਣ ਵਿਰੋਧੀ ਸੰਘਰਸ਼ |
| 1928 | ਕੇਰਲਾ | ਮੁਫ਼ਲ ਵਿਦਰੋਹ |
| 1928 | ਆਂਧਰਾ ਪ੍ਰਦੇਸ਼ | ਆਂਧਰਾ ਮਹਾਂ ਸਭਾ ਦੀ ਉਸਾਰੀ |
| 1929 | ਸੂਰਤ, ਗੁਜਰਾਤ | ਵਰਦੋਲੀ ਸਤਿਆਗ੍ਰਹਿ |
| 1936 | ਪਟਿਆਲਾ | ਮੁਜ਼ਾਹਰਾ ਲਹਿਰ |
| 1942 | ਲਖਨਊ | ਕੁੱਲ ਭਾਰਤੀ ਕਿਸਾਨ ਸਭਾ ਦੀ ਹੋਂਦ |
| 1946 | ਬੰਗਾਲ | ਬੰਗਾਲ ਕਾਲ |
| 1946 | ਤੇਲਗਾਨਾ | ਨੇਜਾਮ ਵਿਰੁੱਧ ਬਗਾਵਤ |
| 1949 | ਕਿਸ਼ਨਗੜ੍ਹ | ਕਿਸਾਨ ਅੰਦੋਲਨ |
| 1960 | ਪੰਜਾਬ-ਹਰਿਆਣਾ | ਹਰੀ ਕ੍ਰਾਂਤੀ |
| 1966 | ਤਾਮਿਲਨਾਡੂ | ਤਾਮਿਲੀਗਾ ਸੰਗਠਨ ਦੀ ਬਣਤਰ |
| 1970 | ਕਰਨਾਟਕਾ | ਕਰਨਾਟਕਾ ਪੱਧਰੀ ਕਿਸਾਨ ਅੰਦੋਲਨ |
| 1980 | ਬੰਬਈ | ਕਿਸਾਨਾਂ ਨੇ ਰੇਲਵੇ ਲਾਈਨਾਂ ਰੋਕ ਕੇ ਕੀਤਾ ਸੰਘਰਸ਼ |
| 1989 | ਦਿੱਲੀ | ਮਹਿੰਦਰ ਟਿਕੈਤ ਦਾ ਕਿਸਾਨ ਸੰਘਰਸ਼ |
| 2017 | ਜੰਤਰ ਮੰਤਰ | ਕਾਲ ਦੇ ਵਿਰੁੱਧ ਕਿਸਾਨਾਂ ਦਾ ਸੰਘਰਸ਼ |
| 2018 | ਨਾਸਿਕ | ਨਾਸਿਕ ਤੋਂ ਬੰਬਈ ਆਦਿਵਾਸੀ ਕਿਸਾਨ ਦਾ ਮਾਰਚ |
| 2018 | ਦਿੱਲੀ | ਕਿਸਾਨ ਮੁਕਤੀ ਮੋਰਚਾ ਅੰਦੋਲਨ |
| 2020 | ਦਿੱਲੀ | 3 ਕਾਲੇ ਕਾਨੂੰਨਾਂ ਦੀ ਵਿਰੁੱਧ ਕਿਸਾਨ ਅੰਦੋਲਨ |



ਡਾ. ਕੁਲਦੀਪ ਸਿੰਘ
98151-15429

ਆਪਣੇ ਸਮਿਆਂ ਦੀਆਂ ਲਹਿਰਾਂ ਦੀ ਇਤਿਹਾਸਕਾਰੀ ਕਰਨਾ ਔਖਾ ਕਾਰਜ ਹੁੰਦਾ ਹੈ। ਪ੍ਰੰਤੂ ਜੇਕਰ ਤੁਹਾਡੀ ਦ੍ਰਿਸ਼ਟੀ ਅਤੇ ਦਿਸ਼ਾ ਸਹੀ ਹੋਵੇ ਤਾਂ ਤੁਸੀਂ ਇਤਿਹਾਸ ਨੂੰ ਸਹੀ ਸੰਦਰਭ ਵਿਚ ਰੱਖ ਸਕਦੇ ਹੋ। ਅੰਦੋਲਨਾਂ ਦੀ ਖ਼ੂਬਸੂਰਤੀ ਇਹ ਹੁੰਦੀ ਹੈ ਕਿ ਉਹ ਅਗਾਂਹ ਅੰਦੋਲਨਾਂ ਨੂੰ ਜਨਮ ਦੇਣ ਲਈ ਨਵੇਂ ਕਿਸਮ ਦਾ ਪੈਰਾਡਾਇਮ ਉਸਾਰ ਦਿੰਦੇ ਹਨ। ਜਿਸ ਕਿਸਮ ਨਾਲ ਵੱਖ ਵੱਖ ਸਮਿਆਂ 'ਚ ਕਿਸਾਨ ਅੰਦੋਲਨ ਹੋਏ ਉਨ੍ਹਾਂ ਦਾ ਇਤਿਹਾਸ ਬੜਾ ਲੰਬਾ ਹੈ। ਜਿਸ ਕਿਸਮ ਨਾਲ 20ਵੀਂ ਸਦੀ ਦੇ ਅੱਧ ਤੋਂ ਬਾਅਦ ਖੇਤੀਬਾੜੀ ਖੇਤਰ ਵਿਚ ਵੱਡਾ ਵਪਾਰ ਉਤਪੰਨ ਹੋਇਆ ਉਸ ਨੇ ਜ਼ਮੀਨ ਅਤੇ ਉਸ ਦੇ ਵਿਚੋਂ ਉਪਜਦੇ ਸਭਿਆਚਾਰ ਅਤੇ ਸਮਾਜਿਕ ਰਿਸ਼ਤਿਆਂ ਨੂੰ ਵੀ ਕਈ ਪੱਖਾਂ ਤੋਂ ਤੋੜ ਭੰਨ ਦਿੱਤਾ ਹੈ। ਹਾਲਾਂਕਿ 1980 ਵਿਚ ਸੁਸਨ ਜੌਰਜ ਨੇ ਲਿਖਿਆ ਸੀ ਕਿ ਆਉਣ ਵਾਲੇ ਸਮੇਂ ਵਿਚ ਐਗਰੋ ਬਿਜਨਿਸ ਵੱਡੇ ਘਰਾਣਿਆਂ ਲਈ ਵੱਡੀ ਕਮਾਈ ਦਾ ਕਾਰਨ ਬਣ ਕੇ ਉਭਰੇਗਾ। ਲੋਕਾਂ ਦੀ ਰੋਜ਼ਮਰਾਂ ਦੀ ਜ਼ਿੰਦਗੀ ਲਈ ਭੋਜਨ ਦੀ ਜੋ ਮਹੱਤਤਾ ਹੈ ਲੋਕ ਸਦੀਆਂ ਤੋਂ ਆਪਣਾ ਭੋਜਨ ਆਪ ਹੀ ਪੈਦਾ ਕਰਦੇ ਅਤੇ ਉਸ ਦੇ ਅਧਾਰ 'ਤੇ ਆਪਣਾ ਜੀਵਨ ਬਸਰ ਕਰਦੇ। ਪਰ ਜਿਸ ਕਿਸਮ ਨਾਲ ਪੂੰਜੀਵਾਦ ਦਾ ਦੌਰ ਵਿਕਸਿਤ ਹੋ ਗਿਆ ਉਸ ਨੇ ਕਈ ਕਿਸਮ ਦੇ ਨਵੇਂ ਸ਼ਹਿਰੀਕੇਂਦਰ ਪੈਦਾ ਕਰ ਦਿੱਤੇ ਅਤੇ ਖਪਤੀ ਕਿਸਮ ਦੀ ਮੰਡੀ ਵੀ ਉਤਪੰਨ ਕਰ ਦਿੱਤੀ। ਪੇਂਡੂ ਖੇਤਰ ਦਾ ਇਕ ਹਿੱਸਾ ਖੇਤੀਬਾੜੀ 'ਚੋਂ ਬਾਹਰ ਹੋ ਕੇ ਇਸ ਕਿਸਮ ਦੇ ਸਿਲਸਿਲੇ ਵਿਚ ਪੈ ਗਿਆ ਜਿਸ ਨੇ ਸਿੱਧੇ ਜਾਂ ਅਸਿੱਧੇ ਰੂਪ ਵਿਚ ਉਸ ਨੂੰ ਖੇਤੀਬਾੜੀ ਨਾਲੋਂ ਵੀ ਤੋੜ ਲਿਆ। ਪੰਜਾਬ ਵਿਚ ਜਦੋਂ ਪੀਐੱਲ480 ਰਾਹੀਂ ਹਰੀ ਕ੍ਰਾਂਤੀ ਦੀ ਸ਼ੁਰੂਆਤ ਆਈ ਤਾਂ ਇਸ ਨੇ ਸਮੁੱਚੇ ਪੰਜਾਬ ਦੀ ਮਨੋਵਿਵਸਥਾ ਪੈਦਾਵਾਰ ਜ਼ਮੀਨ ਅਤੇ ਖੇਤੀਬਾੜੀ ਦੇ ਢੰਗ ਤਰੀਕੇ ਵਿਚ ਵੱਡੀ ਤਬਦੀਲੀ ਲਿਆਂਦੀ। ਮੰਡੀ ਦੀਆਂ ਲੋੜਾਂ ਮੁਤਾਬਕ ਖੇਤੀ ਨੂੰ ਤਬਦੀਲ ਕਰ ਦਿੱਤਾ ਗਿਆ। ਆਉਣ ਵਾਲੇ ਸਮਿਆਂ ਦੀਆਂ ਚੁਣੌਤੀਆਂ ਜੋ ਕਿਸਾਨ ਭੁਗਤਣਗੇ ਉਨ੍ਹਾਂ ਬਾਰੇ ਡਾ. ਐਮ.ਐਸ. ਸਵਾਮੀਨਾਥਨ ਨੇ ਪਹਿਲਾਂ ਹੀ ਕਹਿ ਦਿੱਤਾ ਸੀ ਕਿ ਜੇ ਸਹੀ ਢੰਗ ਨਾਲ ਕਿਸਾਨ ਨੂੰ ਉਸ ਦਾ ਮੁੱਲ ਨਾ ਮਿਲਿਆ ਤਾਂ ਉਹ ਅਜਿਹੇ ਗੰਭੀਰ ਸੰਕਟ ਵਿਚ ਚਲਿਆ ਜਾਏਗਾ ਜਿਸ ਵਿਚੋਂ ਉਸ ਨੂੰ ਕੱਢਣਾ ਅਸੰਭਵ ਹੋਵੇਗਾ। ਪ੍ਰੰਤੂ ਸਮੇਂ ਦੀਆਂ ਹਕੂਮਤਾਂ ਨੇ ਇਸ ਵੱਲ ਕੋਈ ਧਿਆਨ ਨਾ ਦਿੱਤਾ। ਅਗਾਂਹ ਮੰਡੀ ਨਾਲ ਸਬੰਧਤ ਖੇਤੀਬਾੜੀ ਖੇਤਰ ਵਿਚ ਤਬਦੀਲੀ ਕਰਨ ਲਈ ਤਿੰਨ ਕਾਲੇ ਕਾਨੂੰਨ ਲਿਆਂਦੇ ਜਿਨ੍ਹਾਂ ਨੇ ਕਿਸਾਨੀ ਅੰਦਰ ਇਕ ਵਿਦਰੋਹ ਪੈਦਾ ਕਰ ਦਿੱਤਾ ਕਿ ਜੇ ਇਹ ਸਿਲਸਿਲਾ ਚਲਦਾ ਗਿਆ ਤਾਂ ਹੌਲੀ ਹੌਲੀ ਸਾਨੂੰ ਪੂਰੀ ਤਰ੍ਹਾਂ ਖੇਤੀ ਵਿਚੋਂ ਬਾਹਰ ਕੱਢ ਦਿੱਤਾ ਜਾਵੇਗਾ ਜਿਸ ਦਾ ਅਗਲਾ ਹੀ ਰੂਪ ਹੁਣ ਲੈਂਡ ਪੂਲਿੰਗ ਪਾਲਿਸੀ ਦੇ ਰੂਪ ਵਿਚ ਪੰਜਾਬ ਵਿਚ ਲਿਆਂਦਾ ਜਾ ਰਿਹਾ ਹੈ। ਸਿਰਫ਼ ਤੇ ਸਿਰਫ਼ ਜ਼ਮੀਨ ਹੀ ਅਜਿਹੀ ਬਚੀ ਹੈ ਜਿਸ ਨੂੰ ਮੰਡੀ ਵਿਚ ਵੇਚ ਕੇ ਕੁਝ ਨਾ ਕੁਝ ਹੁਕਮਰਾਨਾ ਅਤੇ ਕਾਰਪੋਰੇਟ ਘਰਾਣਿਆਂ ਦੀਆਂ ਤਿਜੌਰੀਆਂ ਤਾਂ ਭਰੀਆਂ ਜਾ ਰਹੀਆਂ ਸਕਦੀਆਂ ਹਨ ਪ੍ਰੰਤੂ ਪਹਿਲਾਂ ਹੀ ਸੰਕਟਗ੍ਰਸਤ ਪੇਂਡੂ ਅਰਥਚਾਰਾ ਅਤੇ ਉਸ ਨਾਲ ਜੁੜੀ ਜਨਸੰਖਿਆ ਨਵੇਂ ਕਿਸਮ ਦੇ ਉਖਾੜੇ ਨੂੰ ਝੇਲੇਗੀ। ਹਾਲਾਂਕਿ ਬਹੁਤ ਹੀ ਰਿਪੋਰਟਾਂ ਅਜਿਹੀਆਂ ਪਹਿਲਾਂ ਆ ਚੁੱਕੀਆਂ ਹਨ ਕਿ ਕਿਸ ਕਿਸਮ ਨਾਲ ਵਿਕਾਸ ਦੇ ਨਾਂ ਹੇਠ ਇਹ ਸਭ ਕੁਝ ਵਾਪਰਿਆ ਹੈ। ਭਲਾ ਹੀ ਨਮਿਤਾ ਦੀ ਪੁਸਤਕ ਵਿਚ ਇਨ੍ਹਾਂ ਨਵੇਂ ਪਹਿਲੂਆਂ ਦਾ ਜ਼ਿਕਰ ਨਹੀਂ ਪ੍ਰੰਤੂ ਜਿਸ ਕਿਸਮ ਦੀਆਂ ਤਬਦੀਲੀਆਂ ਖੇਤੀਬਾੜੀ ਖੇਤਰ ਵਿਚ ਆ ਚੁੱਕੀਆਂ ਜਾਂ ਆ ਰਹੀਆਂ, ਉਨ੍ਹਾਂ ਬਾਰੇ ਸੰਕੇਤ ਨੀਤੀ ਦੇ ਪੱਧਰ 'ਤੇ ਦਰਜ ਕੀਤੇ ਗਏ ਹਨ। ਖੇਤੀਬਾੜੀ ਵਿਚ ਨਵੇਂ ਸੰਕਟ ਚਾਹੇ ਉਹ ਪਾਣੀ ਨਾਲ ਸਬੰਧਤ ਹੋਵੇ, ਚਾਹੇ ਉਹ ਬੀਜਾਂ ਅਤੇ ਰਸਾਣਿਕ ਖਾਦਾਂ ਨਾਲ ਹੋਵੇ, ਚਾਹੇ ਜ਼ਮੀਨੀ ਸੁਧਾਰਾਂ ਅਤੇ ਜ਼ਮੀਨੀ ਮਾਲਕੀਅਤ ਨਾਲ ਹੋਵੇ, ਚਾਹੇ ਬਿਜਲੀ ਕਿਸਾਨੀ ਨੂੰ ਪ੍ਰਦਾਨ ਕਰਨ ਜਾਂ ਕਾਰਪੋਰੇਟ ਘਰਾਣਿਆਂ ਨੂੰ ਮਾਲਕੀਅਤ ਦੇਣ ਬਾਰੇ ਹੋਵੇ, ਚਾਹੇ ਵੱਖ ਵੱਖ ਬੀਜਾਂ ਅਤੇ ਜ਼ਮੀਨ ਦੀ ਸਥਿਤੀਆਂ ਬਾਰੇ ਹੋਵੇ, ਚਾਹੇ ਬੀਮਾ ਯੋਜਨਾ ਦੇ ਨਾਲ ਨਾਲ ਵੱਖ ਵੱਖ ਫਸਲਾਂ ਦਾ ਬੀਮਾ ਅਤੇ ਕ੍ਰੈਡਿਟ ਪਾਲਿਸੀ ਹੋਵੇ, ਇਸ ਦੇ ਨਾਲ ਹੀ ਫਸਲਾਂ ਦੇ ਭਾਅ ਜਿਨ੍ਹਾਂ ਵਿਚ ਐਮਐਸਪੀ ਸ਼ਾਮਲ ਹੈ ਉਸ ਨੂੰ ਇਸ ਤਰ੍ਹਾਂ ਦਿੱਤਾ ਅਤੇ ਨਾ ਦਿੱਤਾ ਜਾਣ ਵਾਲੇ ਵੱਖ ਵੱਖ ਨੀਤੀਆਂ ਵਿਚਲੇ ਫੈਸਲੇ ਹੋਣ। ਇਸੇ ਤਰ੍ਹਾਂ ਖੇਤੀ ਸੰਕਟ ਵਿਚਲਾ ਕਰਜ਼ਾ ਦਾ ਮਸਲਾ ਹੋਵੇ। ਹੁਣ ਨਵੇਂ ਰੂਪ ਵਿਚ ਖੇਤੀਬਾੜੀ ਦਾ ਡਿਜੀਟਲੀਕਰਨ ਕਰਨਾ ਹੋਵੇ ਆਦਿ ਪਹਿਲੂਆਂ ਨੂੰ ਨੀਤੀਆਂ ਦੇ ਆਧਾਰ ਅਤੇ ਉਨ੍ਹਾਂ ਵਿਚਲੇ ਵਿਰੋਧਮਈ ਪੱਖਾਂ ਬਾਰੇ ਵਿਸ਼ੇਸ਼ ਤੱਥਾਂ ਅਤੇ ਅੰਕੜਿਆਂ ਸਮੇਤ ਨਮਿਤਾ ਨੇ ਆਪਣੀ ਪੁਸਤਕ ਵਿਚ ਬਾਖ਼ੂਬੀ ਜਾਣਕਾਰੀ ਪ੍ਰਦਾਨ ਕੀਤੀ ਹੈ।






**ਨਮਿਤਾ ਵਾਈਕਰ, ਪਉਪਲਰਜ਼ ਅਰਕਾਈ ਆਫ਼ ਰੂਰਲ ਇੰਡੀਅਨ ਦੀ ਮੈਨੇਜਿੰਗ ਐਡੀਟਰ ਹੈ। ਨਮਿਤਾ ਦੀ ਕਿਸਾਨ ਲਹਿਰ ਨਾਲ ਭਾਵਨਾਤਮਿਕ ਅਤੇ ਜਜ਼ਬਾਤੀ ਸਾਂਝ ਹੀ ਨਹੀਂ ਬਲਕਿ ਪੇਂਡੂ ਅਰਥਚਾਰੇ ਅੰਦਰ ਜੋ ਤਬਦੀਲੀਆਂ ਵਾਪਰਦੀਆਂ ਹਨ ਉਨ੍ਹਾਂ ਨੂੰ ਬੜੀ ਹੀ ਸੰਵੇਦਨਸ਼ੀਲ ਤੀਸਰੀ ਅੱਖ ਨਾਲ ਦੇਖਦੀ ਹੈ। ਉਸ ਨੇ ਕਿਸਾਨ ਅੰਦੋਲਨ ਅਤੇ ਖੇਤੀਬਾੜੀ ਸੰਕਟ ਦੀਆਂ ਅੰਦਰੂਨੀ ਪਰਤਾਂ ਨੂੰ ਇਸ ਪੁਸਤਕ ਵਿਚ ਬਾਖ਼ੂਬੀ ਨਾਲ ਖੋਲ੍ਹਿਆ ਹੈ। ਜਿਸ ਰਾਹੀਂ ਵੱਖ ਵੱਖ ਲਿਖੀਆਂ ਪੁਸਤਕਾਂ ਦਾ ਵੀ ਇਕ ਵੱਖਰਾ ਅਧਿਐਨ ਸਾਹਮਣੇ ਆਵੇਗਾ ਕਿ ਕਿਸ ਤਰ੍ਹਾਂ ਕਿਸਾਨ ਅੰਦੋਲਨ ਦੀ ਇਤਿਹਾਸਕਾਰੀ ਕਰਨੀ ਚਾਹੀਦੀ ਹੈ ਕਿਉਂਕਿ ਬਹੁਤ ਵਾਰੀ ਦੋਮ ਦਰਜੇ ਤੇ ਪਹਿਲੂਆਂ ਨੂੰ ਕੇਂਦਰ ਵਿਚ ਰੱਖ ਕੇ ਅਜਿਹੀ ਇਤਿਹਾਸਕਾਰੀ ਕਰ ਦਿੱਤੀ ਜਾਂਦੀ ਹੈ ਜਿਹੜੀ ਕਈ ਕਿਸਮ ਦੇ ਗਲਤ ਪਹਿਲੂਆਂ ਅਤੇ ਪੱਖਾਂ ਨੂੰ ਰੱਖ ਕੇ ਅੰਦੋਲਨ ਪ੍ਰਤੀ ਨਾਪੱਖੀ ਨਜ਼ਰੀਆ ਉਤਪੰਨ ਕਰ ਦਿੰਦੀ ਹੈ। ਨਮਿਤਾ ਦੀ ਇਹ ਕਿਤਾਬ ਇਕ ਵੱਖਰੇ ਅੰਦੋਲਨਕਾਰੀ ਕਾਰਜ ਅਤੇ ਉਸ ਦੀ ਇਤਿਹਾਸਕ ਅਹਿਮੀਅਤ ਦੀ ਪ੍ਰਸੰਗਾਂ ਨੂੰ ਬਾਰੀਕੀ ਨਾਲ ਬੁਣਤੀ ਤੋੜਦੀ ਅਤੇ ਉਸਾਰਦੀ ਹੈ। ਅਜਿਹੀ ਪੁਸਤਕ ਦਾ ਪੰਜਾਬੀ ਵਿਚ ਵੀ ਤਰਜਮਾ ਕਰਨਾ ਸਮੇਂ ਦੀ ਵੱਡੀ ਲੋੜ ਹੈ। ਨਮਿਤਾ ਦੇ ਇਸ ਕਾਰਜ ਨੂੰ ਸਲਾਹੁਣਾ ਸਾਡਾ ਨੈਤਿਕ ਅਤੇ ਇਖਲਾਕੀ ਫਰਜ਼ ਬਣਦਾ ਹੈ ਜਿਸ ਨੇ ਇਤਿਹਾਸ ਦੇ ਸੰਦਰਭਾਂ ਵਿਚ ਕਿਸਾਨ ਅੰਦੋਲਨ ਨੂੰ ਪਰਖਿਆ ਅਤੇ ਵਾਚਿਆ ਹੈ।**

ਹਰੀ ਕ੍ਰਾਂਤੀ ਤੋਂ ਬਾਅਦ ਦਾ ਸੰਕਟ ਜਿਸ ਨੂੰ ਆਰਥਿਕ ਸੁਧਾਰਾਂ ਨਾਲ ਜੋੜ ਕੇ ਦੇਖਦਿਆਂ ਨਮਿਤਾ ਨੇ ਇਹ ਕਾਰਜ ਕੀਤਾ ਹੈ ਕਿ ਜੋ ਵੀ ਹਰੀ ਕ੍ਰਾਂਤੀ ਵਿਚਲੇ ਵੱਖ ਵੱਖ ਸੰਕਟ ਵਾਲੇ ਮਸਲੇ ਪੈਦਾ ਹੋਏ ਹਨ ਉਨ੍ਹਾਂ ਲਈ ਕਿਸਾਨਾਂ ਨੂੰ ਵੀ ਜ਼ਿੰਮੇਵਾਰ ਠਹਿਰਾ ਦਿੱਤਾ ਗਿਆ। ਹਾਲਾਂਕਿ ਹਰੀ ਕ੍ਰਾਂਤੀ ਕਿਸ ਕਿਸਮ ਨਾਲ ਇਕ ਨੀਤੀ ਤਹਿਤ ਆਈ ਉਸ ਦੇ ਵੱਖ ਵੱਖ ਪਹਿਲੂਆਂ ਨੂੰ ਨਮਿਤਾ ਨੇ ਆਪਣੀ ਪੁਸਤਕ ਵਿਚ ਤੱਥਾਂ ਸਮੇਤ ਉਲੇਖਿਆ ਹੈ। ਜਿਸ ਵਿਚ ਵਿਗਿਆਨੀਆਂ, ਅਫ਼ਸਰਸ਼ਾਹੀ, ਸਿਆਸੀ ਨੇਤਾਵਾਂ ਅਤੇ ਸਰਕਾਰਾਂ ਦਾ ਕੀ ਰੋਲ ਰਿਹਾ ਹੈ ਉਨ੍ਹਾਂ ਨੇ ਕਿਸ ਕਿਸਮ ਨਾਲ ਇਕ ਵੱਡੇ ਸੈਕਟਰ ਨੂੰ ਤਬਾਹ ਕਰਨ ਵਿਚ ਆਪਣਾ ਯੋਗਦਾਨ ਪਾਇਆ ਅਤੇ ਕਿਸਾਨੀ ਨਾਲ ਸਬੰਧਤ ਸਵਾਲਾਂ ਨੂੰ ਸਭ ਤੋਂ ਹੇਠਲੇ ਸਥਾਨ 'ਤੇ ਛੁਟ ਦਿੱਤਾ ਹੈ। ਇਹ ਵੀ ਹਕੀਕਤ ਹੈ ਕਿ ਹਰੀ ਕ੍ਰਾਂਤੀ ਨੇ ਲੋਕ ਦੀ ਸਿਹਤ ਅਤੇ ਵਾਤਾਵਰਣ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ। 1990 ਤੋਂ ਬਾਅਦ ਦੀਆਂ ਨੀਤੀਆਂ ਇਸ ਦੇ ਨਾਲ ਹੀ ਸੰਸਾਰ ਬੈਂਕ ਅਤੇ ਆਈਐਮਐਫ ਦਾ ਰੋਲ ਜੋ ਰਿਹਾ ਹੈ ਉਸ ਦੀ ਵੀ ਪੁਸਤਕ ਵਿਚ ਚੀਰਫਾੜ ਕੀਤੀ ਗਈ ਹੈ। ਨਮਿਤਾ ਨੇ ਦਰਜ ਕੀਤਾ ਹੈ ਕਿ ਜਿਸ ਕਿਸਮ ਨਾਲ ਆਰਥਿਕ ਸੁਧਾਰਾਂ ਕਾਰਨ ਬੇਰੁਜ਼ਗਾਰੀ ਦਾ ਆਲਮ ਪੇਂਡੂ ਖੇਤਰ ਵਿਚ ਉਤਪੰਨ ਹੋਇਆ ਹੈ ਉਸ ਨੇ ਕਿਸ ਕਿਸਮ ਨਾਲ ਪੇਂਡੂ ਖੇਤਰ ਅੰਦਰ ਗੁਰਬਤ ਤੇ ਤਰੁੱਟੀਆਂ ਨੂੰ ਜਨਮ ਦਿੱਤਾ ਹੈ। ਇਕ ਸਵਾਲ ਜੋ ਲਗਾਤਾਰ ਵੱਖ ਵੱਖ ਬਹਿਸਾਂ ਵਿਚ ਖੜ੍ਹਾ ਹੁੰਦਾ ਹੈ ਕਿ ਕੀ ਹਰੀ ਕ੍ਰਾਂਤੀ ਦੀ ਇਨ੍ਹਾਂ ਖਿੱਤਿਆਂ ਨੂੰ ਲੋੜ ਸੀ ਜਾਂ ਨਹੀਂ ਇਸ ਬਾਰੇ ਵੀ ਨਮਿਤਾ ਨੇ ਅਹਿਮ ਪਹਿਲੂ ਪੁਸਤਕ ਵਿਚ ਦਰਜ ਕੀਤੇ ਹਨ। ਇਸ ਤੋਂ ਵੀ ਅਗਾਂਹ ਕਿ ਕਿਸ ਤਰ੍ਹਾਂ ਖੇਤੀ ਖੇਤਰ ਵਿਚ ਜੁੜੀਆਂ ਹੋਈਆਂ ਔਰਤਾਂ, ਖੇਤੀ ਮਜ਼ਦੂਰ, ਦਲਿਤ, ਆਦਿਵਾਸੀ ਆਦਿ ਪੇਂਡੂ ਅਰਥਚਾਰੇ ਦੇ ਸੰਕਟ ਨਾਲ ਪ੍ਰਭਾਵਤ ਹੋਏ ਹਨ। ਆਦਿਵਾਸੀਆਂ ਦਾ 12 ਮਾਰਚ 2023 ਨੂੰ ਨਾਸਿਕ ਤੋਂ ਬੰਬਈ ਤੱਕ ਕੱਢਿਆ ਗਿਆ ਵਿਸ਼ਾਲ ਮਾਰਚ ਇਸ ਗੱਲ ਦੀ ਗਵਾਹੀ ਭਰਦਾ ਸੀ ਕਿ ਦੂਰ ਤੁਰਾਡੇ ਤੱਕ ਕਿਸਾਨ ਕਿਸ ਤਰ੍ਹਾਂ ਪ੍ਰਭਾਵਿਤ ਹੋਏ ਪਏ ਹਨ ਅਤੇ ਇਕ ਕਿਸਮ ਨਾਲ ਕਰਜ਼ੇ ਹੇਠ ਆ ਕੇ ਤੜਫ ਤੜਫ ਕੇ ਖ਼ੁਦਕਸ਼ੀਆਂ ਕਰ ਰਹੇ ਹਨ। ਇਸ ਦੇ ਨਾਲ ਹੀ ਜਿਸ ਕਿਸਮ ਦੀ ਦਲਿਤ ਭਾਈਚਾਰੇ ਦੀ ਸਥਿਤੀ ਹੈ ਉਹ ਕਿਸਾਨ ਅੰਦੋਲਨਾਂ ਨਾਲ ਸਾਂਝ ਪਾਉਂਦੇ ਜਾਂ ਨਹੀਂ ਪਾਉਂਦੇ ਇਸ ਸਵਾਲ ਨੂੰ ਵੀ ਉਧੇੜਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਕਿਸ ਤਰ੍ਹਾਂ ਦਲਿਤ ਭਾਈਚਾਰਾ ਆਪਣੀ ਸਥਿਤੀ ਨੂੰ ਹੰਢਾਅ ਰਿਹਾ ਹੈ। ਉਨ੍ਹਾਂ ਦੀ ਜ਼ਿੰਦਗੀ ਬਦ ਤੋਂ ਬਦਤਰ ਹੋਈ ਪਈ ਹੈ। ਨਮਿਤਾ ਅਨੁਸਾਰ ਪਿੰਡ ਦੀ ਪਿੱਠ ਭੂਮੀ ਵਿਚ ਸਭ ਤੋਂ ਕਾਰਜਸ਼ੀਲ ਕਿਸਾਨ ਔਰਤ ਅਤੇ ਮਜ਼ਦੂਰ ਦੇ ਪਹਿਲੂਆਂ ਨੂੰ ਜੋ ਹਿੱਸੇ ਨਾਰੇਟ ਕਰਦੇ ਹਨ ਉਹ ਇਕ ਕਿਸਮ ਨਾਲ ਕਿਸਾਨ ਅੰਦੋਲਨ ਦੀਆਂ ਅੰਦਰਲੀਆਂ ਤਰਾਸਦਿਕ ਵੰਨਗੀਆਂ ਨੂੰ ਦਰਸਾਉਂਦੇ ਹਨ।

ਨਮਿਤਾ ਨੇ ਅੰਦੋਲਨ ਅਤੇ ਅੰਦੋਲਨ ਦੀ ਬਾਹਰ ਵੱਖ ਵੱਖ ਵਰਗਾਂ ਨਾਲ ਗੱਲਬਾਤ ਕਰਕੇ ਜੋ ਜ਼ਮੀਨੀ ਹਕੀਕਤ ਹੈ ਉਸ ਨੂੰ ਵੀ ਇਸ ਪੁਸਤਕ ਵਿਚ ਸ਼ਾਮਲ ਕੀਤਾ ਹੈ। ਚਾਹੇ ਉਹ ਨਰੇਗਾ ਵਰਕਰਾਂ ਦੀ ਹੋਵੇ, ਚਾਹੇ ਬੰਧੂਆਂ ਮਜ਼ਦੂਰਾਂ ਦੀ ਹੋਵੇ, ਚਾਹੇ ਪੇਂਡੂ ਦਲਿਤ ਭਾਈਚਾਰੇ ਦੀ ਹੋਵੇ, ਚਾਹੇ ਕਿਸਾਨ ਔਰਤਾਂ ਦੀਆਂ ਦੁਸ਼ਵਾਰੀਆਂ ਦੀ ਹੋਵੇ।

ਜੋ ਹਰੀ ਕ੍ਰਾਂਤੀ ਤੋਂ ਬਾਅਦ ਵਾਤਾਵਰਣ ਵਿਚ ਵੱਡੀ ਤਬਦੀਲੀ ਆਈ ਹੈ ਉਸ ਦਾ ਖੇਤੀਬਾੜੀ ਉਪਰ ਕੀ ਅਸਰ ਪੈਂਦਾ ਹੈ ਪੈਦਾਵਾਰ ਵਿਚ ਖੜੋਤ ਕਿਸ ਹੱਦ ਤੱਕ ਵਧ ਸਕਦੀ ਹੈ, ਕੁਦਰਤੀ ਖੇਤੀ ਦੇ ਤਜਰਬੇ ਕੀ ਕਹਿੰਦੇ ਹਨ ਆਦਿ ਸਵਾਲਾਂ ਨੂੰ ਵੀ ਨਜਿੱਠਣ ਦੀ ਕੋਸ਼ਿਸ਼ ਕੀਤੀ ਹੈ। ਅੰਤਲੇ ਅਧਿਆਇ ਵਿਚ ਲਗਾਤਾਰ ਕਿਸਾਨ ਮਜ਼ਦੂਰ ਕਮਿਸ਼ਨ ਵਲੋਂ ਕੀਤੇ ਜਾ ਰਹੇ ਕਾਰਜਾਂ ਅਤੇ ਉਸ ਦੀ ਭਵਿੱਖ ਵਾਲੀ ਦਿਸ਼ਾ ਬਾਰੇ ਵੀ ਸੰਕੇਤ ਪੁਸਤਕ ਵਿਚ ਪ੍ਰਦਾਨ ਕੀਤੇ ਹਨ। ਇਹ ਪੁਸਤਕ ਹਰੇਕ ਕਿਸਾਨ ਆਗੂ, ਕਿਸਾਨੀ ਨਾਲ ਜੁੜਿਆ ਬੌਧਿਕ ਹਿੱਸਾ ਅਤੇ ਵੱਖ ਵੱਖ ਪੱਧਰ 'ਤੇ ਖੋਜ ਕਰਨ ਵਾਲੇ ਲੋਕਾਂ ਨੂੰ ਜ਼ਰੂਰ ਪੜ੍ਹਨੀ ਚਾਹੀਦੀ ਹੈ। ਇਸ ਪੁਸਤਕ ਨੂੰ ਪੜ੍ਹਦਿਆਂ ਇੰਝ ਮਹਿਸੂਸ ਹੁੰਦਾ ਹੈ ਤੁਸੀਂ ਨਵਉਦਾਰਵਾਦ ਦੇ ਦੌਰ ਤੋਂ ਬਾਅਦ ਦੀ ਜੋ ਪੇਂਡੂ ਖੇਤਰ ਦੀ ਸਥਿਤੀ ਬਣੀ ਹੋਈ ਹੈ ਜਿਸ ਦਾ ਸਮੁੱਚਾ ਜੀਵਨ ਖੇਤੀ ਉਪਰ ਆਧਾਰਤ ਸੀ ਉਹ ਕਿਸ ਤਰ੍ਹਾਂ ਖਿੰਡ ਰਿਹਾ ਹੈ ਅਤੇ ਅਗਾਂਹ ਖਿੰਡਣ ਦੀ ਸੰਭਾਵਨਾ ਹੈ ਪ੍ਰੰਤੂ ਅੰਦੋਲਨ ਦਰ ਅੰਦੋਲਨ ਹੀ ਇਸ ਸਭ ਕੁਝ ਤੋਂ ਰਾਹਤ ਦਿਵਾ ਸਕਦੇ ਹਨ ਅਤੇ ਪਾਲਿਸੀਆਂ ਨੂੰ ਤਬਦੀਲ ਕਰਵਾ ਕੇ ਲੋਕਾਂ ਦੇ ਪੱਖ ਵਿਚ ਭੁਗਤਾ ਸਕਦੇ ਹਨ।

# ਸ਼ਹੀਦ ਊਧਮ ਸਿੰਘ ਸੁਨਾਮ ਦੀ ਯਾਦ 'ਚ ਨਾਟਕ ਸਮਾਗਮ ਕਰਵਾਇਆ ਗਿਆ









ਗੁਰਸ਼ਰਨ ਕਲਾ ਭਵਨ ਮੁੱਲਾਂਪੁਰ ਵਿਖੇ ਮਹੀਨੇ ਦੇ ਅਖੀਰਲੇ ਸ਼ਨੀਵਾਰ ਨੂੰ ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਵੱਲੋਂ ਦੇਸ਼ ਦੇ ਮਹਾਨ ਯੋਧੇ ਸ਼ਹੀਦ ਊਧਮ ਸਿੰਘ ਸੁਨਾਮ ਦੀ ਯਾਦ ਵਿੱਚ ਨਾਟਕ ਸਮਾਗਮ ਕਰਵਾਇਆ ਗਿਆ। ਇਸ ਨਾਟਕ ਸਮਾਗਮ ਦਾ ਉਦਘਾਟਨ ਸਾਂਝੇ ਰੂਪ ਵਿੱਚ ਜਸਦੇਵ ਸਿੰਘ ਲਲਤੋਂ ਆਗੂ ਦਸਮੇਸ਼ ਕਿਸਾਨ ਯੂਨੀਅਨ, ਕੰਵਲਜੀਤ ਖੰਨਾ ਜਨਰਲ ਸਕੱਤਰ ਪੰਜਾਬ ਲੋਕ ਸਭਿਆਚਾਰ ਮੰਚ, ਸੁਖਵੰਤ ਸਿੰਘ ਮੋਹੀ, ਜਗਤਾਰ ਸਿੰਘ ਹਿੱਸੋਵਾਲ, ਮਾਸਟਰ ਉਜਾਗਰ ਸਿੰਘ, ਪ੍ਰਗਟ ਸਿੰਘ, ਹਰਕੇਸ਼ ਚੌਧਰੀ, ਬਾਬਾ ਤੇਜਾ ਸਿੰਘ ਗਿੱਲ, ਭਾਗ ਸਿੰਘ ਗਿੱਲ ਆਦਿ ਨੇ ਕੀਤਾ। ਇਸ ਮੌਕੇ ਤੇ ਜਸਦੇਵ ਸਿੰਘ ਲਲਤੋਂ ਜੀ ਨੇ ਵਿਚਾਰ ਪੇਸ਼ ਕੀਤੇ ਕਿ ਦੇਸ਼ ਭਗਤਾਂ ਨੇ ਇੱਕ ਈਸਟ ਇੰਡੀਆ ਕੰਪਨੀ ਨੂੰ ਦੇਸ਼ ਵਿੱਚੋਂ ਬਾਹਰ ਕੱਢਿਆ ਸੀ। ਅੱਜ ਪੰਜ ਹਜ਼ਾਰ ਕੰਪਨੀਆਂ ਆ ਰਹੀਆਂ ਹਨ। ਕੰਵਲਜੀਤ ਖੰਨਾ ਨੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਲੋਕ ਕਲਾ ਮੰਚ ਦੇ ਯਤਨਾਂ ਦੀ ਸ਼ਲਾਘਾ ਕੀਤੀ। ਸ੍ਰੀ ਹਰਕੇਸ਼ ਚੌਧਰੀ ਪ੍ਰਧਾਨ ਲੋਕ ਕਲਾ ਮੰਚ (ਰਜਿ:) ਮੰਡੀ ਮੁੱਲਾਂਪੁਰ ਨੇ ਸ਼ਹੀਦ ਉੱਧਮ ਸਿੰਘ ਸੁਨਾਮ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਸ਼ਹੀਦਾਂ ਦੇ ਸੁਪਨੇ ਅਜੇ ਅਧੂਰੇ ਹਨ। ਉਹਨਾਂ ਨੂੰ ਸਾਕਾਰ ਕਰਨਾ ਸਮੇਂ ਦੀ ਲੋੜ ਹੈ। ਇਸ ਉਪਰੰਤ ਨਾਟਕ ਪੇਸ਼ ਕੀਤਾ ਗਿਆ ਕ੍ਰਾਂਤੀ ਕਲਾ ਮੰਚ ਮੋਗਾ ਦੀ ਟੀਮ ਵੱਲੋਂ ਚਮਕੌਰ ਸਿੰਘ ਦਾ ਲਿਖਿਆ ਤੇ ਨਿਰਦੇਸ਼ਿਤ ਨਾਟਕ 'ਫੁੱਲਾਂ ਦੇ ਰੰਗ ਕਾਲੇ' ਪੇਸ਼ ਕੀਤਾ ਗਿਆ।ਇਸ ਨਾਟਕ ਵਿੱਚ ਨੌਜਵਾਨ ਪੀੜ੍ਹੀ ਵਿੱਚ ਵੱਧ ਰਹੇ ਮੋਬਾਇਲ ਫੋਨ ਦੀ ਵਰਤੋਂ ਦਾ ਰੁਝਾਨ ਉਹਨਾਂ ਨੂੰ ਨਸ਼ਿਆਂ ਦੀ ਦਲਦਲ ਵਿੱਚ ਧੱਕ ਦਿੰਦਾ ਹੈ। ਬਲਜੀਤ ਸਿੰਘ ਮੋਗਾ ਦੀ ਅਦਾਕਾਰੀ ਵਧੀਆ ਰਹੀ। ਨਾਟਕ ਨੇ ਦਰਸ਼ਕਾਂ ਨੂੰ ਆਪਣੇ ਨਾਲ ਜੋੜੀ ਰੱਖਿਆ। ਚਮਕੌਰ ਸਿੰਘ ਅਤੇ ਏਕਮਜੀਤ ਨੇ ਆਪਣੀ ਅਦਾਕਾਰੀ ਨਾਲ ਦਰਸ਼ਕਾਂ ਦਾ ਮਨ ਮੋਹ ਲਿਆ। ਨਾਟਕ ਨਸ਼ਿਆਂ ਦੇ ਵਿਰੁੱਧ ਸੁਨੇਹਾ ਦੇਣ ਵਿੱਚ ਪੂਰੀ ਤਰ੍ਹਾਂ ਕਾਮਯਾਬ ਰਿਹਾ। ਇਸ ਮੌਕੇ 'ਤੇ ਮਾਸਟਰ ਗੁਰਜੀਤ ਸਿੰਘ, ਲੈਕਚਰਾਰ ਇਕਬਾਲ ਸਿੰਘ, ਜਰਨੈਲ ਸਿੰਘ ਮੈਂਬਰ, ਮਾਸਟਰ ਧਰਮਿੰਦਰ ਸਿੰਘ ਜਾਂਗਪੁਰ, ਮਾਸਟਰ ਜਗਦੀਪ ਸਿੰਘ, ਮਾਸਟਰ ਬਲਦੇਵ ਸਿੰਘ, ਮਾਸਟਰ ਗੁਰਮੀਤ ਧਨੋਆ, ਮਾਸਟਰ ਬਲਵੀਰ ਸਿੰਘ, ਆਦਿ ਹਾਜ਼ਰ ਸਨ।

# ਪੰਜਾਬੀ ਆਰਟਿਸ ਐਸੋਸੀਏਸ਼ਨ ਵਲੋਂ ਨਾਟਕਾਂ ਦਾ ਆਯੋਜਨ






ਆਰਟਿਸ ਅਤੇ ਕਲਚਰ ਮਨੁੱਖੀ ਯੋਗਤਾ ਅਤੇ ਜ਼ਿੰਦਗੀ ਜਿਉਣ ਦੇ ਮਹੱਤਵਪੂਰਨ ਔਜਾਰ ਹਨ, ਜਿਨ੍ਹਾਂ ਨਾਲ ਅਸੀਂ ਆਪਣੇ ਆਲੇ ਦੁਆਲੇ ਨੂੰ ਵਧੀਆ ਲੀਹਾਂ 'ਤੇ ਅੱਗੇ ਲਿਜਾ ਸਕਦੇ ਹਾਂ। ਕਲਾ ਅਸਲੀ ਖੁਸ਼ੀ ਅਤੇ ਸਦੀਵੀ ਉਤਸ਼ਾਹ ਦਾ ਸੋਮਾ ਹੈ। ਇਸੇ ਤਰ੍ਹਾਂ ਨਾਟਕ ਡਰਾਮਾ ਪੁਲੇ ਸਾਨੂੰ ਆਪਣੇ ਰੰਗ ਨਿੱਜੀ ਦਾਇਰੇ ਤੋਂ ਬਾਹਰ ਲਿਆ ਜਾ ਕੇ ਸਾਡਾ ਨਾਤਾ ਸਮਾਜ ਨਾਲ ਜੋੜਦਾ ਹੈ ਅਤੇ ਸਾਡਾ ਭਵਿੱਖ ਸਿਰਜਣ ਵਿਚ ਸਹਾਈ ਹੁੰਦਾ ਹੈ। ਉਤਮ ਕਲਾ ਉਹ ਹੁੰਦੀ ਹੈ ਜਿਹੜੀ ਸਮਾਜ ਵਿਚ ਫੈਲੀਆਂ ਕੁਰੀਤੀਆਂ ਦਾ ਨਾਸ ਕਰਕੇ ਇਕ ਵਧੀਆ ਸਮਾਜ ਪੈਦਾ ਕਰਦੀ ਹੈ। ਇਸੇ ਤਰ੍ਹਾਂ ਲੋਕਾਂ ਵਿਚ ਚੇਤਨਾ ਪੈਦਾ ਕਰਕੇ ਪੰਜਾਬੀ ਆਰਟਿਸ ਐਸੋਸੀਏਸ਼ਨ ਵਿਚ ਤਿੰਨ ਪਲੇਜ਼ ਪੰਜਾਬੀ ਵਿਚ ਖੇਡੇ ਗਏ। ਪਹਿਲਾ ਨਾਟਕ 'ਗੁਲਗਲੇ' ਜਿਸ ਵਿਚ ਪਰਿਵਾਰਕ ਸਾਂਝ ਦਾ ਸਨੇਹਾ ਦਿੱਤਾ ਗਿਆ ਅਤੇ ਦੂਜਾ 'ਸਕੂਲ ਦਾ ਸਿਆਪਾ' ਜਿਸ ਵਿਚ ਦਰਸਾਇਆ ਗਿਆ ਕਿ ਸਿੱਖਿਆ ਹਮੇਸ਼ਾ ਧਰਮ



ਦੇ ਦਖ਼ਲ ਤੋਂ ਦੂਰ ਹੋਣੀ ਚਾਹੀਦੀ ਅਤੇ ਤੀਸਰਾ 'ਇਕ ਸੁਪਨੇ ਦਾ ਸਿਆਸੀ ਕਤਲ' ਖੇਡਿਆ ਗਿਆ। ਇਹ ਪ੍ਰੋਗਰਾਮ ਬਲਜਿੰਦਰ ਸਿੰਘ ਲੇਲਾਂ, ਸਰਬਜੀਤ ਸਿੰਘ ਅਰੋੜਾ ਦੇ ਉਦਮਾਂ ਸਦਮਾ ਕਈ ਸਾਲਾਂ ਤੋਂ ਕੈਨੇਡਾ ਦੀ ਧਰਤੀ 'ਤੇ ਕਰਵਾਇਆ ਜਾ ਰਿਹਾ ਹੈ।

# ਸਰਕਾਰੀ ਪ੍ਰਾਇਮਰੀ ਸਕੂਲ ਦੇ ਹੋਣਹਾਰ ਵਿਦਿਆਰਥੀਆਂ ਦਾ ਸਨਮਾਨ

ਪਿਛਲੇ ਕਈ ਸਾਲਾਂ ਤੋਂ ਨਿਰੰਤਰਤਾ ਨੂੰ ਕਾਇਮ ਰਖਦਿਆਂ ਅਦਾਰਾ 'ਅਣੂ ਮੰਚ' ਅਤੇ 'ਅਣੂ' (ਮਿੰਨੀ ਪੱਤ੍ਰਿਕਾ) ਵਲੋਂ ਪਿੰਡ ਬੁਟਾਹਰੀ (ਲੁਧਿਆਣਾ) ਦੇ ਸਰਕਾਰੀ ਪ੍ਰਾਇਮਰੀ ਸਕੂਲ ਦੇ 38 ਹੋਣਹਾਰ ਵਿਦਿਆਰਥੀਆਂ ਨੂੰ 76 ਕਿਤਾਬਾਂ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਸਨਮਾਨ ਸਮਾਰੋਹ ਵਿੱਚ ਸੁਰਿੰਦਰ ਕੈਲੇ ਦੀ ਸਰਪ੍ਰਸਤੀ ਹੇਠ ਡਾ.ਗੁਲਜ਼ਾਰ ਸਿੰਘ ਪੰਧੇਰ, ਜਨਰਲ ਸਕੱਤਰ, ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ ਅਤੇ ਪ੍ਰਸਿੱਧ ਵਿਦਵਾਨ, ਪੁਸਤਕ ਪ੍ਰੇਮੀ ਤੇ ਸਤੀਸ਼ ਧਵਨ ਸਰਕਾਰੀ ਕਾਲਜ, ਲੁਧਿਆਣਾ ਦੇ ਸਾਬਕਾ ਵਿਦਿਆਰਥੀ, ਸ਼੍ਰੀ ਬਰਿਜ ਭੂਸ਼ਨ ਗੋਇਲ ਨੇ ਸਾਥ ਦਿੱਤਾ। ਸਕੂਲ ਵਲੋਂ ਮੁੱਖ ਅਧਿਆਪਕ ਜਸਵਿੰਦਰ ਸਿੰਘ ਦੀ ਅਗਵਾਈ ਹੇਠ ਸ. ਗੁਰਜੰਟ ਸਿੰਘ, ਸ. ਦਵਿੰਦਰ ਸਿੰਘ, ਸ੍ਰੀਮਤੀ ਮਨਜੀਤ ਕੌਰ ਤੇ ਸ੍ਰੀਮਤੀ ਬਲਜੀਤ ਕੌਰ, ਅਧਿਆਪਕ ਸਹਿਬਾਨਾਂ ਨੇ ਸ਼ਿਰਕਤ ਕੀਤੀ। ਹਾਜ਼ਰੀਨ ਨੂੰ ਸੰਬੋਧਨ ਕਰਦਿਆਂ ਸ਼੍ਰੀ ਸੁਰਿੰਦਰ ਕੈਲੇ ਨੇ ਕਿਹਾ ਕਿ ਸਾਡੀ ਕੋਸ਼ਿਸ਼ ਨਵ-ਪੀੜ੍ਹੀ ਨੂੰ ਗਿਆਨ, ਵਿਗਿਆਨ ਦੀ ਗੁੜ੍ਹਤੀ ਦੇ ਕੇਸਮਾਜ ਦੀ ਭਵਿੱਖੀ ਉਸਾਰੀ ਦੇ ਥੰਮ੍ਹਾਂ ਨੂੰ ਮਜਬੂਤ ਕਰਨਾ ਹੈ। ਉਨ੍ਹਾਂ ਅੱਗੋਂ ਕਿਹਾ ਇਹ ਉਹ ਵਿਦਿਆ ਦਾ ਮੰਦਰ ਹੈ ਜਿਥੇ ਮੈਂ ਤੱਪੜਾਂ ਤੇ ਬੈਠਕੇ ਪੜ੍ਹਾਈ ਕੀਤੀ ਸੀ। ਅੱਜ ਮੈਂ ਤੁਹਾਡਾ ਸਨਮਾਨ ਕਰਕੇ ਇਸ ਮੰਦਰ ਨੂੰ ਅਕੀਦਤ ਭੇਂਟ ਕਰ ਰਿਹਾਹਾਂ। ਤੁਸੀਂ ਵੀ ਇਥੋਂ ਜਮਾਤਾਂ ਦੀ ਪੜ੍ਹਾਈ ਦੇ ਨਾਲ ਸਕੂਲ ਦੀ ਲਾਇਬ੍ਰੇਰੀ ਵਿੱਚੋਂ ਕਿਤਾਬਾਂ ਲੈ ਕੇ ਪੜ੍ਹੋ ਅਤੇ ਹੋਣਹਾਰ ਬੱਚੇ ਬਣਕੇ ਮਾਪਿਆਂ ਦਾ ਨਾਂ ਰੌਸ਼ਨ ਕਰੋ ਤੇ ਅਪਣਾ ਸ਼ਾਨਮੱਤਾ ਭਵਿੱਖ ਸਿਰਜੋ। ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਵਿਦਿਆਰਥੀਆਂ ਨੂੰ ਸ਼ਬਦ ਨਾਲ ਜੁੜਣ ਲਈ ਪ੍ਰੇਰਦਿਆਂ ਸੱਦਾ ਦਿੱਤਾ ਕਿ ਪੰਜਾਬੀ ਭਵਨ ਦੀ ਲਾਇਬ੍ਰੇਰੀ ਵਿੱਚ ਕਿਤਾਬਾਂ ਦਾ ਅਣਮੁਲਾ ਭੰਡਾਰ ਪਿਆ ਹੈ, ਤੁਸੀਂ ਆਓ ਤੇ ਕਿਤਾਬਾਂ ਸੰਗ ਦੋਸਤੀ ਪਾਓ। ਸ਼੍ਰੀ ਬ੍ਰਿਜ ਭੂਸ਼ਣ ਗੋਇਲ ਨੇ ਬੱਚਿਆਂ ਨੂੰ ਬਾਹਰਲੀ ਦੁਨੀਆਂ ਨਾਲ ਜੁੜਣ ਲਈ ਪ੍ਰੇਰਦਿਆਂ ਕਿਹਾ ਕਿ ਤੁਹਾਨੂੰ ਭੇਂਟ ਕੀਤੀਆਂ ਕਿਤਾਬਾਂ ਰਾਹੀਂ ਤੁਸੀਂ ਪਹਾੜ, ਜੰਗਲ, ਸਮੁੰਦਰ ਤੇ ਜੀਵਾਂ ਦੀ ਦੁਨੀਆਂ ਨੂੰ ਜਾਣ ਸਕੋਗੇ। ਅਧਿਆਪਕ ਸ. ਦਵਿੰਦਰ ਸਿੰਘ ਤੇ ਸ. ਗੁਰਜੰਟ ਸਿੰਘ ਨੇ ਸੁਰਿੰਦਰ ਕੈਲੇ ਤੇ ਸਾਥੀਆਂ ਵਲੋਂ ਸਨਮਾਨ ਤੇ ਅਸ਼ੀਰਵਾਦੀ ਸ਼ਬਦਾਂ ਨਾਲ ਨਿਵਜਣ ਤੇ ਕਿਹਾ ਕਿ ਤੁਹਾਡੇ ਵਰਗੀਆਂ ਮਹਾਨ ਸ਼ਖਸੀਅਤਾਂ ਵਿਦਿਆਰਥੀਆਂ ਨੂੰ ਹੋਰ ਮਿਹਨਤ ਕਰਨ ਤੇ ਗਿਆਨਦੀਪ ਕਿਤਾਬਾਂ ਦੇ ਲੜ ਲੱਗਕੇ



ਜ਼ਿੰਦਗੀ ਦੇ ਸਫਰ ਨੂੰ ਇਨਸਾਨੀ ਕਦਰਾਂ ਕੀਮਤਾਂ ਵਾਲਾ ਸਮਾਜ ਸਿਰਜਣ ਲਈ ਪ੍ਰੇਰਿਤ ਕਰਨਗੀਆਂ। ਸਨਮਾਨ ਪ੍ਰਾਪਤ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਸ੍ਰੀਮਤੀ ਮਨਜੀਤ ਕੌਰ ਨੇ ਦੂਸਰੇ ਵਿਦਿਆਰਥੀਆਂ ਨੂੰ ਹੋਰ ਮਿਹਨਤ ਕਰਦਿਆਂ ਅਗਲੀ ਵਾਰੀ ਸਨਮਾਨ ਪ੍ਰਾਪਤ ਕਰਨ ਵਾਲਿਆਂ ਵਿੱਚ ਸ਼ਾਮਿਲ ਹੋਣ ਲਈ ਉਤਸ਼ਾਹਿਤ ਕੀਤਾ ਅਤੇ ਅਦਾਰਾ ਅਣੂਮੰਚ ਤੇ ਅਣੂ ਦਾ ਭਾਵਪੂਰਤ ਸ਼ਬਦਾਂਨਾਲ ਧੰਨਵਾਦ ਕੀਤਾ।

**ਸੁਰਿੰਦਰ ਕੈਲੇ**
9872591653

# ਸ਼ਰਧਾਂਜਲੀ: ਡੂੰਘੀ ਸਮਰਪਣ ਭਾਵਨਾ ਨਾਲ ਲੋਕਾਂ ਲੇਖੇ ਲੱਗੀ ਜ਼ਿੰਦਗੀ

- ਪਾਵੇਲ ਕੁੱਸਾ
94170-54015

ਲੰਘੀ ਦੋ ਜੁਲਾਈ ਨੂੰ ਕਮਿਊਨਿਸਟ ਇਨਕਲਾਬੀ ਲਹਿਰ ਦੀ ਅਹਿਮ ਆਗੂ ਸ਼ਖ਼ਸੀਅਤ ਕਾਮਰੇਡ ਗੁਰਦਿਆਲ ਸਿੰਘ ਪਹਾੜਪੁਰ 81 ਵਰ੍ਹਿਆਂ ਦੀ ਅਰਥ ਭਰਪੂਰ ਤੇ ਸ਼ਾਨਾਮੱਤੀ ਜ਼ਿੰਦਗੀ ਦਾ ਸਫ਼ਰ ਮੁਕਾ ਗਏ। ਪਰ ਇਹ ਨਿਵੇਕਲਾ ਸਫ਼ਰ ਲੋਕ ਮੁਕਤੀ ਦੇ ਰਾਹਾਂ ਦੇ ਪਾਂਧੀਆਂ ਲਈ ਰੌਸ਼ਨੀ ਦੇ ਸੋਮੇ ਵਜੋਂ ਸਦਾ ਆਪਣਾ ਚਾਨਣ ਵੰਡਦਾ ਰਹੇਗਾ।

ਕਾਮਰੇਡ ਗੁਰਦਿਆਲ ਪਹਾੜਪੁਰ 1960ਵਿਆਂ ਦੇ ਤਰਥੱਲੀਆਂ ਭਰਪੂਰ ਸਾਲਾਂ ਦੀ ਪੈਦਾਵਾਰ ਸਨ ਜਦੋਂ ਦੁਨੀਆ ਭਰ 'ਚ ਨੌਜਵਾਨ ਵਿਦਿਆਰਥੀ ਨਵੇਂ ਸਮਾਜ ਦੀ ਉਸਾਰੀ ਦੀ ਮੰਜ਼ਿਲ ਨੂੰ ਆਪਣੇ ਅਕੀਦੇ ਬਣਾ ਕੇ ਸੰਗਰਾਮਾਂ ਦੇ ਮੈਦਾਨ 'ਚ ਨਿੱਤਰ ਰਹੇ ਸਨ। ਮੁਲਕ ਦੇ ਵੀ ਹਜ਼ਾਰਾਂ ਨੌਜਵਾਨਾਂ ਨੇ ਕਿਰਤੀ ਲੋਕਾਈ ਦੀ ਮੁਕਤੀ ਲਈ ਸਮਾਜ ਦੀ ਇਨਕਲਾਬੀ ਕਾਇਆ ਪਲਟੀ ਖ਼ਾਤਰ ਜ਼ਿੰਦਗੀ ਅਰਪਿਤ ਕਰਨ ਦਾ ਰਾਹ ਫੜਿਆ ਸੀ ਪਰ ਇਸ ਲੰਮੇ ਸਫ਼ਰ ਚੋਂ ਵਿਰਲੇ ਹਨ ਜਿਹੜੇ ਜਵਾਨੀ ਵੇਲੇ ਚੁਣੇ ਗਏ ਇਸ ਰਸਤੇ 'ਤੇ ਅੰਤਿਮ ਸਾਹਾਂ ਤੱਕ ਡਟੇ ਰਹੇ। ਕਾਮਰੇਡ ਗੁਰਦਿਆਲ ਇਹਨਾਂ ਵਿਰਲਿਆਂ 'ਚ ਸ਼ੁਮਾਰ ਸਨ ਜਿਨ੍ਹਾਂ ਦੇ ਸਾਹਾਂ 'ਚ ਲੋਕ ਇਨਕਲਾਬ ਦਾ ਮਹਾਨ ਮਿਸ਼ਨ ਰਚਿਆ ਹੋਇਆ ਸੀ। ਲਗਭਗ 57–58 ਸਾਲ ਦੇ ਲੰਮੇ ਸਿਆਸੀ ਸਫ਼ਰ ਦਾ ਬਿਖੜਾ ਪੈਂਡਾ ਨਾ ਉਹਨਾਂ ਨੂੰ ਥਕਾ ਸਕਿਆ ਨਾ ਕਮਿਊਨਿਸਟ ਇਨਕਲਾਬੀ ਲਹਿਰ ਦੇ ਸੰਕਟ, ਉਤਰਾਅ ਚੜ੍ਹਾਅ ਤੇ ਪਛਾੜਾਂ ਕਦੇ ਉਹਨਾਂ ਨੂੰ ਰਸਤਿਓਂ ਥਿੜਕਾ ਸਕੀਆਂ। ਆਖਰੀ ਸਮੇਂ ਤੱਕ ਅੱਖਾਂ 'ਚ ਲੋਕ ਇਨਕਲਾਬ ਦੇ ਸੁਪਨੇ ਦੀ ਉਮੀਦ ਜਵਾਨੀ ਪਹਿਰੇ ਵਾਂਗ ਲਿਸ਼ਕਦੀ ਰਹੀ। ਇਹ ਲਿਸ਼ਕ ਬੁਢਾਪੇ ਦੇ ਕਦਮਾਂ ਦੀ ਤੋਰ ਅੰਦਰ ਵੀ ਤਾਂਘ ਬਣ ਕੇ ਉਤਰਦੀ ਰਹੀ ਤੇ ਕਦਮਾਂ ਦੀ ਰਵਾਨੀ ਬਣਦੀ ਰਹੀ। ਨਵੀਂ ਪੀੜ੍ਹੀ ਦੇ ਇਨਕਲਾਬੀਆਂ ਲਈ ਉਹ ਨਿਹਚਾ ਤੇ ਸਮਰਪਣ ਦੀ ਉੱਤਮ ਮਿਸਾਲ ਬਣਦੇ ਹਨ।

ਕਾਮਰੇਡ ਗੁਰਦਿਆਲ 60ਵਿਆਂ ਦੇ ਮਗਰਲੇ ਅੱਧ 'ਚ ਵਿਦਿਆਰਥੀ ਲਹਿਰ ਦੇ ਕਾਫ਼ਲੇ 'ਚ ਸ਼ਾਮਿਲ ਹੋਏ ਸਨ ਅਤੇ ਉਸ ਦੌਰ ਦੇ ਮਕਬੂਲ ਵਿਦਿਆਰਥੀ ਆਗੂ ਦਰਸ਼ਨ ਬਾਗੀ ਦੀ ਪ੍ਰੇਰਨਾ ਤੇ ਸਾਥ ਨਾਲ ਵਿਦਿਆਰਥੀ ਲਹਿਰ ਦੀਆਂ ਆਗੂ ਸਫਾਂ 'ਚ ਨਿਤਰੇ ਸਨ। ਇਨਕਲਾਬੀ ਲਹਿਰ 'ਚ ਉਹਨਾਂ ਦੀ ਸ਼ੁਰੂਆਤ ਦਾ ਦੌਰ ਪੰਜਾਬ ਦੀ ਵਿਦਿਆਰਥੀ ਲਹਿਰ ਦੇ ਸ਼ਾਨਾਮੱਤੇ ਇਤਿਹਾਸ ਦਾ ਹੀ ਇੱਕ ਅਹਿਮ ਦੌਰ ਹੈ ਜਦੋਂ ਪੰਜਾਬ ਦੇ ਵਿਦਿਆਰਥੀਆਂ ਦੀ ਜਥੇਬੰਦੀ ਪੰਜਾਬ ਸਟੂਡੈਂਟਸ ਯੂਨੀਅਨ ਇੱਕ ਮਕਬੂਲ ਜਥੇਬੰਦੀ ਵਜੋਂ ਪੰਜਾਬ ਦੇ ਵਿਦਿਆਰਥੀਆਂ ਦੀ ਸਮੂਹਿਕ ਹਸਤੀ ਦਾ ਚਿੰਨ੍ਹ ਬਣ ਕੇ ਉਭਰੀ ਸੀ। ਇਹੀ ਉਹ ਸਮਾਂ ਸੀ ਜਦੋਂ ਨਕਸਲਵਾੜੀ ਬਗਾਵਤ ਦੇ ਝੰਜੋੜੇ ਨਾਲ ਹਲੂਣੀ ਗਈ ਪੰਜਾਬ ਦੀ ਜਵਾਨੀ ਲੋਕ ਮੁਕਤੀ ਦੇ ਮਿਸ਼ਨ ਨੂੰ ਪ੍ਰਣਾਈ ਜਾ ਰਹੀ ਸੀ। ਪਰ ਇਨਕਲਾਬੀ ਲਹਿਰ ਅੰਦਰ ਆਏ ਖੱਬੇ ਮਾਅਰਕੇਬਾਜ਼ ਰੁਝਾਨ ਨੇ ਪੀ ਐਸ ਯੂ ਦੀ ਲੀਡਰਸ਼ਿਪ ਨੂੰ ਵੀ ਆਪਣੀ ਲਪੇਟ 'ਚ ਲੈ ਲਿਆ ਸੀ ਤੇ ਜਥੇਬੰਦੀ ਦੀ ਲੀਡਰਸ਼ਿਪ ਦੇ ਵੱਡੇ ਹਿੱਸੇ ਨੇ ਜਨਤਕ ਜਥੇਬੰਦੀ ਨੂੰ ਇਨਕਲਾਬ ਦੇ ਰਾਹ ਦਾ ਰੋੜਾ ਕਰਾਰ ਦੇ ਦਿੱਤਾ ਸੀ। ਕਾਮਰੇਡ ਗੁਰਦਿਆਲ ਅਜਿਹੇ ਔਖੇ ਵੇਲਿਆਂ 'ਚ ਇਸ ਗ਼ਲਤ ਰੁਝਾਨ ਦੀ ਪਛਾਣ ਕਰਨ ਵਾਲੇ ਤੇ ਵਿਦਿਆਰਥੀ ਜਥੇਬੰਦੀ ਦੇ ਮਹੱਤਵ ਨੂੰ ਸਮਝਣ ਵਾਲੇ ਮੁੱਢਲੇ ਇਨਕਲਾਬੀਆਂ 'ਚ ਸ਼ੁਮਾਰ ਸਨ। ਇਸ ਮੌਕੇ ਉਹ ਪੰਜਾਬ ਸਟੂਡੈਂਟਸ ਯੂਨੀਅਨ ਦੇ ਵਜੂਦ ਦੀ ਰਾਖੀ ਕਰਨ ਲਈ ਅੱਗੇ ਆਏ। ਪੀ ਐਸ ਯੂ ਨੂੰ ਮੁੜ–ਜਥੇਬੰਦ ਕਰਨ ਲਈ ਨਾਭਾ ਕਨਵੈਂਨਸ਼ਨ ਜਥੇਬੰਦ ਕੀਤੀ ਗਈ। ਇਸ ਮੌਕੇ ਉਹਨਾਂ ਨੇ ਜਥੇਬੰਦੀ ਦੇ ਸੂਬਾਈ ਜਨਰਲ ਸਕੱਤਰ ਵਜੋਂ ਜ਼ਿੰਮੇਵਾਰੀ ਓਟੀ। ਇਨਕਲਾਬੀ ਜਨਤਕ ਮੁਹਾਵਰੇ ਵਿੱਚ ਪੀ ਐਸ ਯੂ ਦਾ ਐਲਾਨਨਾਮਾ ਤਿਆਰ ਕੀਤਾ ਗਿਆ ਤੇ ਪ੍ਰਵਾਨ ਹੋਇਆ। ਵਿਦਿਆਰਥੀ ਸੰਘਰਸ਼ ਪਰਚੇ ਦਾ ਅੰਕ ਨੰ. 6 ਪ੍ਰਕਾਸ਼ਿਤ ਕੀਤਾ।



ਇਹ ਦਸਤਾਵੇਜ਼ ਅਤੇ ਉਹਨਾਂ ਦੀਆਂ ਇਹ ਕੋਸ਼ਿਸ਼ਾਂ ਪੀਐਸਯੂ ਦੇ ਅਗਲੇ ਸਫ਼ਰ ਲਈ ਪਾਏਦਾਰ ਆਧਾਰ ਬਣੀਆਂ ਅਤੇ 1971 ਵਿੱਚ ਪ੍ਰਿਥੀਪਾਲ ਸਿੰਘ ਰੰਧਾਵਾ ਦੀ ਅਗਵਾਈ 'ਚ ਮੁੜ–ਜਥੇਬੰਦ ਹੋਈ ਪੰਜਾਬ ਸਟੂਡੈਂਟਸ ਯੂਨੀਅਨ ਨੇ ਪੰਜਾਬ ਦੇ ਵਿਦਿਆਰਥੀਆਂ ਨੂੰ ਮੁੜ ਜਨਤਕ ਘੋਲਾਂ ਦੇ ਰਾਹ ਤੋਰ ਲਿਆ। ਪੀ ਐਸ ਯੂ ਦੇ ਅਗਲੇ ਸਫ਼ਰ ਵਿੱਚ ਕਾਮਰੇਡ ਗੁਰਦਿਆਲ ਦਾ ਤਜਰਬਾ ਤੇ ਅਗਵਾਈ ਮਿਸਾਲ ਹੋ ਕੇ ਜਗੀ ਤੇ ਉਹਨਾਂ ਨੇ ਮੁੜ–ਜਥੇਬੰਦੀ ਦੇ ਇਸ ਕਾਰਜ ਵਿੱਚ ਰਾਹ–ਨੁਮਾ ਵਜੋਂ ਅਹਿਮ ਰੋਲ ਅਦਾ ਕੀਤਾ। ਇਸ ਅਗਵਾਈ ਤੇ ਪ੍ਰੇਰਨਾ ਨਾਲ ਪੀਐਸਯੂ ਆਪਣੀ ਨਵੀਂ ਸਿਖਾਂਦਰੂ ਆਗੂ ਟੀਮ ਨਾਲ ਮਹਾਨ ਮੋਗਾ ਘੋਲ ਵਰਗਾ ਵੱਡਾ ਸੰਗਰਾਮ ਲੜ ਸਕੀ ਅਤੇ ਪੰਜਾਬ ਦੀ ਜਨਤਕ ਲਹਿਰ ਦੀ ਮੋਹਰੀ ਟੁਕੜੀ ਵਜੋਂ ਆਪਣੀ ਭੂਮਿਕਾ ਅਦਾ ਕਰ ਸਕੀ। 70ਵਿਆਂ ਦੇ ਦਹਾਕੇ 'ਚ ਪੀਐਸਯੂ ਦੇ ਰਾਹ–ਨੁਮਾ ਉਸੱਰੀਏ ਵਜੋਂ ਉਨਾਂ ਦੀ ਭੂਮਿਕਾ ਇਤਿਹਾਸ ਦੇ ਪੰਨਿਆਂ 'ਚ ਸਦਾ ਉੱਕਰੀ ਰਹੇਗੀ।

ਇੱਕ ਕਮਿਊਨਿਸਟ ਇਨਕਲਾਬੀ ਵਜੋਂ ਉਹ ਮਾਰਕਸਵਾਦ–ਲੈਨਿਨਵਾਦ ਤੇ ਮਾਓ ਵਿਚਾਰਧਾਰਾ ਨਾਲ ਸਿਧਾਂਤਕ ਵਫਾਦਾਰੀ ਦੀ ਮਿਸਾਲ ਬਣ ਕੇ ਨਿਭੇ ਜਿਹੜੇ ਲਹਿਰ ਦੇ ਅਹਿਮ ਮੋੜਾਂ 'ਤੇ ਕਮਿਊਨਿਸਟ ਵਿਚਾਰਧਾਰਾ ਖ਼ਾਸ ਕਰਕੇ ਮਾਓ ਵਿਚਾਰਧਾਰਾ ਦੀ ਰਾਖੀ ਲਈ ਡਟਣ ਵਾਲੇ ਨਿਹਚਾਵਾਨ ਇਨਕਲਾਬੀਆਂ 'ਚ ਸ਼ੁਮਾਰ ਸਨ। ਉਹ ਮਰਹੂਮ ਕਮਿਊਨਿਸਟ ਇਨਕਲਾਬੀ ਆਗੂ ਕਾ. ਹਰਭਜਨ ਸੋਹੀ ਦੇ ਸੰਗੀ ਸਾਥੀ ਤੇ ਉਹਨਾਂ ਦੀ ਸਿਆਸੀ ਵਿਚਾਰਧਾਰਕ ਵਿਰਾਸਤ ਦੇ ਡਟਵੇਂ ਪਹਿਰੇਦਾਰ ਸਨ। ਦਰੁਸਤ ਇਨਕਲਾਬੀ ਸਿਆਸਤ ਅਤੇ ਵਿਚਾਰਧਾਰਾ ਦੇ ਅਧਾਰ 'ਤੇ ਪੰਜਾਬ ਅੰਦਰ ਇਨਕਲਾਬੀ ਜਨਤਕ ਲਹਿਰ ਦੀ ਉਸਾਰੀ ਚ ਉਹਨਾਂ ਦਾ ਮਹੱਤਵਪੂਰਨ ਅਗਵਾਨੂੰ ਰੋਲ ਰਿਹਾ। ਦਰੁਸਤ ਇਨਕਲਾਬੀ ਲੀਹ ਦੀ ਯੁੱਧ ਨੀਤੀ ਤੇ ਦਾਅਪੇਚਾਂ ਨੂੰ ਲਾਗੂ ਕਰਨ, ਹਾਲਤ ਦੀਆਂ ਸੰਭਾਵਨਾਵਾਂ ਨੂੰ ਪਛਾਨਣ ਤੇ ਸੀਮਤਾਈਆਂ ਨੂੰ ਸਰ ਕਰਨ ਲਈ ਲੰਮੇ ਦਾਅ ਦੀਆਂ ਵਿਉਂਤਾਂ ਘੜਨ ਤੇ ਲਾਗੂ ਕਰਨ 'ਚ ਉਹਨਾਂ ਦੀ ਵਿਸ਼ੇਸ਼ ਸਮਰੱਥਾ ਤੇ ਮੁਹਾਰਤ ਉੱਭਰ ਕੇ ਸਾਹਮਣੇ ਆਈ। ਲੰਮੇ ਸਿਆਸੀ ਸਫ਼ਰ ਦੌਰਾਨ ਉਹ ਇਨਕਲਾਬੀ ਜਨਤਕ ਲੀਹ ਦੇ ਝੰਡਾਬਰਦਾਰਾਂ 'ਚ ਸ਼ੁਮਾਰ ਰਹੇ। ਕਮਿਊਨਿਸਟ ਇਨਕਲਾਬੀਆਂ ਦੀ ਸਾਂਝ ਉਸਾਰਨ ਤੇ ਏਕਤਾ ਨੂੰ ਅੱਗੇ ਵਧਾਉਣ 'ਚ ਵੀ ਉਹਨਾਂ ਨੇ ਮੋਹਰੀ ਭੂਮਿਕਾ ਅਦਾ ਕੀਤੀ ਤੇ ਇਸ ਕਾਰਜ ਦੀਆਂ ਸਮੱਸਿਆਵਾਂ ਨੂੰ ਅਮਲੀ ਤੌਰ 'ਤੇ ਹੱਲ ਕਰਨ ਵਿੱਚ ਅਗਵਾਈ ਕੀਤੀ। ਪੰਜਾਬ 'ਚ ਖਾਲਿਸਤਾਨੀ ਤੇ ਹਕੂਮਤੀ ਦਹਿਸ਼ਤਗਰਦੀ ਦੇ ਦੌਰ ਅੰਦਰ ਲੋਕ ਟਾਕਰਾ ਉਸਾਰਨ ਦੇ ਕਾਰਜਾਂ ਦੀ ਅਮਲੀ ਅਗਵਾਈ ਵਿੱਚ ਵੀ ਉਹਨਾਂ ਦੀ ਮੋਹਰੀ ਭੂਮਿਕਾ ਰਹੀ। ਇਸ ਲੰਮੇ ਸਫਰ ਦੌਰਾਨ ਉਹਨਾਂ ਨੇ ਵੱਖ ਵੱਖ ਕਮਿਊਨਿਸਟ ਇਨਕਲਾਬੀ ਜਥੇਬੰਦੀਆਂ 'ਚ ਸੂਬਾਈ ਤੇ ਕੇਂਦਰੀ ਪੱਧਰ 'ਤੇ ਆਗੂ ਜ਼ਿੰਮੇਵਾਰੀਆਂ ਨਿਭਾਈਆਂ।

ਇਕ ਪੇਸ਼ਾਵਰ ਇਨਕਲਾਬੀ ਵਜੋਂ ਲੋਕ ਇਨਕਲਾਬ ਦੇ ਮਿਸ਼ਨ 'ਚ ਅਟੱਲ ਭਰੋਸਾ ਤੇ ਅਡੋਲ ਨਿਹਚਾ ਦੇ ਜ਼ੋਰ 'ਤੇ ਹੀ ਉਹਨਾਂ ਨੇ ਲੰਮੀ ਅੰਡਰ–ਗਰਾਊਂਡ ਜ਼ਿੰਦਗੀ ਦੀਆਂ ਦੁਸ਼ਵਾਰੀਆਂ ਨੂੰ ਹੱਸ ਕੇ ਝੱਲਿਆ। ਇਕ ਪਰਪੱਕ ਕਮਿਊਨਿਸਟ ਇਨਕਲਾਬੀ ਨਜ਼ਰੀਏ ਕਾਰਨ ਹੀ ਸੰਸਾਰ ਇਨਕਲਾਬ ਨੂੰ ਲੱਗੀਆਂ ਪਛਾੜਾਂ ਦੀ ਸੱਟ ਨੂੰ ਜਰ ਸਕੇ ਅਤੇ ਇਸ ਸੱਟ ਨੇ ਉਹਨਾਂ ਨੂੰ ਕਦੇ ਬੇਦਿਲ ਨਹੀਂ ਕੀਤਾ। ਸਮਾਜਵਾਦੀ ਚੀਨ ਦੇ ਪੂੰਜੀਵਾਦ ਦੀ ਰਾਹ 'ਤੇ ਚਲੇ ਜਾਣ ਤੇ ਉਸਦੇ ਅਸਰ ਹੇਠ ਮੁਲਕ ਦੇ ਕਮਿ.ਇਨ. ਹਿੱਸਿਆਂ 'ਚ ਨਿਰਾਸ਼ਾ ਦਾ ਹੋਇਆ ਪਸਾਰਾ ਉਹਨਾਂ ਦੀ ਤੋਰ ਨੂੰ ਅਸਰ ਅੰਦਾਜ਼ ਨਾ ਕਰ ਸਕਿਆ ਤੇ ਇਨਕਲਾਬ ਦੇ ਪੰਧ 'ਤੇ ਇਹ ਤੋਰ ਸਦਾ ਸਾਵੀਂ ਰਹੀ। ਲਹਿਰ 'ਚੋਂ ਖਿੰਡ ਗਿਆਂ ਨੂੰ ਮੁੜ ਮੁੜ ਜੋੜਨ ਤੇ ਕਿਰ ਗਿਆਂ ਨੂੰ ਮੁੜ ਚੁਗਣ ਦਾ ਸਬਰ ਤੇ ਤਹੱਮਲ ਸਦਾ ਸਲਾਮਤ ਰਿਹਾ।

ਲੰਮੀ ਬਿਮਾਰੀ ਨਾਲ ਜੂਝਦਿਆਂ ਉਹਨਾਂ ਨੇ ਕਮਿਊਨਿਸਟ ਇਨਕਲਾਬੀਆਂ ਵਾਲੀ ਜੁਝਾਰ ਭਾਵਨਾ ਦਾ ਪ੍ਰਗਟਾਵਾ ਕੀਤਾ। ਬਿਮਾਰੀ ਨਾਲ ਵੀ ਉਹ ਪੂਰੀ ਤਿਆਰੀ ਤੇ ਸਪਸ਼ਟਤਾ ਨਾਲ ਲੜੇ ਤੇ ਨਾਲ ਹੀ ਜਮਾਤੀ ਘੋਲ ਦੀ ਅਗਵਾਈ ਦੇ ਮੋਰਚੇ 'ਤੇ ਡਟੇ ਰਹੇ। ਇਨਕਲਾਬੀ ਕਾਰਜਾਂ 'ਚ ਹਿੱਸਾ ਪਾਉਣ ਲਈ ਸਦਾ ਤਤਪਰ ਰਹੇ। ਸਰੀਰਕ ਬਿਮਾਰੀ ਉਹਨਾਂ ਦੇ ਮਨੋਬਲ ਨੂੰ ਢਾਹ ਨਾ ਸਕੀ। ਇਸ ਨਿਭਾਅ ਰਾਹੀਂ ਉਹਨਾਂ ਨੇ ਦਰਸਾਇਆ ਕਿ ਕਮਿਊਨਿਸਟ ਇਨਕਲਾਬੀ ਕਿਸ ਮਿੱਟੀ ਦੇ ਬਣੇ ਹੁੰਦੇ ਹਨ।

ਪੰਜਾਬ ਦੀ ਸੰਗਰਾਮੀ ਲੋਕ ਲਹਿਰ ਅੱਜ ਜੇਕਰ ਮੁਲਕ ਦੀ ਲਹਿਰ ਅੰਦਰ ਆਪਣਾ ਵਿਲੱਖਣ ਸਥਾਨ ਰੱਖਦੀ ਹੈ ਤੇ ਇਸ ਮੁਕਾਮ 'ਤੇ ਪਹੁੰਚੀ ਹੈ, ਤਾਂ ਇਸਦੀ ਉਸਾਰੀ ਦੀਆਂ ਨੀਹਾਂ 'ਚ ਕਾਮਰੇਡ ਗੁਰਦਿਆਲ ਵਰਗੇ ਕਿੰਨੇ ਹੀ ਸਾਥੀਆਂ ਦੀ ਜੀਵਨ ਭਰ ਦੀ ਘਾਲਣਾ ਪਈ ਹੈ। ਚਾਹੇ ਉਹਨਾਂ ਦਾ ਜ਼ਿਕਰ ਇਸ ਉਸਾਰੀ ਦੇ ਦਿਖਦੇ ਹਿੱਸੇ 'ਤੇ ਨਜ਼ਰੀ ਨਹੀਂ ਪੈਂਦਾ ਪਰ ਉਹਨਾਂ ਦੀ ਜੀਵਨ ਘਾਲਣਾ ਇਸ ਦੀਆਂ ਬੁਨਿਆਦਾਂ ਚ ਰਚੀ ਹੋਈ ਹੈ। ਉਹਨਾਂ ਦੇ ਜਾਣ ਮਗਰੋਂ ਵੀ ਉਹਨਾਂ ਦੀ ਅਜਿਹੀ ਭੂਮਿਕਾ ਇਨਕਲਾਬੀ ਲਹਿਰ ਦੇ ਅਗਲੇ ਸਫ਼ਰ ਲਈ ਪ੍ਰੇਰਨਾ ਬਣਦੀ ਰਹੇਗੀ। ਕਾਮਰੇਡ ਗੁਰਦਿਆਲ ਦੀ ਜੀਵਨ ਘਾਲਣਾ ਨੂੰ ਸਿਜਦੇ ਲਈ 12 ਜੁਲਾਈ ਨੂੰ ਬਠਿੰਡਾ ਵਿਖੇ ਲਾਲ ਸਲਾਮ ਸਮਾਗਮ ਹੋ ਰਿਹਾ ਹੈ।

# ਜਪਾਨ 'ਚ ਅਧਿਆਪਕਾਂ ਦਾ ਕੋਈ ਵਿਸ਼ੇਸ਼ ਦਿਨ ਨਹੀਂ ਹੁੰਦਾ

**(ਕਿਸੇ ਗੁੰਮਨਾਮ ਅਧਿਆਪਕ ਦੁਆਰਾ ਲਿਖੀ ਅਤੇ ਵੱਟਸਐਪ ਤੋਂ ਪ੍ਰਾਪਤ ਇਕ ਪੋਸਟ ਦਾ ਪੰਜਾਬੀ ਅਨੁਵਾਦ)**

ਇੱਕ ਵਾਰ ਮੈਂ ਆਪਣੇ ਜਪਾਨੀ ਸਾਥੀ ਅਧਿਆਪਕ ਯਾਮਾਮੋਟੋ ਨੂੰ ਪੁੱਛਿਆ :

'ਤੁਸੀਂ ਜਪਾਨ ਵਿੱਚ ਅਧਿਆਪਕਾਂ ਦਾ ਦਿਨ ਕਿਵੇਂ ਮਨਾਉਂਦੇ ਹੋ?'

ਉਸਨੇ ਹੈਰਾਨ ਹੋ ਕੇ ਉੱਤਰ ਦਿੱਤਾ :

'ਸਾਡੇ ਕੋਲ ਅਧਿਆਪਕਾਂ ਦਾ ਕੋਈ ਦਿਨ ਨਹੀਂ ਹੁੰਦਾ।'

ਉਸਦਾ ਉੱਤਰ ਸੁਣ ਕੇ ਮੈਂ ਕੁਝ ਸਮਝ ਨਹੀਂ ਪਾਇਆ ਕਿ ਮੈਨੂੰ ਵਿਸ਼ਵਾਸ ਕਰਨਾ ਚਾਹੀਦਾ ਹੈ ਜਾਂ ਨਹੀਂ। ਮੇਰੇ ਮਨ ਵਿੱਚ ਇੱਕ ਵਿਚਾਰ ਆਇਆ :

'ਇੱਕ ਅਜਿਹਾ ਦੇਸ਼ ਜੋ ਆਰਥਿਕਤਾ, ਵਿਗਿਆਨ ਅਤੇ ਤਕਨਾਲੋਜੀ ਵਿੱਚ ਇੰਨਾ ਅੱਗੇ ਵਧ ਚੁੱਕਾ ਹੈ, ਕੀ ਉਹ ਅਧਿਆਪਕਾਂ ਅਤੇ ਉਨ੍ਹਾਂ ਦੇ ਕੰਮ ਨੂੰ ਐਨਾ ਵਾਧੂ ਸਮਝਦਾ ਹੋਇਆ ਬੇਇਜ਼ਤ ਕਰਦਾ ਹੈ?'

ਇੱਕ ਵਾਰ ਕੰਮ ਤੋਂ ਬਾਅਦ ਯਾਮਾਮੋਟੋ ਨੇ ਮੈਨੂੰ ਆਪਣੇ ਘਰ ਬੁਲਾਇਆ। ਅਸੀਂ ਮੈਟਰੋ ਰਾਹੀਂ ਗਏ ਕਿਉਂਕਿ ਘਰ ਕਾਫੀ ਦੂਰ ਸੀ। ਸ਼ਾਮ ਦਾ ਰਸ਼ ਦਾ ਸਮਾਂ ਸੀ ਅਤੇ ਮੈਟਰੋ ਦੀਆਂ ਬੋਗੀਆਂ ਭਰੀਆਂ ਹੋਈਆਂ ਸਨ। ਮੈਂ ਕਿਸੇ ਤਰ੍ਹਾਂ ਬੋਗੀ ਦੇ ਇੱਕ ਡੰਡੇ ਨੂੰ ਫੜ ਕੇ ਖੜਾ ਹੋ ਗਿਆ।

ਇੱਕ ਵੱਡੀ ਉਮਰ ਦੇ ਬਜ਼ੁਰਗ ਵਿਅਕਤੀ ਨੇ, ਜੋ ਮੇਰੇ ਕੋਲ ਬੈਠਾ ਸੀ, ਉਸ ਨੇ ਮੈਨੂੰ ਆਪਣੀ ਸੀਟ ਦੇਣੀ ਚਾਹੀ। ਮੈਂ ਉਸ ਦੀ ਇਹ ਇੱਜ਼ਤ ਭਰੀ ਹਰਕਤ ਸਮਝ ਨਹੀਂ ਸਕਿਆ, ਇਨਕਾਰ ਕੀਤਾ। ਪਰ ਉਹ ਬਜ਼ੁਰਗ ਜ਼ੋਰ ਦੇ ਕੇ ਮੈਨੂੰ ਬੈਠਣ ਲਈ ਕਹਿੰਦਾ ਰਿਹਾ, ਆਖਰਕਾਰ ਮੈਨੂੰ ਬੈਠਣਾ ਪਿਆ। ਜਦੋਂ ਅਸੀਂ ਮੈਟਰੋ ਤੋਂ ਬਾਹਰ ਆਏ, ਮੈਂ ਯਾਮਾਮੋਟੋ ਨੂੰ ਪੁੱਛਿਆ ਕਿ ਉਸ ਬਜ਼ੁਰਗ ਨੇ ਅਜਿਹਾ ਇਹ ਕਿਉਂ ਕੀਤਾ?

ਉਸ ਨੇ ਹੱਸਦੇ ਹੋਏ ਮੇਰੇ 'ਅਧਿਆਪਕ' ਵਾਲੇ ਬੈਜ ਵੱਲ ਇਸ਼ਾਰਾ ਕਰਦਿਆਂ ਕਿਹਾ : 'ਉਸ ਬਜ਼ੁਰਗ ਨੇ ਤੁਹਾਡੀ ਛਾਤੀ 'ਤੇ ਲੱਗਾ 'ਅਧਿਆਪਕ' ਦਾ ਬੈਜ ਵੇਖਿਆ ਸੀ, ਤਾਂ ਅਧਿਆਪਕ ਦੇ ਦਰਜੇ ਨੂੰ ਸਨਮਾਨ ਦੇਣ ਲਈ ਉਸ ਨੇ ਆਪਣੀ ਸੀਟ ਛੱਡ ਦਿੱਤੀ ਸੀ।'

ਮੈਂ ਸੋਚਿਆ ਕਿ ਜਦੋਂ ਮੈਂ ਯਾਮਾਮੋਟੋ ਦੇ ਘਰ ਜਾ ਰਿਹਾ ਹਾਂ ਤਾਂ ਮੈਨੂੰ ਖਾਲੀ ਹੱਥ ਨਹੀਂ ਜਾਣਾ ਚਾਹੀਦਾ। ਮੈਂ ਇਹ ਗੱਲ ਯਾਮਾਮੋਟੋ ਨੂੰ ਦੱਸੀ। ਉਸ ਨੇ ਕਿਹਾ ਕਿ ਥੋੜ੍ਹੀ ਅੱਗੇ ਅਧਿਆਪਕਾਂ ਲਈ ਵਿਸ਼ੇਸ਼ ਦੁਕਾਨ ਹੈ, ਜਿੱਥੋਂ ਸਸਤੇ ਭਾਅ 'ਤੇ ਸਮਾਨ ਮਿਲ ਜਾਂਦਾ ਹੈ। ਇਹ ਸੁਣ ਕੇ ਮੇਰੇ ਮਨ ਵਿਚ ਵਾਰ ਵਾਰ ਕਈ ਭਾਵਨਾਵਾਂ ਆਉਣ ਲੱਗ ਪਈਆਂ।

ਮੈਂ ਪੁੱਛਿਆ : 'ਕੀ ਇਨ੍ਹਾਂ ਸੁਵਿਧਾਵਾਂ ਦਾ ਹੱਕ ਸਿਰਫ਼ ਅਧਿਆਪਕਾਂ ਨੂੰ ਹੀ ਹੈ?'

ਉਸ ਨੇ ਜਵਾਬ ਦਿੱਤਾ : 'ਜੀ ਹਾਂ, ਜਪਾਨ ਵਿੱਚ ਅਧਿਆਪਕ ਨੂੰ ਸਭ ਤੋਂ ਉੱਚਾ ਦਰਜਾ ਦਿੱਤਾ ਜਾਂਦਾ ਹੈ। ਅਧਿਆਪਕ ਸਭ ਤੋਂ ਸਨਮਾਨਤ ਵਿਅਕਤੀ ਮੰਨੇ ਜਾਂਦੇ ਹਨ। ਜਦੋਂ ਅਧਿਆਪਕ ਦੁਕਾਨਾਂ ਵਿੱਚ ਆਉਂਦੇ ਹਨ ਤਾਂ ਵਪਾਰੀ ਆਪਣੇ ਆਪ ਨੂੰ ਭਾਗਾਂ ਵਾਲਾ ਮੰਨਦੇ ਹਨ।' ਮੇਰੀ ਜਪਾਨ ਦੀ ਯਾਤਰਾ ਦੌਰਾਨ ਮੈਂ ਕਈ ਵਾਰੀ ਦੇਖਿਆ ਕਿ ਲੋਕ ਅਧਿਆਪਕਾਂ ਲਈ ਕਿੰਨਾ ਅਧਿਕ ਸਨਮਾਨ ਦਿਖਾਉਂਦੇ ਹਨ।

ਮੈਟਰੋ ਵਿੱਚ ਉਨ੍ਹਾਂ ਲਈ ਖਾਸ ਸੀਟਾਂ ਹੁੰਦੀਆਂ ਹਨ, ਉਨ੍ਹਾਂ ਲਈ ਖਾਸ ਰਿਐਤ ਵਾਲੀਆਂ ਦੁਕਾਨਾਂ ਹੁੰਦੀਆਂ ਹਨ।

ਉਹ ਟਿਕਟ ਲੈਣ ਲਈ ਕਦੇ ਲਾਈਨ ਵਿੱਚ ਖੜੇ ਨਹੀਂ ਹੁੰਦੇ। ਇਸ ਕਰਕੇ ਉਨ੍ਹਾਂ ਨੂੰ ਵਿਸ਼ੇਸ਼ ਦਿਨ ਦੀ ਲੋੜ ਨਹੀਂ ਹੁੰਦੀ, ਕਿਉਂਕਿ ਉਨ੍ਹਾਂ ਦਾ ਹਰ ਦਿਨ ਹੀ ਇੱਕ ਤਿਉਹਾਰ ਹੁੰਦਾ ਹੈ।

ਇਹ ਕਹਾਣੀ ਹਰ ਥਾਂ ਫੈਲਾਓ।

ਸਮਾਜ ਨੂੰ ਇੰਨੀ ਉਚਾਈ ਤੱਕ ਲੈ ਕੇ ਜਾਓ ਜਿੱਥੇ ਅਧਿਆਪਕਾਂ ਦੀ ਇੱਜ਼ਤ ਸਭ ਤੋਂ ਵੱਧ ਹੋਵੇ। ਇਹ ਕਹਾਣੀ ਆਪਣੇ ਸਾਥੀਆਂ ਨੂੰ ਸੁਣਾਓ ਤਾਂ ਜੋ ਉਨ੍ਹਾਂ ਦੀ ਛਾਤੀ ਵੀ ਗਰਵ ਨਾਲ ਚੌੜੀ ਹੋ ਜਾਵੇ। ਮੇਰੇ ਅਧਿਆਪਕੋ! ਮੈਂ ਤੁਹਾਨੂੰ ਕੋਟਿ ਕੋਟਿ ਨਮਸਕਾਰ ਕਰਦਾ ਹਾਂ...!!

# ਲੋਕ ਸੰਗਰਾਮ ਮੋਰਚਾ ਨੇ ਨਕਸਲੀ ਸ਼ਹੀਦਾਂ ਦਾ ਸ਼ਹੀਦੀ ਦਿਨ ਮਨਾਇਆ

ਲੋਕ ਸੰਗਰਾਮ ਮੋਰਚਾ ਦੇ ਪ੍ਰੈਸ ਸਕੱਤਰ ਪਰਮਜੀਤ ਜੀਰਾ ਨੇ ਪ੍ਰੈਸ ਨੂੰ ਜਾਣਕਾਰੀ ਦਿੱਤੀ ਕਿ ਲੋਕ ਸੰਗਰਾਮ ਮੋਰਚਾ ਨੇ ਤਾਰਾ ਸਿੰਘ ਮੋਗਾ, ਸਰਬਣ ਸਿੰਘ, ਲਾਲ ਸਿੰਘ ਗੋਲੇਵਾਲਾ ਅਤੇ ਗਿਆਨ ਸਿੰਘ ਦੀ ਪ੍ਰਧਾਨਗੀ ਵਿੱਚ, ਸ਼ਹੀਦ ਕਾਮਰੇਡ ਅਵਤਾਰ ਢੁੱਡੀਕੇ, ਕਾਮਰੇਡ ਲਾਲਇੰਦਰ ਲਾਲੀ, ਕਾਮਰੇਡ ਪ੍ਰਿਥੀਪਾਲ ਰੰਧਾਵਾ, ਕਾਮਰੇਡ ਬਾਬਾ ਬੂਝਾ ਸਿੰਘ, ਕਾਮਰੇਡ ਕਨਈ ਚੈਟਰਜੀ, ਕਾਮਰੇਡ ਚਾਰੂ ਮਜੂਮਦਾਰ, ਸ਼ਹੀਦ ਉਧਮ ਸਿੰਘ ਅਤੇ ਸ਼ਹੀਦ ਕਾਮਰੇਡ ਬਸਵਾ ਰਾਜੂ ਬਾਰੇ ਫਰੀਡਮ ਫਾਈਟਰ ਭਵਨ ਮੋਗਾ ਵਿਖੇ ਸ਼ਰਧਾਂਜਲੀ ਸਮਾਗਮ ਕੀਤਾ ਗਿਆ। ਦਰਸਨ ਤੂਰ ਨੇ ਸਟੇਜ ਸੰਚਾਲਨ ਕਰਦਿਆਂ, ਸ਼ੁਰੂ ਵਿਚ ਦੋ ਮਿੰਟ ਖੜ੍ਹੇ ਹੋਕੇ ਮੋਨ ਕਰਾਕੇ, ਪਰਮਜੀਤ ਜੀਰਾ ਨੇ ਮੋਰਚੇ ਦਾ ਝੰਡਾ ਨਿਭਾਅ ਕੇ, ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਨਾਲ ਦੀ ਨਾਲ ਗੀਤਕਾਰ ਅਜਮੇਰ ਅਕਲੀਆ ਨੇ ਸ਼ਹੀਦਾਂ ਬਾਰੇ ਗੀਤ ਗਾਕੇ ਸ਼ਰਧਾਂਜਲੀ ਅਰਪਣ ਕੀਤੀ। ਨਾਹਰੇ ਲਗਾਕੇ ਮੋਨ ਸਮਾਪਤ ਕੀਤਾ। ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ, ਕ੍ਰਾਂਤੀਕਾਰੀ ਈ–ਰਿਕਸਾ ਯੂਨੀਅਨ ਦੇ ਸਾਥੀਆਂ ਨੇ ਵੀ ਪ੍ਰੋਗਰਾਮ ਵਿੱਚ ਭਰਵੀਂ ਸ਼ਮੂਲੀਅਤ ਕੀਤੀ।

ਲੋਕ ਸੰਗਰਾਮ ਮੋਰਚਾ ਦੇ ਆਗੂ ਰਾਜੇਸ਼ ਮਲਹੋਤਰਾ, ਸੁਖਮੰਦਰ ਸਿੰਘ, ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਬਲਦੇਵ ਜੀਰਾ, ਗੁਰਦੀਪ ਵੈਰੋਕੇ, ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਕਮੇਟੀ ਮੈਂਬਰ ਲਖਵੀਰ ਸਿੰਘ ਲੱਖਾ ਨੇ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਬ੍ਰਾਹਮਣੀ ਹਿੰਦੂਤਵ ਫਾਸ਼ੀਵਾਦੀ ਮੋਦੀ ਸਰਕਾਰ ਨੇ ਮਾਓਵਾਦੀਆਂ ਦੀ ਅਗਵਾਈ ਵਿੱਚ ਬਸਤਰ ਖੇਤਰ ਵਿੱਚ, ਚੱਲ ਰਹੇ ਸੰਘਰਸ਼ ਉਤੇ ਵੱਡਾ ਫੌਜੀ ਹੱਲਾ ਬੋਲਿਆ ਹੋਇਆ ਹੈ। ਲੰਮੇ ਸਮੇਂ ਤੋਂ ਆਦਿਵਾਸੀ ਜਲ– ਜੰਗਲ– ਜ਼ਮੀਨ ਅਤੇ ਸਵੈਮਾਨ ਲਈ ਲੜਾਈ ਲੜਦੇ ਆ ਰਹੇ ਹਨ। ਫਾਸ਼ੀਵਾਦੀ ਮੋਦੀ ਹਕੂਮਤ ਨੇ



ਆਪਣੇ ਹੀ ਲੋਕਾਂ ਦੇ ਵਿਰੁੱਧ ਜੰਗ ਛੇੜ ਰੱਖੀ ਹੈ ਅਤੇ ਵੱਡੀ ਪੱਧਰ ਤੇ ਪੁਲਿਸ, ਅਰਧ ਸੈਨਿਕ ਬਲ ਅਤੇ ਹਵਾਈ ਫੌਜ ਨੂੰ ਜੰਗ ਵਿੱਚ ਉਤਾਰ ਰੱਖਿਆ ਹੈ। 5–5 ਕਿਲੋਮੀਟਰ ਦੀ ਦੂਰੀ ਤੇ ਪੱਕੀਆਂ ਛੌਣੀਆਂ ਬਿਠਾ ਦਿੱਤੀਆਂ ਹਨ। ਆਦਿਵਾਸੀਆਂ ਅਤੇ ਮਾਓਵਾਦੀਆਂ ਦੇ ਸੱਚੇ ਝੂਠੇ ਪੁਲਿਸ ਮੁਕਾਬਲੇ ਬਣਾਏ ਜਾ ਰਹੇ ਹਨ। ਇਸ ਸਾਲ ਉਨ੍ਹਾਂ ਦੇ ਕਈ ਚੋਟੀ ਦੇ ਲੀਡਰ ਸ਼ਹੀਦ ਕਰ ਦਿੱਤੇ ਹਨ। ਸੰਘਰਸ਼ ਕਰ ਰਹੇ ਲੋਕਾਂ ਦੀ ਹੱਕੀ ਮੰਗ ਵੱਲ ਗੌਰ ਕਰਨ ਦੀ ਬਜਾਏ ਵੱਡਾ ਹਮਲਾ ਬੋਲਿਆ ਹੋਇਆ ਹੈ। ਹਾਕਮ, ਆਗੂਆਂ ਨੂੰ ਮਾਰ ਕੇ ਆਦਿਵਾਸੀਆਂ ਨੂੰ ਆਗੂ ਰਹਿਤ ਕਰਕੇ, ਬਸਤਰ ਨੂੰ ਆਦਿਵਾਸੀਆਂ ਤੋਂ ਮੁਕਤ ਕਰਾਕੇ, ਖਣਿਜ ਪਦਾਰਥਾਂ ਦੀ ਲੁੱਟ ਕਰਾਉਂਣ ਲਈ, ਦੇਸ਼ੀ ਵਿਦੇਸ਼ੀ ਕਾਰਪੋਰੇਟਾਂ ਨੂੰ ਸੱਦੇ ਦੇ ਰਹੇ ਹਨ। ਜਦ ਕਿ ਮਾਓਵਾਦੀ ਚਿੱਠੀਆਂ ਕੱਢ ਕੇ ਸਰਕਾਰ ਨੂੰ ਗੱਲਬਾਤ ਕਰਨ ਲਈ ਕਹਿ ਰਹੇ ਹਨ। ਸਰਕਾਰ ਉਹਨਾਂ ਨਾਲ ਗੱਲਬਾਤ ਕਰਨ ਤੋਂ ਭੱਜ ਰਹੀ ਹੈ। ਬਹੁਤ ਸਾਰੀਆਂ ਜਥੇਬੰਦੀਆਂ ਤੇ ਬੁੱਧੀਜੀਵੀ ਵੀ ਮੰਗ ਕਰ ਰਹੇ ਹਨ। ਇਹ ਕਿ ਮੋਦੀ ਸਰਕਾਰ ਉਹਨਾਂ ਦੇ ਮਸਲੇ ਸੁਣੇ। ਗੱਲਬਾਤ ਕਰਨ ਦਾ ਮਾਹੌਲ ਸਿਰਜਣ ਲਈ ਫੌਜੀ ਤਾਕਤਾਂ ਨੂੰ ਉਸ ਖੇਤਰ ਵਿੱਚੋਂ, ਪਿੱਛੇ ਹਟਾਵੇ। ਗ੍ਰਹਿ ਮੰਤਰੀ ਬਿਆਨ ਤੇ ਬਿਆਨ ਦੇ ਰਿਹਾ ਹੈ 31 ਮਾਰਚ 2026 ਤੱਕ ਬਸਤਰ ਨੂੰ ਨਕਸਲ ਮੁਕਤ ਕਰ ਦੇਣਾ ਹੈ। ਅੱਧੀ ਦਰਜਨ ਤੋਂ ਉਪਰ ਸ਼ਹੀਦ ਹੋਏ ਮਾਓਵਾਦੀਆਂ ਦੀਆਂ ਲਾਸ਼ਾਂ ਵੀ ਪਰਿਵਾਰਾਂ ਨੂੰ ਨਹੀਂ ਸੌਂਪੀਆਂ। ਜਦ ਕਿ ਹਾਈ ਕੋਰਟ ਨੇ ਲਾਸ਼ਾਂ ਦੇਣ ਦੇ ਆਰਡਰ ਕੀਤੇ ਸਨ।

ਪਿਛਲੇ ਮਹੀਨੇ ਸ਼ਹੀਦ ਹੋਏ ਸਾਥੀਆਂ ਦੇ ਸੰਸਕਾਰਾਂ ਤੇ ਵੱਡੀ ਗਿਣਤੀ ਵਿਚ ਲੋਕਾਂ ਨੇ ਪਹੁੰਚਕੇ ਇਨਕਲਾਬੀ ਵਿਦਾਇਗੀ ਦਿੱਤੀ ਹੈ। ਬਸਤਰ ਸਿਰਫ ਅਮਨ ਕਾਨੂੰਨ ਦਾ ਮਾਮਲਾ ਨਹੀਂ। ਸਿਆਸੀ ਅਤੇ ਆਰਥਿਕ ਮਸਲਾ ਹੈ। ਲੋਕਾਂ ਦੀ ਖ਼ੁਦਮੁਖ਼ਤਿਆਰੀ ਦਾ ਮਸਲਾ ਹੈ। ਸਰਕਾਰੀ ਜਬਰ ਨਾਲ ਮਸਲਾ ਹੱਲ ਹੋਣਾ ਨਾਮੁਮਕਨ ਹੈ। ਬਸਤਰ ਦੇ ਲੋਕ ਜ਼ਮੀਨਾਂ ਅਤੇ ਬੇਸ਼ਕੀਮਤੀ ਖਣਿਜ ਪਦਾਰਥਾਂ ਦੀ ਰਾਖੀ ਲਈ ਲੜ ਰਹੇ ਹਨ। ਅਸੀਂ ਪੰਜਾਬ ਵਿੱਚ ਵੀ ਹਕੂਮਤਾਂ ਅਤੇ ਦੇਸੀ ਵਿਦੇਸ਼ੀ ਵਿਲਡਰਾਂ ਅਤੇ ਕਾਰਪੋਰੇਟਾਂ ਤੋਂ ਜਮੀਨਾਂ ਬਚਾਉਣ ਦੀ ਲੜਾਈ ਲੜ ਰਹੇ ਹਾਂ। ਲੜਾਈ ਕਿਰਤੀ ਲੋਕਾਂ ਦੀ,ਸਾਂਝੀ ਹੈ। ਕੱਠੇ ਹੋਕੇ ਸਾਂਝੇ ਦੁਸ਼ਮਣਾਂ ਵਿਰੁੱਧ ਸੰਘਰਸ਼ ਤੇਜ਼ ਕਰਨਾ ਚਾਹੀਦੀ ਹੈ।

ਅਖੀਰ ਵਿਚ ਸ਼ਾਮਿਲ ਹੋਈਆਂ ਜਥੇਬੰਦੀਆਂ ਦੇ ਆਗੂਆਂ ਅਤੇ ਵਰਕਰਾਂ ਦਾ ਤਾਰਾ ਸਿੰਘ ਮੋਗਾ ਸੂਬਾ ਪ੍ਰਧਾਨ ਨੇ ਧੰਨਵਾਦ ਕੀਤਾ। ਸ਼ਹੀਦ ਕਾਮਰੇਡਾਂ ਦੇ ਅਧੂਰੇ ਕਾਰਜਾਂ ਨੂੰ ਪੂਰਾ ਕਰਨ ਲਈ ਸੰਗਰਾਮ ਜਾਰੀ ਰੱਖਣ ਦਾ ਐਲਾਨ ਕੀਤਾ। ਆਕਾਸ਼ ਗੰਜਾਉ ਨਾਹਰਿਆਂ ਨਾਲ। ਪ੍ਰੋਗਰਾਮ ਸਮਾਪਤ ਕੀਤਾ

# ਬਸਤੀਵਾਦੀ ਯੁੱਧਨੀਤੀ: 'ਟੈਰਾ ਨੁਲੀਅਸ' ਤੋਂ ਗਾਜ਼ਾ ਤੱਕ

**ਮੈਲਬੌਰਨ ਸਥਿਤ ਡਾ. ਗਿਡੀਅਨ ਪੋਲਿਆ ਉੱਘੇ ਵਿਗਿਆਨੀ, ਲੇਖਕ, ਕਲਾਕਾਰ ਅਤੇ ਮਾਨਵਤਾਵਾਦੀ ਕਾਰਕੁਨ ਹਨ। ਉਨ੍ਹਾਂ ਨੇ ਲਾ ਟਰੋਬ ਯੂਨੀਵਰਸਿਟੀ ਮੈਲਬੌਰਨ ਵਿਚ ਚਾਰ ਦਹਾਕੇ ਸਾਇੰਸ ਦੇ ਵਿਦਿਆਰਥੀਆਂ ਨੂੰ ਪੜ੍ਹਾਇਆ ਹੈ ਅਤੇ ਉਨ੍ਹਾਂ ਦੇ ਲੱਗਭੱਗ 130 ਵਿਗਿਆਨਕ ਖੋਜ-ਪੇਪਰ ਪ੍ਰਕਾਸ਼ਿਤ ਹੋ ਚੁੱਕੇ ਹਨ, ਜਿਨ੍ਹਾਂ ਵਿਚ "Biochemical Targets of Plant Bioactive Compounds" (2003) ਨਾਂ ਦਾ ਦਵਾਈਆਂ ਅਤੇ ਉਨ੍ਹਾਂ ਦੇ ਪ੍ਰਭਾਵ ਦਾ ਵਿਗਿਆਨ ਬਾਰੇ ਵਿਸ਼ਾਲ ਗ੍ਰੰਥ ਵਿਸ਼ੇਸ਼ ਤੌਰ 'ਤੇ ਮਹੱਤਵਪੂਰਨ ਹੈ। ਉਹ "Jane Austen and the Black Hole of British History" (1998, 2008, 2022), "US-imposed Post-I/AA Muslim Holocaust & Muslim Genocide" (2020), "Climate Crisis, Climate Genocide & Solutions" (2020), "Free Palestine: End Apartheid Israel, Human Rights Denial, Gaza Massacre, Child Killing, Occupation and Palestinian Genocide" (2024) ਵਰਗੀਆਂ ਪ੍ਰਸਿੱਧ ਰਚਨਾਵਾਂ ਦੇ ਲੇਖਕ ਹਨ। ਪਿਛਲੇ ਦਿਨੀਂ 22 ਜੂਨ ਨੂੰ ਉਨ੍ਹਾਂ ਨੇ 'ਕੇ.ਪੀ. ਸਸੀ ਤੀਜਾ ਯਾਦਗਾਰੀ ਵੈੱਬੀਨਰ' ਵਿਚ 'ਇਜ਼ਰਾਇਲ: ਗੋਰੇ ਯੂਰਪੀ ਬਸਤੀਵਾਦ ਦੀ ਅੰਤਿਮ ਚੌਂਕੀ' ਵਿਸ਼ੇ ਉੱਪਰ ਆਪਣੇ ਵਿਚਾਰ ਪੇਸ਼ ਕੀਤੇ। ਇਸ ਜਾਣਕਾਰੀ ਭਰਪੂਰ ਭਾਸ਼ਣ ਦੇ ਮਹੱਤਵਪੂਰਨ ਅੰਸ਼ ਪਾਠਕਾਂ ਨਾਲ ਸਾਂਝੇ ਕੀਤੇ ਜਾ ਰਹੇ ਹਨ ਜਿਨ੍ਹਾਂ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ। - ਸੰਪਾਦਕ**



ਡਾ. ਗਿਡੀਅਨ ਪੋਲਿਆ



ਅਨੁ.: ਬੂਟਾ ਸਿੰਘ ਮਹਿਮੂਦਪੁਰ

ਸਭ ਤੋਂ ਪਹਿਲਾਂ, ਮੈਂ 'ਇਜ਼ਰਾਈਲ ਨੂੰ ਆਖ਼ਰੀ ਯੂਰਪੀ ਬਸਤੀਵਾਦੀ ਪ੍ਰੋਜੈਕਟ' ਕਹੇ ਜਾਣ ਦੇ ਵਿਸ਼ੇ ਦੀ ਸ਼ੁਰੂਆਤ 10,000 ਈਸਾ ਪੂਰਵ ਤੋਂ ਕਰਨੀ ਚਾਹੁੰਦਾ ਹਾਂ, ਜਦੋਂ ਮਨੁੱਖਾਂ ਨੇ ਖੇਡ ਅਤੇ ਸੰਗ੍ਰਹਿ ਤੋਂ ਸਥਾਈ ਖੇਤੀ ਵੱਲ ਰੁਖ ਕੀਤਾ। ਇਸ ਤਬਦੀਲੀ ਵਿਚ ਅਨਾਜ ਦੀ ਖੇਤੀ, ਪਸ਼ੂ ਪਾਲਣ ਅਤੇ ਸਥਾਈ ਬਸਤੀਆਂ ਸ਼ਾਮਲ ਸਨ। ਸਥਾਈ ਖੇਤੀ ਨੇ ਫ਼ਸਲਾਂ ਅਤੇ ਬਸਤੀਆਂ ਦੀ ਸੁਰੱਖਿਆ ਦੀ ਲੋੜ ਪੈਦਾ ਕੀਤੀ, ਜਿਸ ਨਾਲ ਮਰਦਾਵਾਂ ਫ਼ੌਜਵਾਦ, ਪਿਤਰ-ਸੱਤਾ, ਜੰਗ, ਫ਼ੌਜੀ ਤਕਨੀਕ ਦਾ ਵਿਕਾਸ, ਸ਼ਹਿਰ, ਨਗਰ-ਰਾਜ, ਰਾਸ਼ਟਰ-ਰਾਜ ਅਤੇ ਸਾਮਰਾਜ ਹੋਂਦ ਵਿਚ ਆਏ। ਅੰਤ ਵਿਚ, ਇਹੀ ਪ੍ਰਕਿਰਿਆ ਸਾਨੂੰ ਆਧੁਨਿਕ ਸਮੇਂ ਦੇ ਪਰਮਾਣੂ ਹਥਿਆਰਾਂ ਤੱਕ ਲੈ ਆਈ ਹੈ, ਜੋ ਪੂਰੀ ਮਨੁੱਖਤਾ ਅਤੇ ਜੀਵ-ਮੰਡਲ ਨੂੰ ਤਬਾਹ ਕਰ ਸਕਦੇ ਹਨ — ਇਹ ਸਚਾਈ ਅੱਜ ਅਸੀਂ ਬਖ਼ੂਬੀ ਸਮਝਦੇ ਹਾਂ।

1453 'ਚ ਕਾਂਸਟੈਂਟਿਨੋਪਲ 'ਤੇ ਤੁਰਕਾਂ ਦੀ ਜਿੱਤ ਅਤੇ ਉੱਤਰੀ ਅਫ਼ਰੀਕਾ, ਪੱਛਮੀ ਏਸ਼ੀਆ ਅਤੇ ਮੱਧ-ਪੂਰਬ ਵਿਚ ਮੁਸਲਮਾਨਾਂ ਦੇ ਗ਼ਲਬੇ ਨੇ ਇਨ੍ਹਾਂ ਖੇਤਰਾਂ ਵਿਚ ਪੱਛਮੀ ਯੂਰਪੀ ਵਿਸਤਾਰ ਦਾ ਰਾਹ ਰੋਕ ਦਿੱਤਾ। ਜੇਰਡ ਡਾਇਮੰਡ ਨੇ ਆਪਣੀ ਕਿਤਾਬ 'ਗੰਨਜ਼, ਜਰਮਜ਼, ਐਂਡ ਸਟੀਲ' ਵਿਚ ਦੱਸਿਆ ਹੈ ਕਿ ਯੂਰਪੀਨ ਉਨ੍ਹਾਂ ਖੇਤਰਾਂ ਵਿਚ ਵਿਸਤਾਰ ਕਰਨਾ ਚਾਹੁੰਦੇ ਸਨ ਜਿੱਥੇ ਯੂਰਪੀ ਤਰਜ਼ ਦੀ ਖੇਤੀ ਸੰਭਵ ਸੀ-ਜਿਵੇਂ ਕਣਕ, ਭੇਡ, ਗਾਂ। ਡਾਇਮੰਡ ਇਹ ਮੂਲ਼ ਨੁਕਤਾ ਵੀ ਦੱਸਦੇ ਹਨ ਕਿ ਯੂਰੇਸ਼ੀਆ ਦੇ ਪੂਰਬ-ਪੱਛਮ ਧੁਰੇ ਨੇ ਤਕਨੀਕੀ ਅਤੇ ਖੇਤੀ ਸੰਬੰਧੀ ਖੋਜਾਂ ਦੇ ਤੇਜ਼ ਪ੍ਰਸਾਰ ਨੂੰ ਸੰਭਵ ਬਣਾਇਆ, ਜਿਵੇਂ ਚੀਨ ਵਿਚ ਕੋਈ ਨਵੀਨਤਾ ਹੋਈ ਹੋਵੇ ਤਾਂ ਉਹ ਜਲਦੀ ਪੱਛਮੀ ਯੂਰਪ ਤੱਕ ਪਹੁੰਚ ਜਾਂਦੀ, ਪਰ ਅਫ਼ਰੀਕਾ ਅਤੇ ਅਮਰੀਕਾ ਦੇ ਉੱਤਰ-ਦੱਖਣ ਧੁਰਿਆਂ ਵਿਚ ਅਜਿਹਾ ਨਹੀਂ ਹੋ ਸਕਿਆ। ਜਦੋਂ ਯੂਰਪੀਅਨਾਂ ਨੇ ਜ਼ਮੀਨ ਹਥਿਆਈ ਅਤੇ ਮੂਲ ਨਿਵਾਸੀਆਂ ਨੂੰ ਮਾਰ ਦਿੱਤਾ ਜਾਂ ਖਦੇੜ ਦਿੱਤਾ, ਤਾਂ ਉਨ੍ਹਾਂ ਨੇ 'ਟੈਰਾ ਨੁਲੀਅਸ' ਦਾ ਝੂਠ ਫੈਲਾਇਆ, ਜਿਸਦਾ ਲਾਤੀਨੀ ਵਿਚ ਭਾਵ ਹੈ 'ਖਾਲੀ ਜ਼ਮੀਨ')।

ਇਹੀ ਨਸਲਵਾਦੀ ਝੂਠ ਯੂਰਪੀ ਬਸਤੀਵਾਦੀਆਂ ਨੇ ਅਮਰੀਕਾ, ਆਸਟ੍ਰੇਲੀਆ ਅਤੇ ਦੱਖਣੀ ਅਫ਼ਰੀਕਾ ਵਿਚ ਅਪਣਾਇਆ। ਇਹੀ ਝੂਠ ਇਜ਼ਰਾਈਲ ਨੇ ਅਪਣਾਇਆ ਹੋਇਆ ਹੈ - ਇਕ ਨਸਲਵਾਦੀ, ਨਸਲਘਾਤੀ ਬਸਤੀਵਾਦੀ ਰਾਜ ਜੋ ਨਾ ਸਿਰਫ਼ ਪੂਰੇ ਫ਼ਲਸਤੀਨ, ਬਲਕਿ ਨੀਲ ਨਦੀ ਤੋਂ ਯੂਫ਼ਰੇਟਸ ਤੱਕ ਦੀ ਜ਼ਮੀਨ ਹਥਿਆ ਲੈਣਾ ਚਾਹੁੰਦਾ ਹੈ ਅਤੇ ਇਸ ਲਈ ਮੂਲ ਨਿਵਾਸੀਆਂ ਨੂੰ ਮਾਰਨਾ, ਬੇਦਖ਼ਲ ਕਰਨਾ ਜਾਂ ਉਨ੍ਹਾਂ ਨੂੰ ਜੇਲ੍ਹਨੁਮਾ ਬਸਤੀਆਂ ਅਤੇ ਤਸੀਹਾ ਕੈਂਪਾਂ ਵਿਚ ਸੀਮਤ ਕਰਨਾ ਇਸ ਦੀ ਯੁੱਧਨੀਤੀ ਹੈ।

ਯੂਰਪੀ ਬਸਤੀਵਾਦ ਦੇ ਕਾਰਨ ਹੋਈਆਂ ਮੌਤਾਂ 'ਤੇ ਨਜ਼ਰ ਮਾਰਨੀ ਜ਼ਰੂਰੀ ਹੈ - ਇਕ ਅਜਿਹਾ ਸੱਚ ਜਿਸ ਨੂੰ ਪੱਛਮ ਸਵੀਕਾਰ ਨਹੀਂ ਕਰਨਾ ਚਾਹੁੰਦਾ। ਅਮਰੀਕੀ ਮਹਾਂਦੀਪ ਵਿਚ ਕਰੀਬ 10 ਕਰੋੜ ਮੂਲ ਨਿਵਾਸੀਆਂ ਦੀ ਮੌਤ ਹਿੰਸਾ, ਵਾਂਝੇਪਣ ਅਤੇ ਖ਼ਾਸ ਕਰਕੇ ਚੇਚਕ ਵਰਗੀਆਂ ਬਾਹਰੋਂ ਲਿਆਂਦੀਆਂ ਬਿਮਾਰੀਆਂ ਕਾਰਨ ਹੋਈ। ਪ੍ਰਸ਼ਾਂਤ ਦੀਪਾਂ ਵਿਚ ਵੀ ਖਸਰੇ ਵਰਗੀਆਂ ਨਵੀਆਂ ਬਿਮਾਰੀਆਂ ਕਾਰਨ ਜਨਸੰਖਿਆ ਦਾ ਵੱਡਾ ਨੁਕਸਾਨ ਹੋਇਆ। ਆਸਟ੍ਰੇਲੀਆ ਵਿਚ, 1788 ਵਿਚ ਬਰਤਨਾਵੀ ਕਬਜ਼ੇ ਤੋਂ ਬਾਅਦ ਪਹਿਲੇ ਸੌ ਸਾਲਾਂ ਵਿਚ ਕਰੀਬ 10 ਲੱਖ ਮੂਲ ਨਿਵਾਸੀ ਆਸਟ੍ਰੇਲੀਅਨ ਮਾਰੇ ਗਏ। ਕੁਲ ਮਿਲਾ ਕੇ, 1788 ਤੋਂ ਹੁਣ ਤੱਕ ਤਕਰੀਬਨ 20 ਲੱਖ ਮੌਤਾਂ ਹਿੰਸਾ, ਬੇਦਖਲੀ, ਵਾਂਝੇਪਣ ਅਤੇ ਬਿਮਾਰੀਆਂ ਕਾਰਨ ਹੋਈਆਂ ਹਨ। 1788 ਵਿਚ ਉੱਥੇ 350 ਤੋਂ 700 ਸਥਾਨਕ ਭਾਸ਼ਾਵਾਂ ਅਤੇ ਬੋਲੀਆਂ ਸਨ, ਜਿਨ੍ਹਾਂ ਵਿੱਚੋਂ ਹੁਣ ਸਿਰਫ਼ 120 ਬਚੀਆਂ ਹਨ ਅਤੇ ਇਨ੍ਹਾਂ ਵਿੱਚੋਂ ਵੀ 20 ਤੋਂ ਵੱਧ ਖ਼ਤਮ ਹੋਣ ਦੇ ਕੰਢੇ 'ਤੇ ਹਨ।

ਭਾਰਤ ਵਿਚ, ਬਹੁਤ ਥੋੜ੍ਹੀ ਗਿਣਤੀ 'ਚ ਅੰਗਰੇਜ਼ਾਂ ਨੇ ਗ਼ੁਲਾਮ ਬਣਾਈ 30 ਕਰੋੜ ਭਾਰਤੀ ਆਬਾਦੀ ਨੂੰ 1860 ਵਿਚ ਬਸ ਜਿਉਂਦੇ ਰਹਿਣ ਦੇ ਪੱਧਰ 'ਤੇ ਰੱਖਣ ਦੀ ਯੁੱਧਨੀਤੀ ਅਪਣਾਈ—ਅੰਗਰੇਜ਼ ਫ਼ੌਜਾਂ ਅਤੇ ਉਨ੍ਹਾਂ ਦੀ ਅਗਵਾਈ ਵਾਲੇ, ਚੰਗੀ ਖ਼ੁਰਾਕ ਪ੍ਰਾਪਤ ਕਰਨ ਵਾਲੇ ਭਾਰਤੀ ਫ਼ੌਜੀਆਂ ਦੀ ਤਾਕਤ ਦੇ ਜ਼ੋਰ 'ਤੇ। ਅਨੁਮਾਨ ਹੈ ਕਿ ਦੋ ਸਦੀਆਂ ਵਿਚ 1.8 ਅਰਬ ਦੇ ਕਰੀਬ ਭਾਰਤੀਆਂ ਨੂੰ ਥੋਪੇ ਗਏ ਵਾਂਝੇਪਣ ਕਾਰਨ ਮਰਨਾ ਪਿਆ ਜਿਨ੍ਹਾਂ ਦੀ ਜ਼ਿੰਦਗੀ ਬਚ ਸਕਦੀ ਸੀ। ਮਿਸਾਲ ਲਈ, 1860 ਵਿਚ ਭਾਰਤ ਦੀ ਆਬਾਦੀ 30 ਕਰੋੜ ਸੀ ਅਤੇ 1930 ਵਿਚ ਵੀ ਉਹੀ ਰਹੀ, ਹਾਲਾਂਕਿ ਜਨਮ ਦਰ ਬਹੁਤ ਉੱਚੀ ਸੀ। 1769-70 'ਚ ਬੰਗਾਲ ਵਿਚ ਪਏ ਵੱਡੇ ਕਾਲ (1 ਕਰੋੜ ਮੌਤਾਂ) ਤੋਂ ਲੈ ਕੇ 1942-45 ਦੀ ਦੂਜੀ ਸੰਸਾਰ ਜੰਗ ਦੇ ਅਰਸੇ ਦੇ ਬੰਗਾਲ ਕਾਲ (60-70 ਲੱਖ ਮੌਤਾਂ) ਤੱਕ ਅੰਗਰੇਜ਼ ਹਕੂਮਤ ਦੀਆਂ ਨੀਤੀਆਂ ਕਾਰਨ ਬਹੁਤ ਸਾਰੇ ਕਾਲ ਪਏ। ਬੰਗਾਲ ਕਾਲ ਦੇ ਘਾੜੇ ਚਰਚਿਲ ਨੇ 1935 ਵਿਚ ਬਰਤਾਨਵੀ ਸੰਸਦ ਵਿਚ ਕਿਹਾ ਸੀ - 'ਭਾਰਤ ਦਾ ਜੋ ਜੀਵਨ-ਪੱਧਰ ਹੈ ਉਸ ਵਿਚ ਉਨ੍ਹਾਂ ਕੋਲ ਕੁਝ ਨਹੀਂ ਬਚਦਾ। ਮੌਜੂਦਾ ਜੀਵਨ-ਪੱਧਰ ਵਿਚ ਥੋੜ੍ਹੀ ਜਿਹੀ ਗਿਰਾਵਟ ਦਾ ਮਤਲਬ ਹੈ ਹੌਲੀ-ਹੌਲੀ ਭੁੱਖ ਨਾਲ ਮਰਦੇ ਜਾਣਾ ਅਤੇ ਲੱਖਾਂ ਨਹੀਂ, ਕਰੋੜਾਂ ਲੋਕਾਂ ਦੀ ਜ਼ਿੰਦਗੀ ਨਿਚੋੜ ਲੈਣਾ।' ਭਾਰਤ ਨੂੰ ਦੂਜੀ ਸੰਸਾਰ ਜੰਗ ਤੋਂ ਪਹਿਲਾਂ ਹਰ ਸਾਲ 10-12 ਲੱਖ ਟਨ



ਅਨਾਜ ਬਾਹਰੋਂ ਮੰਗਵਾਉਣ ਦੀ ਲੋੜ ਸੀ, ਪਰ 1942-45 ਵਿਚ ਔਸਤਨ ਸਿਰਫ਼ 5 ਲੱਖ ਟਨ ਅਨਾਜ ਹੀ ਆਇਆ ਜੋ ਮੁਸ਼ਕਲ ਨਾਲ 25 ਲੱਖ ਫ਼ੌਜ ਲਈ ਮਸਾਂ ਹੀ ਕਾਫ਼ੀ ਸੀ।

ਚੀਨ ਅਤੇ ਕਾਂਗੋ ਵਿਚ ਵੀ ਸਥਾਨਕ ਆਬਾਦੀ ਬਸਤੀਵਾਦੀ ਧਾੜਵੀਆਂ ਨਾਲੋਂ ਵੱਧ ਸੀ। ਫਿਰ ਵੀ, 2 ਤੋਂ ਲੈ ਕੇ 10 ਕਰੋੜ ਚੀਨੀ ਅੰਗਰੇਜ਼ਾਂ ਦੇ ਅਫ਼ੀਮ ਯੁੱਧਾਂ ਅਤੇ ਤਾਈਪਿੰਗ ਵਿਦਰੋਹ ਵਿਚ ਮਾਰੇ ਗਏ। ਕਾਂਗੋ ਵਿਚ ਬੈਲਜੀਅਮ ਦੇ ਬਸਤੀਵਾਦੀਆਂ ਨੇ ਵੱਧ ਤੋਂ ਵੱਧ ਰਬੜ ਅਤੇ ਹਾਥੀਦੰਦ ਦੀ ਪੈਦਾਵਾਰ ਹਾਸਲ ਕਰਨ ਲਈ 1 ਕਰੋੜ ਦੇ ਕਰੀਬ ਕਾਂਗੋ ਲੋਕਾਂ ਦੀ ਹੱਤਿਆ ਕੀਤੀ। ਜ਼ੁਲਮ ਦੀ ਇੰਤਹਾ ਇੱਥੋਂ ਤੱਕ ਸੀ ਕਿ ਜੇਕਰ ਲੋੜੀਂਦੀ ਮਾਤਰਾ ਵਿਚ ਪੈਦਾਵਾਰ ਪ੍ਰਾਪਤ ਨਹੀਂ ਸੀ ਹੁੰਦੀ ਤਾਂ ਉਨ੍ਹਾਂ ਦੇ ਹੱਥ ਵੱਢ ਦਿੱਤੇ ਜਾਂਦੇ ਸਨ। ਜਾਪਾਨੀ ਕਬਜ਼ੇ (1937-45) ਵਿਚ ਵੀ 3.5 ਤੋਂ 4 ਕਰੋੜ ਚੀਨੀ ਮਾਰੇ ਗਏ।

ਤੁਲਨਾ ਦੇ ਨਜ਼ਰੀਏ ਨਾਲ ਹੁਣ ਆਪਾਂ ਗਾਜ਼ਾ ਵਿਚ ਅਤੇ ਵਿਆਪਕ ਫ਼ਲਸਤੀਨੀ ਨਸਲਕੁਸ਼ੀ ਦੀ ਗੱਲ ਕਰਦੇ ਹਾਂ ਜੋ ਹਮਲਿਆਂ ਦੀ ਹਿੰਸਾ ਅਤੇ ਨਾਕਾਬੰਦੀ ਰਾਹੀਂ ਥੋਪੇ ਵਾਂਝੇਪਣ ਦੁਆਰਾ ਕੀਤੀ ਜਾ ਰਹੀ ਹੈ। ਪੂਰੇ ਗਾਜ਼ਾ ਨੂੰ ਤਸੀਹਾ ਕੈਂਪ ਬਣਾਏ ਜਾਣ ਅਤੇ 57 ਸਾਲ ਦੇ ਜ਼ਾਇਓਨਿਸਟ ਕਬਜ਼ੇ ਵਿਰੁੱਧ ਵਿਦਰੋਹ (7 ਅਕਤੂਬਰ 2023) ਨੂੰ 1139 ਇਜ਼ਰਾਈਲੀਆਂ ਦੇ ਮਾਰੇ ਜਾਣ ਨਾਲ ਜੋੜ ਕੇ ਦੇਖਿਆ ਜਾਂਦਾ ਹੈ। ਪਰ ਕੁਝ ਨਾਮਵਰ ਸਨਮਾਨਤ ਪੱਛਮੀ ਪੱਤਰਕਾਰਾਂ ਨੇ ਇਸ ਸਰਕਾਰੀ ਕਹਾਣੀ ਉੱਪਰ ਸਵਾਲ ਉਠਾਏ ਹਨ। ਬਹੁਤ ਸੰਭਵ ਹੈ ਕਿ 7 ਅਕਤੂਬਰ 2023 ਦਾ ਹਮਲਾ ਜਾਣ-ਬੁੱਝ ਕੇ ਹੋਣ ਦਿੱਤਾ ਗਿਆ ਤਾਂ ਜੋ 9/11 ਵਰਗੇ ਪ੍ਰਤੀਕਰਮ ਜ਼ਰੀਏ ਗਾਜ਼ਾ ਨੂੰ ਤਬਾਹ ਕੀਤਾ ਜਾ ਸਕੇ ਅਤੇ ਫ਼ਲਸਤੀਨੀ ਲੋਕਾਂ ਦੀ ਨਸਲਕੁਸ਼ੀ ਕੀਤੀ ਜਾ ਸਕੇ। 7 ਅਕਤੂਬਰ ਨੂੰ ਮਾਰੇ ਗਏ ਬਹੁਤ ਸਾਰੇ ਇਜ਼ਰਾਇਲੀ ਆਈਡੀਐੱਫ (ਇਜ਼ਰਾਇਲੀ ਡਿਫੈਂਸ ਫੋਰਸਿਜ਼) ਦੀ ਗੋਲੀਬਾਰੀ ਦਾ ਸ਼ਿਕਾਰ ਹੋਏ ਜਿਸ ਨੂੰ ਹੈਨੀਬਲ ਨਿਰਦੇਸ਼ਾਂ ਅਧੀਨ ਬੰਧਕ ਬਣਾਉਣ ਤੋਂ ਰੋਕਣ ਲਈ ਖ਼ੁਦ ਬੰਧਕਾਂ ਨੂੰ ਮਾਰ ਦੇਣਾ ਮਨਜ਼ੂਰ ਸੀ।

ਪ੍ਰਮੁੱਖ ਮੈਡੀਕਲ ਰਸਾਲੇ, ਦੀ ਲਾਂਸੈਂਟ, ਦੀ ਰਿਪੋਰਟ ਅਨੁਸਾਰ ਅੰਦਾਜ਼ਾ ਇਹ ਹੈ ਕਿ 25 ਅਪ੍ਰੈਲ 2025 ਤੱਕ ਗਾਜ਼ਾ ਵਿਚ ਹਿੰਸਾ ਨਾਲ 1.36 ਲੱਖ ਅਤੇ ਵਾਂਝੇਪਣ ਨਾਲ 5.44 ਲੱਖ, ਯਾਨੀ ਕੁਲ 6.8 ਲੱਖ ਮੌਤਾਂ ਹੋਈਆਂ। ਇਹ ਅੰਦਾਜ਼ਾ ਇਸ ਗੱਲ 'ਤੇ ਆਧਾਰਤ ਹੈ ਕਿ ਹਿੰਸਾ ਦੀ ਤੁਲਨਾ ਵਿਚ ਚਾਰ ਗੁਣਾ ਵੱਧ ਮੌਤਾਂ ਵਾਂਝੇਪਣ ਕਾਰਨ ਹੁੰਦੀਆਂ ਹਨ। ਇਹ ਉਹ ਮੌਤਾਂ ਹੁੰਦੀਆਂ ਹਨ ਜਿਨ੍ਹਾਂ ਤੋਂ ਬਚਿਆ ਜਾ ਸਕਦਾ ਹੈ। 1950 ਤੋਂ ਹੁਣ ਤੱਕ ਦੇ (ਸਾਰੇ ਮੁਲਕਾਂ ਦੇ) ਅਜਿਹੇ ਅੰਕੜਿਆਂ ਦੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਵਾਂਝੇਪਣ ਕਾਰਨ ਹੋਈਆਂ ਮੌਤਾਂ ਵਿਚ 70% ਪੰਜ ਸਾਲ ਤੋਂ ਘੱਟ ਉਮਰ ਦੇ ਬੱਚੇ ਹੁੰਦੇ ਹਨ ਜਿਵੇਂ ਮੇਰੀ ਕਿਤਾਬ 'ਗਲੋਬਲ ਅਵੌਇਡੇਬਲ ਮੌਰਟੈਲਿਟੀ ਸਿੰਸ 1950' ਵਿਚ ਵਿਸਤਾਰ 'ਚ ਦੱਸਿਆ ਗਿਆ ਹੈ। ਇਸ ਦਾ ਮਤਲਬ ਹੈ ਕਿ 5.44 ਲੱਖ ਮੌਤਾਂ ਵਿਚ ਤਕਰੀਬਨ 3.8 ਲੱਖ ਬੱਚੇ (ਪੰਜ ਸਾਲ ਤੋਂ ਘੱਟ ਉਮਰ) ਸ਼ਾਮਲ ਹਨ। ਨਵਜੰਮੇ ਬਾਲਾਂ ਲਈ ਮੌਤ ਦਾ ਜ਼ੋਖਮ ਸਭ ਤੋਂ ਵੱਧ ਹੁੰਦਾ ਹੈ। ਇਸ ਤਰ੍ਹਾਂ ਥੋਪੀ ਗਈ ਭੁੱਖਮਰੀ ਦੇ ਹਾਲਾਤਾਂ ਵਿਚ ਮਾਰੇ ਗਏ 5,44000 ਗਾਜ਼ਾ ਵਾਸੀਆਂ ਵਿਚ 3,80000 ਨਿੱਕੇ ਬੱਚੇ ਸ਼ਾਮਲ ਹਨ। ਜੇ ਇਸ ਗਿਣਤੀ ਨੂੰ ਅੱਗੇ ਵੰਡਕੇ ਦੇਖਿਆ ਜਾਵੇ ਤਾਂ ਇਸ ਵਿਚ 3.8 ਲੱਖ ਨਿੱਕੇ ਬੱਚੇ, 4.79 ਲੱਖ ਬੱਚੇ, 63 ਹਜ਼ਾਰ ਔਰਤਾਂ ਅਤੇ 18 ਹਜ਼ਾਰ ਮਰਦ ਹਨ।

ਜਦਕਿ, ਯਹੂਦੀ ਰਾਸ਼ਟਰਵਾਦ ਦੇ ਪ੍ਰਭਾਵ ਹੇਠ ਮੁੱਖਧਾਰਾ ਦਾ ਮੀਡੀਆ ਇਹ ਰਿਪੋਰਟ ਕਰਦਾ ਹੈ ਕਿ ਸਿਰਫ਼ ਹਿੰਸਾ ਕਾਰਨ 50,500 ਮੌਤਾਂ ਹੋਈਆਂ ਹਨ, ਇਹ ਵਾਂਝੇਪਣ ਕਾਰਨ ਹੋਈਆਂ ਮੌਤਾਂ ਨੂੰ ਨਜ਼ਰਅੰਦਾਜ਼ ਕਰ ਦਿੰਦਾ ਹੈ। ਜਦੋਂਕਿ ਸੱਚਾਈ ਇਹ ਹੈ ਕਿ ਇਨ੍ਹਾਂ ਰਿਪੋਰਟ ਦੇ ਉਲਟ ਕੁਲ ਮੌਤਾਂ 7 ਲੱਖ ਦੇ ਕਰੀਬ ਹਨ। ਟਰੰਪ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਨੇ ਖ਼ੁਦ ਵਾਰ-ਵਾਰ ਕਿਹਾ ਹੈ ਕਿ ਜੰਗ ਤੋਂ ਪਹਿਲਾਂ ਦੀ 24 ਲੱਖ ਆਬਾਦੀ ਵਿੱਚੋਂ 17 ਲੱਖ ਨੂੰ ਉੱਥੋਂ ਹਟਾਉਣਾ ਹੋਵੇਗਾ ਤਾਂ ਜੋ ਗਾਜ਼ਾ ਨੂੰ 'ਰਿਵੇਰਾ-ਤਰਜ਼ ਦਾ ਲਗਜ਼ਰੀ ਰਿਜ਼ੌਰਟ' ਬਣਾਇਆ ਜਾ ਸਕੇ — ਯਾਨੀ 7 ਲੱਖ ਗਾਜ਼ਾ ਵਾਸੀ ਲਾਪਤਾ ਹਨ (24 ਲੱਖ ਵਿੱਚੋਂ 17 ਲੱਖ ਘਟਾਉਣ 'ਤੇ)। ਜੇਕਰ ਮੰਨ ਲਈਏ ਕਿ 1 ਲੱਖ ਮਿਸਰੀ ਉੱਥੋਂ ਨਿਕਲ ਕੇ ਮਿਸਰ ਚਲੇ ਗਏ ਤਾਂ ਇਸਦਾ ਮਤਲਬ ਹੈ ਕਿ 6 ਲੱਖ ਗਾਜ਼ਾ ਵਾਸੀ ਹਿੰਸਾ ਅਤੇ ਵਾਂਝੇਪਣ ਕਾਰਨ ਮਾਰੇ ਗਏ। ਇਹ ਪ੍ਰੇਸ਼ਾਨ ਕਰਨ ਵਾਲੀ ਗਿਣਤੀ ਹੈ ਜੋ ਟਰੰਪ ਦੇ ਬਿਆਨ ਅਤੇ ਬਰਤਾਨਵੀ ਮਹਾਮਾਰੀ ਮਾਹਰਾਂ ਦੀ ਰਿਪੋਰਟ ਨਾਲ ਮੇਲ ਖਾਂਦੀ ਹੈ। ਪਰ ਮੀਡੀਆ ਅਜੇ ਵੀ ਸਿਰਫ਼ 50,500 ਦਾ ਅੰਕੜਾ ਦੱਸ ਰਿਹਾ ਹੈ।

ਫ਼ਲਸਤੀਨੀ ਨਸਲਕੁਸ਼ੀ ਦੀ ਸ਼ੁਰੂਆਤ 1908 ਵਿਚ ਈਰਾਨ ਵਿਚ ਤੇਲ ਦੀ ਖੋਜ ਨਾਲ ਹੁੰਦੀ ਹੈ। ਬਰਤਾਨੀਆ ਨੇ 1914 ਵਿਚ ਓਟੋਮਨ ਸਲਤਨਤ 'ਤੇ ਹਮਲਾ ਕੀਤਾ, ਇਰਾਕ 'ਤੇ ਕਬਜ਼ਾ ਕੀਤਾ ਅਤੇ ਫਿਰ ਫ਼ਰਾਂਸ-ਬਰਤਾਨੀਆ

Galaxy Freightline Inc.
Logistics Ltd Calgary Alberta
Warehousing / Distribution
Manpreet Singh
Manager
780-604-0593
Office : 416-644-8881
7270 106 Ave SE Calgary, AB T2C 4Y5

BEAUTY BLISS
Mediaesthetics
Instagram: botoxinjectoryyc_nav
Email: nav.beautybliss@gmail.com
Contact :
Nav Gill RN BScN
587.971.0052
For
Wrinkle treatment,
Laser Hair Removal,
Skin tightening,
Double chin reduction,
Lip Enhancement, Lip filler

ਨੇ ਪੂਰੇ ਮੱਧ-ਪੂਰਬ ਉੱਪਰ ਧਾਵਾ ਬੋਲਕੇ ਉੱਥੇ ਪੈਰ ਪਸਾਰ ਲਏ। ਸਾਨੂੰ ਇਹ ਵੀ ਚੇਤੇ ਰੱਖਣਾ ਚਾਹੀਦਾ ਹੈ ਕਿ ਯੂਰਪ ਨੇ ਪਿਛਲੇ 77 ਸਾਲਾਂ, ਖ਼ਾਸ ਕਰਕੇ ਪਿਛਲੇ 20 ਮਹੀਨਿਆਂ ਵਿਚ, ਇਜ਼ਰਾਈਲ ਦੀ ਹਰ ਕਾਰਵਾਈ ਦੀ ਹਮਾਇਤ ਕੀਤੀ ਹੈ। ਈਰਾਨ 'ਤੇ ਬੰਬਾਰੀ ਤੋਂ ਪਹਿਲਾਂ ਜੀ-7 ਮੁਲਕਾਂ (ਕੈਨੇਡਾ, ਫਰਾਂਸ, ਜਰਮਨੀ, ਇਟਲੀ, ਜਪਾਨ, ਯੂ.ਕੇ. ਅਤੇ ਸੰਯੁਕਤ ਰਾਜ ਅਮਰੀਕਾ – ਜਿਨ੍ਹਾਂ ਸਾਰਿਆਂ ਕੋਲ ਪਰਮਾਣੂ ਹਥਿਆਰ ਹਨ, ਜੋ ਪਰਮਾਣੂ ਹਥਿਆਰ ਰੱਖਣ ਦੇ ਹਮਾਇਤੀ ਹਨ) ਨੇ ਇਜ਼ਰਾਈਲ ਵੱਲੋਂ ਈਰਾਨ ਉੱਪਰ ਹਮਲਾ ਕੀਤੇ ਜਾਣ 'ਤੇ ਝੂਠਾ ਇਲਜ਼ਾਮ ਲਾਉਂਦੇ ਹੋਏ ਕਿਹਾ:

'ਅਸੀਂ ਜੀ-7 ਮੁਲਕਾਂ ਦੇ ਆਗੂ ਮੱਧ-ਪੂਰਬ ਵਿਚ ਸ਼ਾਂਤੀ ਅਤੇ ਸਥਿਰਤਾ ਲਈ ਵਚਨਬੱਧ ਹਾਂ। ਅਸੀਂ ਇਜ਼ਰਾਈਲ ਦੇ ਸਵੈ-ਰੱਖਿਆ ਦੇ ਅਧਿਕਾਰ ਨੂੰ ਆਪਣੀ ਹਮਾਇਤ ਮੁੜ ਦੁਹਰਾਉਂਦੇ ਹਾਂ। ਈਰਾਨ ਖੇਤਰੀ ਅਸਥਿਰਤਾ ਅਤੇ ਦਹਿਸ਼ਤਵਾਦ ਦਾ ਮੁੱਖ ਸਰੋਤ ਹੈ। ਈਰਾਨ ਕਦੇ ਵੀ ਪਰਮਾਣੂ ਹਥਿਆਰ ਨਹੀਂ ਰੱਖ ਸਕਦਾ।' ਆਸਟ੍ਰੇਲੀਆ, ਜੋ ਜੀ-7 ਦਾ ਮੈਂਬਰ ਨਹੀਂ ਹੈ ਪਰ ਉਸ ਨੂੰ ਇਸ ਸਿਖ਼ਰ-ਸੰਮੇਲਨ ਵਿਚ ਬੁਲਾਇਆ ਗਿਆ ਸੀ, ਉਸਨੇ ਵੀ ਜੀ-7 ਦੇ ਇਸ ਝੂਠ ਨਾਲ ਸਹਿਮਤੀ ਪ੍ਰਗਟਾਈ।

ਅਸਲੀਅਤ ਇਸ ਤੋਂ ਬਿਲਕੁਲ ਵੱਖਰੀ ਹੈ। ਉਹ ਇਹ ਹੈ ਕਿ ਇਜ਼ਰਾਈਲ ਵੱਲੋਂ ਅਮਰੀਕਾ ਦੇ ਥਾਪੜੇ ਨਾਲ ਇਹ ਹਮਲਾ ਬਿਨਾਂ ਕਿਸੇ ਭੜਕਾਹਟ ਦੇ ਕੀਤਾ ਗਿਆ ਸੀ ਅਤੇ ਇਹ ਅੰਤਰਰਾਸ਼ਟਰੀ ਕਾਨੂੰਨ ਦੀ ਉਲੰਘਣਾ ਸੀ। ਇਜ਼ਰਾਈਲ ਕੋਲ 90 ਪਰਮਾਣੂ ਹਥਿਆਰ ਹਨ, ਈਰਾਨ ਕੋਲ ਇਕ ਵੀ ਨਹੀਂ ਹੈ। ਈਰਾਨ ਨੇ ਐੱਨ.ਪੀ.ਟੀ. (ਪਰਮਾਣੂ ਅਪ੍ਰਸਾਰ ਸੰਧੀ) ਉੱਪਰ ਦਸਤਖ਼ਤ ਕੀਤੇ ਹੋਏ ਹਨ, ਇਜ਼ਰਾਈਲ ਨੇ ਦਸਤਖ਼ਤ ਨਹੀਂ ਕੀਤੇ ਹੋਏ। ਪਿਛਲੇ 50 ਸਾਲਾਂ ਤੋਂ ਈਰਾਨ, ਹੋਰ ਮੁਸਲਿਮ ਮੁਲਕ ਅਤੇ ਸੰਯੁਕਤ ਰਾਸ਼ਟਰ ਦੀ ਆਮ ਸਭਾ ਪ੍ਰਮਾਣੂ-ਮੁਕਤ ਮੱਧ-ਪੂਰਬ ਦੀ ਮੰਗ ਕਰ ਰਹੇ ਹਨ। ਈਰਾਨ ਨੇ ਸਦੀਆਂ ਤੋਂ ਕਿਸੇ ਮੁਲਕ 'ਤੇ ਹਮਲਾ ਨਹੀਂ ਕੀਤਾ, ਜਦੋਂ ਕਿ ਇਜ਼ਰਾਈਲ ਨੇ 2025 ਵਿਚ ਹੀ 5 ਮੁਲਕਾਂ 'ਤੇ ਬੰਬਾਰੀ ਕੀਤੀ ਅਤੇ 77 ਸਾਲਾਂ ਵਿਚ 14 ਮੁਲਕਾਂ 'ਤੇ ਹਮਲੇ ਕੀਤੇ ਹਨ।

ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਜੇਕਰ ਸੱਚੀਓਂ ਹੀ ਈਰਾਨ ਕੋਲ ਪਰਮਾਣੂ ਹਥਿਆਰ ਹੁੰਦੇ, ਤਾਂ ਉਹ ਇਜ਼ਰਾਈਲ 'ਤੇ ਕਿਉਂ ਹਮਲਾ ਕਰਦਾ ਜਦੋਂ ਕਿ ਉੱਥੇ ਦੇ ਅੱਧੇ ਲੋਕ ਫ਼ਲਸਤੀਨੀ ਹਨ ਅਤੇ ਕੀ ਉਹ ਪੱਛਮ 'ਤੇ ਹਮਲਾ ਕਰਨ ਦੀ ਆਤਮਘਾਤੀ ਕਾਰਵਾਈ ਕਰਦਾ? ਯਾਦ ਕਰੋ, ਇਹੀ ਝੂਠ ਇਰਾਕ ਨੂੰ ਤਬਾਹ ਕਰਨ ਲਈ ਬੋਲਿਆ ਗਿਆ ਸੀ - 'ਉਸ ਕੋਲ ਵਿਆਪਕ ਤਬਾਹੀ ਮਚਾਉਣ ਵਾਲੇ ਹਥਿਆਰ ਹਨ' ਦੇ ਨਾਂ 'ਤੇ।

ਇਹ ਸਵਾਲ ਪੁੱਛਿਆ ਗਿਆ ਹੈ ਕਿ ਜੀ-7 ਵਿਚ ਸ਼ਾਮਲ ਸਾਬਕਾ ਬਸਤੀਵਾਦੀ, ਨਸਲਘਾਤੀ ਤਾਕਤਾਂ, ਨਸਲਵਾਦੀ, ਰੰਗਭੇਦੀ ਇਜ਼ਰਾਈਲ ਦੀ ਹਮਾਇਤ ਕਿਉਂ ਕਰਦੀਆਂ ਹਨ? ਸੱਚਾਈ ਇਹ ਹੈ ਕਿ ਜਾਪਾਨ ਨੂੰ ਛੱਡ ਕੇ ਜੀ-7 ਦੇ ਸਾਰੇ ਮੁਲਕ ਯੂਰਪੀ ਹਨ – ਇਹ ਸਿੱਧੀ ਸੱਚਾਈ ਹੈ। ਯੂਨਾਈਟਿਡ ਕਿੰਗਡਮ ਨੇ ਪਿਛਲੇ ਹਜ਼ਾਰ ਸਾਲਾਂ ਵਿਚ 123 ਮੁਲਕਾਂ 'ਤੇ ਹਮਲੇ ਕੀਤੇ ਹਨ। ਸੰਯੁਕਤ ਰਾਜ ਅਮਰੀਕਾ ਨੇ ਦੁਨੀਆ ਦੇ ਸਿਰਫ਼ ਤਿੰਨ ਮੁਲਕਾਂ ਨੂੰ ਛੱਡ ਕੇ ਹਰ ਜਗ੍ਹਾ ਫ਼ੌਜੀ ਦਖ਼ਲਅੰਦਾਜ਼ੀ ਕੀਤੀ ਹੈ ਜਾਂ ਉੱਥੇ ਇਸਦੀ ਫ਼ੌਜ ਮੌਜੂਦ ਹੈ। ਨਾਟੋ ਦੇ ਸਾਰੇ ਦੇ ਸਾਰੇ 32 ਮੁਲਕ, ਜੋ ਸਾਰੇ ਯੂਰਪੀ ਹਨ, ਇਜ਼ਰਾਈਲ ਦੀ ਡੱਟ ਕੇ ਹਮਾਇਤ ਕਰਦੇ ਹਨ। ਇਨ੍ਹਾਂ ਵਿੱਚੋਂ ਕਈ ਜ਼ਾਇਓਨਿਸਟ ਇੰਟਰਨੈਸ਼ਨਲ ਹੋਲੋਕਾਸਟ ਰੀਮੈਂਬਰੈਂਸ ਅਲਾਇੰਸ ਦੇ ਮੈਂਬਰ ਹਨ, ਜੋ ਇਜ਼ਰਾਈਲ ਦੀ ਹਮਾਇਤ 'ਚ ਜ਼ੋਰਦਾਰ ਪ੍ਰਚਾਰ ਕਰਦੇ ਹਨ।

ਗਾਜ਼ਾ ਵਿਚ ਕਤਲੇਆਮ ਅਤੇ ਈਰਾਨ, ਫ਼ਲਸਤੀਨ, ਲੇਬਨਾਨ, ਸੀਰੀਆ, ਅਤੇ ਯਮਨ ਵਿਰੁੱਧ ਬਿਨਾਂ ਭੜਕਾਹਟ ਦੇ ਕੀਤੇ ਗਏ ਯੁੱਧ ਅਪਰਾਧਾਂ ਵਿਚ ਯੂਰਪੀ ਭਾਈਵਾਲੀ ਨੂੰ ਸੰਖੇਪ ਵਿਚ ਇਸ ਤਰ੍ਹਾਂ ਸਮਝਿਆ ਜਾ ਸਕਦਾ ਹੈ:

ਪਹਿਲਾ, ਯੂਰਪੀ ਮੁਲਕਾਂ ਦੀ ਭਾਰੀ ਬਹੁਗਿਣਤੀ ਦਾ ਅਮਰੀਕਾ ਨਾਲ ਗੱਠਜੋੜ ਹੈ, ਜੋ ਲਗਾਤਾਰ ਜੰਗੀ ਜੁਰਮਾਂ ਨੂੰ ਅੰਜਾਮ ਦੇਣ 'ਚ ਲੱਗਿਆ ਹੋਇਆ ਹੈ ਅਤੇ ਜਿਸ ਨੂੰ 1960ਵਿਆਂ ਵਿਚ ਇਜ਼ਰਾਈਲ ਦੇ ਪਰਮਾਣੂ ਹਥਿਆਰ ਪ੍ਰਾਪਤ ਕਰਨ ਦੇ ਸਮੇਂ ਤੋਂ ਇਜ਼ਰਾਈਲੀ ਜ਼ਾਇਓਨਿਸਟ ਏਜੰਡਾ ਕੰਟਰੋਲ ਕਰ ਰਿਹਾ ਹੈ। ਹੁਣ ਤਾਂ ਇਹ ਗੱਲ ਹੋ ਗਈ ਹੈ ਕਿ ਜਿਸ ਤਰ੍ਹਾਂ ਕੁੱਤਾ ਆਪਣੀ ਪੂਛ ਦੇ ਮਗਰ-ਮਗਰ ਘੁੰਮਦਾ ਹੈ, ਉਸੇ ਤਰ੍ਹਾਂ ਕੁੱਤੇ ਦੀ ਇਹ ਪੂਛ, ਜ਼ਾਇਓਨਿਸਟ ਇਜ਼ਰਾਈਲ, ਹੁਣ ਕੁੱਤੇ ਨੂੰ ਆਪਣੇ ਮਗਰ-ਮਗਰ ਘੁੰਮਾ ਰਹੀ ਹੈ, ਯਾਨੀ ਯੂਰਪੀ ਤਾਕਤਾਂ ਹੁਣ ਇਜ਼ਰਾਈਲ ਦੇ ਕੰਟਰੋਲ ਵਿਚ ਹਨ।

ਦੂਜਾ, ਜੀ-7 ਦੇ ਸਾਰੇ ਮੈਂਬਰ ਅਫ਼ਗਾਨਿਸਤਾਨ ਵਿਚ ਅਮਰੀਕਾ ਅਤੇ ਨਾਟੋ ਦੁਆਰਾ ਥੋਪੇ ਗਏ ਯੁੱਧ (ਜਿਸ ਨੂੰ 'ਅਫ਼ਗਾਨ ਪਰਲੋ' ਕਿਹਾ ਜਾ ਸਕਦਾ ਹੈ) ਵਿਚ ਸ਼ਾਮਲ ਸਨ, ਜਿਸ ਵਿਚ ਕਰੀਬ 70 ਲੱਖ ਅਫ਼ਗਾਨ ਨਾਗਰਿਕਾਂ ਦੀ ਮੌਤ ਹਿੰਸਾ ਅਤੇ ਵਾਂਝੇਪਣ ਕਾਰਨ ਹੋਈ। ਇਨ੍ਹਾਂ ਮੁਲਕਾਂ ਯਾਨੀ ਜੀ-7 ਮੁਲਕਾਂ ਅਤੇ ਇਨ੍ਹਾਂ ਨਾਲ ਜੁੜੇ ਬਹੁਤ ਸਾਰੇ ਗ਼ੈਰ ਜੀ-7 ਮੁਲਕਾਂ ਦਾ ਇਤਿਹਾਸ ਯੁੱਧ, ਸਾਮਰਾਜਵਾਦ ਅਤੇ ਮੂਲ ਨਿਵਾਸੀਆਂ ਦੀ ਨਸਲਕੁਸ਼ੀ ਨਾਲ ਭਰਿਆ ਪਿਆ ਹੈ।

ਤੀਜਾ, ਜੀ-7 ਦੇ ਸਾਰੇ ਮੁਲਕਾਂ ਅਤੇ ਯੂਰਪ ਦੇ ਕਈ ਗ਼ੈਰ ਜੀ-7 ਮੁਲਕਾਂ ਦਾ ਨਸਲਵਾਦੀ ਬਸਤੀਵਾਦ ਅਤੇ ਨਸਲਕੁਸ਼ੀ ਦਾ ਪੁਰਾਣਾ ਮੁਜਰਮਾਨਾ ਰਿਕਾਰਡ ਹੈ। ਇਹੋ ਨਸਲਵਾਦੀ ਸੋਚ ਇਜ਼ਰਾਈਲ ਦੀ ਹਮਾਇਤ ਵਿਚ ਅੱਜ ਵੀ ਜ਼ਿੰਦਾ ਹੈ, ਜੋ ਪਿਛਲੇ 77 ਸਾਲਾਂ ਵਿਚ ਰੰਗਭੇਦ ਨੀਤੀਆਂ ਅਤੇ ਨਸਲਕੁਸ਼ੀ ਦੇ ਘੱਲੂਘਾਰਿਆਂ ਵਿਚ ਉਸ ਦੇ ਨਾਲ ਖੜ੍ਹਦੇ ਆ ਰਹੇ ਹਨ – ਇਹ ਸੰਯੁਕਤ ਰਾਸ਼ਟਰ ਦੀ ਆਮ ਸਭਾ ਵਿਚ ਉਨ੍ਹਾਂ ਦੇ ਵੋਟਿੰਗ ਵਿਚ ਹਿੱਸਾ ਲੈਣ ਦੇ ਵਿਹਾਰ ਤੋਂ ਵੀ ਸਪਸ਼ਟ ਹੁੰਦਾ ਹੈ।

ਗਾਜ਼ਾ ਵਿਚ ਬਚੇ ਹੋਏ 17 ਲੱਖ ਲੋਕ ਜਾਂ ਤਾਂ ਭੁੱਖ ਨਾਲ ਮਰਨ ਲਈ ਮਜਬੂਰ ਹਨ, ਜਾਂ ਖਾਣੇ ਦੀ ਭਾਲ ਵਿਚ ਗੋਲੀਬਾਰੀ ਦਾ ਸ਼ਿਕਾਰ ਕੇ ਮਰਨ ਲਈ ਮਜਬੂਰ ਹਨ। ਇਹੀ ਮੰਜ਼ਰ ਹੈ ਜੋ ਮੈਂ ਹਰ ਰਾਤ ਨੂੰ ਖਾਣਾ ਖਾਂਦੇ ਵਕਤ ਟੀਵੀ 'ਤੇ ਦੇਖਦਾ ਹਾਂ। 4000 ਸਾਲ ਪੁਰਾਣਾ ਸ਼ਹਿਰ ਗਾਜ਼ਾ, ਜਿੱਥੋਂ ਕਦੇ ਅਰਬੀ ਇਤਰ ਰੋਮਨ ਸਾਮਰਾਜ ਨੂੰ ਭੇਜਿਆ ਜਾਂਦਾ ਸੀ, ਹੁਣ ਪੂਰੀ ਤਰ੍ਹਾਂ ਤਬਾਹ ਹੋ ਚੁੱਕਾ ਹੈ। ਵਿਲੀਅਮ ਡੈਲਰਿੰਪਲ ਦੀ ਸ਼ਾਨਦਾਰ ਕਿਤਾਬ 'ਦੀ ਗੋਲਡਨ ਰੋਡ' ਵਿਚ ਦੱਸਿਆ ਗਿਆ ਹੈ ਕਿ ਕਿਵੇਂ ਭਾਰਤ ਦਾ ਪ੍ਰਭਾਵ ਜਪਾਨ ਤੋਂ ਲੈ ਕੇ ਸਪੇਨ ਤੱਕ ਪੂਰੀ ਮਨੁੱਖੀ ਤਹਿਜ਼ੀਬ 'ਤੇ ਪਿਆ। ਡੈਲਰਿੰਪਲ ਲਿਖਦੇ ਹਨ ਕਿ ਜਦੋਂ ਗਾਜ਼ਾ ਉੱਪਰ ਧਰਮ-ਯੁੱਧ ਲੜਨ ਵਾਲਿਆਂ (ਕਰੂਸੇਡਰਾਂ) ਨੇ ਕਬਜ਼ਾ ਕਰ ਲਿਆ, ਤਾਂ ਇਹ ਮੱਧਕਾਲੀ ਭਾਰਤੀ-ਅਰਬੀ ਗਿਆਨ ਅਤੇ ਸੱਭਿਆਚਾਰ ਦੇ ਯੂਰਪ ਤੱਕ ਪਹੁੰਚਣ ਦਾ ਮਹੱਤਵਪੂਰਨ ਰਸਤਾ ਬਣ ਗਿਆ। ਇਹ ਧਰਮ-ਯੋਧੇ ਉਹੀ ਗਣਿਤ ਅਤੇ ਗਿਆਨ ਵਾਪਸ ਯੂਰਪ ਲੈ ਗਏ।

ਹੁਣ ਸਮਾਂ ਆ ਗਿਆ ਹੈ ਕਿ ਦੁਨੀਆ ਅਮਰੀਕੀ ਹਮਾਇਤ ਪ੍ਰਾਪਤ ਰੰਗਭੇਦੀ ਇਜ਼ਰਾਈਲ ਅਤੇ ਉਸ ਦੇ ਸਹਿਯੋਗੀਆਂ — ਖ਼ਾਸ ਕਰਕੇ ਅਮਰੀਕਾ, ਬਰਤਾਨੀਆ, ਆਸਟ੍ਰੇਲੀਆ, ਜੀ-7 ਅਤੇ ਯੂਰਪੀਅਨ ਯੂਨੀਅਨ – 'ਤੇ ਸਖ਼ਤ ਪਾਬੰਦੀਆਂ ਲਗਾਵੇ। ਮੁਸਲਿਮ ਜਗਤ ਉੱਪਰ ਨਸਲਵਾਦੀ ਪੱਛਮ ਦੀ ਇਹ ਨਸਲਕੁਸ਼ੀ ਦੀ ਜਾਬਰ ਨੀਤੀ ਹੁਣ ਬੰਦ ਹੋਣੀ ਚਾਹੀਦੀ ਹੈ। ਅਮਰੀਕਾ ਇਸ ਅਨਿਆਂ ਨੂੰ ਸਿਰਫ਼ ਯੂ.ਐੱਨ. ਸੁਰੱਖਿਆ ਪਰਿਸ਼ਦ ਵਿਚ ਵੀਟੋ ਨਾ ਪਾ ਕੇ ਰੋਕ ਸਕਦਾ ਹੈ।

ਪਿਛਲੇ ਸੌ ਸਾਲਾਂ ਤੋਂ ਚੱਲ ਰਹੇ ਫ਼ਲਸਤੀਨੀ ਸੰਤਾਪ ਦਾ ਅੰਤ ਓਦੋਂ ਹੋਵੇਗਾ, ਜਦੋਂ ਦੁਨੀਆ ਪੂਰੀ ਦ੍ਰਿੜਤਾ ਨਾਲ ਇਹ ਕਹੇਗੀ ਕਿ ਫ਼ਲਸਤੀਨੀਆਂ ਨੂੰ ਵੀ ਉਹੀ ਮਨੁੱਖੀ ਹੱਕ ਮਿਲਣੇ ਚਾਹੀਦੇ ਹਨ ਜੋ ਪੱਛਮੀ ਜਗਤ ਦੇ ਅਤੇ ਹੋਰ ਨਾਗਰਿਕਾਂ ਨੂੰ ਮਿਲਦੇ ਹਨ – ਅਤੇ ਇਸ ਲਈ ਜੇਕਰ ਸਖ਼ਤ ਪਾਬੰਦੀਆਂ ਲਾਉਣ ਦੀ ਲੋੜ ਪਵੇ ਤਾਂ ਉਹ ਵੀ ਲਗਾਈਆਂ ਜਾਣ।

1960 ਵਿਚ ਸ਼ਾਰਪਵਿਲ ਕਤਲੇਆਮ ਕੀਤੇ ਜਾਣ 'ਤੇ, ਜਿਸ ਵਿਚ 69 ਅਫ਼ਰੀਕੀ ਨਾਗਰਿਕ ਮਾਰੇ ਗਏ ਸਨ, ਦੁਨੀਆ ਨੇ ਰੰਗਭੇਦੀ ਦੱਖਣੀ ਅਫ਼ਰੀਕਾ 'ਤੇ ਪਾਬੰਦੀਆਂ ਲਗਾਈਆਂ, ਜੋ ਅੰਤ ਵਿਚ ਸਫ਼ਲ ਹੋਈਆਂ। ਹੁਣ ਉਹੀ ਪਾਬੰਦੀਆਂ ਨਸਲਕੁਸ਼ੀ ਕਰਨ ਵਾਲੇ ਰੰਗਭੇਦੀ ਇਜ਼ਰਾਈਲ 'ਤੇ ਵੀ ਲਗਾਉਣੀਆਂ ਚਾਹੀਦੀਆਂ ਹਨ।

ਗਾਜ਼ਾ ਵਿਚ 25 ਅਪ੍ਰੈਲ 2025 ਤੱਕ ਮਾਰੇ ਗਏ 6.8 ਲੱਖ ਲੋਕਾਂ ਦੀ ਗਿਣਤੀ ਸ਼ਾਰਪਵਿਲ ਵਿਚ ਮਾਰੇ ਗਏ ਅਫ਼ਰੀਕੀਆਂ ਦੀ ਤੁਲਨਾ ਵਿਚ 10,000 ਗੁਣਾ ਵੱਧ ਹੈ।

# ਫਿਰਕਾਪ੍ਰਸਤੀ: ਇਤਿਹਾਸਕ ਦੁਖਾਂਤਾਂ ਤੋਂ ਸਬਕ ਲੈਣਾ ਜ਼ਰੂਰੀ

-ਵਿਜੈ ਬੰਬੇਲੀ
94634-39075

ਇਤਿਹਾਸਕਾਰ ਰਾਮ ਸ਼ਰਨ ਸ਼ਰਮਾ ਮੁਤਾਬਿਕ, "ਕਿਸੇ ਸਿਆਸੀ ਮਕਸਦ ਦੀ ਪੂਰਤੀ ਲਈ ਜਾਤ-ਧਰਮ ਦੇ ਨਾਂਅ 'ਤੇ ਆਪਣੇ ਫਿਰਕੇ ਦੇ ਸਦਭਾਵੀ ਹਿੱਤਾਂ ਦੀ ਕੀਮਤ 'ਤੇ ਦੂਸਰੇ ਫਿਰਕੇ ਦੇ ਲੋਕਾਂ ਨੂੰ ਨਿਸ਼ਾਨਾ ਬਣਾਉਣਾ 'ਫਿਰਕਾਪ੍ਰਸਤੀ' ਦੀ ਸਰਲ ਵਿਆਖਿਆ ਹੈ।" ਦੇਖਣ ਨੂੰ ਸਿੱਧ-ਪੱਧਰੀ ਜਾਪਦੀ ਇਸ ਵਿਆਖਿਆ ਦਾ ਵਰਤਾਰਾ ਬੜਾ ਨਾ-ਮੁਰਾਦ, ਗੁੰਝਲਦਾਰ ਅਤੇ ਸਿੱਟੇ ਬੇਹੱਦ ਭਿਆਨਕ ਹੁੰਦੇ ਹਨ। ਆਮ ਕਰਕੇ ਸੰਬੰਧਤ ਧਿਰ ਦੇ ਭਲੇ ਲੋਕਾਂ ਨੂੰ ਵੀ ਪਤਾ ਨਹੀਂ ਲੱਗਦਾ ਕਿ ਉਹ ਅਚੇਤ ਹੀ ਆਪਣੀ ਧਿਰ ਦੇ ਫਿਰਕਾਪ੍ਰਸਤਾਂ ਦੇ ਧੀਮੇ ਜ਼ਹਿਰ ਦਾ ਸ਼ਿਕਾਰ ਹੋ ਗਏ ਹਨ।


ਜਥੇਬੰਦਕ ਰੂਪ ਵਿੱਚ ਭਾਰਤ 'ਚ ਫਿਰਕਾਪ੍ਰਸਤੀ ਅੰਗਰੇਜ਼ ਬਸਤੀਵਾਦੀਆਂ ਦੀ 'ਪਾੜੋ ਅਤੇ ਰਾਜ ਕਰੋ' ਦੀ ਨੀਤੀ ਨਾਲ ਆਈ। ਅੰਗਰੇਜ਼ਾਂ ਦੇ ਭਾਰਤ ਆਉਣ ਤੋਂ ਪਹਿਲਾਂ ਇੱਥੇ ਵਿਚਾਰਧਾਰਕ ਵਖਰੇਵੇਂ ਅਤੇ 'ਮਾੜੇ-ਧੀੜਿਆਂ' ਨਾਲ ਸੂਖਮ ਅਨਿਆ ਤਾਂ ਸੀ, ਜਿਹੜਾ ਸਾਡੇ ਗੁਲਾਮ-ਦਰ-ਗੁਲਾਮ ਹੋਣ ਦਾ ਪ੍ਰਮੁੱਖ ਕਾਰਨ ਸੀ,ਪਰ ਕੁੱਲ ਮਿਲਾ ਕੇ ਆਮ ਲੋਕਾਂ 'ਚ ਸਹਿਹੋਂਦ ਸੀ। ਹਾਂ; ਦੇਸੀ ਹਾਕਮਾਂ ਅਤੇ ਪੁਜਾਰੀ ਜਮਾਤ ਆਪਣੇ ਮੁਫਾਦਾਂ ਕਾਰਨ ਜ਼ਰੂਰ ਲੋਕਾਂ ਦੇ ਭੋਲੇਪਨ ਅਤੇ ਆਪਸੀ ਸਹਿਹੋਂਦ ਦੀ ਦੁਰਵਰਤੋਂ ਕਰਦੇ ਸਨ, ਫਿਰ ਵੀ ਧਾਰਮਿਕ ਫਿਰਕਿਆਂ ਦਰਮਿਆਨ ਕੋਈ ਤਿੱਖਾ ਟਕਰਾਅ ਨਹੀਂ ਸੀ ਹੋਇਆ। ਸਿਰ ਵੱਢਵੇਂ ਵਿਚਾਰਧਾਰਕ ਵਖਰੇਵੇਂ ਇਥੇ, ਖਾਸ ਕਰਕੇ ਬੰਗਾਲ ਅਤੇ ਪੰਜਾਬ ਵਿੱਚ, ਅੰਗਰੇਜ਼ਾਂ ਨੇ ਬੀਜੇ। ਜਿਸ ਲਈ ਉਸ ਨੇ ਆਪਣੇ ਦੇਸੀ ਪਿਛਲੱਗਾਂ ਨੂੰ ਬਾ-ਖੂਬ ਵਰਤਿਆ। ਇਸ ਨੇ ਪੰਜਾਬ ਦਾ ਵੀ ਬਹੁਤ ਨੁਕਸਾਨ ਕੀਤਾ ਹੈ,ਜਿਹੜਾ ਹੁਣ ਤੱਕ ਜਾਰੀ ਹੈ।

1857 ਦੇ ਵਿਦਰੋਹ ਤੋਂ ਬਾਅਦ ਅੰਗਰੇਜ਼ਾਂ ਨੇ ਬੁੱਝ ਲਿਆ ਸੀ ਕਿ ਹੁਣ ਭਾਰਤ 'ਚ ਉਹਨਾਂ ਨੂੰ ਵਾਰ-ਵਾਰ ਬਗਾਵਤਾਂ ਦਾ ਸਾਹਮਣਾ ਕਰਨਾ ਪਵੇਗਾ। ਉਪਰੰਤ ਧਾਰਮਿਕ ਤਾਣੇ-ਬਾਣੇ ਅਤੇ ਜਾਤ-ਦਰ-ਜਾਤ ਦੇ ਕੋਹੜ ਨੂੰ ਸਤਹੀ ਤੌਰ 'ਤੇ ਜਾਣੂੰ ਗੋਰਿਆਂ ਨੇ ਭਾਰਤੀ ਉਪ ਮਹਾਂਦੀਪ ਦੇ ਸਮਾਜਿਕ ਤਾਣੇ-ਬਾਣੇ ਨੂੰ ਡੂੰਘਾਈ ਵਿੱਚ ਸਮਝਣਾ ਸ਼ੁਰੂ ਕੀਤਾ। ਉਹਨਾਂ ਨੇ ਵੱਖ-ਵੱਖ ਧਰਮਾਂ ਤੇ ਜਾਤਾਂ ਦੇ ਰੂਪ ਵਿੱਚ ਮੌਜੂਦ ਵੰਡ ਨੂੰ ਸੂਖਮ ਰੂਪ ਤੱਕ ਸਮਝਿਆ ਅਤੇ ਇਸ ਨੂੰ ਵਰਤਦੇ ਹੋਏ 'ਪਾੜੋ ਤੇ ਰਾਜ ਕਰੋ' ਦੀ (ਬਦ) ਨੀਤੀ ਸ਼ੁਰੂ ਕੀਤੀ। ਫੂਕ ਬੰਨਣ ਲਈ ਉਹਨਾਂ ਧਰਮ ਅਧਾਰਿਤ ਜਨਗਣਨਾ ਸ਼ੁਰੂ ਕੀਤੀ,ਧਰਮ ਤੇ ਜਾਤ ਅਧਾਰਤ ਹਥਿਆਰਬੰਦ ਰਜਮੈਂਟਾਂ ਬਣਾਈਆਂ। ਬਲਦੀ 'ਤੇ ਤੇਲ ਪਾਉਣ ਲਈ ਧਾਰਮਿਕ ਕੱਟੜਪੰਥੀਆਂ, ਜਗੀਰੂ ਮਾਨਸਿਕਤਾ ਤੇ ਜਾਤ-ਪਾਤੀ ਗ੍ਰੋਹਾਂ ਨੂੰ ਥਾਪੜਾ ਦਿੱਤਾ। ਅੰਗਰੇਜ਼ ਇਤਿਹਾਸਕਾਰ ਜੇਮਜ਼ ਮਿੱਲ ਨੇ ਭਾਰਤ ਦੇ ਇਤਿਹਾਸ ਦੀ "ਹਿੰਦੂ ਕਾਲ, ਮੁਗਲ ਕਾਲ ਤੇ ਬਰਤਾਨਵੀ ਕਾਲ" ਵਾਲੀ ਸਾਜ਼ਿਸ਼ੀ ਫਿਰਕੂ ਵੰਡ ਕੀਤੀ। ਉਪਰੰਤ; ਭਾਰਤ ਵਿੱਚ 'ਫਿਰਕੂ ਗਰੂਰ' ਪਨਪਣ ਲੱਗਾ, ਸਿੱਟੇ ਵਜੋਂ ਭਾਰਤੀ ਲੋਕ, ਅਚੇਤ-ਸੁਚੇਤ, ਅੰਗਰੇਜ਼ ਬਸਤੀਵਾਦੀਆਂ ਦੀ ਥਾਂ ਧਰਮ ਦੇ ਅਧਾਰ 'ਤੇ ਆਪਣਿਆਂ ਵਿਰੁੱਧ ਹੀ ਮੁਹਿੰਮ ਵਿੱਢ ਬੈਠੇ।

ਇਤਿਹਾਸਕ ਦੁਖਾਂਤ ਤੋਂ ਸਬਕ ਲੈਣਾ ਜ਼ਰੂਰੀ ਹੈ: ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਪੰਜਾਬ ਬਹੁ-ਪਰਤੀ ਫਿਰਕਿਆਂ ਦੀ ਸਾਂਝੀ ਧਰਤੀ ਸੀ/ਹੈ। ਦਰ-ਹਕੀਕਤ; ਪੰਜਾਬ ਇੱਕ ਜਗੀਰੂ ਸਮਾਜ ਸੀ, ਜਿੱਥੇ ਵੱਖ-ਵੱਖ ਧਰਮਾਂ ਦੇ ਲੋਕ ਰਹਿੰਦੇ ਸਨ। ਸਾਰੇ ਕੁਨਬੇ ਕਰੀਬ-ਕਰੀਬ ਇੱਕ-ਦੂਜੇ ਦੇ ਧਾਰਮਿਕ ਅਤੇ ਸਮਾਜਿਕ ਕਾਰ-ਵਿਹਾਰਾਂ ਅਤੇ ਦੁੱਖ-ਸੁੱਖ 'ਚ ਸ਼ਾਮਲ ਹੁੰਦੇ। ਹਿੰਦੂ ਧਰਮ ਇੱਥੇ ਸਭ ਤੋਂ ਪੁਰਾਣਾ ਹੈ। ਮੱਧਯੁੱਗ ਵਿੱਚ ਇੱਥੇ ਇਸਲਾਮ, ਸੂਫੀ ਮਤ, ਨਾਥ ਪ੍ਰੰਪਰਾ ਆਦਿ ਮਕਬੂਲ ਹੋਈ। ਬੁੱਧ ਧਰਮ ਦਾ ਵੀ ਇੱਕ ਹਿੱਸੇ ਵਿੱਚ ਪ੍ਰਭਾਵ ਰਿਹਾ ਹੈ। 15ਵੀਂ ਸਦੀ ਵਿੱਚ ਇੱਥੇ ਸਿੱਖ ਮਤ ਦਾ ਉਭਾਰ ਹੋਇਆ। 1849 ਵਿੱਚ ਪੰਜਾਬ 'ਤੇ ਕਬਜ਼ਾ ਕਰਨ ਮਗਰੋਂ ਅੰਗਰੇਜ਼ਾਂ ਨੇ ਇੱਥੋਂ ਦੀ ਆਬੋ-ਹਵਾ ਵਿੱਚ ਫਿਰਕੂ ਜ਼ਹਿਰ ਘੋਲਣਾ ਸ਼ੁਰੂ ਕਰ ਦਿੱਤਾ। ਨਤੀਜਾ ਇਹ ਹੋਇਆ ਕਿ 20ਵੀਂ ਸਦੀ ਦੇ ਮੁੱਢ ਵਿੱਚ ਜਦੋਂ ਇੱਥੇ ਸ਼ੁਰੂ ਹੋਏ ਸਰਮਾਏਦਾਰਾ ਵਿਕਾਸ ਸਦਕਾ ਆਧੁਨਿਕ ਪੰਜਾਬੀ ਕੌਮ ਹੋਂਦ ਵਿੱਚ ਆ ਰਹੀ ਸੀ,ਤਦ ਇੱਥੇ ਪੰਜਾਬੀ ਹੋਣ ਦੀ ਕੌਮੀ ਚੇਤਨਾ ਨਾਲੋਂ ਫਿਰਕੂ ਚੇਤਨਾ ਵੱਧ ਭਾਰੂ ਸੀ।

ਹਾਂ; 1943 ਦੀ ਮੋਮਿਨ ਕਾਨਫਰੰਸ 'ਚ ਇੱਕ ਮਤਾ ਪਾਸ ਹੋਇਆ ਸੀ, "ਅਸੀਂ ਵੱਖ ਦੇਸ਼ ਦੀ ਯੋਜਨਾ ਦੇ ਬਿਲਕੁਲ ਖਿਲਾਫ ਹਾਂ। ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਪੰਜਾਬ ਦਾ ਮੁਸਲਮਾਨ ਕਿਸਾਨ ਕਿਸੇ ਵੀ ਬਾਹਰੀ ਮੁਸਲਮਾਨ ਕਿਸਾਨ ਨਾਲੋਂ ਪੰਜਾਬ ਦੇ ਹਿੰਦੂ-ਸਿੱਖ ਕਿਸਾਨ ਦੇ ਜ਼ਿਆਦਾ ਨੇੜੇ ਹੈ। ਇਵੇਂ ਹੀ ਬੰਗਾਲ ਦੇ ਹਿੰਦੂ ਕਿਰਤੀ ਦਾ ਸੰਬੰਧ ਬੰਗਾਲ ਦੇ ਮੁਸਲਿਮ ਕਿਰਤੀ ਨਾਲ, ਹੋਰ ਕਿਸੇ ਵੀ ਇਲਾਕੇ ਦੇ ਕਿਰਤੀਆਂ ਨਾਲੋਂ ਬੇਹੱਦ ਨੇੜਲਾ ਹੈ।" ਅਫਸੋਸ; ਅਸੀਂ ਸਮਝ ਹੀ ਨਹੀਂ ਸੀ ਸਕੇ। ਪੰਜਾਬ ਵਿੱਚ ਵਸਣ ਵਾਲੇ ਵਾਸ਼ਿੰਦੇ ਸਮੁੱਚੀ ਪੰਜਾਬੀ ਕੌਮ ਦੇ ਹਿੱਤ ਵਿੱਚ ਸੋਚਣ ਦੀ ਥਾਂ ਆਪੋ-ਆਪਣੇ ਧਰਮ ਦਾ ਘਰਾਟ ਰਾਗ ਅਲਾਪ ਰਹੇ ਸਨ। ਅਚੇਤ-ਸੁਚੇਤ ਫਿਰਕੂ ਜਨੂੰਨ ਜ਼ੋਰਾਂ ਉੱਪਰ ਸੀ, ਜਿਸ ਕਾਰਨ 1947 ਵਿੱਚ ਪੰਜਾਬੀ ਕੌਮ ਦੀ ਥਾਂ ਫਿਰਕੂ ਅਧਾਰ ਉੱਪਰ ਵੰਡ ਦੀ ਮੰਗ ਨੂੰ ਜਰਬ ਆਈ। ਭਾਰਤ ਦੀ ਵੰਡ ਅਸਲ 'ਚ ਪੰਜਾਬ ਤੇ ਬੰਗਾਲ, ਪੰਜਾਬੀ ਕੌਮ ਅਤੇ ਬੰਗਾਲੀ ਕੌਮ ਦੀ ਵੰਡ ਸੀ।

ਉਸ ਮੌਕੇ ਹੋਣਾ ਇਹ ਚਾਹੀਦਾ ਸੀ ਕਿ ਪੰਜਾਬ ਵਿਚਲੇ ਸਭ ਧਰਮਾਂ ਦੇ ਲੋਕ ਇੱਕਮੁੱਠਤਾ ਦਿਖਾਉਂਦੇ ਤੇ ਕੌਮੀ ਅਧਾਰ ਉੱਪਰ ਵੱਖਰੇ ਪੰਜਾਬ ਦੀ ਮੰਗ ਕਰਦੇ। ਉਦੋਂ ਕਸ਼ਮੀਰੀ ਕੌਮੀਅਤ ਨੇ ਸਿਆਣਪ ਕੀਤੀ। ਅੱਡ-ਅੱਡ ਧਰਮ ਸਮੂਹਾਂ ਦੇ ਬਾਵਜੂਦ, ਉਹ ਤੁਖਣੀ 'ਚ ਨਹੀਂ ਆਏ। ਕਸ਼ਮੀਰ ਇਸ ਫਿਰਕੂ ਅੱਗ ਦੇ ਵਹਿਣ ਵਿੱਚ ਨਹੀਂ ਵਗਿਆ, ਸਗੋਂ ਉੱਥੇ ਵੱਖ-ਵੱਖ ਧਰਮਾਂ ਦੇ ਲੋਕਾਂ ਨੇ ਫਿਰਕੂ ਅਧਾਰ ਉੱਪਰ ਵੰਡ ਦਾ ਵਿਰੋਧ ਕੀਤਾ। ਪਰ ਫਿਰਕਾਪ੍ਰਸਤੀ ਸਦਕਾ ਪੰਜਾਬ ਦਾ ਸਭ ਤੋਂ ਵੱਡਾ ਨੁਕਸਾਨ ਹੋਇਆ। ਅਫਸੋਸ; ਹਿੰਦੂ ਬਹੁਗਿਣਤੀ ਵਾਲਾ ਹਿੰਦੁਸਤਾਨ ਤੇ ਮੁਸਲਿਮ ਬਹੁਗਿਣਤੀ ਵਾਲਾ ਪਾਕਿਸਤਾਨ ਬਣ ਗਿਆ। ਕਾਰਨ; ਪੰਜਾਬ ਦੇ ਲੋਕਾਂ ਨੇ ਆਪਣੀ ਕੌਮੀ ਪਛਾਣ ਦੀ ਥਾਂ ਫਿਰਕੂ ਪਛਾਣ ਨੂੰ ਪਹਿਲ ਦਿੱਤੀ। ਇੱਥੋਂ ਦੇ ਮੁਸਲਮਾਨਾਂ ਨੇ ਪਾਕਿਸਤਾਨ ਤੇ ਹਿੰਦੂ-ਸਿੱਖਾਂ ਨੇ ਹਿੰਦੁਸਤਾਨ ਨੂੰ ਤਵੱਜੋ ਦਿੱਤੀ। ਕੁੱਝ ਸਿੱਖ ਆਗੂਆਂ ਵੱਲੋਂ ਵੱਖਰੇ ਸਿੱਖ ਰਾਜ/ਸਿੱਖੀ ਸੰਪੂਰਨਤਾ ਦੀ ਮੰਗ ਵੀ ਉੱਠੀ, ਪਰ ਉਵੇਂ ਨਹੀਂ, ਜਿਵੇਂ ਉੱਠਣੀ ਚਾਹੀਦੀ। ਫਿਰਕੂ ਜਨੂੰਨ ਦਾ ਨਤੀਜਾ ਇਹ ਹੋਇਆ ਕਿ ਪੰਜਾਬ ਨੇ ਆਪਣੇ ਹੱਥੀਂ ਆਪਣਿਆਂ ਦਾ ਹੀ ਜਿਹੋ-ਜਿਹਾ ਘਾਣ ਅਤੇ ਨਰ-ਸੰਹਾਰ ਕੀਤਾ, ਉਸ ਵਰਗੀ ਮੰਦਵਾੜੀ ਮਿਸਾਲ ਤਾ-ਸੰਸਾਰ ਵਿੱਚੋਂ ਸ਼ਾਇਦ ਹੀ ਥਿਆਵੇ। ਪੰਜਾਬੀ ਕੌਮ ਬੁਰੀ ਤਰ੍ਹਾਂ ਵਲੂੰਧਰੀ ਗਈ। ਦਹਿ ਲੱਖ ਕਤਲ ਹੋਏ, ਲੱਖਾਂ ਪਰਵਾਰ ਬੇਘਰ ਹੋਏ, ਦਹਿ-ਹਜ਼ਾਰਾਂ ਔਰਤਾਂ ਦੀ ਪੱਤ ਰੁਲੀ। ਪੰਜਾਬ ਇਸ ਵੰਡ ਨੂੰ ਅੱਜ ਵੀ ਬੇਹੱਦ ਉਦਾਸੀ ਤੇ ਪਛਤਾਵੇ ਦੀ ਪੀੜਾ ਨਾਲ ਚੇਤੇ ਕਰਦਾ ਹੈ। ਦੋਵੇਂ ਪਾਸੇ, ਚੜ੍ਹਦਾ ਤੇ ਲਹਿੰਦਾ, ਮੂੰਹ ਛੁਪਾ ਕੇ ਹੁਬਕੀ ਰੋਂਦੇ ਹਨ। ਮੈਨੂੰ ਉਸਤਾਦ ਦਾਮਨ ਯਾਦ ਆ ਰਿਹਾ ਹੈ, " ...ਲਾਲੀ ਅੱਖੀਆਂ ਦੀ ਪਈ ਦੱਸਦੀ ਏ..ਰੋਏ ਤੁਸੀਂ ਵੀ ਹੋ, ਰੋਏ ਅਸੀਂ ਵੀ ਹਾਂ।"



'47 ਤੋਂ ਬਾਅਦ ਭਾਰਤ ਦੀ ਸੱਤਾ ਇੱਥੋਂ ਦੀ ਸਰਮਾਏਦਾਰ ਜਮਾਤ ਹੱਥ ਆ ਗਈ, ਜਿਸ ਵਿੱਚ ਵੱਡੀ ਜਗੀਰਦਾਰੀ ਅਤੇ ਰਜਵਾੜਾਸ਼ਾਹੀ ਸ਼ੁਮਾਰ ਸੀ। ਭਾਵੇਂ ਇਸ ਨੇ ਸੰਵਿਧਾਨ ਵਿੱਚ ਖੁਦ ਨੂੰ ਧਰਮ ਨਿਰਪੱਖ ਆਖਿਆ, ਪਰ "ਵਿਸ਼ੇਸ਼ ਮਾਨਸਿਕਤਾ" ਕਰਕੇ ਇਹ ਅਸਲੋਂ ਧਰਮ ਨਿਰਪੱਖ ਅਤੇ ਅਲਪ ਧਾਰਮਿਕ ਸਮੂਹਾਂ ਦਾ ਹਕੀਕੀ ਪਹਿਰੂ ਨਾ ਬਣ ਸਕਿਆ। ਵੱਡੀ ਧਿਰ ਹੋਣ ਦੇ ਬਾਵਜੂਦ ਮੁਸਲਿਮ ਸਮਾਂ-ਦਰ-ਸਮਾਂ ਮੁੱਖ ਨਿਸ਼ਾਨੇ 'ਤੇ ਰਹੇ/ਹਨ। ਇੱਥੇ 'ਧਰਮ' ਸੱਤਾ ਦੀਆਂ ਪੌੜੀਆਂ ਚੜ੍ਹਨ ਦਾ ਇੱਕ ਜ਼ਰੀਆ ਹੈ। ਅੰਗਰੇਜ਼ਾਂ ਦੀ ਤਰਜ਼ ਉੱਪਰ ਇੱਥੋਂ ਦੇ ਹਾਕਮਾਂ ਨੇ 'ਪਾੜੋ ਤੇ ਰਾਜ ਕਰੋ' ਦੀ ਨੀਤੀ ਜਾਰੀ ਰੱਖੀ। ਦਰ-ਹਕੀਕਤ; 1947 ਵਿੱਚ ਜਿਹੜਾ ਭਾਰਤ ਹੋਂਦ 'ਚ ਆਇਆ ਸੀ, ਉਹ ਇੱਕ ਬਹੁ-ਕੌਮੀ ਮੁਲਕ ਸੀ, ਭਾਵ ਕਈ ਕੌਮਾਂ ਦਾ ਸਮੂਹ ਸੀ। ਇਹ ਕੌਮਾਂ ਆਪਣੀ ਮਰਜ਼ੀ ਨਾਲ ਭਾਰਤੀ ਰਾਜ ਦਾ ਹਿੱਸਾ ਨਹੀਂ ਸੀ ਬਣੀਆਂ, ਸਗੋਂ ਵਿਸ਼ੇਸ਼ ਹਾਲਤਾਂ ਵਿੱਚ ਭਾਰਤੀ ਰਾਜ ਪ੍ਰਬੰਧ ਵਿੱਚ ਨੂੜੀਆਂ ਗਈਆਂ ਸਨ। ਇੱਥੋਂ ਦੀ ਵੱਡੀ ਸਰਮਾਏਦਾਰੀ, ਜਿਸ ਦਾ ਸਾਡਾ ਜਗੀਰੂ ਸਿਸਟਮ ਪ੍ਰਿਤਪਾਲਕ ਹੋ ਨਿੱਬੜਿਆ ਹੈ, ਦੇ ਹਿੱਤ ਵੱਡੀ ਮੰਡੀ ਵਿੱਚ ਹਨ। ਜਿਹੜੀ ਸਿਆਸੀ-ਧਰਮੀਆਂ ਰਾਹੀਂ ਇਹਨਾਂ ਕੌਮਾਂ ਨੂੰ ਨਰੜ ਕੇ ਰੱਖਣ ਲਈ ਜਬਰ ਅਤੇ ਭੁਚਲਾਅ ਦਾ ਸਹਾਰਾ ਲੈਂਦੀ ਹੈ। ਤਿੰਨ ਖੇਤੀ ਕਾਨੂੰਨ, ਬਿਜਲੀ ਐਕਟ, ਸਿੱਖਿਆ ਸੋਧ ਅਤੇ ਨਵੇਂ ਮੰਡੀ ਤੇ ਹੋਰ ਨਾ-ਮੁਰਾਦ ਨਵੇਂ ਕਾਨੂੰਨ ਵੀ ਸੂਬਿਆਂ ਦੀ ਖੁਦਮੁਖਤਿਆਰੀ ਉੱਪਰ ਹਮਲਾ ਸਨ/ਹਨ। ਗੱਲ ਕੀ ਰਾਜਾਂ ਦੇ ਅਧਿਕਾਰ ਖੋਹੇ-ਮਧੋਲੇ ਜਾ ਰਹੇ ਹਨ। ਕੌਮੀ ਅਤੇ ਜਨਤਕ ਮਸਲਿਆਂ ਲਈ ਵਧ ਰਹੀ ਚੇਤੰਨਤਾ ਅਤੇ ਲਾਮਬੰਦੀ ਕੇਂਦਰ ਸਰਕਾਰ ਦੀਆਂ ਫਿਕਰਾਂ ਦਾ ਹਿੱਸਾ ਹੈ। ਫਾਸ਼ੀਵਾਦੀ ਹਾਕਮ ਰਾਜਾਂ ਦੇ ਹੱਕਾਂ ਨੂੰ ਛਾਂਗ ਰਹੇ ਹਨ, ਸਗੋਂ ਲੋਕ ਰੋਹ ਨੂੰ ਭਟਕਾਉਣ ਲਈ ਇੱਥੇ ਫਿਰਕੂ ਲਾਂਬੂ ਲਾਉਣ ਲਈ ਹਰ ਹਰਬਾ ਵਰਤ ਰਹੇ ਹਨ।

ਬਕੌਲ ਸ਼ਹੀਦ ਭਗਤ ਸਿੰਘ, "ਲੋਕਾਂ ਨੂੰ ਆਪਸ 'ਚ ਲੜਨ ਤੋਂ ਰੋਕਣ ਲਈ ਜਮਾਤੀ ਚੇਤਨਾ ਦੀ ਲੋੜ ਹੈ, ਗਰੀਬਾਂ, ਕਿਰਤੀਆਂ ਤੇ ਕਿਸਾਨਾਂ ਨੂੰ ਸਾਫ ਸਮਝਾ ਦੇਣਾ ਚਾਹੀਦਾ ਹੈ ਕਿ ਤੁਹਾਡੇ ਅਸਲੀ ਦੁਸ਼ਮਣ ਸਰਮਾਏਦਾਰ ਹਨ,ਇਸ ਲਈ ਤੁਹਾਨੂੰ ਇਹਨਾਂ ਦੇ ਹੱਥਕੰਡਿਆਂ ਤੋਂ ਬਚ ਕੇ ਰਹਿਣਾ ਚਾਹੀਦਾ ਹੈ ਤੇ ਇਨਾਂ ਦੇ ਹੱਥ 'ਤੇ ਚੜ੍ਹ ਕੇ ਗਲਤ ਨਹੀਂ ਕਰਨਾ ਚਾਹੀਦਾ ਹੈ। ਸੰਸਾਰ ਦੇ ਸਾਰੇ ਗਰੀਬਾਂ ਦੇ ਭਾਵੇਂ ਉਹ ਕਿਸੇ ਜਾਤ, ਨਸਲ, ਮਜ਼ਹਬ, ਕੌਮ ਦੇ ਹੋਣ, ਹੱਕ ਇੱਕੋ ਹੀ ਹਨ।" ਫਿਰਕਾਪ੍ਰਸਤੀ ਦੇ ਬੀਜ ਨਾਸ਼ ਲਈ ਜਮਾਤੀ ਚੇਤਨਾ ਜ਼ਰੂਰੀ ਹੈ, ਭਾਵ ਸਭ ਧਰਮਾਂ ਦੇ ਕਿਰਤੀ ਲੋਕਾਂ ਦੇ ਹਿੱਤ ਸਾਂਝੇ ਹਨ। ਤੁਸੀਂ ਮੈਨੂੰ 1944 ਵਿੱਚ ਆਲ ਪਾਰਟੀ ਦੇਸ਼ ਭਗਤ ਮੁਸਲਿਮ ਕਾਨਫਰੰਸ ਵੱਲੋਂ ਕਹੀ ਬੇਹੱਦ ਭਾਵਪੂਰਤ ਗੱਲ ਦੁਹਰਾਅ ਕੇ ਇਹ ਲੇਖ ਸਮੇਟਣ ਦੀ ਆਗਿਆ ਦਿਓ, "ਇਸਲਾਮ ਕਦੇ ਵੀ ਖਤਰੇ ਵਿੱਚ ਨਹੀਂ ਸੀ/ਹੈ, ਇਹ 'ਲੀਗ' ਹੀ ਹੈ, ਜਿਹੜੀ ਖਤਰੇ ਵਿੱਚ ਹੈ। ਇਵੇਂ ਹੀ ਹਿੰਦੂਆਂ ਨੂੰ ਖਤਰਾ ਮੁਸਲਮਾਨਾਂ ਤੋਂ ਨਹੀਂ, ਸਗੋਂ ਆਪਣੇ ਲੁਟੇਰੇ ਤੇ ਫਿਰਕਾਪ੍ਰਸਤ ਆਗੂਆਂ ਤੋਂ ਹੈ।"

# ਅਮਰੀਕੀ ਯੂਨੀਵਰਸਿਟੀਆਂ ਵਿਚ ਸੁੰਗੜ ਰਹੀ ਜਮਹੂਰੀ ਸਪੇਸ

-ਬੂਟਾ ਸਿੰਘ ਮਹਿਮੂਦਪੁਰ

*ਯੂਸੀਐਸਐਫ ਵੱਲੋਂ ਡਾ. ਰੂਪਾ ਮਾਰੀਆ ਨੂੰ ਨੌਕਰੀ ਤੋਂ ਬਰਖ਼ਾਸਤ ਕਰ ਦਿੱਤਾ ਗਿਆ ਹੈ। ਇਹ ਅਜਿਹਾ ਪਹਿਲਾ ਕੇਸ ਨਹੀਂ ਹੈ, ਇਹ ਅਮਰੀਕੀ ਯੂਨੀਵਰਸਿਟੀਆਂ ਵਿਚ ਅਕਾਦਮਿਕ ਸੁਤੰਤਰਤਾ ਅਤੇ ਪ੍ਰਗਟਾਵੇ ਦੀ ਆਜ਼ਾਦੀ ਦੇ ਘਟਣ ਵੱਲ ਇਸ਼ਾਰਾ ਹੈ। ਇਤਿਹਾਸਕ ਹਵਾਲੇ ਨਾਲ ਇਨ੍ਹਾਂ ਪੱਖਾਂ ਦੀ ਚਰਚਾ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਵੱਲੋਂ ਇਸ ਲੇਖ ਵਿਚ ਕੀਤੀ ਗਈ ਹੈ। -ਸੰਪਾਦਕ*

ਭਾਰਤੀ ਮੂਲ ਦੀ ਡਾਕਟਰ ਰੂਪਾ ਮਾਰੀਆ ਦੀ ਕੈਲੀਫੋਰਨੀਆ ਯੂਨੀਵਰਸਿਟੀ, ਸਾਨਫਾਂਸਿਸਕੋ ਤੋਂ ਬਰਖ਼ਾਤਸਗੀ ਨੇ ਅਮਰੀਕੀ ਸਟੇਟ ਦੀ ਤਾਨਾਸ਼ਾਹ ਖਸਲਤ ਇਕ ਵਾਰ ਫਿਰ ਪੂਰੀ ਦੁਨੀਆ ਨੂੰ ਦਿਖਾ ਦਿੱਤੀ ਹੈ। ਡਾ. ਮਾਰੀਆ ਨੂੰ 23 ਸਾਲ ਦੀ ਬੇਦਾਗ਼ ਨੌਕਰੀ ਦੇ ਬਾਵਜੂਦ ਕੱਢ ਦਿੱਤਾ ਗਿਆ ਕਿਉਂਕਿ ਉਸਨੇ ਜ਼ਾਇਓਨਿਜ਼ਮ ਨੂੰ ਨਸਲਵਾਦੀ ਵਿਚਾਰਧਾਰਾ ਕਰਾਰ ਦਿੰਦੇ ਹੋਏ ਇਸਦੇ ਸਿਹਤ ਸੇਵਾਵਾਂ ਅਤੇ ਫਲਸਤੀਨੀ ਮਨੁੱਖੀ ਹੱਕਾਂ ਉੱਪਰ ਹਾਨੀਕਾਰਕ ਪ੍ਰਭਾਵਾਂ ਬਾਰੇ ਡੱਟ ਕੇ ਆਵਾਜ਼ ਉਠਾਈ ਸੀ। ਉਸ ਨੇ ਇਜ਼ਰਾਈਲ ਦੀ ਗਾਜ਼ਾ ਵਿਰੁੱਧ ਜੰਗ ਦੀ ਨਿੰਦਾ ਕੀਤੀ, ਉਹ ਫਲਸਤੀਨੀ ਸਿਹਤ ਕਾਮਿਆਂ ਦੇ ਹੱਕ ਵਿਚ ਖੜ੍ਹੀ, ਅਤੇ ਉਸਨੇ ਅਮਰੀਕੀ ਅਕਾਦਮਿਕ ਮੈਡੀਸਨ ਦੇ ਜ਼ਾਇਓਨਿਸਟ ਦਾਨੀਆਂ ਨਾਲ ਸਬੰਧਾਂ ਦੀ ਜਵਾਬਦੇਹੀ ਦੀ ਮੰਗ ਕੀਤੀ ਸੀ, ਇਸ ਕਾਰਨ ਉਸਨੂੰ ਜਾਬਰ ਸੰਸਥਾਗਤ ਪ੍ਰਤੀਕਰਮ ਦਾ ਸਾਹਮਣਾ ਕਰਨਾ ਪਿਆ। ਸਿਹਤ ਸੇਵਾਵਾਂ ਦੇ ਖੇਤਰ ਵਿਚ ਉਸਦੀ ਦਹਾਕੇ ਲੰਮੀ ਸਾਫ਼-ਸੁਥਰੀ ਕਾਰਗੁਜ਼ਾਰੀ ਦੇ ਬਾਵਜੂਦ, ਯੂਨੀਵਰਸਿਟੀ ਨੇ ਉਸਦੇ ਰਿਕਾਰਡ ਵਿਚ 10-ਸਾਲ ਦੀ ਨਾਂਹਪੱਖੀ ਰਿਪੋਰਟ ਦਰਜ ਕੀਤੀ ਹੈ, ਜੋ ਉਸਦੇ ਮੈਡੀਕਲ ਕਰੀਅਰ ਨੂੰ ਤਬਾਹ ਕਰਨ ਦੀ ਮਨਸ਼ਾ ਨਾਲ ਕੀਤਾ ਗਿਆ ਹੈ। ਯੂਨੀਵਰਸਿਟੀ ਨੇ ਡਾ. ਮਾਰੀਆ ਦੀਆਂ ਸੋਸ਼ਲ ਮੀਡੀਆ ਪੋਸਟਾਂ ਨੂੰ ਯਹੂਦੀ-ਵਿਰੋਧੀ ਦੱਸਿਆ, ਜਦੋਂਕਿ ਮਾਰੀਆ ਅਤੇ ਉਸ ਵਰਗੇ ਹੋਰ ਜਾਗਦੀਆਂ ਜ਼ਮੀਰਾਂ ਵਾਲਿਆਂ ਦੀ ਇਹ ਆਵਾਜ਼ ਸੰਵਿਧਾਨਿਕ ਹੱਕਾਂ, ਨੈਤਿਕ ਭਾਵਨਾਵਾਂ ਤੋਂ ਪ੍ਰੇਰਿਤ ਹੈ। ਮਾਰੀਆ ਝੁਕੀ ਨਹੀਂ, ਉਸਨੇ ਯੂਨੀਵਰਸਿਟੀ ਦੇ ਫ਼ਲਸਤੀਨੀਂ ਪੱਖੀ ਆਵਾਜ਼ਾਂ ਦੀ ਜ਼ੁਬਾਨਬੰਦੀ ਕਰਨ ਦੇ ਦਸਤੂਰ ਦਾ ਪਰਦਾਫਾਸ਼ ਕਰਦਿਆਂ ਅਮਰੀਕੀ ਸੰਵਿਧਾਨ ਵਿਚ ਦਰਜ ਨਾਗਰਿਕ ਹੱਕਾਂ ਦੀ ਸੁਰੱਖਿਆ ਅਤੇ ਨਾਗਰਿਕ ਹੱਕਾਂ ਦੇ ਹਵਾਲੇ ਨਾਲ ਮੁਕੱਦਮੇ ਦਾਇਰ ਕੀਤੇ ਹਨ।


ਡਾ. ਮਾਰੀਆ ਦਾ ਮਾਮਲਾ ਨਾ ਪਹਿਲਾ ਹੈ ਅਤੇ ਨਾ ਆਖ਼ਰੀ। ਬਹੁਤ ਸਾਰੀਆਂ ਆਵਾਜ਼ਾਂ ਨੂੰ ਲਗਾਤਾਰ ਕੁਚਲਿਆ ਜਾ ਰਿਹਾ ਹੈ ਅਤੇ ਉਨ੍ਹਾਂ ਦਾ ਕਰੀਅਰ ਤਬਾਹ ਕਰਕੇ ਜ਼ੁਬਾਨਬੰਦੀ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਦੁਨੀਆ ਭਰ ਵਿਚ 'ਜਮਹੂਰੀਅਤ ਦੀ ਰਾਖੀ' ਦੇ ਨਾਂ ਹੇਠ ਜਿਸ ਅਮਰੀਕੀ ਸਟੇਟ ਨੇ ਦੂਜੀ ਆਲਮੀ ਜੰਗ ਤੋਂ ਲੈ ਕੇ ਧਾੜਵੀ ਜੰਗਾਂ ਦਾ ਸਿਲਸਿਲਾ ਕਦੇ ਬੰਦ ਨਹੀਂ ਹੋਣ ਦਿੱਤਾ, ਉਸਦੀ ਆਪਣੀ ਸਰਜ਼ਮੀਨ ਉੱਪਰ ਜਮਹੂਰੀ ਸਪੇਸ ਵੀ ਹਮੇਸ਼ਾ ਤਾਨਾਸ਼ਾਹ ਹਮਲੇ ਦੀ ਮਾਰ ਹੇਠ ਰਹੀ ਹੈ। 20ਵੀਂ ਸਦੀ ਦੇ ਅੱਧ 'ਚ 'ਮੈਕਾਰਥੀਵਾਦ' ਨੇ ਪ੍ਰਗਟਾਵੇ ਦੀ ਆਜ਼ਾਦੀ ਅਤੇ ਅਸਹਿਮਤੀ ਦੀ ਸੰਘੀ ਘੁੱਟਕੇ ਨਾਗਰਿਕ ਹੱਕਾਂ ਦਾ ਜੋ ਘਾਣ ਕੀਤਾ, ਬਾਅਦ ਦੇ ਦਹਾਕਿਆਂ 'ਚ ਉਸਨੂੰ ਬਹੁਤ ਹੀ ਸਿਲਸਿਲੇਵਾਰ ਤਰੀਕੇ ਨਾਲ ਲੁਕਵੇਂ ਰੂਪ 'ਚ ਜਾਰੀ ਰੱਖਿਆ ਗਿਆ ਹੈ। ਜੋ ਹੁਣ ਇਜ਼ਰਾਇਲੀ ਦਹਿਸ਼ਤਵਾਦ ਦਾ ਵਿਰੋਧ ਕਰਨ ਵਾਲੇ ਬੌਧਿਕ ਸੂਝ ਰੱਖਦੇ ਲੋਕਾਂ ਉੱਪਰ ਖੁੱਲ੍ਹੇ ਹਮਲਿਆਂ ਦੇ ਰੂਪ 'ਚ ਦਣਦਣਾ ਰਿਹਾ ਹੈ। ਫਲਸਤੀਨ ਹਮਾਇਤੀ ਅਕਾਦਮਿਕਾਂ ਨੂੰ ਦਬਾਉਣ ਦਾ ਇਹ ਵਰਤਾਰਾ ਦਿਖਾਉਂਦਾ ਹੈ ਕਿ ਅਮਰੀਕਾ ਵਿਚ ਅਕਾਦਮਿਕ ਆਜ਼ਾਦੀ ਕਿੰਨੀ ਅਸੁਰੱਖਿਅਤ ਹੋ ਗਈ ਹੈ। ਜਦੋਂ ਯੂਨੀਵਰਸਿਟੀਆਂ ਰਾਜਨੀਤਿਕ ਅਤੇ ਆਰਥਕ ਦਬਾਅ ਅੱਗੇ ਝੁਕ ਕੇ ਆਲੋਚਨਾਤਮਕ ਵਿਚਾਰਾਂ ਨੂੰ ਦਬਾਉਂਦੀਆਂ ਹਨ, ਤਾਂ ਉਹ ਆਪਣੇ ਬੁਨਿਆਦੀ ਜਮਹੂਰੀ ਅਤੇ ਅਕਾਦਮਿਕ ਮੁੱਲਾਂ ਤੋਂ ਮੂੰਹ ਮੋੜ ਲੈਂਦੀਆਂ ਹਨ।

ਪੁਰਾਣੇ ਮੈਕਾਰਥੀਵਾਦ ਅਤੇ ਅਜੋਕੇ ਜਬਰ ਵਿਚ ਵੱਡਾ ਫ਼ਰਕ ਇਹ ਹੈ ਕਿ ਓਦੋਂ ਜਬਰ ਅਮਰੀਕੀ ਸਮਾਜ ਨੂੰ 'ਕਮਿਊਨਿਸਟ ਘੁਸਪੈਠ' ਦੇ ਖ਼ਤਰੇ ਤੋਂ ਬਚਾਉਣ ਦੇ ਨਾਂ ਹੇਠ ਕੀਤਾ ਜਾਂਦਾ ਸੀ, ਜਦਕਿ ਹੁਣ ਇਹ ਨਹਾਇਤ ਬੇਸ਼ਰਮੀਂ ਨਾਲ ਇਕ ਬਦੇਸ਼ੀ ਹਕੂਮਤ ਦਾ ਬਚਾਅ ਕਰਨ ਅਤੇ ਉਸਨੂੰ ਅਮਰੀਕੀ ਲੋਕਾਂ ਵੱਲੋਂ ਕੀਤੀ ਜਾ ਰਹੀ ਆਲੋਚਨਾ ਤੋਂ ਬਚਾਉਣ ਲਈ ਕੀਤਾ ਜਾ ਰਿਹਾ ਹੈ। ਇਹ ਜਾਗਰੂਕ ਨਾਗਰਿਕ ਨਹੀਂ ਚਾਹੁੰਦੇ ਕਿ ਉਨ੍ਹਾਂ ਦੇ ਟੈਕਸਾਂ ਦਾ ਪੈਸਾ ਇਜ਼ਰਾਇਲੀ ਦਹਿਸ਼ਤਵਾਦੀ ਜੰਗ ਲਈ ਖ਼ਰਚਿਆ ਜਾਵੇ। ਤਾਜ਼ਾ ਪਿਊ ਸਰਵੇਖਣ 'ਚ ਸਾਹਮਣੇ ਆਇਆ ਹੈ ਕਿ ਬਹੁਗਿਣਤੀ ਅਮਰੀਕੀਆਂ ਦੀ ਇਜ਼ਰਾਇਲ ਬਾਰੇ ਸੋਚ ਨਾਂਹਪੱਖੀ ਹੈ, ਇਜ਼ਰਾਇਲੀ ਦਹਿਸ਼ਤਵਾਦ ਨੂੰ ਥਾਪੜੇ ਦੀ ਨੀਤੀ ਵਿਰੁੱਧ ਵਧ ਰਹੇ ਵਿਰੋਧ ਕਾਰਨ ਅਮਰੀਕੀ ਹਕੂਮਤ ਦਾ ਬੁਖਲਾਹਟ ਵਿਚ ਆਉਣਾ ਸੁਭਾਵਿਕ ਹੈ।

ਅਕਤੂਬਰ 2023 'ਚ ਹਮਾਸ ਦੇ ਕਥਿਤ ਹਮਲੇ ਦੇ ਬਹਾਨੇ ਪੂਰੀ ਗਾਜ਼ਾ ਪੱਟੀ ਨੂੰ ਹੀ ਕਬਰਸਤਾਨ ਬਣਾ ਦੇਣ ਦੀ ਅਮਰੀਕੀ-ਇਜ਼ਰਾਇਲੀ ਯੁੱਧਨੀਤੀ ਦੀ ਆਲੋਚਨਾ ਕਰਨ ਵਾਲੀਆਂ ਆਵਾਜ਼ਾਂ ਨੂੰ ਦਬਾਉਣ ਦੀਆਂ ਕਾਰਵਾਈਆਂ ਤੇਜ਼ੀ ਨਾਲ ਵਧੀਆਂ ਹਨ। ਇਸੇ ਦੇ ਤਹਿਤ ਨਸਲਕੁਸ਼ੀ ਝੱਲ ਰਹੇ ਫਲਸਤੀਨੀਂ ਲੋਕਾਂ ਪ੍ਰਤੀ ਹਮਦਰਦੀ ਰੱਖਣ ਵਾਲੇ ਅਕਾਦਮਿਕਾਂ ਉੱਪਰ ਜਾਬਰ ਹਮਲਾ ਵੀ ਦਿਨੋ-ਦਿਨ ਹੋਰ ਵੀ ਵਹਿਸ਼ੀਆਨਾ ਹੁੰਦਾ ਜਾ ਰਿਹਾ ਹੈ। ਅਮਰੀਕਾ ਦੀਆਂ ਯੂਨੀਵਰਸਿਟੀਆਂ ਵਿਚ ਫਲਸਤੀਨ ਨਾਲ ਹਮਦਰਦੀ ਰੱਖਣ ਵਾਲੇ ਪ੍ਰੋਫੈਸਰਾਂ ਅਤੇ ਖੋਜਕਰਤਾਵਾਂ ਨੂੰ ਗਿਣ-ਮਿੱਥਕੇ ਸੈਂਸਰ ਅਤੇ ਦਹਿਸ਼ਤਜ਼ਦਾ ਕੀਤਾ ਜਾ ਰਿਹਾ ਹੈ, ਜਿਸ ਨਾਲ ਅਕਾਦਮਿਕ ਆਜ਼ਾਦੀ, ਪ੍ਰਗਟਾਵੇ ਦੀ ਆਜ਼ਾਦੀ ਅਤੇ ਰਾਜਨੀਤਿਕ ਅਸਹਿਮਤੀ ਦਾ ਹੱਕ ਲਗਾਤਾਰ ਹਮਲੇ ਦੀ ਮਾਰ ਹੇਠ ਹੈ।

ਜ਼ਾਇਓਨਿਜ਼ਮ ਅਤੇ ਫਲਸਤੀਨ ਦਾ ਮੁਕਤੀ ਸੰਘਰਸ਼ ਅਮਰੀਕੀ ਯੂਨੀਵਰਸਿਟੀਆਂ ਵਿਚ ਹਮੇਸ਼ਾ ਹੀ ਚਰਚਾ ਦਾ ਵਿਸ਼ਾ ਰਿਹਾ ਹੈ। ਖ਼ਾਸ ਕਰਕੇ 1967 ਦੀ ਜੰਗ ਤੋਂ ਬਾਅਦ, ਅਮਰੀਕੀ ਅਕਾਦਮਿਕ ਸੰਸਥਾਵਾਂ ਇਜ਼ਰਾਈਲ ਦੀ ਹਮਾਇਤ, ਜ਼ਾਇਓਨਿਜ਼ਮ ਦੀ ਆਲੋਚਨਾ, ਅਤੇ ਫਲਸਤੀਨੀਆਂ ਦੇ ਅਧਿਕਾਰਾਂ 'ਤੇ ਵਿਚਾਰ-ਵਟਾਂਦਰੇ ਦਾ ਪ੍ਰਮੁੱਖ ਮੰਚ ਬਣ ਗਈਆਂ। ਅਮਰੀਕਾ ਵਿਚ ਜ਼ਾਇਓਨਿਜ਼ਮ ਪੱਖੀ ਜਥੇਬੰਦੀਆਂ, ਖ਼ਾਸ ਕਰਕੇ ਏ.ਆਈ.ਪੀ.ਏ.ਸੀ. ਵਰਗੇ ਤਾਕਤਵਰ ਲਾਬੀ ਗਰੁੱਪਾਂ ਦੇ ਪ੍ਰਭਾਵ ਨੇ ਅਮਰੀਕੀ ਮੁੱਖਧਾਰਾ ਵਿਚ ਇਜ਼ਰਾਇਲੀ ਨਸਲਵਾਦ-ਪੱਖੀ ਸੋਚ ਨੂੰ ਉਤਸ਼ਾਹਤ ਕੀਤਾ ਅਤੇ ਫਲਸਤੀਨ-ਪੱਖੀ ਵਿਚਾਰਾਂ ਨੂੰ ਹਾਸ਼ੀਏ 'ਤੇ ਧੱਕ ਦਿੱਤਾ।

ਇਸ ਦੇ ਬਾਵਜੂਦ, ਕਈ ਅਕਾਦਮਿਕ ਖੇਤਰਾਂ - ਜਿਵੇਂ ਮਿਡਲ ਈਸਟ ਸਟੱਡੀਜ਼, ਕ੍ਰਿਟੀਕਲ ਰੇਸ ਥਿਊਰੀ, ਅਤੇ ਐਥਨਿਕ





ਸਟੱਡੀਜ਼ - ਤੋਂ ਕੁਝ ਵਿਦਵਾਨਾਂ ਨੇ ਇਨ੍ਹਾਂ ਪ੍ਰਭਾਵੀ ਬਿਰਤਾਂਤਾਂ ਨੂੰ ਚੁਣੌਤੀ ਦਿੱਤੀ। ਐਡਵਰਡ ਸਈਦ, ਰਾਸ਼ਿਦ ਖ਼ਲੀਦੀ, ਨੂਰਾ ਇਰਕਾਤ ਅਤੇ ਜਸਬੀਰ ਪੁਆਰ ਵਰਗੇ ਵਿਦਵਾਨਾਂ ਨੇ ਜ਼ਾਇਓਨਿਜ਼ਮ ਅਤੇ ਬਸਤੀਵਾਦ ਦੀ ਆਲੋਚਨਾ ਕਰਦੇ ਹੋਏ ਫਲਸਤੀਨੀਆਂ ਦੇ ਸ਼ੋਸ਼ਣ ਨੂੰ ਕੇਂਦਰ ਵਿਚ ਰੱਖਿਆ। ਹਾਲਾਂਕਿ, ਇਸ ਆਲੋਚਨਾਤਮਕ ਨਜ਼ਰੀਏ ਦਾ ਭਾਰੀ ਮੁੱਲ ਵੀ ਤਾਰਨਾ - ਨਿੱਜੀ ਅਤੇ ਪੇਸ਼ੇਵਰ ਦੋਵੇਂ ਪੱਧਰਾਂ 'ਤੇ।

ਫਲਸਤੀਨ ਹਮਾਇਤੀ ਅਕਾਦਮਿਕਾਂ ਦੇ ਖਿਲਾਫ਼ ਜਬਰ ਕਈ ਰੂਪਾਂ ਵਿਚ ਸਾਹਮਣੇ ਆਉਂਦਾ ਹੈ: ਗਿਣ-ਮਿੱਥਕੇ ਭੰਡੀ, ਆਨਲਾਈਨ ਤੰਗ-ਪ੍ਰੇਸ਼ਾਨ ਕਰਨਾ, ਨੌਕਰੀ ਤੋਂ ਕੱਢਣਾ, ਅਜ਼ਮਾਇਸ਼ੀ ਸਮੇਂ ਤੋਂ ਬਾਅਦ ਪੱਕੀ ਨੌਕਰੀ ਨਾ ਦੇਣਾ, ਖੋਜ ਫੰਡਿੰਗ ਵਿਚ ਕਟੌਤੀ, ਆਦਿ। ਇਸ ਸੈਂਸਰਸ਼ਿਪ ਨੂੰ ਉਤਸ਼ਾਹਤ ਕਰਨ ਵਿਚ ਜ਼ਾਇਓਨਿਸਟ ਲਾਬੀ, ਸੱਜੇਪੱਖੀ ਨਿਗਰਾਨੀ ਸੰਸਥਾਵਾਂ, ਯੂਨੀਵਰਸਿਟੀਆਂ ਨੂੰ ਫੰਡ ਦੇਣ ਵਾਲੇ ਅਤੇ ਰਾਜਨੀਤਿਕ ਹਸਤੀਆਂ ਸ਼ਾਮਲ ਹੁੰਦੀਆਂ ਹਨ।

ਕੈਨੇਰੀ ਮਿਸ਼ਨ ਅਤੇ ਕੈਂਪਸ ਵਾਚ ਵਰਗੀਆਂ ਸੰਸਥਾਵਾਂ ਉਨ੍ਹਾਂ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਸੂਚੀ ਬਣਾਉਂਦੀਆਂ ਹਨ ਜੋ ਇਜ਼ਰਾਈਲ ਦੀ ਆਲੋਚਨਾ ਕਰਦੇ ਹਨ। ਇਹ ਅਨਸਰ ਸੋਸ਼ਲ ਮੀਡੀਆ ਪੋਸਟਾਂ, ਸੰਗਠਨਾਂ ਨਾਲ ਸੰਪਰਕ, ਅਤੇ ਜਨਤਕ ਟਿੱਪਣੀਆਂ ਨੂੰ ਅਧਾਰ ਬਣਾ ਕੇ ਉਨ੍ਹਾਂ ਨੂੰ 'ਦਹਿਸ਼ਤਵਾਦ-ਹਮਾਇਤੀ' ਜਾਂ 'ਯਹੂਦੀ-ਵਿਰੋਧੀ' ਕਰਾਰ ਦਿੰਦੇ ਹਨ। ਇਨ੍ਹਾਂ ਸੂਚੀਆਂ ਦੇ ਜ਼ਰੀਏ ਲੋਕਾਂ ਦਾ ਅਕਸ ਵਿਗਾੜਿਆ ਜਾਂਦਾ ਹੈ ਅਤੇ ਉਨ੍ਹਾਂ ਦਾ ਕਰੀਅਰ ਖ਼ਤਰੇ ਵਿਚ ਪਾ ਦਿੱਤਾ ਜਾਂਦਾ ਹੈ।

ਫਲਸਤੀਨ ਹਮਾਇਤੀ ਵਿਚਾਰਾਂ ਕਾਰਨ ਵਿਦਵਾਨਾਂ ਦਾ ਕਰੀਅਰ ਤਬਾਹ ਕਰਨ ਦੀ ਤਾਨਾਸ਼ਾਹੀ ਦੀਆਂ ਹੋਰ ਵੀ ਮਿਸਾਲਾਂ ਹਨ। ਡਾ. ਸਟੀਵਨ ਸਲਾਇਟਾ ਨੂੰ 2014 ਵਿਚ ਯੂਨੀਵਰਸਿਟੀ ਆਫ਼ ਇਲੀਨੋਇ ਤੋਂ ਇਸ ਲਈ ਕੱਢ ਦਿੱਤਾ ਗਿਆ ਕਿਉਂਕਿ ਉਸ ਨੇ ਗਾਜ਼ਾ ਵਿਚ ਇਜ਼ਰਾਈਲੀ ਫ਼ੌਜੀ ਕਾਰਵਾਈਆਂ ਦੀ ਆਲੋਚਨਾ ਕਰਦੇ ਹੋਏ ਟਵੀਟ ਕੀਤੇ ਸਨ। ਨੌਕਰੀ ਦੀ ਯੋਗਤਾ ਦੀਆਂ ਸ਼ਰਤਾਂ ਪੂਰੀਆਂ ਕਰਦੇ ਹੋਣ ਅਤੇ ਯੂਨੀਵਰਸਿਟੀ ਵੱਲੋਂ ਪਹਿਲਾਂ ਉਸ ਨੂੰ ਪੱਕੀ ਨੌਕਰੀ 'ਤੇ ਰੱਖਣ ਨੂੰ ਮਨਜ਼ੂਰੀ ਦੇਣ ਦੇ ਬਾਵਜੂਦ ਡੋਨਰਾਂ ਅਤੇ ਰਾਜਸੀ ਦਬਾਅ ਹੇਠ ਉਸ ਨੂੰ ਹਟਾ ਦਿੱਤਾ ਗਿਆ। ਬੇਸ਼ੱਕ ਬਾਅਦ ਵਿਚ ਅਦਾਲਤਾਂ ਨੇ ਕਿਹਾ ਕਿ ਯੂਨੀਵਰਸਿਟੀ ਨੇ ਉਸਦੇ ਕਾਂਟਰੈਕਟ ਹੱਕਾਂ ਦੀ ਉਲੰਘਣਾ ਕੀਤੀ ਹੈ ਪਰ ਉਸਦੇ ਅਕਾਦਮਿਕ ਕਰੀਅਰ ਦੇ ਹੋਏ ਨੁਕਸਾਨ ਦਾ ਤਾਂ ਹੁਣ ਕੁਝ ਨਹੀਂ ਸੀ ਹੋ ਸਕਦਾ।

ਜਾਰਜ ਵਾਸ਼ਿੰਗਟਨ ਯੂਨੀਵਰਸਿਟੀ ਵਿਖੇ ਕਲੀਨੀਕਲ ਮਨੋਵਿਗਿਆਨ ਦੀ ਪ੍ਰੋਫੈਸਰ ਡਾ. ਲਾਰਾ ਸ਼ੀਹੀ ਨੂੰ ਜਾਂਚ ਦਾ ਸਾਹਮਣਾ ਕਰਨਾ ਪਿਆ। ਉਸ ਨੇ ਫਲਸਤੀਨੀ ਵਕਤਾ ਨੂੰ ਬੁਲਾ ਕੇ ਫਲਸਤੀਨੀ ਇਲਾਕਿਆਂ ਵਿਚ ਇਜ਼ਰਾਇਲੀਆਂ ਵੱਲੋਂ ਧੱਕੇ ਨਾਲ ਵਸਣ ਦੇ ਬਸਤੀਵਾਦ ਉੱਪਰ ਚਰਚਾ ਕਰਵਾਈ ਸੀ। ਵਿਦਿਆਰਥੀਆਂ ਵੱਲੋਂ ਕਥਿਤ ਰੂਪ 'ਚ ਉਸ ਉੱਪਰ ਯਹੂਦੀ ਵਿਰੋਧੀ ਹੋਣ ਦਾ ਦੋਸ਼ ਲਾਏ ਜਾਣ ਕਾਰਨ ਉਸ ਉੱਪਰ ਜਾਂਚ ਬਿਠਾ ਦਿੱਤੀ ਗਈ। ਹਾਲਾਂਕਿ ਉਸ ਨੂੰ ਕਲੀਨ ਚਿਟ ਮਿਲ ਗਈ, ਪਰ ਇਹ ਘਟਨਾ ਦਿਖਾਉਂਦੀ ਹੈ ਕਿ ਇਜ਼ਰਾਇਲੀ ਦਹਿਸ਼ਤਵਾਦ ਦੀ ਆਲੋਚਨਾ ਦੀ ਜ਼ੁਬਾਨਬੰਦੀ ਕਰਨ ਲਈ ਕਿਵੇਂ ਸੰਸਥਾਗਤ ਤੰਤਰ ਦੀ ਦੁਰਵਰਤੋਂ ਕੀਤੀ ਜਾ ਸਕਦੀ ਹੈ ਅਤੇ ਅਮਰੀਕਾ ਵਿਚ ਫਲਸਤੀਨ ਦੇ ਹੱਕ ਵਿਚ ਬੋਲਣਾ ਕਿਸ ਹੱਦ ਤੱਕ ਜੋਖ਼ਮ ਭਰਿਆ ਹੋ ਗਿਆ ਹੈ।

ਇਕ ਨਮੂਨੇ ਦੀ ਮਿਸਾਲ ਕੋਲੰਬੀਆ ਯੂਨੀਵਰਸਿਟੀ ਹੈ। ਟਰੰਪ ਪ੍ਰਸ਼ਾਸਨ ਨੇ ਯੂਨੀਵਰਸਿਟੀ ਦੇ 400 ਮਿਲੀਅਨ ਡਾਲਰ ਫੈਡਰਲ ਫੰਡ ਬੰਦ ਕਰ ਦਿੱਤੇ ਕਿ ਯੂਨੀਵਰਸਿਟੀ ਗਾਜ਼ਾ ਉੱਪਰ ਹਮਲੇ ਵਿਰੁੱਧ ਪ੍ਰਦਰਸ਼ਨਾਂ ਨੂੰ ਰੋਕਣ 'ਚ ਅਸਫ਼ਲ ਰਹੀ ਸੀ। ਪ੍ਰਦਰਸ਼ਨਾਂ ਦੇ ਮੋਹਰੀ ਮਹਮੂਦ ਖਾਲਿਲ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਟਰੰਪ ਨੇ ਖ਼ੁਦ ਉਸਨੂੰ "ਹਮਾਸ ਪੱਖੀ ਰੈਡੀਕਲ ਬਦੇਸ਼ੀ ਵਿਦਿਆਰਥੀ" ਕਰਾਰ ਦਿੰਦਿਆਂ ਕਿਹਾ ਇਹ ਤਾਂ "ਹੋਣ ਵਾਲੀਆਂ ਗ੍ਰਿਫ਼ਤਾਰੀਆਂ ਚੋਂ ਪਹਿਲੀ" ਹੈ। ਇਸੇ ਮਹੀਨੇ, ਮਾਰਚ 2025 'ਚ ਭਾਰਤੀ ਪੀਐੱਚਡੀ ਵਿਦਿਆਰਥਣ ਰੰਜਨੀ ਸ੍ਰੀਨਿਵਾਸਨ ਦਾ ਵੀਜ਼ਾ ਅਮਰੀਕੀ ਹੋਮਲੈਂਡ ਸਿਕਿਓਰਟੀ ਵੱਲੋਂ ਰੱਦ ਕਰ ਦਿੱਤਾ ਗਿਆ। ਉਸ 'ਤੇ 'ਹਿੰਸਾ ਤੇ ਦਹਿਸ਼ਤਵਾਦ ਦੀ ਵਕਾਲਤ ਕਰਨ' ਦਾ ਇਲਜ਼ਾਮ ਲਗਾਇਆ ਗਿਆ। ਸਚਾਈ ਇਹ ਸੀ ਕਿ ਉਹ ਕਿਸੇ ਉਸਨੇ ਸੋਸ਼ਲ ਮੀਡੀਆ ਅਮਰੀਕੀ ਪ੍ਰਸ਼ਾਸਨ ਨੇ ਖ਼ੁਸ਼ੀ ਜ਼ਾਹਿਰ ਕੀਤੀ ਕਿ "ਕੋਲੰਬੀਆ ਯੂਨੀਵਰਸਿਟੀ" ਦੀ ਇਕ ਦਹਿਸ਼ਤਵਾਦ ਹਮਾਇਤੀ ਸੀਬੀਪੀ ਹੋਮ ਐਪ ਵਰਤਕੇ ਆਪ ਹੀ ਡਿਪੋਰਟ ਹੋ ਗਈ।

ਅਮਰੀਕਾ ਦੇ 30 ਤੋਂ ਵੱਧ ਰਾਜਾਂ ਵਿਚ ਬੀ.ਡੀ.ਐੱਸ. (ਬਾਈਕਾਟ, ਡਾਇਵੈਸਟਮੈਂਟ, ਸੈਂਕਸ਼ਨਜ਼) ਅੰਦੋਲਨ ਦੇ ਖਿਲਾਫ਼ ਕਾਨੂੰਨ ਬਣਾਏ ਗਏ ਹਨ, ਜੋ ਫਲਸਤੀਨੀਆਂ ਵੱਲੋਂ ਇਜ਼ਰਾਇਲ ਦਾ ਬਾਈਕਾਟ ਕਰਨ ਦੇ ਅੰਦੋਲਨ ਦੀ ਹਮਾਇਤ ਕਰਨ ਵਾਲੀਆਂ ਸੰਸਥਾਵਾਂ ਅਤੇ ਵਿਅਕਤੀਆਂ ਨੂੰ ਮੁਜਰਮ ਕਰਾਰ ਦਿੰਦੇ ਹਨ ਜਾਂ ਸਜ਼ਾ ਦਿੰਦੇ ਹਨ। ਕੁਝ ਰਾਜਾਂ ਵਿਚ ਮੁਲਾਜ਼ਮਾਂ ਅਤੇ ਕਾਂਟਰੈਕਟਰਾਂ ਤੋਂ ਇਹ ਹਲਫ਼ਨਾਮਾ ਤੱਕ ਮੰਗਿਆ ਜਾਂਦਾ ਹੈ ਕਿ ਉਹ ਇਜ਼ਰਾਈਲ ਦੇ ਬਾਈਕਾਟ ਦੀ ਹਮਾਇਤ ਨਹੀਂ ਕਰਨਗੇ। ਇਸਦਾ ਅਕਾਦਮਿਕ ਆਜ਼ਾਦੀ ਅਤੇ ਪ੍ਰਗਟਾਵੇ ਦੀ ਆਜ਼ਾਦੀ ਉੱਪਰ ਗੰਭੀਰ ਅਸਰ ਪੈ ਰਿਹਾ ਹੈ।

ਇਸ ਦੇ ਨਾਲ ਹੀ, ਕਈ ਸੰਸਥਾਵਾਂ ਨੇ ਰਾਜਸੀ ਦਬਾਅ ਹੇਠ ਆਈ.ਐੱਚ.ਆਰ.ਏ. (ਇੰਟਰਨੈਸ਼ਨਲ ਹੋਲੋਕਾਸਟ ਰੀਮੈਂਬਰੈਂਸ ਅਲਾਇੰਸ) ਵੱਲੋਂ ਪੇਸ਼ ਕੀਤੀ 'ਯਹੂਦੀ-ਵਿਰੋਧੀ' ਦੀ ਪਰਿਭਾਸ਼ਾ ਨੂੰ ਅਪਣਾ ਲਿਆ ਹੈ, ਜੋ ਜ਼ਾਇਓਨਿਜ਼ਮ ਦੀ ਆਲੋਚਨਾ ਨੂੰ ਵੀ ਯਹੂਦੀ-ਵਿਰੋਧੀ ਐਲਾਨਦੀ ਹੈ। ਇਹ ਪਰਿਭਾਸ਼ਾ ਗਲਤ ਢੰਗ ਨਾਲ ਰਾਜਨੀਤਕ ਆਲੋਚਨਾ ਨੂੰ ਧਾਰਮਿਕ ਦੁਸ਼ਮਣੀ ਦੇ ਰੂਪ ਵਿਚ ਪੇਸ਼ ਕਰਦੀ ਹੈ। ਇਹ ਪਰਿਭਾਸ਼ਾ ਇਸ ਕਦਰ ਘਿਣਾਉਣੀ ਹੈ ਕਿ ਬਹੁਤ ਸਾਰੇ ਯਹੂਦੀ ਵਿਦਵਾਨਾਂ ਨੇ ਵੀ ਇਸਦਾ ਵਿਰੋਧ ਕੀਤਾ ਹੈ ਜਿਨ੍ਹਾਂ ਵਿਚ 'ਜਿਊਸ਼ ਵਾਇਸ ਫਾਰ ਪੀਸ' ਨਾਲ ਸੰਬੰਧਤ ਲੋਕ ਵੀ ਸ਼ਾਮਲ ਹਨ।

ਇਹ ਹਮਲਾ ਸਿਰਫ਼ ਫਲਸਤੀਨ-ਇਜ਼ਰਾਇਲ ਸਵਾਲ ਤੱਕ ਸੀਮਤ ਨਹੀਂ ਹੈ, ਇਹ ਜਬਰ 9/11 ਕਾਂਡ ਤੋਂ ਬਾਅਦ ਅਮਰੀਕਾ ਵਿਚ ਫੈਲਾਏ ਇਸਲਾਮ ਦੇ ਹਊਏ, 'ਦਹਿਸ਼ਤਵਾਦ ਵਿਰੁੱਧ ਜੰਗ' ਅਤੇ ਅਰਬ-ਮੁਸਲਿਮ ਭਾਈਚਾਰਿਆਂ ਦੀ ਨਿਗਰਾਨੀ ਦੇ ਵਿਸ਼ਾਲ ਪਿਛੋਕੜ ਦਾ ਹਿੱਸਾ ਹੈ। ਇਜ਼ਰਾਇਲੀ ਨੀਤੀਆਂ ਦੀ ਆਲੋਚਨਾ ਕਰਨ ਜਾਂ ਫਲਸਤੀਨੀ ਹੱਕਾਂ ਦੀ ਹਮਾਇਤ ਕਰਨ ਯੂਨੀਵਰਸਿਟੀ ਵਿਦਵਾਨਾਂ ਨੂੰ 'ਰੈਡੀਕਲ', 'ਦਹਿਸ਼ਤਵਾਦ ਦੇ ਹਮਾਇਤੀ' ਜਾਂ 'ਗੈਰ-ਅਮਰੀਕੀ' (ਜਿਨ੍ਹਾਂ ਦਾ ਦੇਸ਼ਪ੍ਰੇਮ ਸ਼ੱਕੀ ਹੈ) ਕਿਹਾ ਜਾਂਦਾ ਹੈ - ਇਹ ਸਭ ਮੈਕਾਰਥੀ ਯੁੱਗ ਦੇ ਸ਼ੱਕੀ ਕਮਿਊਨਿਸਟਾਂ ਨੂੰ ਅਕਾਦਮਿਕ ਖੇਤਰ ਵਿੱਚੋਂ ਚੁਣ-ਚੁਣ ਕੇ ਕੱਢਣ ਦੇ ਵਰਤਾਰੇ ਦੀ ਯਾਦ ਦਿਵਾਉਂਦਾ ਹੈ।

ਇਹ ਜਬਰ ਵਿਆਪਕ ਸੱਜੇਪੱਖੀ ਪਿਛਾਖੜੀ ਹਮਲੇ ਦਾ ਹਿੱਸਾ ਹੈ ਜੋ ਨਸਲ, ਲਿੰਗ ਅਤੇ ਬਸਤੀਵਾਦ ਵਿਸ਼ੇ ਪੜ੍ਹਾਉਣ ਵਾਲੇ ਪ੍ਰੋਫੈਸਰਾਂ ਦੇ ਖਿਲਾਫ਼ ਚੱਲ ਰਿਹਾ ਹੈ। 'ਕ੍ਰਿਟੀਕਲ ਰੇਸ ਥਿਊਰੀ' ਅਤੇ ਡੀ.ਈ.ਆਈ. (ਡਾਇਵਰਸਿਟੀ, ਇਕੁਇਟੀ, ਐਂਡ ਇਨਕਲੂਜ਼ਨ) ਪ੍ਰੋਗਰਾਮਾਂ 'ਤੇ ਪਾਬੰਦੀ ਲਗਾਉਣ ਵਾਲੇ ਬਿੱਲ, ਅਤੇ ਸਿਲੇਬਸ ਨੂੰ ਕੰਟਰੋਲ ਕਰਨ ਦੀਆਂ ਕੋਸ਼ਿਸ਼ਾਂ ਵੀ ਇਸੇ ਸਿਲਸਿਲੇਵਾਰ ਵਿਚਾਰਧਾਰਕ ਹਮਲੇ ਦਾ ਹਿੱਸਾ ਹਨ ਜੋ ਸਿੱਖਿਆ ਨੂੰ ਰਾਜਨੀਤਕ ਸੂਝ ਤੋਂ ਵਾਂਝਾ ਕਰਨ ਅਤੇ ਅਸਹਿਮਤੀ ਵਾਲੀ ਸੋਚ ਨੂੰ ਕੁਚਲਣ ਦੇ ਮਨੋਰਥ ਨਾਲ ਹੈ।

ਇਨ੍ਹਾਂ ਹਮਲਿਆਂ ਦੇ ਬਾਵਜੂਦ, ਕਈ ਅਕਾਦਮਿਕ, ਵਿਦਿਆਰਥੀ ਜਥੇਬੰਦੀਆਂ



ਅਤੇ ਨਾਗਰਿਕ ਅਧਿਕਾਰ ਸਮੂਹ ਇਸ ਦਾ ਡੱਟਵਾਂ ਵਿਰੋਧ ਕਰ ਰਹੇ ਹਨ। ਮਿਡਲ ਈਸਟ ਸਟੱਡੀਜ਼ ਐਸੋਸੀਏਸ਼ਨ (ਐੱਮ.ਈ.ਐੱਸ.ਏ.), ਪਾਲੇਸਟਾਈਨ ਲੀਗਲ, ਅਤੇ ਅਮੈਰੀਕਨ ਸਟੱਡੀਜ਼ ਐਸੋਸੀਏਸ਼ਨ (ਏ.ਐੱਸ.ਏ.) ਵਰਗੀਆਂ ਸੰਸਥਾਵਾਂ ਅਕਾਦਮਿਕਾਂ ਦੀ ਰੱਖਿਆ ਲਈ ਲੜ ਰਹੀਆਂ ਹਨ। ਸੈਂਕੜੇ ਪ੍ਰੋਫੈਸਰਾਂ ਅਤੇ ਵਿਦਿਆਰਥੀਆਂ ਨੇ ਇਕਮੁੱਠਤਾ ਬਿਆਨਾਂ, ਵਿਰੋਧ ਪ੍ਰਦਰਸ਼ਨਾਂ, ਜਨਤਕ ਪਟੀਸ਼ਨਾਂ ਅਤੇ ਜਨਤਕ ਮੁਹਿੰਮਾਂ ਰਾਹੀਂ ਆਪਣਾ ਵਿਰੋਧ ਦਰਜ ਕਰਾਇਆ ਹੈ, ਖ਼ਾਸ ਕਰਕੇ ਗਾਜ਼ਾ 'ਤੇ ਇਜ਼ਰਾਈਲੀ ਹਮਲਿਆਂ ਤੋਂ ਬਾਅਦ। ਇਹ ਦਰਸਾਉਂਦਾ ਹੈ ਕਿ ਆਲੋਚਕ ਆਵਾਜ਼ਾਂ ਨੂੰ ਕੁਚਲਣਾ ਐਨਾ ਸੌਖਾ ਨਹੀਂ ਹੈ।

ਯਹੂਦੀਆਂ ਦੇ ਜ਼ਾਇਓਨਵਾਦ-ਵਿਰੋਧੀ ਗਰੁੱਪ - ਜਿਵੇਂ ਜਿਊਸ਼ ਵਾਇਸ ਫਾਰ ਪੀਸ, ਇਫਨਾਟਨਾਓ (ਜੇ ਹੁਣ ਨਹੀਂ ਤਾਂ ਫੇਰ ਕਦੋਂ) ਅਤੇ ਇੰਟਰਨੈਸ਼ਨਲ ਜਿਊਸ਼ ਐਂਟੀ-ਜ਼ਾਇਓਨਿਸਟ ਨੈੱਟਵਰਕ ਇਸ ਝੂਠੀ ਧਾਰਨਾ ਨੂੰ ਚੁਣੌਤੀ ਦੇਣ ਅਤੇ ਇਸ ਦਾ ਵਿਰੋਧ ਕਰਨ 'ਚ ਵੱਡੀ ਭੂਮਿਕਾ ਨਿਭਾ ਰਹੇ ਹਨ ਕਿ ਜ਼ਾਇਓਨਿਜ਼ਮ ਦਾ ਵਿਰੋਧ ਯਹੂਦੀ-ਵਿਰੋਧ ਹੈ।

ਇਸ ਦੇ ਨਾਲ ਹੀ, ਵਿਦਿਆਰਥੀਆਂ ਦੀ ਅਗਵਾਈ 'ਚ ਅਪਾਰਥਾਇਡ ਡਾਇਵੈਸਟਮੈਂਟ ਮੂਵਮੈਂਟ ਨੇ ਅਮਰੀਕਾ ਦੇ ਕਈ ਕੈਂਪਸਾਂ ਵਿਚ ਜ਼ੋਰ ਫੜਿਆ ਹੈ। ਇਹ ਅੰਦੋਲਨ ਦੱਖਣੀ ਅਫ਼ਰੀਕਾ ਦੇ ਐਂਟੀ-ਅਪਾਰਥਾਇਡ ਅੰਦੋਲਨ ਦੀ ਯਾਦ ਦਿਵਾਉਂਦਾ ਹੈ। ਇਨ੍ਹਾਂ ਅੰਦੋਲਨਾਂ ਵਿਚ ਸਿਰਫ਼ ਸਿੱਖਿਆ ਦਾ ਪਹਿਲੂ ਹੀ ਨਹੀਂ ਹੈ ਸਗੋਂ ਇਹ ਇਜ਼ਰਾਇਲੀ ਫ਼ੌਜੀਵਾਦ, ਫਲਸਤੀਨੀ ਖੇਤਰ ਉੱਪਰ ਨਜਾਇਜ਼ ਕਬਜ਼ੇ ਅਤੇ ਉੱਥੇ ਧੱਕੇ ਨਾਲ ਵਸਣ ਦੇ ਇਜ਼ਰਾਇਲੀ ਬਸਤੀਵਾਦ 'ਚ ਅਮਰੀਕੀ ਸਟੇਟ ਦੀ ਮਿਲੀਭੁਗਤ ਵਿਰੁੱਧ ਸਾਂਝੇ ਰੂਪ 'ਚ ਜੂਝਣ ਲਈ ਵੀ ਪ੍ਰੇਰਿਤ ਕਰਦੇ ਹਨ।

ਇਹ ਸਿਰਫ਼ ਮਿਡਲ ਈਸਟ ਸਟੱਡੀਜ਼ ਜਾਂ ਰਾਜਨੀਤਕ ਕਾਰਕੁਨਾਂ ਦੀ ਸਮੱਸਿਆ ਵੀ ਨਹੀਂ ਹੈ, ਦਰਅਸਲ ਇਹ ਚੇਤਾਵਨੀ ਹੈ ਕਿ ਜੇਕਰ ਅੱਜ ਫਲਸਤੀਨ ਬਾਰੇ ਬੋਲਣ ਵਾਲਿਆਂ ਨੂੰ ਚੁੱਪ ਕਰਵਾਇਆ ਜਾ ਸਕਦਾ ਹੈ, ਤਾਂ ਭਲਕ ਨੂੰ ਕਿਸੇ ਵੀ ਅਸਹਿਮਤ ਵਿਚਾਰ ਨੂੰ ਉਸਦਾ ਕਰੀਅਰ ਤਬਾਹ ਕਰਕੇ ਸਜ਼ਾ ਦਿੱਤੀ ਜਾ ਸਕਦੀ ਹੈ। ਇਸ ਦੌਰ ਵਿਚ, ਜਦੋਂ ਅਸੀਂ ਗਾਜ਼ਾ ਵਿਚ ਭਿਆਨਕ ਕਤਲੇਆਮ ਅਤੇ ਫਲਸਤੀਨੀਂ ਅਵਾਮ ਦੀ ਨਸਲਕੁਸ਼ੀ ਦੇ ਗਵਾਹ ਬਣਨ ਲਈ ਮਜਬੂਰ ਹਾਂ, ਤਾਂ ਚੁੱਪ ਰਹਿਣਾ ਵੀ ਇਕ ਤਰ੍ਹਾਂ ਨਾਲ ਸਾਜ਼ਿਸ਼ ਵਿਚ ਭਾਈਵਾਲੀ ਬਣ ਜਾਂਦੀ ਹੈ। ਲਿਹਾਜ਼ਾ ਫਲਸਤੀਨ ਬਾਰੇ ਪੂਰੀ ਆਜ਼ਾਦੀ ਨਾਲ ਬੋਲਣ ਦੇ ਅਕਾਦਮਿਕਾਂ ਦੇ ਹੱਕ ਦੀ ਹਿਫਾਜ਼ਤ ਕਰਨਾ ਆਖਿ ?ਰਕਾਰ ਯੂਨੀਵਰਸਿਟੀ ਨੂੰ ਨੈਤਿਕ ਜਾਂਚ, ਆਲੋਚਨਾਤਮਕ ਚਿੰਤਨ, ਡੂੰਘੀ ਸੋਚ-ਵਿਚਾਰ ਅਤੇ ਸਾਂਝੀ ਕਲਪਨਾ ਦੇ ਸਥਾਨ ਦੇ ਰੂਪ 'ਚ ਬਚਾਉਣਾ ਵੀ ਹੈ।

ਅੱਜ ਜਦੋਂ ਨਸਲਕੁਸ਼ੀ, ਨਸਲੀ ਰੰਗਭੇਦ ਅਤੇ ਧਾੜਵੀ ਬਸਤੀਵਾਦ ਬੇਖ਼ੌਫ਼ ਦਨਦਨਾ ਰਿਹਾ ਹੈ ਤਾਂ ਅਕਾਦਮਿਕਾਂ ਦਾ ਫਰਜ਼ ਮਾਨਵਤਾ ਲਈ ਸੰਵੇਦਨਸ਼ੀਲ ਸਵਾਲਾਂ ਤੋਂ ਮੂੰਹ ਮੋੜਨਾ ਨਹੀਂ ਹੈ, ਸਗੋਂ ਇਖਲਾਕੀ ਦਲੇਰੀ ਨਾਲ ਨਿਆਂ ਦੇ ਸਵਾਲਾਂ ਉੱਪਰ ਸਟੈਂਡ ਲੈਣਾ, ਸੱਤਾ ਦੀਆਂ ਸੱਚਾਈਆਂ ਨੂੰ ਉਜਾਗਰ ਕਰਨਾ ਅਤੇ ਉਨ੍ਹਾਂ ਰੋਸ਼ਨ-ਖਿਆਲ ਵਿਦਵਾਨਾਂ ਦੇ ਨਾਲ ਡੱਟ ਕੇ ਖੜ੍ਹੇ ਹੋਣਾ ਹੈ ਜੋ ਅਜਿਹੀ ਆਵਾਜ਼ ਉਠਾਉਣ ਦਾ ਜੇਰਾ ਕਰਦੇ ਹਨ। ਦੁਨੀਆ ਭਰ 'ਚ ਘੋਰ ਸੱਜੇਪੱਖੀ ਵਿਚਾਰਧਾਰਾ ਦਾ ਸਟੇਟ ਉੱਪਰ ਕੰਟਰੋਲ ਵਧਦਾ ਜਾ ਰਿਹਾ ਹੈ। ਇਸਦਾ ਉਚੇਚਾ ਫੋਕਸ ਯੂਨੀਵਰਸਿਟੀ ਕੈਂਪਸਾਂ ਦੀ ਜਮਹੂਰੀ ਸਪੇਸ ਨੂੰ ਖ਼ਤਮ ਕਰਨ ਉੱਪਰ ਹੈ। ਭਾਰਤ ਵਿਚ ਵੀ ਆਰਐੱਸਐੱਸ-ਭਾਜਪਾ ਨੇ ਸੱਤਾ ਵਿਚ ਆਕੇ ਕੇਂਦਰੀ ਯੂਨੀਵਰਸਿਟੀਆਂ ਉੱਪਰ ਸਿਲਸਿਲੇਵਾਰ ਤਰੀਕੇ ਨਾਲ ਹੱਲਾ ਬੋਲਿਆ ਅਤੇ ਜਮਹੂਰੀ ਸਪੇਸ ਬੁਰੀ ਤਰ੍ਹਾਂ ਸੁੰਗੇੜ ਦਿੱਤੀ ਗਈ ਹੈ। ਇਹ ਹਮਲਾ ਲਗਾਤਾਰ ਜਾਰੀ ਹੈ।

ਇਹ ਵੀ ਨੋਟ ਕਰਨਾ ਹੋਵੇਗਾ ਕਿ ਜ਼ਾਇਓਨਵਾਦ-ਵਿਰੋਧੀ ਕਈ ਭਾਰਤੀ ਵਿਦਵਾਨ ਨਾਲ ਦੀ ਨਾਲ ਹਿੰਦੂਤਵ ਅਤੇ ਭਾਰਤੀ ਰਾਜ ਦੇ ਫਾਸ਼ੀਵਾਦ ਵੱਲ ਮੋੜਾ ਕੱਟਣ ਦੇ ਵੀ ਤਿੱਖੇ ਆਲੋਚਕ ਹਨ। ਉਹ ਦੋਵਾਂ ਨੂੰ ਨਸਲੀ-ਰਾਸ਼ਟਰਵਾਦੀ ਪ੍ਰੋਜੈਕਟਾਂ ਵਜੋਂ ਵੇਖਦੇ ਹੋਏ ਆਪਣੀਆਂ ਲਿਖਤਾਂ ਵਿਚ ਹਿੰਦੂਤਵ ਅਤੇ ਜ਼ਾਇਓਨਵਾਦ ਵਿਚਕਾਰ ਸੰਬੰਧਾਂ ਨੂੰ ਦਰਸਾਉਂਦੇ ਹਨ ਭਾਵ ਦੋਵੇਂ ਮਜ਼ਲੂਮਾਂ ਨੂੰ ਉਜਾੜਕੇ ਉੱਥੇ ਧੱਕੇ ਨਾਲ ਵਸਣ, ਇਸਲਾਮੋਫੋਬੀਆ ਅਤੇ ਰਾਜ ਦੀ ਹਿੰਸਾ 'ਤੇ ਆਧਾਰਤ ਹਨ। ਇਹ ਅੰਤਰ-ਸੰਬੰਧਤ ਆਲੋਚਨਾ ਉਨ੍ਹਾਂ ਨੂੰ ਦੁੱਗਣਾ ਅਸੁਰੱਖਿਅਤ ਬਣਾਉਂਦੀ ਹੈ: ਇਕ ਪਾਸੇ ਹਿੰਦੂਤਵ ਹਮਾਇਤੀ ਉਨ੍ਹਾਂ ਉੱਤੇ ਹਮਲਾ ਕਰਦੇ ਹਨ, ਦੂਜੇ ਪਾਸੇ ਅਮਰੀਕਾ ਵਿਚ ਜ਼ਾਇਓਨਵਾਦੀ ਨੈੱਟਵਰਕ ਵੀ ਉਨ੍ਹਾਂ ਨੂੰ ਨਿਸ਼ਾਨਾ ਬਣਾਉਂਦੇ ਹਨ, ਕਈ ਵਾਰੀ ਤਾਂ ਇਕ ਦੂਜੇ ਨੂੰ ਪੂਰਾ ਸਹਿਯੋਗ ਦਿੰਦੇ ਹੋਏ। ਅਕਾਦਮਿਕਾਂ ਨੂੰ ਨਿਸ਼ਾਨਾ ਬਣਾਉਣਾ ਸਿਰਫ਼ ਵਿਅਕਤੀਗਤ ਹੱਕਾਂ ਦੀ ਉਲੰਘਣਾ ਨਹੀਂ ਹੈ, ਦਰਅਸਲ ਇਹ ਬੌਧਿਕ ਵੰਨਸੁਵੰਨਤਾ, ਵਿਸ਼ਵੀ ਸਵਾਲਾਂ ਉੱਪਰ ਸਰਹੱਦ ਪਾਰ ਇਕਜੁੱਟਤਾ ਅਤੇ ਆਮ ਇਨਸਾਫ਼ ਲਈ ਵੀ ਵੱਡਾ ਖ਼ਤਰਾ ਹੈ।

ਗਾਜ਼ਾ ਵਿਚ ਸਮੁੱਚੇ ਸਿਹਤ ਸੇਵਾਵਾਂ ਦੇ ਢਾਂਚੇ/ਇਲਾਜ ਸੇਵਾਵਾਂ, ਡਾਕਟਰਾਂ ਅਤੇ ਹੋਰ ਮੈਡੀਕਲ ਸਟਾਫ਼ ਨੂੰ ਉਚੇਚੇ ਤੌਰ 'ਤੇ ਕਤਲ ਕੀਤਾ ਜਾ ਰਿਹਾ ਹੈ ਕਿਉਂਕਿ ਉਹ ਨਾਮਾਤਰ ਵਸੀਲਿਆਂ ਨਾਲ ਜ਼ਖਮੀਆਂ ਦਾ ਇਲਾਜ ਕਰਕੇ ਅਮਰੀਕੀ-ਇਜ਼ਰਾਇਲ ਗੱਠਜੋੜ ਦੇ ਫਲਸਤੀਨੀ ਅਵਾਮ ਦੀ ਮੁਕੰਮਲ ਨਸਲਕੁਸ਼ੀ ਦੇ ਪ੍ਰੋਜੈਕਟ ਵਿਚ ਅੜਿੱਕਾ ਬਣਦੇ ਹਨ। ਇਸ ਪ੍ਰਸੰਗ 'ਚ ਡਾ. ਮਾਰੀਆ ਦੀ ਬਰਖ਼ਾਸਤਗੀ ਨਸਲਕੁਸ਼ੀ ਦਾ ਵਿਰੋਧ ਕਰਨ ਵਾਲੇ ਸਿਹਤ ਕਾਮਿਆਂ ਨੂੰ ਕੁਚਲਣ ਲਈ ਵਿਆਪਕ ਹਮਲੇ ਦਾ ਹਿੱਸਾ ਹੈ। ਡਾ. ਮਾਰੀਆ ਵਰਗੇ ਲੋਕ ਖ਼ਾਮੋਸ਼ ਹੋਣ ਅਤੇ ਦਹਿਸ਼ਤਵਾਦੀ ਸਟੇਟ ਅੱਗੇ ਝੁਕਣ ਦੀ ਬਜਾਏ, ਨਿਆਂ ਅਤੇ ਆਜ਼ਾਦੀ 'ਤੇ ਅਧਾਰਤ ਮੈਡੀਸਨ ਖੇਤਰ ਦੀ ਲੋਕਪੱਖੀ ਪੁਨਰ-ਕਲਪਨਾ ਲਈ ਸੰਘਰਸ਼ਸ਼ੀਲ ਹਨ। ਆਓ, ਆਪਾਂ ਸਾਰੇ ਡਾ. ਰੂਪਾ ਮਾਰੀਆ ਵਰਗੀਆਂ ਨਿਆਂਪਸੰਦ ਆਵਾਜ਼ਾਂ ਨਾਲ ਇਕਮੁੱਠਤਾ ਪ੍ਰਗਟਾਉਂਦਿਆਂ ਅਮਰੀਕਨ-ਇਜ਼ਰਾਇਲੀ ਨਸਲਵਾਦ-ਦਹਿਸ਼ਤਵਾਦ ਦਾ ਡੱਟ ਕੇ ਵਿਰੋਧ ਕਰੀਏ।

# ਧਰਮਾਂ ਦੇ ਨਵੇਂ ਹਿ.ਫਾਜ਼ਤੀ !

**-ਐਸ ਐਸ ਆਜ਼ਾਦ**

ਪੰਜਾਬ ਸਰਕਾਰ ਨੇ ਧਰਮ ਗ੍ਰੰਥਾਂ ਦੀ ਹਿਫਾਜ਼ਤ ਲਈ ਇਕ ਬੇਵਕਤੀ ਬਿਲ ਲਿਆਂਦਾ ਜਿਸਨੂੰ ਕਾਨੂੰਨ ਬਣਾਇਆ ਜਾਵੇ। ਇਸ ਨੂੰ ਕਾਨੂੰਨੀ ਸ਼ਕਲ ਦੇਣ ਲਈ ਵਿਰੋਧੀ ਪਾਰਟੀਆਂ ਦੇ ਵਿਧਾਇਕਾਂ ਨਾਲ ਵੀ ਪੱਬਾਂ ਭਾਰ ਹੋਕੇ ਚੁੰਝਚਰਚਾ ਕੀਤੀ ਗਈ। ਇਸ ਨੁਕਤੇ ਉਤੇ ਸਭ ਸਹਿਮਤ ਹੋਏ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਸਮੇਤ ਹੋਰਨਾਂ ਧਰਮ ਗ੍ਰੰਥਾਂ ਦੀ ਬੇਅਦਬੀ ਕਰਨ ਵਾਲਿਆਂ ਨੂੰ ਵੀ ਉਮਰ ਕੈਦ ਜਾਂ ਮੌਤ ਦੀ ਸਜ਼ਾ ਦਿੱਤੀ ਜਾਵੇ। ਇਕਮੱਤ ਹੋਣ ਦੇ ਨਾਲ ਵਖਰੇਵੇਂ ਤੇ ਵਿਵਾਦ ਵੱਧ ਸਹੇੜ ਲਏ। ਅਕਾਲੀ ਦਲ ਬਾਦਲ ਨੇ ਨਵਾਂ ਸੱਪ ਕੱਢ ਮਾਰਿਆ ਕਿ ਆਮ ਆਦਮੀ ਪਾਰਟੀ ਦਾ ਇਕ ਵਿਧਾਇਕ ਦਾ ਨਾਉਂ ਮਲੇਰਕੋਟਲੇ ਕੁਰਾਨ ਸ਼ਰੀਫ਼ ਦੀ ਬੇਅਦਬੀ ਵਾਲਿਆਂ 'ਚ ਸ਼ਾਮਲ ਸੀ। ਉਸ ਬਾਰੇ ਪੀ ਟੀ ਸੀ ਉਤੇ ਚਰਚਾ ਦਾ ਵਿਸ਼ਾ ਬਣਾ ਧਰਿਆ। ਆਖੀਰ ਇਸ ਬਿਲ ਨੂੰ ਬਿਲੇ ਲਗਾਉਣ ਲਈ ਇਕ ਸੁਝਾਉ ਕਮੇਟੀ ਦੇ ਸਪੁਰਦ ਕਰ ਦਿੱਤਾ ਹੈ!

**ਵਿਚਾਰਧਾਰਾ ਦੇ ਸਵਾਲ ਬਾਰੇ :** ਆਮ ਆਦਮੀ ਪਾਰਟੀ ਗੱਜ ਵੱਜ ਕੇ ਦਰਸਾ ਰਹੀ ਹੈ ਕਿ ਉਸ ਦੀ ਅਫੀਸੀਅਲ ਵਿਚਾਰਧਾਰਾ ਸ਼ਹੀਦ ਭਗਤ ਸਿੰਘ ਤੇ ਬਾਬਾ ਭੀਮ ਰਾਓ ਅੰਬੇਡਕਰ ਵਾਲੀ ਹੈ। ਇਸ ਵਿਚਾਰਧਾਰਾ ਨੂੰ ਸਾਬਤ ਕਰਨ ਲਈ ਉਨ੍ਹਾਂ ਸਰਕਾਰੀ ਦਫ਼ਤਰਾਂ ਵਿਚ ਭਗਤ ਸਿੰਘ ਤੇ ਅੰਬੇਡਕਰ ਸਾਹਿਬ ਦੀਆਂ ਫੋਟੋਆਂ ਲਗਾ ਦਿੱਤੀਆਂ ਹਨ। ਪੰਜਾਬ ਵਾਲੇ ਤਾਂ ਪੀਲੀਆਂ ਪੱਗਾਂ ਤੇ ਕੇਸਰੀ ਬਾਣੇ ਪਹਿਨਕੇ ਆਪਣੇ ਆਪ ਨੂੰ ਭਗਤ ਸਿੰਘ ਦੇ ਕ੍ਰਾਂਤੀਵੀਰ ਸਮਝਦੇ ਹਨ। ਜਦੋਂ ਕਿ ਭਗਤ ਸਿੰਘ ਤੇ ਬਾਬਾ ਭੀਮ ਰਾਓ ਅੰਬੇਦਕਰ ਸਾਹਿਬ ਉਪਰੋਕਤ ਧਰਮਾਂ ਨੂੰ ਮੰਨਦੇ ਨਹੀਂ ਹਨ! ਅੰਬੇਡਕਰ ਸਾਹਿਬ ਨੇ ਤਾਂ ਹਿੰਦੂ ਧਰਮ ਗ੍ਰੰਥ ਮਨੂੰ ਸਮ੍ਰਿਤੀ ਨੂੰ ਪਬਲੀਕਲੀ ਅਗਨ ਭੇਟ ਕੀਤਾ ਸੀ। ਭਗਤ ਸਿੰਘ ਨੇ ਮੈਂ ਨਾਸਤਿਕ ਕਿਉਂ ਹਾਂ ਪੈਂਫਲਿਟ ਲਿਖਿਆ ਸੀ। ਇਸ ਬਾਰੇ ਕੀ ਕਹੋਗੇ?

ਆਪ ਸਰਕਾਰ ਆਵਦੀ ਵਿਚਾਰਧਾਰਾ ਦੇ ਉਲਟ ਧਰਮ ਗ੍ਰੰਥਾਂ ਦੀ ਹਿਫਾਜ਼ਤ ਲਈ ਸਖ਼ਤ ਤੋਂ ਸਖ਼ਤ ਕਾਨੂੰਨ ਬਣਾਉਣ ਤੁਰ ਪਈ!! ਜਦੋਂ ਕਿ ਬਾਬਾ ਭੀਮ ਰਾਓ ਅੰਬੇਦਕਰ ਨੇ ਐਲਾਨਿਆ ਸੀ ਕਿ ਮੇਰਾ ਜਨਮ ਹਿੰਦੂ ਧਰਮ ਵਿੱਚ ਹੋਇਆ ਹੈ ਪਰ ਮੈਂ ਹਿੰਦੂ ਧਰਮ ਚ ਮਰਾਂਗਾ ਨਹੀਂ। ਉਨ੍ਹਾਂ ਨੇ ਮਰਨ ਤੋਂ ਕੁੱਝ ਮਹੀਨੇ ਪਹਿਲਾਂ ਬੁੱਧ ਧਾਮ (ਨਾਂ ਕਿ ਬੁੱਧ ਧਰਮ) ਅਖ਼ਤਿਆਰ ਕਰ ਲਿਆ ਸੀ। ਉਹ ਦੋਵੇਂ ਰੱਬ ਦੀ ਹੋਂਦ, ਮੂਰਤੀ ਪੂਜਾ ਤੇ ਧਾਰਮਿਕ ਗ੍ਰੰਥਾਂ ਵਿੱਚ ਉਕਾ ਵਿਸ਼ਵਾਸ ਨਹੀਂ ਕਰਦੇ ਸਨ। ਫੇਰ ਇਹ ਆਮ ਆਦਮੀ ਪਾਰਟੀ ਸਾਰਕਾਰ ਦੇ ਲੀਡਰ ਉਲਟੀ ਗੰਗਾ ਕਿਉਂ ਬਹਾ ਰਹੇ ਹਨ?

**ਨਸਾਤਿਕਾਂ ਦੀ ਸਰਕਾਰ ਵਲੋਂ ਧਰਮਾਂ ਦੀ ਰਖਿਆ ਕਰਨ ਬਾਰੇ :** ਇਸ ਵਿਚ ਕੋਈ ਸ਼ੱਕ ਨਹੀਂ ਕਿ ਸਰਕਾਰ ਭਾਵੇਂ ਸੈਕੂਲਰ ਜਾ ਨਸਾਤਿਕੀ ਹੋਵੇ ਧਰਮ ਦੀ ਰਖਿਆ ਕਰਨੀ ਚਾਹੀਦੀ ਹੈ। ਪਰ ਧਰਮ ਨੂੰ ਰਾਜਨੀਤੀ ਤੇ ਸਟੇਟ ਨਾਲ ਜੋੜਨਾ ਨਹੀਂ ਚਾਹੀਦਾ। ਧਰਮ ਵਿੱਚ ਦਖਲਅੰਦਾਜੀ ਨਹੀਂ ਕਰਨੀ ਚਾਹੀਦੀ। ਆਮ ਆਦਮੀ ਪਾਰਟੀ ਨੂੰ ਸਿੱਖ ਧਰਮ ਤੇ ਹੋਰ ਧਰਮ ਵਾਲਿਆਂ ਨੇ ਕਦੋਂ ਅਪੀਲ ਕੀਤੀ ਸੀ ਕਿ ਉਨ੍ਹਾਂ ਦੇ ਧਰਮ ਤੇ ਧਰਮ ਗ੍ਰੰਥਾਂ ਨੂੰ ਖਤਰਾ ਹੈ ਉਨ੍ਹਾਂ ਦੀ ਹਿ.ਫਾਜ਼ਤ ਲਈ ਸਖ਼ਤ ਕਾਨੂੰਨ ਬਣਾਓ? ਆਮ ਆਦਮੀ ਸਰਕਾਰ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜਾ ਹੋਰ ਧਰਮਾਂ ਦੇ ਗ੍ਰੰਥਾਂ ਦੀਆਂ ਬੇਅਦਬੀ ਕਰਨ ਦੀਆਂ ਕੋਈ ਖਾਸ ਘਟਨਾਵਾਂ ਵੀ ਨਹੀਂ ਵਾਪਰੀਆਂ ਫੇਰ ਕੱਛ ਚੋਂ ਮੂੰਗਲੀ ਕੱਢ ਮਾਰਨ ਦਾ ਕੀ ਮਤਲਬ? ਪੰਜਾਬ ਅੰਦਰ ਸਿੱਖ ਧਰਮ ਤੇ ਸਿੱਖ ਰਹੁ ਰੀਤਾਂ ਦੀ ਰਖਿਆ ਕਰਨ ਵਾਲੇ ਮਹਾਂਰਥੀ ਬਣੇ ਅੰਮ੍ਰਿਤਪਾਲ ਸਿੰਘ ਵਰਗਿਆਂ ਨੂੰ ਤਾਂ ਡਿਬਰੂਗੜ੍ਹ ਜੇਲ ਭੇਜਤਾ ਹੁਣ ਧਰਮ ਹਿਫਾਜ਼ਤ ਦਾ ਠੇਕਾ 'ਨਾਸਤਿਕਵਾਦੀ ਕ੍ਰਾਂਤੀਕਾਰੀ' ਲੈਣ ਲਗੇ ਹਨ! ਅਸਲ ਮਾਜਰਾ ਵੋਟਾਂ ਵਟੋਰਨ ਦਾ ਹੈ। ਇਸ ਬਾਰੇ ਆਮ ਆਦਮੀ ਪਾਰਟੀ ਦੇ ਕ੍ਰਾਂਤੀਕਾਰੀ ਲੀਡਰਾਂ ਤੇ ਵਰਕਰਾਂ ਨੂੰ ਜ਼ਰੂਰ ਸੋਚ ਵਿਚਾਰ ਕਰਨੀ ਚਾਹੀਦੀ ਹੈ ਕਿਉਂਕਿ ਇਹ ਉਨ੍ਹਾਂ ਵਿਚਾਰਧਾਰਾ ਦਾ ਸਵਾਲ ਹੈ।

**ਸਿੱਖ ਧਰਮ ਦੇ ਨਾਲ ਹੋਰਂ ਧਰਮਾਂ ਦੇ ਧਰਮ ਗ੍ਰੰਥਾ ਦੀ ਬੇਅਬਦੀ ਦਾ ਸਵਾਲ :** ਅਸਲ ਵਿੱਚ ਆਮ ਆਦਮੀ ਪਾਰਟੀ ਦੀ ਵਿਚਾਰਧਾਰਾ ਕਦੇ ਵੀ ਨਾਸਤਿਕਵਾਦੀ ਨਹੀਂ ਰਹੀ ਸਗੋਂ ਸਰਵੋਤਮ ਨੇਤਾ ਹਿੰਦੂਵਾਦੀ ਵਿਚਾਰਧਾਰਾ ਦੇ ਅਨਿਆਈ ਰਹੇ ਹਨ। ਭਗਤ ਸਿੰਘ ਦੀ ਵਿਚਾਰਧਾਰਾ ਨੂੰ ਅਪਨਾਉਣ ਦਾ ਢੌਂਗ ਉਸ ਵੇਲੇ ਕੀਤਾ ਗਿਆ ਜਦੋਂ ਭਗਵੰਤ ਸਿੰਘ ਮਾਨ ਹੋਰੀ ਪੀ ਪੀ ਪਾਰਟੀ ਦਾ ਵੱਡਾ ਹਜੂਮ ਲੈਕੇ ਆਪ ਚ ਸ਼ਾਮਲ ਹੋਏ ਅਤੇ ਖੱਬੇਪੱਖੀ ਪਾਰਟੀਆਂ ਦੇ ਭਗੌੜੇ ਸ਼ਾਮਲ ਹੋਏ ਸਨ। ਆਮ ਆਦਮੀ ਪਾਰਟੀ ਦੇ ਵਿਚਾਰਧਾਰਕ ਅੰਨਾ ਹਜ਼ਾਰੇ ਤੇ ਸ੍ਰੀ ਮਾਨ ਅਰਵਿੰਦ ਕੇਜਰੀਵਾਲ ਹਨ। ਜੋ ਹਿੰਦੂਵਾਦੀ ਵਿਚਾਰਧਾਰਾ ਦੇ ਠੇਠ ਟਕਸਾਲੀ ਸਾਬਤ ਹੋਏ ਹਨ। ਅਰਵਿੰਦ ਕੇਜਰੀਵਾਲ ਕ੍ਰਿਸ਼ਨ ਮਿਸ਼ਨ ਦੇ ਪੈਰੋਕਾਰ ਤੇ ਅੰਨਾ ਹਜ਼ਾਰੇ ਹਿੰਦੂ ਮੰਦਰ ਚ ਰਹਿਣ ਵਾਲੇ ਹਨ। ਸੋ ਅਸਲ ਵਿੱਚ ਆਮ ਆਦਮੀ ਪਾਰਟੀ ਹਿੰਦੂਵਾਦੀ ਵਿਚਾਰਧਾਰਾ ਤੇ ਰਾਜਨੀਤੀ ਦੀ ਅਨੁਆਈ ਤੇ ਸਮਾਜਵਾਦ ਦੇ ਉਲਟ ਸਾਮਰਾਜਵਾਦ ਦੀ ਸਮਰਥੱਕ ਹੈ।

ਹਿੰਦੂਵਦੀ ਹੋਣ ਦੀਆਂ ਮਿਸਾਲਾਂ ਕੇਜਰੀਵਾਲ ਹੋਰਾਂ ਨੇ ਅਨੇਕਾਂ ਵਾਰੀ ਦਿਤੀਆਂ ਹਨ ਖਾਸ ਕਰਕੇ ਗੁਜਰਾਤ ਦੀਆਂ ਵਿਧਾਨਸਭਾ ਚੋਣਾਂ ਦੌਰਾਨ ਭਾਰਤੀ ਨੋਟਾਂ ਉਤੇ ਲਕਸ਼ਮੀ ਦੇਵੀ ਦੀ ਫੋਟੋ ਲਗਾਉਣ ਤੇ ਅਯੋਧਿਆ ਰਾਮ ਮੰਦਰ ਦੀ ਮੁਫ਼ਤ ਯਾਤਰਾ ਕਰਵਾਉਣ ਦੇ ਵਾਅਦੇ ਕੀਤੇ ਸਨ। ਉਨ੍ਹਾਂ ਨੂੰ ਸਰਕਾਰੀ ਸਦਾ ਨਾਂ ਮਿਲਣ ਦੇ ਬਾਵਜੂਦ ਅਯੋਧਿਆ ਰਾਮ ਮੰਦਰ ਨਮਸਤਕ ਹੋਏ। ਕੀ ਸ਼ਹੀਦ ਭਗਤ ਸਿੰਘ ਤੇ ਅੰਬੇਡਕਰ ਸਾਹਿਬ ਵੀ ਅਜਿਹਾ ਕੁੱਝ ਕਰਦੇ ਸਨ? ਇਸ ਤਰਾਂ ਵੋਟਾਂ ਵਟੋਰਨ ਲਈ ਹਿੰਦੂ ਮੰਦਰਾਂ ਦੇ ਪੁਜਾਰੀਆਂ ਨੂੰ ਵੀਹ ਹਜ਼ਾਰ ਰੁਪਏ ਪ੍ਰਤੀ ਮਹੀਨਾ ਤਨਖਾਹ ਦੇਣ ਦੇ ਵਾਅਦੇ ਦਿਲੀ ਵਿਧਾਨ ਸਭਾ ਚੋਣਾਂ ਸਮੇਂ ਕੀਤੇ ਸਨ। ਕੀ ਨਾਸਤਿਕਵਾਦੀ ਵਿਚਾਰਧਾਰਾ ਮੰਨਣ ਵਾਲੀ ਪਾਰਟੀ ਲੀਡਰਸ਼ਿਪ ਵਲੋਂ ਹਿੰਦੂਵਾਦੀ ਲੁਭਾਉਣੇ ਵਾਅਦੇ ਕਾਰਨੇ ਠੀਕ ਹਨ? ਉਸੇ ਤਰ੍ਹਾਂ ਪੰਜਾਬ ਵਿਧਾਨ ਸਭਾ ਵਿਚ ਪਹਿਲਾਂ ਤਾਂ ਸਿੱਖ ਧਰਮ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲਿਆਂ ਵਿਰੁੱਧ ਸਖ਼ਤ ਸਜ਼ਾਵਾਂ ਦੇਣ ਦਾ ਕਾਨੂੰਨ ਬਣਾਉਣ ਲਈ ਏਜੰਡਾ ਰਖਿਆ ਫੇਰ ਹਿੰਦੂ, ਮੁਸਲਿਮ ਇਸਾਈ ਧਰਮਾਂ ਦੇ ਗ੍ਰੰਥ ਆਪਣੇ ਆਪ ਨੱਥੀ ਕਰ ਲਏ। ਹਾਲਾਂਕਿ ਕਿਸੇ ਵੀ ਧਰਮਾਂ ਦੇ ਪ੍ਰਤੀਨਿਧੀਆਂ ਨੇ ਅਜੇਹਾ ਕਾਨੂੰਨ ਬਣਾਉਣ ਦੀ ਮੰਗ ਨਹੀਂ ਕੀਤੀ । ਬਾਕੀ ਹਿੰਦੂ, ਮੁਸਲਿਮ ਇਸਾਈ ਆਪੋਂ ਆਪਣੇ ਧਰਮ ਗ੍ਰੰਥਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਾਂਗ ਦੇਹਧਾਰੀ ਨਹੀਂ ਮੰਨਦੇ ਤੇ ਨਾਂ ਉਨ੍ਹਾਂ ਨੂੰ ਅਜਿਹੀ ਕੋਈ ਚਿੰਤਾ ਹੈ । ਫੇਰ ਮਾਨ ਸਾਹਿਬ ਹੋਰਾਂ ਆਪਣੇ ਆਪ ਭਗਵਤ ਗੀਤਾ ਨੂੰ ਹਿੰਦੂ ਧਰਮ ਦਾ ਇਕੋ ਇਕ ਧਾਰਮਿਕ ਗ੍ਰੰਥ ਮੰਨ ਲਿਆ ਕਿਉਂਕਿ ਕੇਜਰੀਵਾਲ ਸਾਹਿਬ ਭਗਵਤ ਗੀਤਾ ਦੇ ਉਪਸਿਕ ਹਨ। ਜਦੋਂ ਕਿ ਹਿੰਦੂ ਧਰਮ ਵਿੱਚ ਚਾਰ ਵੇਦਾਂ, ਪੁਰਾਣਾ, ਮਨੂੰ ਸਮ੍ਰਿਤੀ, ਰਮਾਇਣ ਤੇ ਮਹਾਂਭਾਰਤ ਨੂੰ ਪਵਿੱਤਰ ਧਰਮ ਗ੍ਰੰਥ ਮੰਨਿਆ ਜਾਂਦਾ ਹੈ। ਜਦੋਂ ਕਿ ਅੰਬੇਡਕਰ ਸਾਹਿਬ ਨੇ ਮਨੂੰ ਸਮ੍ਰਿਤੀ ਸਾੜੀ ਸੀ ਕੀ ਉਹ ਵੀ ਸਜ਼ਾ ਦੇ ਭਾਗੀ ਹੋਣਗੇ? ਜਾਂ ਕਹੋ ਮਨੂੰ ਸਮ੍ਰਿਤੀ ਹਿੰਦੂ ਧਰਮ ਗ੍ਰੰਥਾ ਨਹੀਂ ਸਿਰਫ ਭਗਤਵਗੀਤਾ ਹੈ? ਕੀ ਮਹਾਭਾਰਤ ਹਿੰਦੂ ਧਰਮ ਗ੍ਰੰਥ ਨਹੀਂ ਜਿਸ ਦਾ ਭਗਤਵਗੀਤਾ ਇਕ ਪਾਠ ਹੈ? ਅਸਲ ਵਿੱਚ ਹਿੰਦੂ ਧਰਮ ਵਿੱਚ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਤੇ ਸ਼ਿਵਲਿੰਗ ਨੂੰ ਪਵਿੱਤਰ ਮੰਨਿਆ ਜਾਂਦਾ ਹੈ। ਉਨ੍ਹਾਂ ਦੀ ਬੇਅਦਬੀ ਨੂੰ ਹਿੰਦੂ ਬਰਦਾਸ਼ਤ ਨਹੀਂ ਕਰਦੇ। ਫੇਰ ਤੇਤੀ ਕਰੋੜ ਦੇਵੀ ਦੇਵਤਿਆਂ ਦੀਆਂ ਮੂਰਤੀਆਂ ਨੂੰ ਕਾਨੂੰਨ ਵਿਚ ਦਰਜ ਕਿਉਂ ਨਹੀਂ ਕੀਤਾ? ਹੋਰ ਤਾਂ ਹੋਰ ਸਿੱਖਾਂ ਦੇ ਦਸਮ ਗ੍ਰੰਥ ਨੂੰ ਕਾਨੂੰਨ ਤੋਂ ਬਾਹਰ ਕਿਉਂ ਰਖਿਆ ਹੈ? ਅਸਲ ਵਿੱਚ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਤੇ ਪੰਜਾਬ ਦੀ ਆਪ ਸਰਕਾਰ ਧਰਮ ਨੂ ਲੈਕੇ ਮੌਕਾਪ੍ਰਸਤ ਖੇਡ ਖੇਡਣ ਲਗੀ ਹੈ ਜਿਸ ਦਾ ਕੋਈ ਸਿਰ ਮੂੰਹ ਨਜ਼ਰ ਨਹੀਂ ਆ ਰਿਹਾ। ਸਿੱਖ ਭਾਈਚਾਰੇ ਤੋਂ ਵੋਟਾਂ ਵਟੋਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਹੁਰਮਤੀ ਵਿਰੁੱਧ ਸਖ਼ਤ ਕਾਨੂੰਨ ਬਨਾਉਣ ਨੂੰ ਲੈਕੇ ਹੈਰ ਧਰਮਾਂ ਦੇ ਧਰਮ ਗ੍ਰੰਥਾਂ ਨੂੰ ਵਿਚ ਸ਼ਾਮਿਲ ਕਰ ਕਰਕੇ ਪਾਣੀ ਚ ਮਧਾਣੀ ਪਾ ਬੈਠੀ ਹੈ। ਇਹ ਸਭ ਕੁਝ ਇਨ੍ਹਾਂ ਦੀ ਆਫੀਸੀਅਲ ਵਿਚਾਰਧਾਰਾ ਦਾ ਵਿਰੋਭਾਸ ਹੈ। ਦੂਜਾ ਨੁਕਤਾ ਕਿਸੇ ਧਰਮਂ ਦੇ ਪ੍ਰਤੀਨਿਧਾਂ ਨੇ ਮੰਗ ਨਹੀਂ ਕੀਤੀ ਕਿ ਉਨ੍ਹਾਂ ਦੀ ਸਹਿਮਤੀ ਤੋਂ ਵਗੈਰ ਧਰਮ ਗ੍ਰੰਥਾਂ ਦੀ ਹਿਫਾਜ਼ਤ ਲਈ ਫੌਰੀ ਕਨੂੰਨ ਪੰਜਾਬ ਸਰਕਾਰ ਬਣਾਵੇ। ਅਜਿਹਾ ਕੁੱਝ ਕਰਨਾ ਪੰਜਾਬ ਸਰਕਾਰ ਦੇ ਹਿੱਤ ਵਿੱਚ ਬਿੱਲਕੁਲ ਨਹੀਂ ਹੈ। ਸੋ ਧਰਮ ਗ੍ਰੰਥਾਂ ਦੇ ਨਵੇਂ ਬਣੇ ਹਿਫਾਜਤੀ ਨੇਤਾ ਆਪਣੀ ਆਫੀਸੀਅਲ ਵਿਚਾਰਧਾਰਾ ਨੂੰ ਸਪਸ਼ਟ ਕਰਨ।






# ਮੈਂ ਦਲਿਤ ਸਮਾਜ ਬਾਰੇ ਹੀ ਕਿਉਂ ਲਿਖਦਾ ਹਾਂ

ਅਤਰਜੀਤ
94175-81936

ਇਸ ਪ੍ਰਸ਼ਨ ਦਾ ਸਿੱਧਾ ਜਿਹਾ ਉੱਤਰ ਤਾਂ ਇਹੋ ਬਣਦਾ ਹੈ ਕਿ ਜੋ ਲੇਖਕ ਕਿਰਤੀ ਜਮਾਤ ਦੇ ਹੱਕਾਂ, ਹਿਤਾਂ ਦੀ ਗੱਲ ਕਰਦਾ ਹੈ, ਉਹ ਦਲਿਤ ਸਮਾਜ ਬਾਰੇ ਹੀ ਲਿਖਦਾ ਹੈ। ਦਲਿਤ ਜਾਤ ਤੇ ਦਲਿਤ ਸਮਾਜ ਦੋ ਦੋ ਵੱਖਰੇ ਸੰਦਰਭ ਹਨ, ਜਿਨ੍ਹਾਂ ਬਾਰੇ ਮੈਂ ਚੇਤੰਨ ਹੋ ਕੇ ਲਿਖਦਾ ਹਾਂ। ਜਿੱਥੋਂ ਤੱਕ ਦਲਿਤ ਸ਼ਬਦ ਦਾ ਪ੍ਰਸ਼ਨ ਹੈ, ਇਹ ਪੰਜਾਬ ਵਿੱਚ ਸੱਤਰਵਿਆਂ ਦੇ ਕ੍ਰਾਂਤੀਕਾਰੀ ਦੌਰ ਤੱਕ ਪੰਜਾਬ ਵਿੱਚ ਪ੍ਰਵੇਸ਼ ਨਹੀਂ ਸੀ ਕੀਤਾ। ਨਿਮਨ ਜਾਤੀਆਂ ਬਾਰੇ ਸ਼ੁਰੂ ਵਿੱਚ ਹਰੀਜਨ ਤੇ ਫਿਰ ਅਨੁਸੂਚਿਤ ਜਾਤੀਆਂ, ਪਛੜੀਆਂ ਸ਼੍ਰੇਣੀਆਂ ਅਤੇ ਜਨ ਜਾਤੀਆਂ ਆਦਿ ਸ਼ਬਦ ਪ੍ਰਚਲਿਤ ਸਨ। ਦੱਖਣੀ ਭਾਰਤ ਦੇ ਦਲਿਤ ਪੈਂਥਰ ਅੰਦੋਲਨ ਨੇ ਸਾਹਿਤ ਦੇ ਖ਼ੇਤਰ ਵਿੱਚ ਇਸ ਸ਼ਬਦ ਦਾ ਪ੍ਰਯੋਗ ਕੀਤਾ ਜੋ ਪੰਜਾਬ ਵਿੱਚ ਰਿਪਲਕਿਨ ਪਾਰਟੀ, ਫਿਰ ਬਾਮਸੇਫ਼ ਜਾਂ ਬਸਪਾ ਦੁਆਰਾ ਪ੍ਰਚੱਲਤ ਹੋਇਆ ਪਰ ਮੈਂ ਇਨਾਂ ਲਹਿਰਾਂ ਦਾ ਵੀ ਕੋਈ ਪ੍ਰਭਾਵ ਨਹੀਂ ਸੀ ਕਬੂਲਿਆ। ਦਲਿਤ ਸ਼ਬਦ ਨੂੰ ਪਰਿਭਾਸ਼ਤ ਕਰਨ ਲਈ ਅੰਗਰੇਜ਼ੀ ਦੇ ਸ਼ਬਦ (Down trodden ਜਾਂ Oppressed classes) ਨੂੰ ਸਮਝਿਆ ਜਾ ਸਕਦਾ ਹੈ। ਭਾਵ ਜੋ ਵੀ ਕੁਚਲ਼ਿਆ ਜਾਂਦਾ ਹੈ, ਜਾਂ ਜੋ ਸਮਾਜ ਵਿੱਚ ਸੋਸ਼ਣ ਦਾ ਸ਼ਿਕਾਰ ਹੁੰਦਾ ਹੈ, ਦਲਿਤ ਹੈ। ਕਿਸੇ ਦੇ ਅਧੀਨ ਕੰਮ ਕਰਦਾ ਕਾਮਾ, ਬਾਲ ਮਜ਼ਦੂਰ, ਦਿਹਾੜੀਦਾਰ ਔਰਤ ਇਸ ਸ਼੍ਰੇਣੀ ਦੇ ਹੀ ਪਾਤਰ ਹਨ। ਗੁਰੂ ਨਾਨਕ ਦੇਵ ਜੀ ਦੇ ਕਥਨ ਅਨੁਸਾਰ ਜਿੰਨੀਆਂ ਵੀ ਨੀਚੀਆਂ ਜਾਤਾਂ ਦੀਆਂ ਪਰਤਾਂ ਹਨ, ਜਿਨ੍ਹਾਂ ਨਾਲ਼ ਗੁਰੂ ਜੀ ਖੜ੍ਹਦੇ ਹਨ, ਦਲਿਤ ਹਨ। ਮਲਿਕ ਭਾਗੋ ਤੇ ਲਾਲੋ ਵਿਚਕਾਰ ਕੀਤਾ ਨਿਤਾਰਾ ਵੀ ਗੁਰੂ ਜੀ ਦੇ ਵਿਚਾਰ ਅਨੁਸਾਰ ਦਲਿਤ ਸ਼ਬਦ ਨੂੰ ਸਮਝਣ ਵਿੱਚ ਸਹਾਈ ਹੋ ਸਕਦਾ ਹੈ। ਕਬੀਰ ਸਾਹਿਬ ਦਾ "ਤੁਮ ਕਤ ਬ੍ਰਾਹਮਣ ਹਮ ਕਤ ਸੂਦ" ਵੀ ਸਾਡਾ ਦ੍ਰਿਸ਼ਟੀ ਕੋਣ ਹੋ ਸਕਦਾ ਹੈ ਜੋ ਮਨੂੰਵਾਦੀ ਪਰਪੰਚ ਅਤੇ ਕੱਟੜ ਬ੍ਰਾਹਮਣਵਾਦ ਦਾ ਵਿਰੋਧ ਕਰਦਾ ਹੈ। ਮਾਰਕਸੀ ਚਿੰਤਨ ਇਸ ਵਰਤਾਰੇ ਨੂੰ ਸ਼ੋਸ਼ਤ ਅਤੇ ਸ਼ੋਸ਼ਕ ਧਿਰਾਂ ਦੇ ਰੂਪ ਵਿੱਚ ਦਰਸਾਉਂਦਾ ਹੈ।

ਨਕਸਲਬਾੜੀ ਲਹਿਰ ਦੀ ਚੜ੍ਹਤ ਦੇ ਦੌਰ ਵਿੱਚ ਛੋਟੇ-ਛੋਟੇ ਸਾਹ ਲੈਂਦੀ ਇਹ ਦਲਿਤ ਲਹਿਰ ਕੁੱਝ ਕੁ ਪੜ੍ਹੇ ਲਿਖੇ ਜਾਂ ਛੋਟੀਆਂ ਮੋਟੀਆਂ ਨੌਕਰੀਆਂ 'ਤੇ ਸੁਖ ਦਾ ਜੀਵਨ ਬਤੀਤ ਕਰਨ ਵਾਲ਼ੇ ਨੌਜੁਆਨਾਂ ਤੱਕ ਹੀ ਸੀਮਤ ਸੀ, ਉਹ ਜੋ ਆਪਣੇ ਅੰਦਰ ਪਲ਼ਦੀ ਤ੍ਰਿਸਕਾਰ ਦੀ ਪੀੜਾ ਮਹਿਸੂਸ ਕਰਦੇ ਅਤੇ ਇਸ ਨੂੰ ਜ਼ੁਬਾਨ ਦਿੰਦੇ ਜਾਪਦੇ ਸਨ। ਹੇਠਲੇ ਪੱਧਰ ਤੱਕ ਕੋਈ ਲਹਿਰ ਉਹ ਪੈਦਾ ਨਹੀਂ ਸੀ ਕਰ ਰਹੇ। ਇਹੋ ਹਾਲ ਬਾਮਸੇਫ਼ ਦਾ ਸੀ। ਉਹਨਾਂ ਨਾਲ਼ ਵੀ ਜਦ ਮੇਰਾ ਵਾਹ ਪਿਆ ਤਾਂ ਵੇਖਿਆ ਕਿ ਉਹ ਵੀ ਸਾਧਨ ਸੰਪੰਨ ਉਹ ਲੋਕ ਸਨ ਜੋ ਉੱਚੇ ਅਹੁਦਿਆਂ 'ਤੇ ਬਿਰਾਜਮਾਨ ਤੇ ਮਨੂਵਾਦ ਅਰਥਾਤ ਕੱਟੜ ਬ੍ਰਾਹਮਣਵਾਦ ਦੇ ਵਿਰੋਧ ਵਿੱਚ ਲਿਖਤਾਂ ਰਾਹੀਂ ਪਰਚਾਰ ਕਰਦੇ ਸਨ ਜਿਨਾਂ ਦੇ ਘਰ ਉਨੀਂ ਦਿਨੀਂ ਅਮੀਰੀ ਦਾ ਚਿੰਨ ਟੈਲੀਫੋਨ ਲੱਗਿਆ ਹੁੰਦਾ ਸੀ। ਮੈਂ ਉਨ੍ਹਾਂ ਨਾਲ਼ ਵੀ ਇੱਕ ਕਦਮ ਇਸ ਕਰ ਕੇ ਨਾ ਚੱਲ ਸਕਿਆ ਕਿਉਂਕਿ ਉਹ ਪ੍ਰਗਤੀਵਾਦੀ ਲਹਿਰ ਦੇ ਡਟਵੇਂ ਵਿਰੋਧ ਵਿੱਚ ਖੜੇ, ਚਿਮਟੇ ਨਾਲ਼ ਛੂਹਣ ਲਈ ਵੀ ਤਿਆਰ ਨਹੀਂ ਸਨ। ਮੈਂ ਸਮਝਦਾ ਹਾਂ ਕਿ ਦਲਿਤ ਸ਼ਬਦ ਨੂੰ ਪ੍ਰਗਤੀਵਾਦ ਤੋਂ ਨਿਖੇੜ ਕੇ ਨਹੀਂ ਵੇਖਿਆ ਜਾਣਾ ਚਾਹੀਦਾ ਹੈ। ਅੰਬੇਦਕਰਵਾਦੀ ਸੁਰ ਅਤੇ ਪ੍ਰਗਤੀਵਾਦ ਦੀ ਜੋਟੀ ਹੀ ਦਲਿਤ ਸਮਾਜ ਨੂੰ ਸਮਝਣ ਵਿੱਚ ਸਹਾਈ ਹੋ ਸਕਦੀ ਹੈ। ਪਿਛਲੇ ਕੁੱਝ ਸਮੇਂ ਤੋਂ ਖੱਬੀ ਸੋਚ ਇਸ ਪੱਖੋ ਚਿੰਤਨਸ਼ੀਲ ਹੋਈ ਜਾਪਦੀ ਹੈ। ਡਾ. ਸੁਰਿੰਦਰ ਅਜਨਾਤ ਦੇ ਸ਼ਬਦਾਂ ਵਿੱਚ ਜੇ ਅਸੀਂ ਇਸ ਗੱਲੋਂ ਅਵੇਸਲੇ ਰਹੇ ਤੇ ਕੇਵਲ ਜਾਤ ਪਾਤ ਦਾ ਹੀ ਰੌਲਾ ਪਾਉਂਦੇ ਰਹੇ ਅਰਥਾਤ ਜੇ ਤੁਸੀਂ ਦਲਿਤ ਸ਼ਬਦ ਨੂੰ ਸਿਰਫ਼ ਜਾਤ ਨਾਲ਼ ਜੋੜ ਕੇ ਪਰਿਭਾਸ਼ਤ ਕਰੋਗੇ ਤਾਂ ਇੱਕ ਮਨੂੰਵਾਦੀ ਬ੍ਰਾਹਮਣਵਾਦ ਨੂੰ ਖ਼ਤਮ




ਕਰਕੇ ਤੁਸੀਂ ਇੱਕ ਨਵਾਂ ਬ੍ਰਾਹਮਣਵਾਦ (ਦਲਿਤ ਬ੍ਰਾਹਮਣਵਾਦ) ਖੜਾ ਕਰ ਰਹੇ ਹੋਵੋਗੇ। (ਇੰਨ-ਬਿੰਨ ਸ਼ਬਦ ਉਨਾਂ ਦੇ ਨਹੀਂ, ਭਾਵ ਅਰਥ ਉਨਾਂ ਦਾ ਹੀ ਹੈ।)

ਇਹੋ ਜਿਹਾ ਬ੍ਰਾਹਮਣਵਾਦ ਮੈਂ ਆਪਣੇ ਘਰ ਵਿੱਚ ਵੀ ਮਹਿਸੂਸ ਕਰਦਾ ਰਿਹਾ ਸਾਂ। ਮਜ਼੍ਹਬੀ ਸਿੱਖ ਭਾਈਚਾਰੇ ਦਾ ਮਾਸਟਰ ਧਰਮ ਸਿੰਘ ਪਹਿਲਾ ਵਿਅਕਤੀ ਸੀ ਜਿਸ ਨਾਲ਼ ਮੈਂ ਇੱਕ ਭਾਂਡੇ ਖਾਣ ਲੱਗਿਆ। ਇੱਕ ਦਿਨ ਜਦ ਉਹ ਮੇਰੇ ਘਰ ਮੇਰੇ ਨਾਲ਼ ਰੋਟੀ ਖਾ ਰਿਹਾ ਸੀ ਤਾਂ ਉਸ ਦੇ ਜਾਣ ਮਗਰੋਂ ਮੇਰੀ ਮਾਂ ਨੇ ਮੇਰੇ ਨਾਲ਼ ਬਹੁਤ ਕੁੱਤੇ ਖਾਣੀ ਕੀਤੀ ਸੀ। ਸਾਡੇ ਸਕੇ ਪੰਜ ਪਰਿਵਾਰ ਅੰਮ੍ਰਿਤਧਾਰੀ ਸਨ ਜੋ ਜੋੜੇ ਜੁੱਤੀ ਦਾ ਕੰਮ ਕਰਨ ਵਾਲ਼ਿਆਂ ਦੇ ਹੱਥਾਂ ਦਾ ਪੱਕਿਆ ਜਾਂ ਛੂਹਿਆ ਨਹੀਂ ਸੀ ਖਾਂਦੇ। ਮੈਨੂੰ ਯਾਦ ਹੈ ਕਿ ਕਿਸੇ ਘਰ ਨੇ ਖੁਸ਼ੀ ਗ਼ਮੀ ਮੌਕੇ ਚੌਲਾਂ ਜਾਂ ਕੜਾਹ ਦਾ ਕੜਾਹਾ ਕੱਢਣਾ ਹੁੰਦਾ ਤਾਂ ਮੇਰੇ ਬਾਬੇ ਦੇ ਹੱਥ ਵਿੱਚ ਮਸੱਦ ਜਾਂ ਖੁਰਚਣਾ ਹੁੰਦਾ ਸੀ। ਉਹ ਪਕਵਾਨ ਹੀ ਸਾਡੇ ਘਰ ਆਉਂਦਾ ਸੀ ਜਾਂ ਸੁੱਕਾ ਰਾਸ਼ਨ ਲਿਆ ਜਾਂਦਾ ਸੀ। ਸੁਰਤ ਸਿਰ ਹੋ ਕੇ ਮੈਨੂੰ ਇਹ ਸਭ ਕੁੱਝ ਅਜੀਬ ਲੱਗਣ ਲੱਗਿਆ।

ਇਸ ਵਿੱਚ ਵੀ ਕੋਈ ਸ਼ੱਕ ਨਹੀਂ ਕਿ ਅਖੌਤੀ ਉੱਚ ਜਾਤੀਆਂ ਵੱਲੋਂ ਮੈਨੂੰ ਤ੍ਰਿਸਕਾਰ ਵੀ ਬਹੁਤ ਸਹਿਣਾ ਪਿਆ ਹੈ। ਇਸ ਤ੍ਰਿਸਕਾਰ ਪਿੱਛੇ ਵੱਡੀ ਗੱਲ ਇਹ ਰਹੀ ਕਿ ਮੈਂ ਹੀਣ-ਭਾਵ ਦਾ ਸ਼ਿਕਾਰ ਨਹੀਂ ਸਾਂ, ਆਪਣੇ ਆਪ ਨੂੰ ਖੱਬੀ-ਖਾਨ ਸਮਝ ਕੇ ਹਰ ਥਾਂ ਬਗੈਰ ਝਿਜਕ ਇਕੱਠ ਵਿੱਚ ਘੁਸੜ ਕੇ ਖਾਣ-ਪੀਣ ਲੱਗ ਜਾਂਦਾ ਸਾਂ। ਕਦੇ ਆਪਣੇ ਆਪ ਨੂੰ ਹੀਣੀ ਜਾਤ ਦਾ ਨਹੀਂ ਸੀ ਸਮਝਿਆ। ਬ੍ਰਾਹਮਣਵਾਦੀ ਸੰਸਕਾਰਾਂ ਦਾ ਸ਼ਿਕਾਰ ਸਵਰਨ ਜਾਤੀਆਂ ਦੇ ਲੋਕ ਕਹਿ ਕੁੱਝ ਨਹੀਂ ਸੀ ਸਕਦੇ ਪਰ ਢੰਗ ਨਾਲ਼ ਅਪਮਾਨਤ ਕਰਨ ਦੀ ਕਸਰ ਵੀ ਨਹੀਂ ਸੀ ਛੱਡਦੇ। ਇਹ ਸਭ ਕੁੱਝ ਸਮਾਜ ਵਿੱਚ ਵਾਪਰਦੇ ਸੰਸਕਾਰਕ ਯਥਾਰਥ ਕਰਕੇ ਹੀ ਸੀ, ਉਨਾਂ ਦੇ ਕਸੂਰ ਕਰਕੇ ਨਹੀਂ ਸੀ। ਸਵਰਨ ਜਾਤੀਏ ਸੰਸਕਾਰਾਂ ਨੂੰ ਇੱਕ ਪਲ ਲਈ ਲਾਂਭੇ ਕਰ ਕੇ ਸੋਚੀਏ।

ਰਾਮਦਾਸੀਆ ਸਿੱਖ ਅਧਿਆਪਕ ਵਾਲ਼ਾ ਮੈਟਰੀਮੋਨੀਅਲ ਦੇ ਕੇ ਹੋਈ ਸ਼ਾਦੀ ਤੋਂ ਬਾਅਦ ਵੀ ਮੈਂ ਸੰਤਾਪ ਭੋਗ ਰਿਹਾ ਹਾਂ। ਚਾਰ ਬੱਚਿਆਂ ਦਾ ਬਾਪ ਹੋ ਕੇ ਵੀ ਮੈਂ ਅਜੇ ਤੱਕ ਰਾਮਦਾਸੀਆ ਸਿੱਖ ਨਹੀਂ ਬਣ ਸਕਿਆ। ਆਪਣੇ ਆਪ ਨੂੰ ਰਾਮਦਾਸੀਏ ਜੁਲਾਹੇ ਅਖਵਾਉਣ ਵਾਲ਼ੇ ਸਹੁਰਾ ਪਰਿਵਾਰ ਅਤੇ ਉਨਾਂ ਦੇ ਸਭ ਰਿਸ਼ਤੇਦਾਰਾਂ ਵੱਲੋਂ ਇੱਕੋ ਸ਼ਬਦ ਝੋਲ਼ੀ ਪੈਂਦਾ ਰਿਹਾ ਹੈ ਕਿ ਇਹ ਚਮਾਰ ਰਾਮਦਾਸੀਆ ਕਿਵੇਂ ਬਣ ਗਿਆ? ਸਾਡੇ ਪਰਿਵਾਰ ਦੀ ਹੀ ਨਹੀਂ, ਕੁੱਲ ਰਿਸ਼ਤੇਦਾਰਾਂ ਦੀ ਸਿੱਖੀ ਸੇਵਕੀ ਅਤੇ ਰਹਿਤ ਮਰਿਆਦਾ ਅਤੇ ਤਾਣੀ ਬੁਣਕਰਾਂ ਵਾਲ਼ਾ ਕਿੱਤਾ ਵੀ ਕਿਸੇ ਕੰਮ ਨਾ ਆਏ। ਜਿਵੇਂ ਸਾਡਾ ਖ਼ਾਨਦਾਨ ਆਪਣੇ ਹੀ ਭਾਈਚਾਰੇ ਤੋਂ ਸੂਗ ਮੰਨਦਾ ਸੀ, ਉਵੇਂ ਹੀ ਇਹ ਲੋਕ ਮੇਰੇ ਤੋਂ ਏਸ ਕਦਰ ਦੂਰ ਹੋ ਗਏ ਹਨ ਕਿ ਸਹੁਰਿਆਂ ਵੱਲੋਂ ਮੇਰਾ ਕਿਸੇ ਵੀ ਸਾਕ ਸਕੀਰੀ ਵਿੱਚ ਜਾਣ ਆਉਣ ਨਹੀਂ ਰਿਹਾ। ਹਰ ਥਾਂ ਇੱਕੋ ਸ਼ਬਦ (ਚਮਾਰ) ਸੁਣਦਿਆਂ ਜ਼ਲਾਲਤ ਦਾ ਸਾਮਣਾ ਕਰਨਾ ਪੈਂਦਾ ਰਿਹਾ ਹੈ। ਦਲਿਤ ਸ਼ਬਦ ਦੀ ਕਿੱਥੋਂ ਕੁ ਤੱਕ ਸੀਮਾ ਹੈ? ਮੈਨੂੰ ਸਮਝਣ ਵਿੱਚ ਕੋਈ ਦਿੱਕਤ ਨਹੀਂ ਆਈ। ਜੇ ਜਾਤ ਆਧਾਰਤ ਦਲਿਤ ਸ਼ਬਦ ਦੀ ਪਰਿਭਾਸ਼ਾ ਕਰੋਗੇ ਤਾਂ ਜਾਤ ਦਰ ਜਾਤ ਦਲਿਤ ਸ਼੍ਰੇਣੀ ਦੀਆਂ ਅਨੇਕਾਂ ਪਰਤਾਂ ਦ੍ਰਿਸ਼ਟਮਾਨ ਹੋਣਗੀਆਂ। ਅਨੁਸੂਚਿਤ ਜਾਤੀਆਂ, ਪਛੜੀਆਂ ਸ਼੍ਰੇਣੀਆਂ, ਇੱਥੋਂ ਤੱਕ ਕਿ ਜਨ ਜਾਤੀਆਂ ਦੀ ਹਰੇਕ ਉੱਪਰਲੀ ਪਰਤ ਹੇਠਲੀ ਪਰਤ ਲਈ ਬ੍ਰਾਹਮਣਵਾਦ ਦੇ ਰੂਪ ਵਿੱਚ ਪ੍ਰਗਟ ਹੋਵੇਗੀ ਤੇ ਹੇਠਲੀ ਜਾਤ ਸ਼ੂਦਰ। ਇਹ ਵਰਤਾਰਾ ਝੁੱਗੀ ਝੌਂਪੜੀ ਵਿੱਚ ਜੂਨ ਗੁਜ਼ਾਰਾ ਕਰਦੇ ਕੂੜ-ਕਬਾੜ ਚੁਗਦੇ ਲੋਕਾਂ ਵਿੱਚ ਵੀ ਦੇਖਿਆ ਜਾ ਸਕਦਾ ਹੈ।

ਮੇਰੀ ਦਲਿਤ ਸ਼ਬਦ ਬਾਰੇ ਆਪਣੀ ਧਾਰਨਾ ਹੈ, ਜੋ ਜ਼ਰੂਰੀ ਨਹੀਂ ਕਿ ਹਰ ਕੋਈ ਇਸ ਨਾਲ਼ ਸਹਿਮਤ ਹੋਵੇ। ਮੈਂ ਇਸ ਦੇ ਤਿੰਨ ਪੜਾਅ ਮੰਨ ਕੇ ਚੱਲਦਾ ਹਾਂ। ਦਲਿਤਪੁਣਾ, ਦਲਿਤਵਾਦ ਤੇ ਦਲਿਤ ਚਿੰਤਨ। ਪਹਿਲਾ ਪੜਾਅ ਮੈਨੂੰ ਰੂੜੀਵਾਦੀ ਪੜਾਅ ਜਾਪਦਾ ਹੈ, ਜਿਸ ਵਿੱਚ ਉੱਚੀਆਂ ਸ਼੍ਰੇਣੀਆਂ ਦੁਆਰਾ ਹੁਣ ਤੱਕ ਕੀਤੇ ਗਏ ਨਿਰਾਦਰ ਦਾ ਰੋਣਾ ਰੋ ਕੇ ਨਫ਼ਰਤ ਦੇ ਬੀਜ ਹੀ ਬੀਜਣ ਦੀ ਰਾਜਨੀਤੀ ਚੱਲਦੀ ਹੈ। ਦੂਜੇ ਪੜਾਅ ਵਿੱਚ ਕੁੱਝ ਨਾ ਕੁੱਝ ਤਰਕ ਅਤੇ ਸਹਿਜਤਾ ਦਾ ਖ਼ਿਆਲ ਰੱਖਦਿਆਂ ਬਦਲ ਤਲਾਸ਼ਣ ਦੀ ਗੱਲ ਕੀਤੀ ਹੁੰਦੀ ਹੈ। ਤੀਜਾ ਪੜਾਅ ਪ੍ਰਗਤਵਾਦੀ ਦਲਿਤ ਚਿੰਤਨ ਦਾ ਪੜਾਅ ਹੈ, ਜਿਸ ਵਿੱਚ ਕ੍ਰਾਂਤੀਕਾਰੀ ਬਦਲ ਕੇਵਲ ਜਮਾਤੀ ਸੰਘਰਸ਼ ਦੁਆਰਾ ਹੀ ਆ ਸਕਦਾ ਹੈ। ਇਹ ਵੱਖਰੀ ਗੱਲ ਹੈ ਕਿ ਖੱਬੀਆਂ ਧਿਰਾਂ ਪ੍ਰੋਲਤਾਰੀ ਇਨਕਲਾਬ ਦੀਆਂ ਜਮਾਂ ਜ਼ੁਬਾਨੀ ਤਾਂ ਟਾਹਰਾਂ ਮਾਰਦੀਆਂ ਰਹੀਆਂ ਪਰ ਇਸ ਤੱਤ ਨੂੰ ਸਮਝ ਨਾ ਸਕੀਆਂ ਜਿਸ ਕਰਕੇ ਜਾਤੀਵਾਦ ਫੈਲਣ ਨੂੰ ਆਧਾਰ ਮਿਲ਼ਦਾ ਰਿਹਾ ਹੈ। ਇਨਾਂ ਧਿਰਾਂ ਦਾ ਇਹ ਵੀ ਦੁਖਾਂਤ ਰਿਹਾ ਕਿ ਇਹ ਜਾਤ-ਪਾਤ ਦੇ ਮੁੱਦੇ ਨੂੰ ਇਨਕਲਾਬ ਤੋਂ ਬਾਅਦ ਸੱਭਿਆਚਾਰਕ ਇਨਕਲਾਬ ਦੌਰਾਨ ਨਜਿੱਠਣ ਦੀ ਗੱਲ ਕਰਦੇ ਹੋਏ ਮਾਰਕਸੀ ਚਿੰਤਨ ਦੇ ਮੂਲ ਸਿਧਾਂਤ (ਵਿਰੋਧਤਾਈਆਂ ਦੀ ਅੰਤਰ ਸਬੰਧਤਾ) ਤੋਂ ਅੱਖਾਂ ਮੀਟ ਕੇ ਚੱਲਦੇ ਰਹੇ। ਸ਼ੁਰੂ ਵਿੱਚ ਨਕਸਲੀ ਅੰਦੋਲਨ ਵੀ ਕੇਵਲ ਕਿਸਾਨੀ ਉੱਪਰ ਨਿਰਭਰ ਰਿਹਾ, ਇਸ ਨੇ ਦਲਿਤ ਵਿਹੜਿਆਂ ਵੱਲ ਧਿਆਨ ਨਹੀਂ ਸੀ ਕੀਤਾ।

ਮੇਰੀ ਸਾਹਿਤ ਯਾਤਰਾ ਨਾਲ਼ ਦਲਿਤ ਸ਼ਬਦ ਜੋੜਨ ਪਿੱਛੇ ਇੱਕ ਗੱਲ ਸਾਫ਼ ਹੈ ਕਿ ਇਹ ਸਮਾਜ ਵਿੱਚ ਮੇਰੇ ਜਾਤ ਆਧਾਰਤ ਸਥਾਨ ਨੂੰ ਮੁੱਖ ਰੱਖ ਕੇ ਨਿਸ਼ਾਨਦੇਹੀ ਕੀਤੀ ਗਈ ਹੈ। ਸੱਤਰਵਿਆਂ ਵਿੱਚ ਇਹ ਗੱਲ ਨਹੀਂ ਸੀ। ਉਦੋਂ ਅਸੀਂ ਮੈਂ ਤੇ ਵਰਿਆਮ ਸੰਧੂ ਇੱਕੋ ਸਮੇਂ ਜੁਝਾਰ ਸਾਹਿਤਕ ਲਹਿਰ ਸਮੇਂ ਪਰਵਾਨ ਚੜ੍ਹੇ ਸਾਂ ਤੇ ਸਾਡਾ ਦੁਹਾਂ ਦਾ ਕਹਾਣੀ ਵਿੱਚ ਬਰਾਬਰ ਦਾ ਸਥਾਨ ਸੀ। ਸਾਡਾ ਦੁਹਾਂ ਦਾ ਨਾਂ ਹੀ ਅੱਗੇ ਪਿੱਛੇ ਆਉਂਦਾ ਸੀ ਜਦ ਵੀ ਕਹਾਣੀ ਦੀ ਪ੍ਰਗਤੀਵਾਦੀ ਸੁਰ ਦੀ ਗੱਲ ਚੱਲਦੀ ਸੀ। ਛੂਤ-ਛਾਤ ਦੇ ਮੁੱਦੇ 'ਤੇ ਮੇਰੀ ਜੋ ਵੀ ਕੋਈ ਕਹਾਣੀ ਹੈ, ਉਸ ਵਿੱਚੋਂ ਤੁਹਾਨੂੰ ਮੇਰੀ ਪ੍ਰਗਤੀਵਾਦੀ ਸੁਰ ਹੀ ਦਿਖਾਈ ਦੇਵੇਗੀ। ਮੈਂ ਦਲਿਤ ਸ਼ਬਦ ਦੇ ਅਰਥ ਜਾਤ ਤੋਂ ਨਹੀਂ ਲੈਂਦਾ ਦਲਿਤ ਸਮਾਜ ਤੋਂ ਲੈਂਦਾ ਹਾਂ। ਇਸ ਤਰਾਂ ਮੈਨੂੰ ਪਹਿਲੀ ਵਾਰ ਪ੍ਰਗਤਵਾਦੀ ਕਹਾਣੀ ਦੇ ਪਿੜ ਵਿੱਚੋਂ ਕੱਢ ਕੇ ਦਲਿਤ ਜਾਤ ਨਾਲ਼ ਜੋੜ ਦਿੱਤਾ ਗਿਆ। ਮੈਂ ਸਮਝਦਾ ਹਾਂ ਕਿ ਇਸ ਨੂੰ ਜਮਾਤੀ ਦ੍ਰਿਸ਼ਟੀਕੋਣ ਤੋਂ ਹੀ ਹੋਰ ਜ਼ਿਆਦਾ ਸਪੱਸ਼ਟਤਾ ਨਾਲ਼ ਸਮਝਿਆ ਜਾ ਸਕਦਾ ਹੈ।

ਤਿੰਨ ਯੂਨੀਵਰਸਿਟੀਆਂ ਦੇ ਸਿਲੇਬਸ ਦਾ ਹਿੱਸਾ ਬਣੀਆਂ ਮੇਰੀਆਂ ਬਹੁਚਰਚਿਤ ਕਹਾਣੀਆਂ- 'ਬਠਲੂ ਚਮਿਆਰ' ਅਤੇ 'ਨੂੰਹਾਂ'-ਤੋਂ ਇਲਾਵਾ ਕਹਾਣੀ 'ਸਰਪੰਚੀ' ਅਤੇ ਰਸਗੁੱਲੇ ਦੀ ਉਦਾਹਰਣ ਲਈ ਜਾ ਸਕਦੀ। ਜਾਤੀ ਪਾਤੀ ਪੱਧਰ 'ਤੇ ਵਿਚਰਦੇ ਸੁੰਦਰ ਰਾਮਦਾਸੀਏ ਦਾ ਭਾਰਾ ਬੱਠਲ਼ ਚੁੱਕਣ ਕਰਕੇ ਨਾਂ ਬਠਲੂ ਚਮਿਆਰ ਪੈ ਗਿਆ ਪਰ ਉਸ ਦੀ ਮੌਤ ਦਾ ਕਾਰਨ ਉਸ ਦਾ ਨੀਵੀਂ ਜਾਤ ਦਾ ਹੋਣਾ ਨਹੀਂ ਬਣਦਾ ਸਗੋਂ ਸਮਾਜ ਵਿੱਚ ਜੋ ਅਸਾਵਾਂਪਣ ਹੈ, ਉਹ ਬਣਦਾ ਹੈ। ਪੰਚਾਇਤੀਏ ਜਿਸ ਤਰਾਂ ਉਸ ਦਾ ਸ਼ੋਸ਼ਨ ਕਰਦੇ ਹਨ, ਮਾਰਕਸਵਾਦੀ ਆਲੋਚਕ ਮਰਹੂਮ ਡਾ. ਟੀ. ਆਰ. ਵਿਨੋਦ ਦੇ ਇਨਾਂ ਵਿਚਾਰਾਂ ਤੋਂ ਸਮਝ ਸਕਦੇ ਹਾਂ ਕਿ ਕਹਾਣੀ ਦਾ ਨਾਇਕ ਸੁੰਦਰ, ਨਗਰ ਦੀ ਸੇਵਾ ਜਿਹੀਆਂ ਕੀਮਤਾਂ ਉੱਪਰ ਪਹਿਰੇਦਾਰੀ ਕਰਦਾ ਹੈ। ਪਿੰਡ ਦੀ ਇਕ ਸਦਾਚਾਰਕ ਮਰਿਆਦਾ ਹੈ, ਸੇਵਾ ਭਾਵਨਾ ਪਰ ਸੱਤਾ ਸੰਪੰਨ ਲੋਕ ਉਸ ਦੇ ਇਸ ਸਦਾਚਾਰ ਦਾ ਸੋਸ਼ਣ ਕਰਦੇ ਹਨ। ਯਾਨੀ ਇਹ ਸਦਾਚਾਰ ਹੀ ਉਸ ਦੀ ਮੌਤ ਦਾ ਕਾਰਨ ਬਣਦਾ ਹੈ ਨਾ ਕਿ ਉਸ ਦੀ ਹੀਣੀ ਜਾਤ।

'ਨੂੰਹਾਂ' ਕਹਾਣੀ ਅਸਲੋਂ ਵੱਖਰੇ ਸੰਦਰਭ ਦੀ ਕਹਾਣੀ ਹੈ। ਦੋ ਵਕੀਲ ਇੱਕ ਮਜ਼ਬੀ ਤੇ ਦੂਜਾ ਰਾਮਦਾਸੀਆ ਭਾਈਚਾਰੇ 'ਚੋ ਸ਼ਹਿਰ ਵਿੱਚ ਆਪਣੀ ਜਾਤ ਛੁਪਾਉਣ ਲਈ ਕਟਾਰੀਆ ਤੇ ਵਾਲੀਆ ਗੋਤ ਦੀਆਂ ਤਖ਼ਤੀਆਂ ਬੂਹਿਆਂ ਅੱਗੇ ਲਟਕਾ ਲੈਂਦੇ ਹਨ। ਛੂਤ-ਛਾਤ ਦੇ ਤਰਲ ਹੋ ਗਏ ਯਥਾਰਥ ਦੌਰਾਨ ਵੀ ਕਿਸੇ ਸੰਭਾਵੀ ਤ੍ਰਿਸਕਾਰ ਦੇ ਡਰੋਂ, ਉਨ੍ਹਾਂ ਨੂੰ ਆਪਣੀ ਜਾਤ ਛੁਪਾਉਣ ਵਿੱਚ ਵਾਜਬੀਅਤ ਜਾਪਦੀ ਹੈ। ਕਟਾਰੀਆ ਆਪਣੀ ਕੋਠੀ ਦੀ ਦੂਜੀ ਮੰਜ਼ਿਲ ਦੀ ਉਸਾਰੀ ਲਈ ਲੇਬਰ ਚੌਕ ਵਿੱਚ ਮਜ਼ਦੂਰ ਲੈਣ ਜਾਂਦਾ ਹੈ ਤਾਂ ਹਰਦਮ ਨਾਂ ਦਾ ਸੁਹਣਾ ਸੁਣੱਖਾ ਜੱਟ ਭਾਈਚਾਰੇ ਦਾ ਮੁੰਡਾ ਵੀ ਦਿਹਾੜੀ ਕਰਨ ਲਈ ਮਜ਼ਦੂਰਾਂ ਦੀ ਕਤਾਰ ਵਿੱਚ ਖੜ੍ਹਾ ਹੈ। ਬੇਸ਼ੱਕ ਹਰਦਮ ਦੀ ਧੌਣ ਵਿੱਚ ਜੱਟਪੁਣੇ ਦਾ ਕਿੱਲਾ ਮੌਜੂਦ ਹੈ ਪਰ ਮੇਰੇ ਜ਼ਿਹਨ ਵਿੱਚ ਉਸ ਦਾ ਜੋ ਨਕਸ਼ਾ ਉੱਭਰਦਾ ਹੈ, ਉਹ ਇੱਕ ਦਲਿਤ ਪਾਤਰ ਵਾਲ਼ਾ ਹੀ ਉੱਭਰਦਾ ਹੈ, ਬੇਸ਼ੱਕ ਉਹ ਨਸ਼ਿਆਂ ਦੀ ਲਤ ਪੂਰੀ ਕਰਨ ਲਈ ਹੀ ਦਿਹਾੜੀ ਕਰਨ ਲਈ ਮਜਬੂਰ ਹੋਇਆ ਹੋਵੇ।

ਸਰਪੰਚੀ ਕਹਾਣੀ ਇਸ ਨਾਲ਼ੋਂ ਵੀ ਵੱਖਰਾ ਬਿਰਤਾਂਤ ਸਿਰਜਦੀ ਹੈ। ਇੱਥੇ ਦੋ ਜਾਤਾਂ-ਮਜ਼ਬੀ ਅਤੇ ਰਾਮਦਾਸੀਆ-ਵਿੱਚਲਾ ਆਪਸੀ ਟਕਰਾ ਤੇ ਖਿੱਚੋਤਾਣ ਇਸ ਦਾ ਵਿਸ਼ਾ ਵਸਤੂ ਬਣਦਾ ਹੈ। ਪਿੰਡ ਦੇ ਕੁੱਝ ਮਹਾਜਨ ਤੇ ਪਛੜੀਆਂ ਸ਼੍ਰੇਣੀਆਂ ਦੇ ਲੋਕ ਪਿੰਡ ਦੇ ਦੁਹਾਂ ਵਿਹੜਿਆਂ ਦੇ ਲੋਕਾਂ ਨੂੰ ਪ੍ਰੇਰ ਕੇ ਕਰਤਾਰ ਸਿਉਂ ਸਿੱਖ (ਰਾਮਦਾਸੀਆ) ਨੂੰ ਸਰਪੰਚੀ ਲਈ ਖੜ੍ਹਾ ਕਰ ਲੈਂਦੇ ਹਨ। ਮਜ਼੍ਹਬੀ ਸਿੱਖਾਂ ਦੀ ਖੂਹੀ ਤੋਂ ਪਾਣੀ ਦੀਆਂ ਚੂਲ਼ੀਆਂ ਭਰ ਕੇ ਕਰਤਾਰ ਸਿਉਂ ਨੂੰ ਵੋਟਾਂ ਪਾਉਣ ਦੀਆਂ ਸਹੁੰਆਂ ਵੀ ਖਾਧੀਆਂ ਜਾਂਦੀਆਂ ਹਨ। ਰਾਤ ਨੂੰ ਸਰਪੰਚੀ ਦੇ ਚੋਣ ਦੰਗਲ਼ ਵਿੱਚ ਖੜ੍ਹਾ ਵੈਲੀ ਕਿਸਮ ਦਾ ਮਾਚੇਤੋੜ ਵੀਹ-ਵੀਹ ਸੇਰ ਬਾਜਰਾ ਮਜ਼੍ਹਬੀਆਂ ਦੇ ਵਿਹੜੇ ਵਿੱਚ ਵੰਡ ਜਾਂਦਾ ਹੈ। ਫਲਸਰੂਪ ਕਰਤਾਰ ਸਿੰਘ ਦੀ ਜ਼ਮਾਨਤ ਜ਼ਬਤ ਹੋ ਜਾਂਦੀ ਹੈ ਤੇ ਉਹ ਮੰਜੇ ਦੇ ਪਾਵੇ ਉੱਪਰ ਉਂਗਲਾਂ ਨਾਲ਼ ਤਾਲ ਦਿੰਦਾ ਇਹ ਗਾਉਣ ਜੋਗਾ ਰਹਿ ਜਾਂਦਾ ਹੈ-"ਇੱਕ ਤੱਕਿਆ ਸਹਾਰਾ ਤੇਰੇ ਨਾਮ ਦਾ ਹੋਰ ਸਭੇ ਢਾਹੀਆਂ ਢੇਰੀਆਂ।" ਇਹ ਜਾਤ ਆਧਾਰਤ ਰਾਜਨੀਤੀ ਨਹੀਂ, ਇਸ ਦੇ ਪਿੱਛੇ ਛੁਪੇ ਕਾਰਨਾਂ ਨੂੰ ਸਮਝਣਾ ਪਵੇਗਾ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਮੈਂ ਜਿਸ ਵਰਗ 'ਚ ਜਨਮ ਲੈ ਕੇ ਸੁਰਤ ਸੰਭਾਲ਼ੀ ਸੀ, ਉਸ ਵਿੱਚ ਵਿਚਰਦਿਆਂ ਮੇਰੇ ਅੰਦਰ ਛੇਵੀਂ ਵਿੱਚ ਪੜ੍ਹਦਿਆਂ ਕੁੱਝ ਬਾਗ਼ੀ ਸੁਰਾਂ ਨੇ ਜਨਮ ਲੈ ਲਿਆ ਸੀ। ਪਰਿਵਾਰਕ ਪੱਧਰ ਆਮ ਲੋਕਾਂ ਨਾਲ਼ੋਂ ਕੁੱਝ ਕੁ ਉੱਪਰ ਅਤੇ ਸਿੱਖੀ ਰਹਿਤ ਮਰਿਆਦਾ ਵਿੱਚ ਕੁੱਝ ਜ਼ਿਆਦਾ ਹੀ ਪਰਪੱਕ ਹੋਣ ਦਾ ਕਾਰਨ ਵੀ ਹੋ ਸਕਦਾ ਹੈ ਕਿ ਮੈਂ ਆਪਣੇ ਆਪ ਨੂੰ ਕੁੱਝ ਜ਼ਿਆਦਾ ਹੀ ਖੱਬੀ ਖਾਨ ਸਮਝਣ ਲੱਗ ਪਿਆ ਸਾਂ। ਸ਼ਾਇਦ ਇਹੋ ਕਾਰਨ ਸੀ ਕਿ ਇੱਕ ਦਿਨ ਮੈਂ ਸਕੂਲ ਵਿੱਚ ਰੱਖੇ ਪਾਣੀ ਵਾਲ਼ੇ ਘੜੇ ਵਿੱਚੋਂ ਆਪੇ ਡੱਬਾ ਚੁੱਕ ਕੇ ਪਾਣੀ ਪੀਣ ਦੀ ਜ਼ੁਰਅਤ ਕਰ ਗਿਆ ਸੀ। ਬਹੁਤ ਹੋ-ਹੱਲਾ ਮੱਚਿਆ ਸੀ, ਸਕੂਲ ਵਿੱਚ। ਫਿਰ ਇਵੇਂ ਜਿਵੇਂ ਸਕੂਲ ਦੇ ਸਾਹਮਣੇ ਵੱਡੇ ਖੂਹ ਉੱਪਰ ਲੱਗੀ ਹਰਟੀ ਦੇ ਪਾੜਛੇ ਮੂਹਰੇ ਬੁੱਕ ਕਰ ਕੇ ਪਾਣੀ ਪੀਣ ਨਾਲ਼ ਪਿੰਡ ਵਿੱਚ ਹੀ ਧਮਰੋਹਲ਼ ਮੱਚ ਗਿਆ ਸੀ। ਪਿੰਡ ਵਿੱਚ ਲੱਗੇ ਪਿਆਉ ਤੋਂ ਵੀ ਮੈਂ ਆਪੇ ਪਾਣੀ ਪੀ ਜਾਂਦਾ, ਭਾਵੇਂ ਉੱਥੇ ਮਹਿਰਾ ਸਿੱਖ ਵੀ ਬਿਠਾਇਆ ਹੁੰਦਾ। ਪਿੰਡ ਵਿੱਚ ਚਲਦੀਆਂ ਵੈਲੀਆਂ ਨਾਲ਼ ਦੁਸ਼ਮਣੀਆਂ ਕਾਰਨ ਸਾਡੇ ਪਰਿਵਾਰ ਦੀ ਪਿੰਡ ਵਿੱਚ ਧਾਂਕ ਵੀ ਬੈਠੀ ਹੋਈ ਸੀ। ਯਾਦ ਆਉਂਦਾ ਹੈ ਜਦੋਂ ਛੇਵੀਂ ਜਮਾਤ ਵਿੱਚ ਚਾਰ ਪੈਸੇ ਕਮਾਉਣ ਦੇ ਲਾਲਚ ਵਿੱਚ ਹਾੜੀ ਦੀ ਵਾਢੀ ਮੌਕੇ ਦਿਹਾੜੀ ਜਾਣ ਲੱਗਿਆ ਸਾਂ ਤਾਂ ਪਰਨੇ ਦੇ ਲੜ ਬੰਨੀ ਬਾਟੀ ਬਹੁਤ ਸੰਤਾਪ ਦਿੰਦੀ ਸੀ। ਸਾਹਮਣੇ ਤੋਂ ਆ ਰਹੇ ਸਕੂਲ ਦੇ ਮੁੰਡਿਆਂ ਨੂੰ ਦੇਖ ਕੇ ਮੇਰੇ ਕੋਲ਼ੋਂ ਜਿਵੇਂ ਬਾਟੀ ਛੁਪਾਈ ਨਾ ਜਾਂਦੀ। ਆਪਣੇ ਅੰਦਰ ਤਿੱਖਾ ਹੋ ਰਿਹਾ ਵਿਰੋਧ ਮੈਂ ਸ਼ਿੱਦਤ ਨਾਲ਼ ਮਹਿਸੂਸ ਕਰਨ ਲੱਗ ਪਿਆ ਸਾਂ। ਇਹ ਅਹਿਸਾਸ ਹੀ ਮੇਰੇ ਲਈ ਸੰਤਾਪ ਦਾ ਕਾਰਨ ਵੀ ਬਣਦਾ ਰਿਹਾ ਜੋ ਅੱਗੇ ਜਾ ਕੇ 'ਅੱਕ ਦਾ ਦੁੱਧ' ਤੇ ਫਿਰ ਅਕਸੀਰ ਵੀ ਬਣਿਆ।

ਕੁੱਝ ਇਹੋ ਜਿਹੇ ਅਹਿਸਾਸ ਸਰਵਿਸ ਦੌਰਾਨ ਵੀ ਸਤਾਉਂਦੇ ਰਹੇ। ਸੰਖੇਪਤਾ ਅਤੇ ਸੰਜਮਤਾ ਦਾ ਖ਼ਿਆਲ ਰੱਖਦਿਆਂ ਉਸ ਸੰਤਾਪ ਨੂੰ ਮੈਂ ਇੱਥੇ ਨਹੀਂ ਦੁਹਰਾਵਾਂਗਾ, ਬੱਸ ਏਨੀ ਗੱਲ ਕਹਿਣ ਦੀ ਆਗਿਆ ਨਾਲ਼ ਇਹ ਜ਼ਰੂਰ ਆਖਾਂਗਾ ਕਿ ਬਹੁਤ ਤ੍ਰਿਸਕਾਰ ਸਹਿਣਾ ਪਿਆ, ਉਮਰ ਭਰ। ਛੂਆ-ਛੂਤ ਨਾਲ਼ੋਂ ਰੁਤਬੇ ਪ੍ਰਤੀ ਤਿਸਕਾਰ ਦਾ ਵਧੇਰੇ ਸਾਮਣਾ ਕਰਨਾ ਪਿਆ। ਜਦ ਮੈਂ ਕਹਾਣੀ ਲਿਖਣ ਵੱਲ ਮੋੜਾ ਕੱਟਿਆ

ਤਾਂ ਮੈਂ ਇੱਕ ਵੀ ਕਹਾਣੀ ਆਪਣੇ ਇਸ ਵਰਤਾਰੇ ਬਾਰੇ ਨਹੀਂ ਲਿਖੀ। ਨਾਨਕ ਸਿੰਘ ਦਾ ਜ਼ਿਆਦਾ ਪ੍ਰਭਾਵ ਸੀ, ਜਿਸ ਕਰ ਕੇ ਉਸ ਦੀ ਰੁਮਾਂਟਕ ਆਦਰਸ਼ਵਾਦੀ ਰੰਗਤ ਵਾਲ਼ੀ ਸੁਰ ਹੀ ਮੇਰੀਆਂ ਕਹਾਣੀਆਂ ਵਿੱਚ ਸ਼ਾਮਲ ਹੁੰਦੀ ਸੀ। ਸੱਤਰਵਿਆਂ ਦੀ ਇਨਕਲਾਬੀ ਸਾਹਿਤਕ ਲਹਿਰ ਦੌਰਾਨ ਵੀ ਹਾਸ਼ੀਏ ਤੋਂ ਬਾਹਰ ਧੱਕੇ ਲੋਕਾਂ ਬਾਰੇ ਲਿਖਣ ਦਾ ਕੋਈ ਉਭਾਰ ਨਹੀਂ ਸੀ। ਗੁਰਸ਼ਰਨ ਸਿੰਘ ਭਾਅ ਜੀ ਦੁਆਰਾ ਬਲਰਾਜ ਸਾਹਨੀ ਘਰੇਲੂ ਪੁਸਤਕਾਲਾ ਪ੍ਰਕਾਸ਼ਨ ਦੁਆਰਾ ਛਾਪੇ- 'ਮਾਸ ਖ਼ੋਰੇ'-ਕਹਾਣੀ ਸੰਗ੍ਰਹਿ ਦੀਆਂ ਲੱਗ ਪੱਗ ਸਾਰੀਆਂ ਕਹਾਣੀਆਂ ਹੀ ਉਸ ਇਨਕਲਾਬੀ ਰੁਝਾਨ ਦੀਆਂ ਕਹਾਣੀਆਂ ਸਨ/ਹਨ।

'ਟੁੱਟਦੇ ਬਣਦੇ ਰਿਸ਼ਤੇ' ਕਹਾਣੀ ਸੰਗ੍ਰਹਿ ਤੱਕ ਮੇਰੀਆਂ ਕਹਾਣੀਆਂ ਦਾ ਵਿਸ਼ਾ ਆਰਥਕ ਅਸਮਾਨਤਾ ਵੱਲ ਮੋੜਾ ਕੱਟਦਾ ਹੈ। ਪੁਸਤਕ ਦੇ ਸਿਰਲੇਖ ਵਾਲ਼ੀ ਕਹਾਣੀ ਵਿੱਚ ਸਭ ਰਿਸ਼ਤਿਆਂ ਦਾ ਆਧਾਰ ਪੈਸਾ ਬਣਦਾ ਹੈ। ਸਮਾਜ ਨਵੇਂ ਪੂੰਜੀਵਾਦੀ ਮੁੱਲ ਵਿਧਾਨ ਦਾ ਸ਼ਿਕਾਰ ਹੋ ਰਿਹਾ ਹੈ ਤੇ ਰਿਸ਼ਤਾ ਵੀ ਪੈਸੇ ਨਾਲ਼ ਮਿਣਿਆ ਤੋਲਿਆ ਜਾਣ ਲੱਗਾ ਹੈ। ਇੱਕ ਹੋਰ ਕਹਾਣੀ ਸ਼ਰਮ ਨੂੰ ਵਿਚਾਰਿਆ ਜਾ ਸਕਦਾ ਹੈ। ਇਸ ਦਾ ਨਾਇਕ ਗਰੀਬ ਕਿਸਾਨ ਹੈ ਪਰ ਆਪਣੀ ਤੰਗ ਦਸਤੀ ਨੂੰ ਛੁਪਾਉਣ ਦਾ ਹਰ ਹੀਲਾ ਵਰਤਦਾ ਹੈ। ਪਜਾਮੇ ਨੂੰ ਲੱਗੀ ਟਾਕੀ ਛੁਪਾ ਕੇ ਸੱਥ ਵਿੱਚੋਂ ਲੰਘਦਿਆਂ ਤੇ ਆੜ੍ਹਤੀਏ ਤੋਂ ਲੋੜ ਅਨੁਸਾਰ ਲਈ ਨਿਗੂਣੀ ਰਕਮ ਨਾਲ਼ ਖ਼ਰੀਦਿਆ ਥੋੜਾ ਬਹੁਤ ਨਿੱਕ-ਸੁੱਕ ਲੈ ਕੇ ਜਦ ਸੱਥ ਵਿੱਚੋਂ ਲੰਘਦਾ ਹੈ ਤੇ ਇਉਂ ਰੋਅਬ ਜਮਾਉਂਦਾ ਜਾਪਦਾ ਹੈ, ਜਿਵੇਂ ਕਹਿ ਰਿਹਾ ਹੋਵੇ-ਮੈਂ ਲੰਡੀ-ਬੁੱਚੀ ਨਹੀਂ ਜਿਹੜਾ ਜੁਆਕਾਂ ਨੂੰ ਝੋਲ਼ੀ ਵਿੱਚ ਦਾਣੇ ਪਾ ਕੇ ਹੱਟੀ ਭੇਜਦਾ ਹੋਵੇ। ਸ਼ਹਿਰੋਂ ਇਕੱਠਾ ਸੌਦਾ ਲੈ ਕੇ ਆਏ ਹਾਂ।"

ਮੇਰੀ ਕਹਾਣੀ ਰਸ ਗੁੱਲੇ ਵੀ ਦਲਿਤ ਸ਼ਬਦ ਦੇ ਅਰਥਾਂ ਦਾ ਸੰਚਾਰ ਕਰਦੀ ਵੱਖਰੇ ਸੰਦਰਭ ਦੀ ਕਹਾਣੀ ਹੈ। ਹਰ ਚੇਤੰਨ ਅਤੇ ਚਿੰਤਨਸ਼ੀਲ ਵਿਅਕਤੀ ਮੇਰੇ ਨਾਲ਼ ਸਹਿਮਤ ਹੋਵੇਗਾ ਕਿ ਉੱਚ ਅਹੁਦਿਆਂ 'ਤੇ ਬਿਰਾਜਮਾਨ ਲੋਕਾਂ ਦਾ ਸਾਡੇ ਦਲਿਤ ਸਮਾਜ ਨਾਲ਼ ਕੋਈ ਸਰੋਕਾਰ ਹੀ ਨਹੀਂ ਰਹਿ ਜਾਂਦਾ। ਅਫ਼ਸਰ ਲੋਕ ਆਪਣੇ ਹੀ ਸਕੇ ਸਬੰਧੀਆਂ ਨੂੰ ਆਪਣੀ ਕੋਠੀ ਵਿੱਚ ਲਿਜਾਣ ਦੀ ਥਾਂ ਬਾਹਰ ਦੀ ਬਾਹਰ ਹੀ ਤੋਰ ਦਿੰਦੇ ਅੱਖੀਂ ਵੇਖੇ ਹਨ। ਮੇਰੀ ਰਸਗੁੱਲੇ ਕਹਾਣੀ ਦਾ ਰਾਮਦਾਸੀਆ ਨਾਇਕ ਫੌਜ ਵਿੱਚੋਂ ਪੈਨਸ਼ਨ ਆਇਆ ਹੋਣ ਕਰਕੇ ਤੇ ਸਾਰੇ ਬੱਚਿਆਂ ਨੂੰ ਕੇਂਦਰੀ ਸਕੂਲਾਂ ਵਿੱਚ ਚੰਗੀ ਵਿਦਿਆ ਦੇ ਕੇ ਨੌਕਰੀਆਂ ਆਦਿ 'ਤੇ ਲਗਵਾ ਕੇ ਉੱਪਰਲੇ ਵਰਗ ਵਿੱਚ ਸ਼ਾਮਿਲ ਹੋਇਆ ਪ੍ਰਤੀਤ ਕਰਦਾ ਹੈ। ਪਰਿਵਾਰ ਦੇ ਬਾਕੀ ਜੀਅ ਵੀ ਉੱਪਰਲੀਆਂ ਜਾਤ ਬਰਾਦਰੀਆਂ ਨਾਲ਼ ਹੀ ਸਰੋਕਾਰ ਰੱਖਦੇ ਹਨ। ਸੀਰੀ ਸਾਂਝੀ ਰਲ਼ਦਾ ਉਸ ਦਾ ਛੋਟਾ ਭਰਾ ਭਤੀਜੀ ਦੇ ਵਿਆਹ ਦੀ ਖੁਸ਼ੀ ਵਿੱਚ ਆਪਣੇ ਨਿਆਣਿਆਂ ਨੂੰ ਸਰਦੇ ਸੁੰਹਦੇ ਕੱਪੜੇ ਤਾਂ ਲੈ ਦਿੰਦਾ ਹੈ ਪਰ ਵੱਡੇ ਭਰਾ ਦੇ ਪਰਿਵਾਰ ਵਿੱਚ ਮਿਉਂਦਾ ਨਹੀਂ ਜਾਪਦਾ। ਉੱਪਰਲੇ ਵਰਗ ਦੀਆਂ ਸਹੇਲੀਆਂ ਨਾਲ਼ ਰਸਗੁੱਲੇ ਖਾਂਦੀ ਵਿਹਾਂਦੜ ਕੁੜੀ ਨੂੰ ਵੇਖ ਕੇ ਛੋਟੇ ਭਾਈ ਦੇ ਬੱਚੇ ਰਸਗੁੱਲਿਆਂ ਦੀ ਮੰਗ ਕਰਦੇ ਹਾਂ ਤਾਂ ਸੂਬੇਦਾਰਨੀ ਦੇ ਬੋਲ ਧਿਆਨ ਮੰਗਦੇ ਹਨ-"ਮੰਜਿਆਂ 'ਤੇ ਲੱਡੂ ਜਲੇਬੀਆਂ ਦੇ ਢੇਰ ਲੱਗੇ ਪਏ ਐ। ਖਾ ਲੋ ਚੱਕ ਕੇ, ਰਸਗੁੱਲੇ ਹੀ ਬਾਹਲਾ ਲੰਘਦੇ ਐ, ਕੀਕਨੇ ਜੇ ਨਾ ਹੋਣ ਤਾਂ।" ਹੋਰ ਕਹਾਣੀਆਂ ਦੇ ਜ਼ਿਕਰ ਵੀ ਕੀਤੇ ਜਾ ਸਕਦੇ ਹਨ ਪਰ ਇੱਕ ਸੀਮਾ ਵੀ ਹੈ।

ਮੈਂ ਸਮਝਦਾ ਹਾਂ ਕਿ ਗੁਰਮਤਿ ਵਿਧਾਨ ਦੇ ਆਗਮਨ ਨਾਲ਼ ਪੈਦਾ ਹੋਈ ਚੇਤਨਾ ਅਤੇ ਕਿਸੇ ਹੱਦ ਤੱਕ ਖੱਬੀ ਲਹਿਰ ਦੇ ਆਗਮਨ ਨਾਲ਼ ਛੂਆ-ਛੂਤ ਦਾ ਪਰਕੋਪ ਉਹ ਨਹੀਂ ਰਿਹਾ ਜਾਂ ਕਹਿ ਲਉ ਲੱਗ ਪੱਗ ਮਿਟ ਗਿਆ ਹੈ, ਪਰ ਤ੍ਰਿਸਕਾਰ ਦੀ ਭਾਵਨਾ ਵਧੀ ਹੈ। ਪਹਿਲਾਂ ਸੀਰੀ ਸਾਂਝੀ ਨਾਲ਼ ਰਿਸ਼ਤੇ, ਮਾਨਵੀ ਮੁੱਲਾਂ ਦੀ ਚਾਸ਼ਨੀ ਵਿੱਚ ਗੁੰਨੇ ਹੁੰਦੇ ਸਨ ਤੇ ਜੱਟ ਜ਼ਿਮੀਦਾਰ ਹਰ ਸੀਰੀ ਸਾਂਝੀ ਦਾ ਦੁਖ-ਸੁਖ ਦਾ ਸੀਰੀ ਸਾਂਝੀ ਵੀ ਹੁੰਦਾ ਸੀ। ਪਰ ਹੁਣ ਰਿਸ਼ਤਿਆਂ ਵਿੱਚ ਆਇਆ ਬਦਲਾਅ ਛੂਤ-ਛਾਤ ਕਾਰਨ ਨਹੀਂ ਆਰਥਕ ਟਕਰਾ ਕਾਰਨ ਵਿੱਥਾਂ ਸਿਰਜਦਾ ਜਾਪਦਾ ਹੈ। ਦਿਹਾੜੀ ਦੇ ਮਸਲੇ 'ਤੇ ਕਰਵਾਏ ਜਾਂਦੇ ਬਾਈਕਾਟ ਜਾਤ ਆਧਾਰਤ ਨਾਲ਼ੋਂ ਸਾਮੰਤੀ ਮਾਨਸਿਕਤਾ ਵਿੱਚੋਂ ਪੈਦਾ ਹੋਈ ਧੌਂਸ ਦਾ ਸਿੱਟਾ ਹੁੰਦੀ ਹੈ, ਨਾ ਕਿ ਜਾਤ ਪਾਤ ਦੇ ਕਾਰਨ। ਮੇਰੀ ਬਹੁ ਚਰਚਿਤ ਪੁਸਤਕ 'ਅੰਨੀ ਥੇਹ' ਦੁਹਾਂ ਤਰਾਂ ਦੇ ਵਰਤਾਰਿਆਂ ਦਾ ਬਿਰਤਾਂਤ ਸਿਰਜਦੀ ਵਡ ਆਕਾਰੀ ਕਹਾਣੀ ਹੈ ਜੋ ਡੇਰਿਆਂ ਵਿੱਚ ਹਥੇਲ਼ੀ ਦੇ ਫੋੜੇ ਵਾਂਗ ਸੰਭਾਲ ਕੇ ਰੱਖੀ ਛੂਤ-ਛਾਤ ਨੂੰ ਸੰਬੋਧਤ ਹੈ। ਦੋ ਹਜ਼ਾਰ ਦੇ ਕਰੀਬ ਇਹ ਪੁਸਤਕ ਪਾਠਕਾਂ ਦੇ ਹੱਥਾਂ ਵਿੱਚ ਗਈ ਹੈ ਜਿਨਾਂ ਵਿੱਚ ਹੇਠਲੀਆਂ ਸ਼੍ਰੇਣੀਆਂ ਦੇ ਪਾਠਕ ਬਹੁਤ ਘੱਟ ਹਨ। ਮੈਂ ਆਪਣੀ ਇੱਕ ਹੋਰ ਕਹਾਣੀ 'ਸਬੂਤੇ ਕਦਮ' ਦਾ ਜ਼ਿਕਰ ਕਰਨਾ ਚਾਹਾਂਗਾ, ਜਿਸ ਉੱਪਰ ਬਹੁਤ ਹੀ ਕਲਾਤਮਕ ਫਿਲਮ ਵੀ ਬਣ ਚੁੱਕੀ ਹੈ, ਜਿਸ ਵਿੱਚ ਸੱਠਵਿਆਂ-ਸੱਤਰਵਿਆਂ ਦੇ ਦੌਰ ਪਿੰਡ ਦੇ ਜਗੀਰਦਾਰ ਰਾਹੀਂ ਇੱਕ ਮਹਿਰਾ ਪਰਿਵਾਰ ਦਾ ਘਰ ਉਜੜਦਾ ਦਿਖਾਇਆ ਗਿਆ, ਕਿਤੇ ਵੀ ਛੂਤ-ਛਾਤ ਦਾ ਜ਼ਿਕਰ ਨਹੀਂ, ਬਲਕਿ ਔਲਖਾਂ ਦੀ ਕੁੜੀ ਗੁਰਨਾਮੋ ਜਦ ਪੇਕੀਂ ਮਿਲ਼ਣ ਆਉਂਦੀ ਹੈ, ਗੱਜਣ ਮਹਿਰੇ ਦੇ ਬੂਹੇ ਅੱਗੋਂ ਲੰਘਦੀ ਹਾਅ ਦਾ ਨਾਅਰਾ ਮਾਰਦੀ ਹੈ-"ਤਕੜੈਂ ਬਾਈ ਗੱਜਣਾ। ਜਾਏ ਖਾਣਿਆਂ ਨੇ ਕੀ ਲੁਹੜਾ ਮਾਰਿਆ। ਵਸਦਾ ਰਸਦਾ ਘਰ ਤਬਾਹ ਕਰਤਾ ਪੁੱਤ ਰੋਣਿਆਂ ਨੇ। ਬਾਈ ਮੈਨੂੰ ਤਾਂ ਬਲਾਈਂ ਦੁੱਖ ਹੋਇਆ ਸੁਣ ਕੇ। ਸੁੱਖ ਨਾਲ਼ ਥੋੜੇ ਤਾਂ ਪਰਿਵਾਰ ਦਾ ਮੋਹ ਈ ਬਾਹਲ਼ਾ ਆਉਂਦਾ ਸੀ। ਤੇਰਾ ਛਾਬਾ ਬਣਾ ਕੇ ਦਿੱਤਾ ਤਾਂ ਮੈਂ ਅਜੇ ਵੀ ਸਾਂਭ ਕੇ ਰੱਖਿਆ ਹੋਇਐ। ਇਹ ਹੈ ਤੱਤ ਮੇਰੇ ਦਲਿਤ ਸਮਾਜ ਦਾ। ਮੈਨੂੰ ਇਹ ਮੰਨਣ ਵਿੱਚ ਵੀ ਕੋਈ ਆਪਤੀ ਨਹੀਂ ਕਿ ਚਰਮ ਸੀਮਾ 'ਤੇ ਅੱਪੜੇ ਕਿਸਾਨ ਅੰਦੋਲਨ ਨੇ ਇਸ ਪਾੜੇ ਨੂੰ ਘੱਟ ਕਰਨ ਵਿੱਚ ਕੁੱਝ ਹੱਦ ਤੱਕ ਬਦਲਾਅ ਲਿਆਂਦਾ ਹੈ। ਕਿਸਾਨ ਅਤੇ ਮਜ਼ਦੂਰ ਜਮਾਤ ਦੀ ਪੈਂਦੀ ਆਪਸੀ ਕਰੰਘੜੀ ਜਿਵੇਂ ਜਿਵੇਂ ਮਜ਼ਬੂਤ ਹੁੰਦੀ ਜਾਵੇਗੀ ਇਹ ਪਾੜਾ ਮਿਟਦਾ ਜਾਵੇਗਾ।

ਦਲਿਤ ਸਮਾਜ ਦੇ ਸਰੋਕਾਰਾਂ ਨਾਲ਼ ਸੰਬਧਤ ਮੇਰਾ ਕਹਾਣੀ ਸੰਗ੍ਰਹਿ 'ਕੰਧਾਂ 'ਤੇ ਲਿਖੀ ਇਬਾਰਤ' ਦਲਿਤ ਸਮਾਜ ਦਾ ਬਿਰਤਾਂਤ ਹੀ ਸਿਰਜਦਾ ਹੈ ਨਾ ਕਿ ਜਾਤੀ-ਪਾਤੀ ਸਰੋਕਾਰਾਂ ਦੇ ਯਥਾਰਥ ਦਾ। ਹੱਕ ਸੱਚ ਦੀ ਲੜਾਈ ਲਈ ਜੂਝ ਰਿਹਾ ਨਾਇਕ ਮੇਰੀਆਂ ਇਨਾਂ ਕਹਾਣੀਆਂ ਦਾ ਨਾਇਕ ਹੈ। ਕਿਸੇ ਉੱਚੀ ਤੋਂ ਉੱਚੀ ਜਾਤ ਦਾ ਮੰਗ ਖਾਣਾ ਬੰਦਾ ਜੋ ਦੂਜਿਆਂ ਦੇ ਦਰ ਦਾ ਭਿਖਾਰੀ ਹੈ, ਵੀ ਦਲਿਤ ਹੈ। "ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈਂ ਮੁਝੈ ਨ ਦੇਹਿ।। ਜੇ ਤੂੰ ਏਵੈ ਰਖਸੀ ਜੀਉ ਸਰੀਰਹੁ ਲੇਹਿ॥" (ਪੰਨਾ 1360 ਸ਼ਲੋਕ 42) ਕੋਈ ਵੀ ਮੰਗ ਖਾਣੀ ਜਾਤ ਇੱਥੋਂ ਤੱਕ ਕਿ ਕਿੰਨਰ ਸਮਾਜ ਵੀ ਦਲਿਤ ਸ਼੍ਰੇਣੀ ਵਿੱਚ ਆਉਂਦਾ ਹੈ।

ਸਾਡੇ ਸਮਾਜ ਦੀ ਔਰਤ ਪੇਕੇ ਘਰ ਵੀ "ਬਾਰ ਪਰਾਏ" ਤੇ ਸਹੁਰੇ ਘਰ ਵੀ "ਬਾਰ ਪਰਾਏ" ਬੈਠੀ ਦਲਿਤ ਸ਼੍ਰੇਣੀ ਦੀ ਭਾਗੀ ਹੀ ਹੈ। ਪੇਕੇ ਘਰ "ਬਿਗਾਨੇ ਘਰ ਜਾਣ ਵਾਲ਼ੀ ਰੂੜੀ ਦਾ ਕੂੜਾ" ਆਖੀ ਜਾਂਦੀ ਤੇ ਸਹੁਰੇ ਘਰ ਵਿੱਚ ਪਤਾ ਨਹੀਂ "ਕਿਹੜੇ ਘਰ ਦੀ ਜਾਈ ਹੈ, ਚੁੜੇਲ" ਅਖਵਾ ਕੇ ਉਮਰ ਭਰ ਸੰਤਾਪ ਹੰਢਾਉਣ ਵਾਲ਼ਾ ਇਹ ਜੀਵ ਵੀ ਦਲਿਤ ਸ਼੍ਰੇਣੀ ਦਾ ਪਾਤਰ ਹੈ। ਮਾਪਿਆਂ ਦੀ ਅਧੀਨਗੀ ਵਿੱਚ ਪਲ਼ੀ, ਫਿਰ ਸੱਸ ਸਹੁਰੇ ਤੇ ਪਤੀ ਦੀ ਅਧੀਨਗੀ ਅਤੇ ਫਿਰ ਔਲ਼ਾਦ ਦੀ ਅਧੀਨਗੀ। ਅਧੀਨਗੀ ਹੀ ਅਧੀਨਗੀ। ਇਸ ਤਰਾਂ ਦੇ ਸਰੋਕਾਰਾਂ ਦੀ ਤਰਜ਼ਮਾਨੀ ਕਰਦਾ ਮੇਰਾ ਕਹਾਣੀ ਸੰਗ੍ਰਹਿ 'ਸੇਜ਼ ਸੁਖਾਲ਼ੀ ਕਾਮਣਿ' ਹੈ। ਮੇਰਾ ਬਹੁਤ ਸਾਰੀਆਂ ਦੁਖਿਆਰੀਆਂ ਮੁਲਾਜ਼ਮ ਔਰਤਾਂ ਨਾਲ਼ ਵਾਹ ਪਿਆ ਤਾਂ ਮੈਂ ਉਨਾਂ ਦੇ ਮਾਨਸਿਕ ਅਤੇ ਸਰੀਰਕ ਸ਼ੋਸ਼ਣ ਦੇ ਦਰਦ ਅਤੇ ਤ੍ਰਿਸਕਾਰ ਨੂੰ ਸਮਝਣ ਦਾ ਯਤਨ ਕਰਦਿਆਂ ਹੀ ਇਨਾਂ ਕਹਾਣੀਆਂ ਦੀ ਸਿਰਜਣਾ ਕਰ ਸਕਿਆ ਸਾਂ। ਮੈਂ ਪ੍ਰਗਤੀਵਾਦੀ ਨਾਰੀਵਾਦ ਦੇ ਹੱਕ ਵਿੱਚ ਹਾਂ।

ਸੰਖੇਪ ਵਿੱਚ ਕਹਿ ਸਕਦਾ ਹੈ ਕਿ ਮੇਰੇ ਲਈ ਦਲਿਤ ਜਾਤਾਂ ਹੀ ਦਲਿਤ ਸਮਾਜ ਨਹੀਂ ਹਰ ਲੁੱਟਿਆ ਜਾ ਰਿਹਾ ਬਸ਼ਰ ਮੇਰੇ ਲਈ ਦਲਿਤ ਹੈ।

# ਬੇਕਸੂਰ 1158 ਸਹਾਇਕ ਪ੍ਰੋਫੈਸਰਾਂ ਨਾਲ ਜ਼ਿਆਦਤੀ ਕਿਉਂ

**ਮਲਿਕਾ ਮੰਡ**



1158 ਸਹਾਇਕ ਪ੍ਰੋਫੈਸਰਾਂ ਤੇ ਲਾਈਬ੍ਰੇਰੀਨਾਂ ਦੀ ਭਰਤੀ ਸੁਪਰੀਮ ਕੋਰਟ ਨੇ ਪਿਛਲੀ ਦਿਨੀ ਰੱਦ ਕਰਨ ਦਾ ਫੈਸਲਾ ਸੁਣਾ ਦਿੱਤਾ ਹੈ। ਇਸ ਇੱਕ ਤਰਫਾ ਫੈਸਲੇ ਨੇ ਜਿੱਥੇ ਉਨਾਂ ਹਜ਼ਾਰਾਂ ਹੀ ਨੌਜਵਾਨਾਂ ਦਾ ਭਵਿੱਖ ਹਨੇਰੇ ਵਿੱਚ ਧੱਕ ਦਿੱਤਾ ਹੈ, ਉੱਥੇ ਸੂਬਾ ਸਰਕਾਰਾਂ ਅਤੇ ਇਨਸਾਫ ਦੀਆਂ ਅਲੰਬਰਦਾਰ ਅਖਵਾਉਂਦੀਆਂ ਅਦਾਲਤਾਂ ਦੀ ਭਰੋਸੇਯੋਗਤਾ ਉੱਪਰ ਵੀ ਸਵਾਲੀਆ ਚਿੰਨ ਲਾਉਣ ਦੇ ਨਾਲ-ਨਾਲ ਪੰਜਾਬ ਦੀ ਉਚੇਰੀ ਸਿੱਖਿਆ ਦੇ ਮਰਨ ਕੰਢੇ ਪਏ ਸਰਕਾਰੀ ਤੰਤਰ ਦੇ ਟੁੱਟੇ ਲੱਕ ਉੱਪਰ ਵੀ ਆਖਰੀ ਮਾਰੂ ਸੱਟ ਮਾਰੀ ਹੈ।

2021 ਵਿੱਚ ਕਾਂਗਰਸ ਦੀ ਚੰਨੀ ਸਰਕਾਰ ਵੇਲੇ 26 ਸਾਲਾਂ ਬਾਅਦ ਪੰਜਾਬ ਦੇ ਸਰਕਾਰੀ ਕਾਲਜਾਂ ਵਿੱਚ ਇਹ ਪੱਕੀ ਭਰਤੀ ਨਿਕਲੀ ਸੀ। ਉਸ ਵੇਲੇ ਦੇ ਸਿੱਖਿਆ ਮੰਤਰੀ ਸਰਦਾਰ ਪ੍ਰਗਟ ਸਿੰਘ ਜੀ ਅਤੇ ਧਾਕੜ ਅਫਸਰ ਵਜੋਂ ਜਾਣੇ ਜਾਂਦੇ ਸਿੱਖਿਆ ਸਕੱਤਰ ਕ੍ਰਿਸ਼ਨ ਕੁਮਾਰ ਹੋਰਾਂ ਨੇ ਇਸ ਭਰਤੀ ਨੂੰ ਕੇਵਲ ਮੈਰਿਟ ਦੇ ਆਧਾਰ ਉੱਪਰ ਬੇਹੱਦ ਫੁਰਤੀ ਨਾਲ ਪੂਰਾ ਕਰਨ ਦਾ ਅਲੋਕਾਰ ਕੰਮ ਕਰ ਵਿਖਾਇਆ। ਤਕਰੀਬਨ 45 ਕੁ ਦਿਨਾਂ ਵਿੱਚ ਇਸ ਭਰਤੀ ਨੂੰ ਸਿਰੇ ਚਾੜਿਆ ਗਿਆ ਜਿਸ ਵਿੱਚ ਨਾ ਕੋਈ ਸਿਫਾਰਿਸ਼ ਚੱਲੀ ਅਤੇ ਨਾ ਹੀ ਰਿਸ਼ਵਤ ਕਿਸੇ ਕਿਸਮ ਦੀ ਬੇਨਿਯਮੀ ਤੋਂ ਬਚਣ ਲਈ ਇੰਟਰਵਿਊ ਤੋਂ ਬਿਨਾਂ ਸਿਰਫ ਲਿਖਤੀ ਟੈਸਟ ਅਤੇ ਯੋਗਤਾ ਨੂੰ ਹੀ ਆਧਾਰ ਬਣਾਇਆ ਗਿਆ। ਨਤੀਜਾ ਇਹ ਹੋਇਆ ਕਿ ਸੈਂਕੜੇ ਹੀ ਸਧਾਰਨ ਘਰਾਂ ਦੇ ਹੋਣਹਾਰ ਉਮੀਦਵਾਰ ਇਸ ਭਰਤੀ ਰਾਹੀਂ ਸਲੈਕਟ ਹੋਏ। ਇੱਕ ਉਮੀਦ ਜਾਗੀ ਕਿ ਪਿਛਲੇ ਢਾਈ ਦਹਾਕਿਆਂ ਤੋਂ ਰੈਗੂਲਰ ਅਧਿਆਪਕਾਂ ਨੂੰ ਉਡੀਕਦੇ ਮਰਨ ਕੰਢੇ ਪਏ ਸਰਕਾਰੀ ਕਾਲਜਾਂ ਵਿੱਚ ਹੁਣ ਨਵੀਂ ਰੂਹ ਫੂਕੀ ਜਾਣੀ ਤੈਅ ਸੀ।

ਪ੍ਰੰਤੂ ਇਹਨਾਂ ਕਾਲਜਾਂ ਵਿੱਚ ਰੈਗੂਲਰ ਭਰਤੀਆਂ ਦੇ ਖ਼ਲਾਅ ਵਜੋਂ ਪੈਦਾ ਹੋ ਚੁੱਕੇ ਗੈਸਟ ਫੈਕਲਟੀ ਅਧਿਆਪਕ ਜਿਨਾਂ ਨੂੰ ਆਰਜੀ ਤੌਰ ਤੇ ਕੰਮ ਚਲਾਉਣ ਲਈ ਭਰਤੀ ਕੀਤਾ ਗਿਆ ਸੀ ਅਤੇ ਜਿਨਾਂ 'ਚੋਂ ਬਹੁਗਿਣਤੀ ਕਾਲਜ ਅਧਿਆਪਨ ਦੀਆਂ ਮੁੱਢਲੀਆਂ ਸ਼ਰਤਾਂ ਵੀ ਪੂਰੀਆਂ ਨਹੀਂ ਸਨ ਕਰਦੇ, ਉਹਨਾਂ ਚੋਂ ਕਈ ਗੈਸਟ ਫੈਕਲਟੀ ਅਧਿਆਪਕਾਂ ਨੇ ਵੀ ਇਸ ਪ੍ਰਕਿਰਿਆ 'ਚ ਭਾਗ ਲਿਆ ਜਿਨ੍ਹਾਂ 'ਚੋਂ 30 ਦੇ ਕਰੀਬ ਇਸ ਵਿੱਚ ਸਲੈਕਟ ਵੀ ਹੋ ਗਏ ਪਰ ਜੋ ਬੰਦੇ ਇਹ ਪੇਪਰ ਪਾਸ ਨਾ ਕਰ ਸਕੇ ਉਹਨਾਂ ਨੇ ਇਹਦੇ ਵਿਰੁੱਧ ਕੋਰਟ ਵਿੱਚ ਕੇਸ ਕਰ ਦਿੱਤੇ। ਉਹਨਾਂ ਇਸ ਭਰਤੀ ਨੂੰ ਕੇਸਾਂ ਵਿੱਚ ਉਲਝਾ ਕੇ ਐਸਾ ਰੋਲ-ਘਚੋਲ ਪਾਇਆ ਕਿ ਪਹਿਲਾਂ ਹਾਈਕੋਰਟ ਦੇ ਸਿੰਗਲ ਬੈਂਚ ਅਤੇ ਹੁਣ ਸੁਪਰੀਮ ਕੋਰਟ ਦੇ ਵਿੱਚ ਇਸ ਭਰਤੀ ਨੂੰ ਰੱਦ ਕਰਾ ਕੇ ਹੀ ਸਾਹ ਲਿਆ। ਹਾਸੋਹੀਣੀ ਗੱਲ ਇਹ ਜਾਪਦੀ ਹੈ ਕਿ ਇਸ 1158 ਸਹਾਇਕ ਪ੍ਰੋਫੈਸਰਾਂ ਤੇ ਲਾਈਬ੍ਰੇਰੀਨਾਂ ਦੀ ਭਰਤੀ ਖਿਲਾਫ ਅਦਾਲਤ ਵਿੱਚ 'ਬੇਨਿਯਮੀਆਂ ਅਤੇ ਊਣਤਾਈਆਂ' ਦੀ ਗੱਲ ਕਰਨ ਵਾਲੇ ਗੈਸਟ ਫੈਕਲਟੀ ਅਧਿਆਪਕਾਂ ਦੀਆਂ ਆਪਣੀਆਂ ਭਰਤੀਆਂ ਬਿਨਾਂ ਕਿਸੇ ਨਿਯਮ ਕਾਨੂੰਨ ਦੇ ਕੀਤੀਆਂ ਗਈਆਂ ਸਨ।

ਹੁਣ ਸਵਾਲ ਇਹ ਉੱਠਦਾ ਹੈ ਕਿ ਨਾ ਤਾਂ ਸ਼ਰੇਆਮ ਰਿਸ਼ਵਤ ਦੇ ਦੋਸ਼ਾਂ ਹੇਠ ਆਈ 1996 ਦੀ ਰਵੀ ਸਿੱਧੂ ਵਾਲੀ ਭਰਤੀ ਰੱਦ ਹੋਈ ਤੇ ਨਾ ਹੀ ਨੀਟ ਦੀ ਪ੍ਰੀਖਿਆ ਜਿਸ ਵਿੱਚ ਸ਼ਰੇਆਮ ਧਾਂਦਲੀ ਦੇ ਦੋਸ਼ ਲੱਗੇ ਸਨ ਪਰ ਫਿਰ 1158 ਦੀ ਸਾਫ-ਸੁਥਰੀ ਭਰਤੀ ਰੱਦ ਹੋਣ ਮਗਰ ਭਲਾ ਕੀ ਤਰਕ ਹੋਇਆ। ਅੱਜ ਪੰਜਾਬ ਦੀ ਪੜੀ-ਲਿਖੀ ਨੌਜਵਾਨੀ ਦੇ ਮੌਜੂਦਾ ਪ੍ਰਬੰਧ ਵਿੱਚ ਗੈਰ- ਵਿਸ਼ਵਾਸੀ ਕਾਰਨ ਧੜਾ- ਧੜ ਵਿਦੇਸ਼ਾਂ ਨੂੰ ਪ੍ਰਵਾਸ ਹੋ ਰਿਹਾ ਹੈ, ਸਸਤੀ ਸਿਹਤ ਅਤੇ ਸਿੱਖਿਆ ਮੁਹਈਆ ਕਰਾਉਣ ਤੋਂ ਸਰਕਾਰਾਂ ਨਿਰੰਤਰ ਮੂੰਹ ਮੋੜ ਰਹੀਆਂ ਹਨ, ਸਰਕਾਰੀ ਕਾਲਜਾਂ ਦੀਆਂ ਅਰਬਾਂ ਦੀਆਂ ਮਹਿੰਗੀਆਂ ਜ਼ਮੀਨਾਂ ਤੇ ਕਈਆਂ ਦੀ ਅੱਖ ਹੈ, ਇਹਨਾਂ ਸਰਕਾਰੀ ਕਾਲਜਾਂ ਨੂੰ ਔਟੋਨੋਮਸ ਕਰਨ ਦੀ ਆੜ ਹੇਠ ਇਹਨਾਂ ਤੋਂ ਹੱਥ ਪਿੱਛੇ ਖਿੱਚਣ ਵਾਲੀ ਸਰਕਾਰੀ ਨੀਤੀ ਚੱਲ ਰਹੀ ਹੈ, ਦੂਜੇ ਪਾਸੇ ਪੰਜਾਬ ਵਿੱਚ ਖੁੰਬਾਂ ਵਾਂਗ ਪ੍ਰਾਈਵੇਟ ਕਾਲਜਾਂ ਤੇ ਯੂਨੀਵਰਸਿਟੀਆਂ ਦਾ ਜਾਲ ਵਿਛਦਾ ਜਾ ਰਿਹਾ ਹੈ। ਉਸ ਪ੍ਰਸੰਗ ਵਿਚ ਸਸਤੀ ਮਿਆਰੀ ਸਿੱਖਿਆ ਤੋਂ ਗਰੀਬ ਘਰਾਂ ਦੇ ਵਿਦਿਆਰਥੀਆਂ ਨੂੰ ਵਾਂਝੇ ਕਰਨ ਵਾਲਾ ਇਹ ਫੈਸਲਾ ਸਮਝ ਵਿੱਚ ਆਉਂਦਾ ਹੈ।

ਇਹ ਕਿਹਾ ਗਿਆ ਕਿ ਇਹ ਭਰਤੀ ਕਾਂਗਰਸ ਸਰਕਾਰ ਨੇ ਸਿਆਸੀ ਲਾਹਾ ਲੈਣ ਲਈ ਵੋਟਾਂ ਦੇ ਨੇੜੇ ਜਾ ਕੇ ਕਾਹਲੀ ਚ ਪੂਰੀ ਕੀਤੀ। ਕੋਈ ਕੰਮ ਫੁਰਤੀ ਨਾਲ ਕੀਤਾ ਗਿਆ ਇਹ ਉਹਦੀ ਖੂਬੀ ਹੋਣੀ ਚਾਹੀਦੀ ਜਿਸ ਨੂੰ ਕਿ ਕਮੀ ਬਣਾ ਕੇ ਪੇਸ਼ ਕੀਤਾ ਗਿਆ। 26 ਸਾਲਾਂ ਦਾ ਸਮਾਂ ਜਿਸ ਵਿੱਚ ਇੱਕ ਪੀੜ੍ਹੀ ਜੰਮ ਕੇ ਜਵਾਨ ਹੋ ਜਾਂਦੀ ਹੈ ਇੰਨੇ ਸਮੇਂ ਬਾਅਦ ਇਹ ਭਰਤੀ ਸਰਕਾਰੀ ਕਾਲਜਾਂ ਵਿੱਚ ਆਈ। ਪਰ ਇਹ ਕਾਹਲੀ ਲੱਗੀ ਕਈਆਂ ਨੂੰ।

ਇਸ ਤਰਕ ਵਿੱਚ ਵੀ ਕੋਈ ਜਾਨ ਨਹੀਂ ਜਾਪਦੀ ਕਿ ਇਹ ਭਰਤੀ ਵੋਟਾਂ ਦੇ ਨੇੜੇ ਸਿਆਸੀ ਲਾਹਾ ਲੈਣ ਲਈ ਕੀਤੀ ਗਈ। ਸਾਰੇ ਸੂਬਿਆਂ ਦੀਆਂ ਸਰਕਾਰਾਂ ਬਹੁਤੇ ਕੰਮ ਭਰਤੀਆਂ ਕਰਨੀਆਂ, ਗਲੀਆਂ, ਨਾਲੀਆਂ ਪੱਕੀਆਂ ਕਰਨੀਆਂ, ਸੜਕਾਂ ਬਣਾਉਣੀਆਂ ਆਦਿ ਅਮਲੀ ਰੂਪ ਵਿਚ ਮਗਰਲੇ ਸਾਲ, ਡੇਢ ਸਾਲ ਵਿੱਚ ਹੀ ਕਰਦੀਆਂ ਨੇ।

ਦੂਜੀ ਗੱਲ ਆਉਂਦੀ ਹੈ ਯੂ.ਜੀ.ਸੀ. ਦੀਆਂ 2018 ਦੀਆਂ ਸ਼ਰਤਾਂ ਨਾ ਮੰਨਣ ਦੀ। ਇਸ ਦਾ ਤਰਕ ਇਹ ਹੈ ਕਿ ਪੰਜਾਬ ਸਰਕਾਰ ਨੇ ਯੂ ਜੀ ਸੀ ਦੀਆਂ 2018 ਵਾਲੀਆਂ ਗਾਈਡਲਾਈਨਜ 2022 'ਚ ਅਪਣਾਈਆਂ ਜਦਕਿ ਇਹ ਭਰਤੀ 2021 'ਚ ਨਿਕਲੀ ਸ੍ਰੀ ਵੈਸੇ ਵੀ ਯੂ.ਜ਼ੀ.ਸੀ. ਦੀਆਂ ਸ਼ਰਤਾਂ ਦੋ ਹਿੱਸਿਆਂ ਚ ਨੇ ਇੱਕ ਮੁੱਢਲੀਆਂ ਸ਼ਰਤਾਂ ਰੈਗੂਲੇਸ਼ਨ ਜਿਨ੍ਹਾਂ ਨੂੰ ਮੰਨਣਾ ਲਾਜ਼ਮੀਂ ਹੈ ਅਤੇ ਦੂਜੀਆਂ ਗਾਈਡਲਾਈਨਜ ਜਿਨਾਂ ਬਾਰੇ ਸਰਕਾਰਾਂ ਆਪਣਿਆਂ ਅਨੁਸਾਰ ਫੈਸਲੇ ਲੈ ਸਕਦੀਆਂ ਹਨ। ਮੁਢਲੀਆਂ ਸ਼ਰਤਾਂ ਜੋ ਕਿ ਯੂ.ਜ਼ੀ.ਸੀ. ਨੈੱਟ, ਐਮ.ਏ. ਚੋਂ 55% ਨੰਬਰ ਜਾਂ ਪੀ.ਐਚ.ਡੀ ਹੈ, ਇਸ ਭਰਤੀ ਵਿੱਚ ਮੰਨੀਆਂ ਗਈ। ਜਦਕਿ ਬਾਕੀ ਦੀਆਂ ਗਾਈਡਲਾਈਨਜ ਸਰਕਾਰ ਮੰਨਣ ਦੀ ਪਾਬੰਦ ਨਹੀਂ ਹੈ। ਅੱਗੇ ਵੀ ਪੰਜਾਬ ਸਰਕਾਰ ਕਿੱਥੇ ਯੂ.ਜ਼ੀ.ਸੀ. ਦੀਆਂ ਸਾਰੀਆਂ ਸ਼ਰਤਾਂ ਮੰਨਦੀ ਰਹੀ ਹੈ।

**ਯੂ.ਜ਼ੀ.ਸੀ. ਕਿਸੇ ਸਿੱਖਿਆ ਸੰਸਥਾ ਵਿੱਚ ਰੈਗੂਲਰ ਅਤੇ ਅਡਹੋਕ ਸਟਾਫ ਦੇ 90:** 10 ਦੇ ਅਨੁਪਾਤ ਦੀ ਗੱਲ ਕਰਦੀ ਹੈ। ਪੰਜਾਬ ਦੀਆਂ ਸਰਕਾਰਾਂ 26 ਸਾਲ ਸਰਕਾਰੀ ਕਾਲਜਾਂ ਨੂੰ 10% ਪੱਕੇ ਅਤੇ 90% ਕੱਚੇ ਅਧਿਆਪਕਾਂ ਨਾਲ ਚਲਾਉਂਦੀਆਂ ਰਹੀਆਂ ਉਦੋਂ ਯੂ.ਜ਼ੀ.ਸੀ. ਦੇ ਨਿਯਮ ਕਿੱਥੇ ਸਨ। ਯੂ.ਜ਼ੀ.ਸੀ. ਕਹਿੰਦੀ ਪ੍ਰੋਬੇਸ਼ਨ ਤੇ ਵੀ ਮੁਲਾਜ਼ਮ ਨੂੰ ਪੂਰੀ ਤਨਖਾਹ ਦਿਓ ਜਦ ਕਿ ਪੰਜਾਬ ਸਰਕਾਰ ਤਿੰਨ ਸਾਲ ਲਈ ਬੇਸਿਕ ਪੇ ਦੀ ਸ਼ਰਤ ਨਾਲ ਸਾਰੀਆਂ ਕਲਾਸ ਵਨ ਭਰਤੀਆਂ ਕਰਦੀ ਰਹੀ ਹੈ। ਯੂ.ਜ਼ੀ.ਸੀ. ਅਨੁਸਾਰ ਪ੍ਰੋਫੈਸਰਾਂ ਦੀ ਰਿਟਾਇਰਮੈਂਟ ਦੀ ਉਮਰ 65 ਸਾਲ ਹੈ ਜਦਕਿ ਪੰਜਾਬ ਸਰਕਾਰ 58 ਸਾਲ ਚ ਪ੍ਰੋਫੈਸਰਾਂ ਨੂੰ ਰਿਟਾਇਰ ਕਰਦੀ ਰਹੀ। ਯੂ.ਜ਼ੀ.ਸੀ. ਅਨੁਸਾਰ ਐਸੋਸੀਏਟ ਪ੍ਰੋਫੈਸਰ ਅਤੇ ਪ੍ਰਿੰਸੀਪਲ ਬਣਨ ਲਈ A.P. I. ਸਕੋਰ ਵਿੱਚ 400 ਨੰਬਰਾਂ ਅਤੇ ਪੀ.ਐਚ.ਡੀ ਦੀ ਸ਼ਰਤ ਲਾਉਂਦੀ ਹੈ ਜਦ ਕਿ ਪੰਜਾਬ ਸਰਕਾਰ ਦੇ ਸਰਕਾਰੀ ਕਾਲਜਾਂ ਵਿੱਚ ਅੱਜ ਵੀ ਪ੍ਰਿੰਸੀਪਲਾਂ ਦੀ ਪ੍ਰਮੋਸ਼ਨ ਲਈ ਪੀ.ਐਚ.ਡੀ ਦੀ ਸ਼ਰਤ ਲਾਜ਼ਮੀ ਨਹੀਂ ਮੰਨੀ ਜਾਂਦੀ। ਜਾਪਦਾ ਹੈ ਕਿ ਯੂ.ਜ਼ੀ.ਸੀ. ਦੀਆਂ ਸਾਰੀਆਂ ਸ਼ਰਤਾਂ ਸਿਰਫ 1158 ਪ੍ਰੋਫੈਸਰਾਂ ਤੇ ਹੀ ਲਾਗੂ ਹੁੰਦੀਆਂ ਸਨ ਬਾਕੀ ਕਿਸੇ ਤੇ ਨਹੀਂ।

ਦੂਜੀ ਗੱਲ ਸੁਪਰੀਮ ਕੋਰਟ ਵੱਲੋਂ ਇਹ ਚੁੱਕੀ ਗਈ ਕਿ 1158 ਦੀ ਭਰਤੀ ਸਰਕਾਰ ਵੱਲੋਂ ਪੀ .ਪੀ .ਐਸ.ਸੀ ਦੀ ਬਜਾਏ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਡਿਪਾਰਟਮੈਂਟ ਆਫ ਹਾਇਰ ਐਜੂਕੇਸ਼ਨ ਪੰਜਾਬ ਦੀ ਸਰਪਰਸਤੀ ਹੇਠ ਕਿਉਂ ਕਰਵਾਈ ਗਈ? ਇੱਥੇ ਯਾਦ ਰੱਖਣਾ ਜਰੂਰੀ ਹੈ ਕਿ ਪੰਜਾਬ ਅਜਿਹਾ ਕਰਨ ਵਾਲਾ ਪਹਿਲਾ ਸੂਬਾ ਨਹੀਂ ਹੈ। ਇਸ ਤੋਂ ਪਹਿਲਾਂ ਮੱਧ ਪ੍ਰਦੇਸ਼ ਅਤੇ ਕਰਨਾਟਕਾ ਵਰਗੇ ਸੂਬਿਆਂ ਆਪਣੀਆਂ ਅਸਿਸਟੈਂਟ ਪ੍ਰੋਫੈਸਰਾਂ ਦੀਆਂ ਭਰਤੀਆਂ ਪਬਲਿਕ ਸਰਵਿਸ ਕਮਿਸ਼ਨਰ ਦੀ ਬਜਾਏ ਆਪਣੇ ਬੋਰਡ ਬਣਾ ਕੇ ਕਰਾਉਂਦੇ ਰਹੇ ਹਨ। 2021 ਚ ਮੱਧ ਪ੍ਰਦੇਸ਼ ਚ ਹੋਈ ਅਸਿਸਟੈਂਟ ਪ੍ਰੋਫੈਸਰਾਂ ਦੀ ਭਰਤੀ ਕੇਵਲ ਲਿਖਤੀ ਟੈਸਟ ਤੇ ਆਧਾਰਿਤ ਹੋਈ ਅਤੇ ਇਸ ਭਰਤੀ ਦੇ ਹੱਕ ਵਿੱਚ ਤਾਂ ਸੁਪਰੀਮ ਕੋਰਟ ਖੁਦ ਫੈਸਲਾ ਸੁਣਾ ਚੁੱਕੀ ਹੈ।

ਪੰਜਾਬ ਸਰਕਾਰ ਕਲਾਸ ਵਨ ਅਫਸਰਾਂ ਦੀਆਂ ਭਰਤੀਆਂ ਇਸ ਤੋਂ ਪਹਿਲਾਂ ਵੀ ਪੀ.ਪੀ.ਐਸ.ਸੀ. ਦੀ ਬਜਾਏ ਹੋਰ ਧਿਰਾਂ ਤੋਂ ਕਰਾਉਂਦੀ ਰਹੀ ਹੈ। ਪੰਜਾਬ ਸਰਕਾਰ ਮੈਡੀਕਲ ਅਫਸਰ (ਡਾਕਟਰਾਂ) ਦੀ ਭਰਤੀ ਪੀ.ਪੀ.ਐਸ.ਸੀ. ਦੀ ਬਜਾਏ ਬਾਬਾ ਫਰੀਦ ਮੈਡੀਕਲ ਯੂਨੀਵਰਸਿਟੀ ਤੋਂ ਕਰਾ ਚੁੱਕੀ ਹੈ। ਜੱਜਾਂ ਦੀ ਭਰਤੀ ਵੀ ਪਿਛਲੇ ਸਮੇਂ ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਪੀ.ਪੀ.ਐਸ.ਸੀ ਨੂੰ ਬਾਈਪਾਸ ਕਰਕੇ ਸਿੱਧੀ ਆਪ ਕੀਤੀ ਸੀ। ਜੇ ਉਹ ਭਰਤੀਆਂ ਗੈਰ ਕਾਨੂੰਨੀ ਨਹੀਂ ਤਾਂ 1158 ਵਾਰੀ ਭਰਤੀ ਗੈਰ ਕਾਨੂੰਨੀ ਕਿਵੇਂ ਹੋਈ?

ਉਪਰੋਕਤ ਸਾਰੇ ਕਾਨੂੰਨੀ ਨੁਕਤੇ ਸੁਪਰੀਮ ਕੋਰਟ ਵਿੱਚ ਰੱਖੇ ਜਾ ਸਕਦੇ ਸਨ। ਪਰ ਅਫਸੋਸ ਕਿ ਅਤੇ ਕੋਰਟ ਨੇ ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਦੁਆਰਾ ਇਸ ਭਰਤੀ ਦੀ ਕੀਤੀ ਪੈਰਵੀ ਤੋਂ ਅਸੰਤੁਸ਼ਟਤਾ ਜਤਾਉਂਦਿਆਂ 'The government has failed to defend itself' ਕਹਿ ਕੇ ਇਹ ਭਰਤੀ ਰੱਦ ਕਰਨ ਦਾ ਫੈਸਲਾ ਸੁਣਾ ਦਿੱਤਾ। ਡਬਲ ਬੈਂਚ ਚੋਂ ਕੇਸ ਜਿੱਤ ਕੇ ਸੁਪਰੀਮ ਕੋਰਟ ਚ ਹਾਰਨ ਨਾਲ ਹਾਲਾਤ 'ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ' ਵਾਲੇ ਬਣ ਗਏ ਹਨ। ਇਹ ਫੈਸਲਾ ਬਿਲਕੁਲ ਇੱਕ ਪਾਸੜ ਅਤੇ ਅਸੰਵੇਦਨਸ਼ੀਲ ਇਸ ਕਰਕੇ ਵੀ ਜਾਪਦਾ ਹੈ ਕਿਉਂਕਿ ਸੁਪਰੀਮ ਕੋਰਟ ਨੇ ਆਪ ਵੀ ਇਹ ਮੰਨਿਆ ਕਿ ਇਸ ਭਰਤੀ ਵਿੱਚ ਜਿੰਨੀਆਂ ਵੀ ਤਕਨੀਕੀ ਊਣਤਾਈਆਂ ਦਾ ਹਵਾਲਾ ਦੇ ਕੇ ਇਸ ਭਰਤੀ ਨੂੰ ਰੱਦ ਕਰਨ ਦਾ ਫੈਸਲਾ ਸੁਣਾਇਆ ਗਿਆ ਹੈ ਉਹਨਾਂ ਵਿੱਚੋਂ ਇੱਕ ਲਈ ਵੀ ਉਮੀਦਵਾਰ ਦੋਸ਼ੀ ਨਹੀਂ ਸਨ। ਇਸਦੇ ਬਾਵਜੂਦ ਸਾਰੀ ਗਾਜ਼ ਬੇਕਸੂਰ ਉਮੀਦਵਾਰਾਂ ਉੱਪਰ ਹੀ ਸੁੱਟ ਦਿੱਤੀ ਗਈ ਜਿਨ੍ਹਾਂ ਦਾ ਇਸ ਸਾਰੇ ਵਰਤਾਰੇ ਵਿੱਚ ਕੋਈ ਵੀ ਕਸੂਰ ਨਹੀਂ ਸੀ ਬਲਕਿ ਉਹ ਤਾਂ ਖੁਦ ਪੀੜਿਤ ਧਿਰ ਸਨ। ਇਹ ਕੈਸਾ ਇਨਸਾਫ ਹੈ ਜਿਸ ਵਿੱਚ ਦੋਸ਼ੀ ਦੀ ਬਜਾਏ ਪੀੜਿਤ ਨੂੰ ਹੀ ਸਜ਼ਾ ਦਿੱਤੀ ਗਈ।

ਅਸਲ ਵਿੱਚ ਇਹ ਇਹਨਾ 1158 ਉਮੀਦਵਾਰਾਂ ਦੀ ਹਾਰ ਨਹੀਂ ਬਲਕਿ ਉਹਨਾਂ ਹਜ਼ਾਰਾਂ ਗਰੀਬ ਵਿਦਿਆਰਥੀਆਂ ਦੀ ਹਾਰ ਹੈ ਜੋ ਹੁਣ ਮਿਆਰੀ ਸਿੱਖਿਆ ਤੋਂ ਮਹਿਰੂਮ ਹੋ ਜਾਣਗੇ। ਇਹ ਉਨ੍ਹਾਂ ਸਰਕਾਰੀ ਕਾਲਜਾਂ ਦੀ ਹਾਰ ਹੈ ਜਿਨ੍ਹਾਂ ਦੀਆਂ ਨੀਹਾਂ ਇਹਨਾਂ ਅਧਿਆਪਕਾਂ ਨੇ ਮਜਬੂਤ ਕਰਨੀਆਂ ਸਨ। ਇਹ 'ਇਮਾਨਦਾਰੀ ਅਤੇ ਸੱਚਾਈ ਦੀ ਸਦਾ ਹੀ ਜਿੱਤ ਹੁੰਦੀ ਹੈ' ਦੇ ਵਿਚਾਰ ਦੀ ਹਾਰ ਹੈ ਇਹ ਨਿਆਂਪਾਲਿਕਾ ਦੀ ਮੌਲਿਕਤਾ ਅਤੇ ਸੁਤੰਤਰਤਾ ਉੱਪਰ ਲੋਕਾਂ ਦੇ ਅਡਿੱਗ ਭਰੋਸੇ ਦੀ ਹਾਰ ਹੈ। ਇਹ ਹਾਰ ਭਾਵੇਂ ਅੰਤਿਮ ਨਹੀਂ, ਲੜਾਈ ਅਜੇ ਜਾਰੀ ਹੈ।

ਇਹ ਵੀ ਯਾਦ ਰਖਣਾ ਚਾਹੀਦਾ ਹੈ ਕਿ ਇਹ ਲੜਾਈ ਜੋ 1158 ਸਹਾਇਕ ਪ੍ਰੋਫੈਸਰਾਂ ਦੇ ਹਿੱਸੇ ਆਈ ਹੈ ਇਹ ਇਹਨਾਂ ਦੀ ਕੇਵਲ ਆਪਣੀ ਨੌਕਰੀ ਨੂੰ ਬਚਾਉਣ ਦੀ ਲੜਾਈ ਨਹੀਂ ਬਲਕਿ ਇਹ ਵੱਡੀ ਲੜਾਈ ਹੈ। ਇਹ ਪੰਜਾਬ ਦੇ ਸਰਕਾਰੀ ਸਿੱਖਿਆ ਪ੍ਰਬੰਧ ਨੂੰ ਬਚਾਉਣ ਦੀ ਲੜਾਈ ਹੈ, ਸਰਕਾਰੀ ਕਾਲਜਾਂ ਵਿੱਚ ਪੜ੍ਹਦੇ ਮਿਆਰੀ ਸਿੱਖਿਆ ਤੋਂ ਵਾਂਝੇ ਹੋਣ ਵਾਲੇ ਗਰੀਬ ਬੱਚਿਆਂ ਦੀ ਲੜਾਈ ਹੈ, ਆਉਣ ਵਾਲੀਆਂ ਨਸਲਾਂ ਦੇ ਲਈ ਰਾਹ ਖੋਲਣ ਦੀ ਲੜਾਈ ਹੈ, ਇਹ ਪੰਜਾਬ ਦੇ ਭਵਿੱਖ ਨੂੰ ਬਚਾਉਣ ਦੀ ਲੜਾਈ ਹੈ।

ਇਸ ਲੜਾਈ ਵਿੱਚ ਅਪਣਾ ਬਣਦਾ ਹਿੱਸਾ ਪਾਉਣਾ ਪੰਜਾਬ ਦੇ ਸਾਰੇ ਹੀ ਸੋਚਵਾਨ, ਇਨਸਾਫਪਸੰਦ ਅਤੇ ਜੁਝਾਰੂ ਲੋਕਾਂ ਦੀ ਇਤਿਹਾਸਿਕ ਜਿੰਮੇਵਾਰੀ ਬਣਦੀ ਹੈ।

**ਅਸਿਸਟੈਂਟ ਪ੍ਰੋਫੈਸਰ ਅੰਗਰੇਜ਼ੀ**
**ਨਵਾਬ ਜੱਸਾ ਸਿੰਘ ਆਹਲੂਵਾਲੀਆ**
**ਸਰਕਾਰੀ ਕਾਲਜ ਕਪੂਰਥਲਾ**

## ਮੁਸਲਮਾਨਾਂ ਤੋਂ ਡਰਦਾ ਬੰਦਾ

ਮੇਰਾ ਇੱਕ ਦੋਸਤ
ਅਕਸਰ ਹੀ ਕਹਿੰਦਾ ਸੀ
ਕਿ
ਕੌਮੀ ਏਕਤਾ ਦੀਆਂ ਗੱਲਾਂ
ਚੰਗੀਆਂ ਲਗਦੀਆਂ ਨੇ
ਸਿਰਫ਼ ਕਹਿਣ 'ਚ ਹੀ

ਇਕੱਲਾ ਗਿਐਂ ਕਿਤੇ
ਮੁਸਲਮਾਨਾਂ ਦੇ ਮੁਹੱਲੇ 'ਚ?
ਜਾ ਕੇ ਦੇਖੀਂ
ਡਰ ਲਗਦੈ!

ਉਹ
ਬਹੁਤ ਡਰਦਾ ਸੀ
ਮੁਸਲਮਾਨਾਂ ਤੋਂ
ਪਰ ਉਸਨੂੰ
ਸ਼ਾਹਰੁਖ਼ ਖ਼ਾਨ
ਬਹੁਤ ਪਸੰਦ ਸੀ
ਉਸਦੀਆਂ
ਗੱਲ੍ਹਾਂ ਵਿਚਲਾ ਡੂੰਘ
ਤੇ ਉਸ ਦੀਆਂ
ਦੀਵਾਲੀ ਨੂੰ ਰਿਲੀਜ਼ ਹੋਈਆਂ
ਫ਼ਿਲਮਾਂ ਵੀ

ਦਲੀਪ ਕੁਮਾਰ
ਯੂਸਫ਼ ਹੈ
ਉਹ ਨਹੀਂ ਸੀ ਜਾਣਦਾ
ਉਸਦੀਆਂ ਫ਼ਿਲਮਾਂ
ਉਹ
ਸ਼ਿੱਦਤ ਨਾਲ ਦੇਖਦਾ

ਉਹ
ਨਹੀਂ ਸੀ ਡਰਦਾ
ਉਨ੍ਹਾਂ ਤੋਂ
ਬੱਸ
ਡਰਦਾ ਸੀ
ਮੁਸਲਮਾਨਾਂ ਤੋਂ

ਉਹ
ਉਡੀਕਦਾ ਸੀ
ਅਮੀਰ ਖ਼ਾਨ ਦੀ
ਕ੍ਰਿਸਮਿਸ 'ਤੇ
ਰਿਲੀਜ਼ ਹੋਣ ਵਾਲੀ
ਫ਼ਿਲਮ ਨੂੰ

ਤੇ
ਸਲਮਾਨ ਦੀ ਈਦ ਦੀ
ਜੇ ਕਿਤੇ
ਬਲੈਕ 'ਚ ਵੀ ਟਿਕਟ ਮਿਲੇ
ਦੇਖ ਆਉਂਦਾ
ਸੀਟੀਆਂ ਮਾਰ-ਮਾਰ ਕੇ

ਉਹ
ਨਹੀਂ ਸੀ ਡਰਦਾ
ਉਨ੍ਹਾਂ ਤੋਂ
ਬੱਸ
ਡਰਦਾ ਸੀ
ਮੁਸਲਮਾਨਾਂ ਤੋਂ

ਉਹ
ਇੰਜਨੀਅਰ ਬਣਿਆ
ਮੇਰੇ ਨਾਲ ਹੀ
ਉਸਦੀ ਦਿਲਚਸਪੀ
ਵਿਗਿਆਨ 'ਚ ਇੰਨੀ
ਕਿ ਆਖਦਾ ਸੀ
ਕਿ ਮੈਂ ਵੀ ਚਾਹੁੰਨਾ
ਅਬਦੁਲ ਕਲਾਮ ਵਾਂਗ
ਵਿਗਿਆਨੀ ਬਣਕੇ
ਦੇਸ਼ ਦਾ ਮਾਣ ਵਧਾਉਣਾ

ਉਹ
ਨਹੀਂ ਸੀ ਡਰਦਾ
ਉਸ ਤੋਂ
ਬੱਸ
ਡਰਦਾ ਸੀ
ਮੁਸਲਮਾਨਾਂ ਤੋਂ

ਉਹ
ਬੜਾ ਸ਼ੌਕੀਨ ਸੀ
ਕ੍ਰਿਕਟ ਦਾ ਵੀ
ਖ਼ਾਸ ਕਰਕੇ
ਮਨਸੂਰ ਅਲੀ ਖ਼ਾਨ ਪਟੌਦੀ ਦੇ
ਛੱਕਿਆਂ ਦਾ
ਮੁਹੰਮਦ ਅਜ਼ਹਰੂਦੀਨ ਦੇ
ਗੁੱਟ ਦਾ
ਜ਼ਹੀਰ ਖ਼ਾਨ
ਤੇ ਇਰਫ਼ਾਨ ਪਠਾਣ ਦੀ
ਲਹਿਰਾਉਂਦੀ ਗੇਂਦ ਦਾ

ਕਹਿੰਦਾ ਸੀ
ਇਹ ਸਾਰੇ
ਜਾਦੂਗਰ ਨੇ
ਇਹ ਖੇਡਣ
ਤਾਂ ਅਸੀਂ
ਕਦੇ ਨਾ ਹਾਰੀਏ
ਪਾਕਿਸਤਾਨ ਤੋਂ

ਉਹ
ਨਹੀਂ ਸੀ ਡਰਦਾ
ਉਨ੍ਹਾਂ ਤੋਂ
ਬੱਸ
ਡਰਦਾ ਸੀ
ਮੁਸਲਮਾਨਾਂ ਤੋਂ

ਉਹ
ਨਰਗਿਸ ਤੇ ਮਧੂਬਾਲਾ ਦੇ
ਹੁਸਨ ਦਾ ਮੁਰੀਦ ਸੀ
ਉਹ ਉਨ੍ਹਾਂ ਨੂੰ
ਦੇਖਣਾ ਚਾਹੁੰਦਾ ਸੀ
'ਬਲੈਕ ਐਂਡ ਵਾਈਟ' 'ਚ

ਉਹ ਮੁਰੀਦ ਸੀ
ਵਹੀਦਾ ਰਹਿਮਾਨ ਦਾ
ਤੇ ਪਰਵੀਨ ਬਾਬੀ ਦੀ
ਮੁਹੱਬਤ ਦਾ

ਉਹ
ਨਹੀਂ ਸੀ ਡਰਦਾ
ਉਨ੍ਹਾਂ ਤੋਂ
ਬੱਸ
ਡਰਦਾ ਸੀ
ਸਿਰਫ਼ ਮੁਸਲਮਾਨਾਂ ਤੋਂ

ਉਹ
ਜਦ ਵੀ ਦੁਖੀ ਹੁੰਦਾ
ਤਾਂ ਸੁਣਦਾ
ਮੁਹੰਮਦ ਰਫ਼ੀ ਦੇ ਗਾਏ ਗੀਤ
ਆਖਦਾ ਕਿ
ਰੱਬ ਵਸਦੈ
ਮੁਹੰਮਦ ਰਫ਼ੀ ਦੇ ਕੰਠ 'ਚ
ਉਹ 'ਰਫ਼ੀ' ਨਾਂ ਲੈਂਦਾ
ਸਦਾ ਕੰਨਾਂ 'ਤੇ ਹੱਥ ਧਰਕੇ
ਨਾਂ ਨਾਲ ਹਮੇਸ਼ਾਂ ਲਾਉਂਦਾ
ਸਾਹਿਬ

ਜੇਕਰ ਉਹ
ਗੀਤ ਗਾ ਦੇਣ
ਸਾਹਿਰ ਦੇ ਲਿਖੇ
ਤਾਂ
ਉਹਦਾ ਦਿਲ ਕਰਦਾ ਸੀ
ਖ਼ੁਸ਼ੀ 'ਚ ਰੋਣ ਨੂੰ

ਉਹ
ਨਹੀਂ ਸੀ ਡਰਦਾ
ਉਨ੍ਹਾਂ ਤੋਂ
ਬੱਸ
ਡਰਦਾ ਸੀ
ਮੁਸਲਮਾਨਾਂ ਤੋਂ

ਉਹ
ਹਰ ਸਾਲ 26 ਜਨਵਰੀ ਨੂੰ
ਗਾਉਂਦਾ ਸੀ
ਅੱਲਾਮਾ ਇਕਬਾਲ ਦਾ
ਸਾਰੇ ਜਹਾਂ ਸੇ ਅੱਛਾ..
ਕਹਿੰਦਾ ਸੀ
ਕਿ ਜੇਕਰ ਕਿਤੇ
ਗੀਤ ਨਾਲ
ਸ਼ਹਿਨਾਈ ਹੋਵੇ
ਬਿਸਮਿੱਲ੍ਹਾ ਖ਼ਾਨ ਦੀ
ਤਬਲਾ ਵੱਜੇ
ਜ਼ਾਕਿਰ ਹੁਸੈਨ ਦਾ
ਤਾਂ ਕਿਆ ਕਹਿਣੇ

ਉਹ
ਨਹੀਂ ਸੀ ਡਰਦਾ
ਉਨ੍ਹਾਂ ਤੋਂ
ਸਿਰਫ਼
ਡਰਦਾ ਸੀ
ਮੁਸਲਮਾਨਾਂ ਤੋਂ

ਉਸਨੂੰ
ਜਦ ਇਸ਼ਕ ਹੋਇਆ
ਤਾਂ ਕੁੜੀ ਨੂੰ
ਗ਼ਜ਼ਲ ਸੁਣਾਉਂਦਾ
ਮਿਰਜ਼ਾ ਗ਼ਾਲਿਬ ਦੀ
ਸ਼ਿਅਰ ਲਿਖ ਲਿਖ ਭੇਜਦਾ
ਫ਼ੈਜ਼ ਦੇ

ਮਰ ਮਿਟਣ ਵਾਲੀ
ਉਸ ਦੀ ਮਹਿਬੂਬਾ
ਉਨ੍ਹਾਂ ਉਧਾਰੇ
ਉਰਦੂ ਸ਼ਿਅਰਾਂ 'ਤੇ
ਉਹਦੀ ਪਤਨੀ ਹੈ
ਅੱਜ

ਉਹ
ਨਹੀਂ ਸੀ ਡਰਦਾ
ਇਨ੍ਹਾਂ ਸਭ ਸ਼ਾਇਰਾਂ ਤੋਂ
ਬੱਸ
ਡਰਦਾ ਸੀ
ਮੁਸਲਮਾਨਾਂ ਤੋਂ

ਬੜਾ ਭੂਠਾ ਸੀ
ਮੇਰਾ ਦੋਸਤ
ਤੇ ਬੜਾ ਭੋਲਾ ਵੀ
ਉਹ
ਅਣਜਾਣਤਾ 'ਚ ਹੀ
ਕਰਦਾ ਸੀ
ਇੰਨਾ ਪਿਆਰ
ਹਰ ਮੁਸਲਮਾਨ ਨਾਲ

ਫਿਰ ਵੀ
ਪਤਾ ਨਹੀਂ ਕਿਉਂ
ਉਹ ਕਹਿੰਦਾ ਸੀ
ਕਿ ਉਹ
ਡਰਦਾ ਹੈ
ਮੁਸਲਮਾਨਾਂ ਤੋਂ

ਉਹ ਰਹਿੰਦੈ
ਮੁਸਲਮਾਨਾਂ ਦੇ ਦੇਸ਼ 'ਚ
ਖ਼ੁਸ਼ੀ ਖ਼ੁਸ਼ੀ
ਮੁਹੱਬਤ ਨਾਲ

ਪਰ ਪਤਾ ਨਹੀਂ
ਰਹਿੰਦਾ ਸੀ
ਮੁਸਲਮਾਨਾਂ ਦੇ
ਕਿਹੜੇ ਮੁਹੱਲੇ 'ਚ
ਡਰਦਾ ਸੀ
ਇਕੱਲੇ ਜਾਣ ਤੋਂ

ਦਰਅਸਲ
ਉਹ ਨਹੀਂ ਸੀ ਡਰਦਾ
'ਰੱਬ' ਦੇ ਬਣਾਏ
ਮੁਸਲਮਾਨਾਂ ਤੋਂ

ਸ਼ਾਇਦ
ਉਹ ਡਰਦਾ ਸੀ ਤਾਂ
ਸਿਆਸਤ
ਅਖ਼ਬਾਰ
ਤੇ ਚੋਣਾਂ ਦੇ ਬਣਾਏ
ਉਨ੍ਹਾਂ
ਮਨਘੜਤ
ਮੁਸਲਮਾਨਾਂ ਤੋਂ

ਜੋ
ਕਲਪਨਾ 'ਚ
ਬਹੁਤ ਡਰਾਉਣੇ ਸਨ
ਪਰ ਅਸਲੀਅਤ 'ਚ
ਜਿਆਦਾ ਮਿੱਠੇ ਸਨ
ਈਦ ਦੀਆਂ ਸੇਵੀਆਂ ਤੋਂ ਵੀ

ਲੇਖਕ : ਨਿਖਿਲ ਸਚਾਨ
ਪੇਸ਼ਕਸ਼: ਯਸ਼ ਪਾਲ
(98145 35005)

## ਡਾ: ਸਾਹਿਬ ਜੀ ਕੀ ਗੱਲ ਹੈ !

ਡਾ: ਸਾਹਿਬ ਜੀ ਕੀ ਗੱਲ ਹੈ ?
ਨਾਲੇ ਠਾਠੀ ਬੰਨੀ ਜਾਂਦੇ ਹੋ
ਨਾਲੇ ਮੁਸ਼ਕਰੀਆ ਨਾਲ ਹੱਸੀ ਜਾਂਦੇ ਹੋ

ਖ਼ਬਰ ਹੀ ਬੜੀ ਖ਼ੁਸ਼ੀ ਵਾਲੀ ਹੈ
ਹੱਸਾਂ ਨਾ ਤਾਂ ਹੋਰ ਰੋਵਾਂ

ਤੂੰ ਸੁਣਿਆ ਨਹੀਂ?
ਗਰਮੀਆਂ ਵਿੱਚ ਟੋਰੋਂਟੋ
ਤਿੰਨ ਵਰਡ ਪੰਜਾਬੀ
ਕਾਨਫਰੰਸਾਂ ਹੋ ਰਹੀਆਂ ਨੇ
ਇਕੱਲੀਆਂ ਉਂਗਲਾਂ ਹੀ ਘਿਉ ਵਿੱਚ ਨਹੀਂ
ਆਪਣੇ ਪੈਰ ਵੀ ਗਿੱਲੇ ਹੁੰਦੇ ਆ

ਜਾਵਾਂਗੇ, ਜ਼ਰੂਰ ਜਾਵਾਂਗੇ
ਨਾਲੇ ਬੱਚਿਆਂ ਨੂੰ ਮਿਲ ਆਵਾਂਗੇ
ਦੋਸਤ, ਮਿੱਤਰ, ਸਹੇਲੀਆਂ ਨੂੰ ਮਿਲ ਆਵਾਂਗੇ
ਪੈੱਗ-ਸ਼ੈੱਗ ਲਾਵਾਂਗੇ
ਸਭ ਕੁਝ ਭੁੱਲ ਜਾਵਾਂਗੇ
ਮਸਤੀ ਵਿੱਚ ਆਵਾਂਗੇ
ਸਟਰਿਪ ਕਲੱਬ ਜਾਵਾਂਗੇ
"ਸੰਨੀ ਡੇਅ" ਮਨਾਵਾਂਗੇ
ਪੰਜਾਬ ਦੀ ਗਰਮੀ ਕੱਢ ਆਵਾਂਗੇ
ਜਾਵਾਂਗੇ, ਜ਼ਰੂਰ ਜਾਵਾਂਗੇ

ਤਿੰਨ ਵਰਡ ਪੰਜਾਬੀ ਕਾਨਫਰੰਸਾਂ
ਦਾ ਠੱਪਾ ਰਿਜ਼ਿਊਮੇ 'ਤੇ ਲਗਵਾਵਾਂਗੇ
ਆਪਣੇ ਚਮਚਿਆਂ ਦੀਆਂ ਕਿਤਾਬਾਂ ਨੂੰ
ਯੂਨੀਵਰਸਿਟੀ ਵਿੱਚ ਲਗਵਾਵਾਂਗੇ
ਦੋ ਮਹੀਨੇ ਦੇ ਵਿੱਚ
ਰੀਡਰ ਤੋਂ ਪ੍ਰੋਫੈਸਰ ਬਣ ਜਾਵਾਂਗੇ
ਇੱਕ ਪੱਥਰ ਨਾਲ
ਤਿੰਨ-ਚਾਰ ਪੰਛੀ ਮਾਰ ਆਵਾਂਗੇ

ਸਾਹਿਤ ਸਭਾਂਵਾ ਦੇ ਆਹੁਦੇਦਾਰਾਂ ਨੂੰ
ਆਪਸ ਵਿੱਚ ਛਿੱਤਰੋ-ਛਿਤਰੀਂ ਕਰਵਾਵਾਂਗੇ
ਸਾਹਿਤਕਾਰਾਂ ਤੇ ਡਿਵਾਇਡ ਐਂਡ ਰੂਲ ਦਾ
ਫ਼ਾਰਮੂਲਾ ਲਾਵਾਂਗੇ
ਗੁਰੂ ਘਰਾਂ ਵਾਂਗ,
ਜਾਤ ਪਾਤ ਦੇ ਨਾਮਾਂ 'ਤੇ
ਸਾਹਿਤ ਸਭਾਵਾਂ ਬਣਵਾਵਾਂਗੇ
ਅਗਲੇ ਸਾਲ ਤਿੰਨਾਂ ਤੋਂ ਛੇ ਕਾਨਫਰੰਸਾਂ
ਇੱਕੋ ਸ਼ਹਿਰ ਵਿੱਚ ਕਰਵਾਵਾਂਗੇ
ਆਪਣੀਆ ਉਂਗਲਾਂ ਦੇ ਨਾਲ
ਪੈਰ ਵੀ ਘਿਉ ਵਿੱਚ ਪਾਵਾਂਗੇ

ਛੇ ਕਾਨਫਰੰਸਾਂ ਵਿੱਚ
ਹਾਜ਼ਰੀ ਲਵਾਉਣ ਨਾਲ
ਪ੍ਰੋਫੈਸਰ ਤੋਂ ਸਿੱਧੇ ਡੀਨ ਬਣ ਜਾਵਾਂਗੇ
ਨਾਲੇ ਕਿਸੇ ਅਵਾਰਡ ਨੂੰ ਹੱਥ ਪੈਰ ਮਾਰਾਂਗੇ
ਬਹੁਤਾ ਨਾ ਸਹੀ ਤਾਂ
ਘੱਟੋ-ਘੱਟ 'ਲੋਕ ਕਵੀ' ਤੋਂ
'ਰਾਜ ਕਵੀ' ਤਾਂ ਬਣ ਹੀ ਜਾਵਾਂਗੇ

ਰੱਬ ਕਰੇ!
ਇਹ ਸਾਹਿਤਕਾਰ ਇਸ ਤਰਾਂ ਹੀ
ਸਾਡੇ ਜਾਲ ਵਿੱਚ ਫਸਦੇ ਰਹਿਣ
ਇੱਕ ਦੂਜੇ ਨਾਲ ਛਿੱਤਰੋ-ਛਿੱਤਰੀ ਹੋ ਕੇ
ਦਾਲ ਵੰਡਦੇ ਰਹਿਣ
ਸਾਡੇ ਤੋਂ ਸਾਹਿਤ ਦੀ ਸੇਵਾ ਕਰਵਾਉਂਦੇ ਰਹਿਣ
ਸਾਡੇ ਤੋਂ ਸਾਹਿਤ ਦੀ ਸੇਵਾ ਕਰਵਾਉਂਦੇ ਰਹਿਣ

-ਸਨੀ ਧਾਲੀਵਾਲ ਐਡਮਿੰਟਨ

## ਸਨਮਾਨ

ਸਨਮਾਨ ਚਾਹੁੰਦੇ ਹੋ ਤਾਂ ਅਪਮਾਨ ਤੋਂ ਨਾ ਡਰੋ।
ਭਰਨੀ ਹੈ ਓਡਾਰੀ ਤਾਂ ਅਸਮਾਨ ਤੋਂ ਨਾ ਡਰੋ।

ਜੇ ਨਹੀਂ ਆਉਂਦਾ ਉਹ ਧਾਰ ਇਰਾਦਾ ਸਿੱਖ ਲਓ,
ਪਰ ਕਦੇ ਵੀ ਗੈਰਾਂ ਦੀਆਂ ਤੋਹਮਤਾਂ ਤੋਂ ਨਾ ਡਰੋ।

ਹੈ ਮੁਹੱਬਤ ਕਿਸੇ ਨਾਲ ਤਾਂ ਇਜ਼ਹਾਰ ਵੀ ਕਰੋ,
ਰਾਹ-ਏ-ਇਸ਼ਕ ਦੀਆਂ ਦੁਸ਼ਵਾਰੀਆਂ ਤੋਂ ਨਾ ਡਰੋ,

ਪੈਰ ਪੈਰ 'ਤੇ ਮਿਲਣਗੇ ਹੌਸਲਾ-ਸ਼ਿਕਨ ਤੁਹਾਨੂੰ,
ਫਿਰ ਵੀ ਨਵੇਂ ਰਾਹਾਂ ਦੀ ਤਲਾਸ਼ ਤੋਂ ਨਾ ਡਰੋ।

ਜੋ ਘਰੋਂ ਤੁਰੇ ਸਨ ਉਨ੍ਹਾਂ ਨੇ ਹੀ ਮੰਜ਼ਿਲ ਪਾਈ ਹੈ,
ਕਦੇ ਵੀ ਔਖੇ ਰਾਹਾਂ ਦੇ ਲੰਮੇ ਸਫ਼ਰ ਤੋਂ ਨਾ ਡਰੋ।

ਸੱਚ ਦੇ ਰਾਹ 'ਤੇ ਹੋ ਤਾਂ ਬੇਖ਼ੌਫ ਅੱਗੇ ਤੁਰਦੇ ਜਾਓ,
ਵਿਰੋਧੀ ਹਵਾਵਾਂ ਤੇ ਉਠਦੇ ਤੂਫ਼ਾਨਾਂ ਤੋਂ ਨਾ ਡਰੋ।

ਆਪਣੇ ਰੁਤਬੇ ਲਈ ਜੋ ਕਰਦੇ ਨੇ ਹੋਰਾਂ ਦੀ ਤੌਹੀਨ,
ਮਾਣਕ, ਐਸੇ ਨਦਾਨ ਤਮਾਸ਼ਬੀਨਾਂ ਤੋਂ ਨਾ ਡਰੋ।

- ਕੇਸਰ ਭੰਗੂ

## ਹੁੰਦੀ ਜਦ ਮਾਂ ਸੀ

ਹੁੰਦੀ ਜਦ ਮਾਂ ਸੀ
ਬਥੇਰੇ ਮੇਰੇ ਨਾਂ ਸੀ
ਸੋਹਣਾ ਪੁੱਤ, ਸ਼ੇਰ ਬੱਗਾ,
ਮੇਰੀ ਖੰਡ ਮਿਸ਼ਰੀ
ਲਾਲ ਮੇਰਾ ਆਖ ਕੇ
ਬੁਲਾਉਣੋਂ ਨਹੀਂ ਮਾਂ ਵਿਸਰੀ
ਚੰਨ ਜਿਹਾ ਪੁੱਤ ਸਾਂ ਤੇ
ਕਦੇ ਅਸਮਾਨ ਸੀ
ਕਾਗਜ਼ਾਂ 'ਚ ਭਾਵੇਂ 'ਕੱਲਾ
ਅਕਰਮ ਖਾਨ ਸੀ
ਅੰਮੜੀ ਦੇ ਜਾਣ ਪਿਛੋਂ
ਬੜਾ ਕੁਝ ਖੁੱਸਿਆ
ਉਹਦੇ ਵਾਂਗੂੰ ਕਿਸੇ ਨੇ ਨਹੀਂ
ਹਾਲ ਚਾਲ ਪੁੱਛਿਆ
ਉਹਦੇ ਕੁਝ ਬੋਲਾਂ ਨਾ
ਥਕਾਨ ਜਾਂਦੀ ਲੱਥ ਸੀ
ਬਾਦਸ਼ਾਹ ਸਾਂ, ਜਦੋਂ ਸਿਰ
ਗਿਆ ਲੁੱਟਿਆ ਜਹਾਨ ਜੋ
ਹਥੇਲੀ 'ਤੇ ਸੀ ਧਰਿਆ
ਮਾਰੇ ਤੇਰੇ ਜਾਣ ਪਿਛੋਂ
ਬਹੁਤ ਕੁਝ ਮਰਿਆ।

ਕਬਰਾਂ ਨੂੰ ਜਾਣ ਵਾਲਾ
ਪੈਂਡਾ ਲੰਬਾ ਹੋਏਗਾ
ਲਾਲ ਤੇਰਾ ਤੈਨੂੰ ਕਿਸ
ਪਾਸਿਓਂ ਮਾਂ ਛੋਹੇਗਾ
ਘਰ ਦੀ ਹਰਿਕ ਸ਼ੈਅ 'ਚੋਂ
ਚੇਤਾ ਤੇਰਾ ਆਏਗਾ
ਗਿਆ ਜੇ ਪੰਜਾਬ ਮੈਨੂੰ
ਕੌਣ ਸੀਨੇ ਲਾਏਗਾ
ਲੈਂਦਾ ਰੋਕ ਮੈਂ ਜੇ, ਸੂਈਆਂ
ਸਮੇਂ ਦੀਆਂ ਰੁਕ ਜਾਂਦੀਆਂ
ਪੁੱਤਾਂ ਦੀ ਉਡੀਕ ਵਿਚ
ਮਾਵਾਂ ਮੁੱਕ ਜਾਂਦੀਆਂ।

ਮਾਵਾਂ ਹੋਣ, ਸਿਰ ਤੋਂ
ਬਲਾਵਾਂ ਟਲ ਜਾਂਦੀਆਂ
ਕਹਿ ਕੇ 'ਚਲ ਕੋਈ ਨਾ'
ਸੰਤਾਪ ਝੱਲ ਜਾਂਦੀਆਂ
ਹੁੰਦੀਆਂ ਨੇਲੋਕ ਕਹਿੰਦੇ
ਮਾਵਾਂ ਰੂਪ ਰੱਬ ਦਾ
ਪਰ ਮੈਨੂੰ ਮਾਂ ਤੋਂ ਵੱਡਾ ਨਹੀਂ
ਰੱਬ ਲੱਗਦਾ
ਜ਼ਿੰਦਗੀ 'ਚ ਇਕੋ ਇਕ
ਮਨ ਦੀ ਪੁਗਾ ਲੀਏ
ਹੱਥ 'ਚ ਜੇ ਹੋਏ
ਮਾਂ ਦੀ ਉਮਰ ਵਧਾ ਲਈਏ।

ਅਕਰਮ ਧੂਰਕੋਟ (ਟੋਰਾਂਟੋ)
437-661-9486

ਸੰਸਾਰ ਪ੍ਰਸਿੱਧ ਲੇਖਕਾਂ ਦੀਆਂ ਅਨੁਵਾਦਕ ਇਨਕਲਾਬੀ, ਤਰਕਸ਼ੀਲ, ਵਿਗਿਆਨਕ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ
ਕੈਲਗਰੀ : ਮਾਸਟਰ ਭਜਨ ਸਿੰਘ 403-455-4220,
ਟੋਰਾਂਟੋ : ਹਰਬੰਸ ਸਿੰਘ 416-817-7142,
ਦੇਵਿੰਦਰ ਤੂਰ 416-902-9372
ਹਰਨੇਕ ਧਾਲੀਵਾਲ ਵਿਨੀਪੈੱਗ 204-488-6960

# ਬਰੈਂਪਟਨ ਵਿੱਚ ਸਮਾਜ-ਸੇਵੀ ਵਿਗਿਆਨੀ ਲਿਖਾਰੀ ਡਾ. ਬਲਜਿੰਦਰ ਸੇਖੋਂ ਪ੍ਰਤੀ ਸ਼ਰਧਾਂਜਲੀ ਸਮਾਗਮ

## ਬਹੁਤ ਸਾਰੀਆਂ ਸਾਹਿਤਕ, ਸਮਾਜਿਕ, ਸੱਭਿਆਚਾਰਕ ਤੇ ਹੋਰ ਜੱਥੇਬੰਦੀਆਂ ਵੱਲੋਂ ਭਾਵ-ਭਿੰਨੀ ਸ਼ਰਧਾਂਜਲੀ





ਬਰੈਂਪਟਨ, (ਡਾ. ਝੰਡ) : ਡਾ. ਬਲਜਿੰਦਰ ਸਿੰਘ ਸੇਖੋਂ ਜੋ 30 ਜੂਨ ਨੂੰ ਪੰਜਾਬ ਦੇ ਬਠਿੰਡਾ ਵਿਖੇ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ ਹਨ, ਨੂੰ ਯਾਦ ਕਰਦਿਆਂ ਐਤਵਾਰ 27 ਜੁਲਾਈ ਨੂੰ 'ਐਂਮਬੈਸੀ ਕਨਵੈਂਨਸ਼ਨ ਸੈਂਟਰ' ਵਿੱਚ ਰੱਖੇ ਗਏ ਸ਼ਰਧਾਂਜਲੀ ਸਮਾਗ਼ਮ ਵਿੱਚ ਬਰੈਂਪਟਨ ਦੀਆਂ ਸਾਹਿਤਕ, ਸਮਾਜਿਕ, ਸੱਭਿਆਚਾਰਕ ਤੇ ਹੋਰ ਕਈ ਜੱਥੇਬੰਦੀਆਂ ਵੱਲੋਂ ਭਾਵਪੂਰਤ ਸ਼ਰਧਾਂਜਲੀ ਭੇਂਟ ਕੀਤੀ ਗਈ। ਬਹੁ-ਪੱਖੀ ਸ਼ਖ਼ਸੀਅਤ ਦੇ ਮਾਲਕ ਕਿੱਤੇ ਵਜੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿੱਚ ਲੰਮਾਂ ਸਮਾਂ ਰਹੇ ਕੀਟ-ਵਿਗਿਆਨ ਦੇ ਪ੍ਰੋਫ਼ੈਸਰ, ਸੋਚ ਪੱਖੋਂ ਤਰਕਸ਼ੀਲ ਅਤੇ ਸ਼ੌਕ ਵਜੋਂ ਲੇਖਕ ਤੇ ਪੱਤਰਕਾਰ ਡਾ. ਬਲਜਿੰਦਰ ਸੇਖੋਂ ਦੇ ਇਸ ਸੋਗਮਈ ਪ੍ਰਭਾਵਸ਼ਾਲੀ ਸਰਧਾਂਜਲੀ ਸਮਾਸਮ ਵਿੱਚ ਬਰੈਂਪਟਨ ਦੀਆਂ ਦਰਜਨ ਤੋਂ ਵਧੇਰੇ ਜੱਥੇਬੰਦੀਆਂ ਦੇ ਆਗੂਆਂ ਅਤੇ ਅਹਿਮ ਸ਼ਖਸੀਅਤਾਂ ਨੇ ਸਮਾਗ਼ਮ 'ਚ ਸ਼ਾਮਲ ਸਰੋਤਿਆਂ ਨੂੰ ਸੰਬੋਧਨ ਕੀਤਾ।

ਵੱਖ-ਵੱਖ ਬੁਲਾਰਿਆਂ ਨੇ ਡਾ: ਸੇਖੋਂ ਨੂੰ ਯਾਦ ਕਰਦਿਆਂ ਕਿਹਾ ਕਿ ਡਾ. ਬਲਜਿੰਦਰ ਸੇਖੋਂ ਨੇ ਆਪਣੀਆਂ ਸ਼ਾਨਦਾਰ ਸੇਵਾਵਾਂ ਵਿਗਿਆਨ ਦੇ ਖੇਤਰ ਵਿਚ ਪ੍ਰਦਾਨ ਕੀਤੀਆਂ। ਆਪਣੀਆਂ ਸੇਵਾਵਾਂ ਪ੍ਰਦਾਨ ਕਰਦੇ ਸਮੇਂ ਉਨ੍ਹਾਂ ਸਿਰਫ਼ ਆਪਣੇ ਜੀਵਨ ਨੂੰ ਕਿੱਤੇ ਤੱਕ ਹੀ ਸੀਮਤ ਨਹੀਂ ਸੀ ਕੀਤਾ। ਭਲਾ ਹੀ ਉਨ੍ਹਾਂ ਦਾ ਕਿੱਤਾ ਵੀ ਵਿਗਿਆਨ ਨਾਲ ਜੁੜਿਆ ਹੋਇਆ ਸੀ ਪ੍ਰੰਤੂ ਜਿਸ ਕਿਸਮ ਨਾਲ ਉਨ੍ਹਾਂ ਨੇ ਆਪਣੇ ਵਿਗਿਆਨ ਨਾਲ ਸਬੰਧਤ ਕਿੱਤੇ ਵਿਚ ਕਾਰਜ ਕਰਦਿਆਂ ਤਰਕਸ਼ੀਲ ਵਿਚਾਰਾਂ ਨੂੰ ਵੀ ਆਪਣੀ ਜੀਵਨ ਜਾਚ ਦਾ ਅਟੁੱਟ ਅੰਗ ਬਣਾਇਆ ਲਿਆ ਸੀ। ਸੱਚ ਤਾਂ ਇਹ ਹੈ ਕਿ ਡਾ. ਬਲਜਿੰਦਰ ਸੇਖੋਂ ਵਿਗਿਆਨੀ ਅਤੇ ਤਰਕਸ਼ੀਲ ਇਨਸਾਨ ਸਨ। ਉਨ੍ਹਾਂ ਨੂੰ ਕੌਮਾਂਤਰੀ, ਕੌਮੀ ਅਤੇ ਵੱਖ ਵੱਖ ਦੇਸ਼ਾਂ ਜਿਨ੍ਹਾਂ ਵਿਚ ਕੈਨੇਡਾ ਅਤੇ ਪੰਜਾਬ ਸ਼ਾਮਲ ਹੈ, ਬਾਰੇ ਡੂੰਘੀ ਰਾਜਨੀਤਕ, ਸਮਾਜਿਕ, ਸਭਿਆਚਾਰ ਨਾਲ ਸਬੰਧਤ ਪਹਿਲੂਆਂ ਬਾਰੇ ਭਰਵੀਂ ਖੋਜ ਭਰਪੂਰ ਜਾਣਕਾਰੀ ਹੀ ਨਹੀਂ ਸੀ ਬਲਕਿ ਆਪਣੀ ਦ੍ਰਿਸ਼ਟੀ ਨਾਲ ਲੇਖਣ ਦਾ ਵੀ ਕਾਰਜ ਕਰਦੇ ਸਨ। ਉਨ੍ਹਾਂ ਦੀ ਲੇਖਣੀ ਵਿਚਲੀ ਪਹੁੰਚ ਅਤੇ ਭਾਸ਼ਾ ਜਨਸਮੂਹ ਵਿਚ ਮਕਬੂਲ ਸੀ। ਜਿਸ ਤਰ੍ਹਾਂ ਉਨ੍ਹਾਂ ਨੇ ਵਿਦਿਆ ਦੇ ਖੇਤਰ ਵਿਸ਼ੇਸ਼ ਕਰਕੇ ਵਿਗਿਆਨ ਨਾਲ ਸਬੰਧਤ 'ਕਿਥੇ ਆਇਆ ਜਗਤ ਪਸਾਰਾ' ਪੁਸਤਕ ਰਾਹੀਂ ਵਿਗਿਆਨਕ ਸੋਝੀ ਨੂੰ ਆਮ ਪਾਠਕਾਂ ਤੱਕ ਪਹੁੰਚਾਇਆ। ਉਨ੍ਹਾਂ ਦੀ ਜੀਵਨ ਜਾਚ ਦੀ ਸਭ ਤੋਂ ਵੱਡੀ ਖ਼ੂਬੀ ਇਹ ਸੀ ਕਿ ਉਹ ਹਰੇਕ ਸਾਹਿਤਕ, ਸਭਿਆਚਾਰਕ, ਸਮਾਜਿਕ ਆਦਿ ਖੇਤਰਾਂ ਨਾਲ ਜੁੜੀ ਹਰੇਕ ਜਥੇਬੰਦੀ ਦਾ ਅਟੁੱਟ ਅੰਗ ਬਣ ਕੇ ਚਲਦੇ ਸਨ। ਉਨ੍ਹਾਂ ਦੇ ਤੁਰ ਜਾਣ ਨਾਲ ਇਸ ਧਰਤੀ ਦਾ ਇਕ ਖ਼ੂਬਸੂਰਤ ਇਨਸਾਨ ਸਾਡੇ ਬੜੇ ਪਰਿਵਾਰ ਵਿਚੋਂ ਵਿਛੋੜਾ ਦੇ ਗਿਆ ਹੈ ਜਿਸ ਨੇ ਅਜੇ ਹੋਰ ਕਾਰਜ ਵੱਖ ਵੱਖ ਖੇਤਰਾਂ ਵਿਚ ਕਰਨੇ ਸਨ। ਉਨ੍ਹਾਂ ਦੀਆਂ ਦਿੱਤੀਆਂ ਸੇਵਾਵਾਂ ਅਤੇ ਵਿਚਾਰਾਂ ਉਪਰ ਸਾਨੂੰ ਮਾਣ ਹੈ।



ਬੁਲਾਰਿਆਂ ਵਿੱਚ ਮੁੱਖ ਤੌਰ 'ਤੇ ਤਰਕਸ਼ੀਲ ਸੁਸਾਇਟੀ ਆਫ਼ ਕੈਨੇਡਾ ਦੇ ਪ੍ਰਮੁੱਖ ਆਗੂ ਬਲਦੇਵ ਰਹਿਪਾ, ਬਲਵਿੰਦਰ ਬਰਨਾਲਾ, ਕੁਲਦੀਪ ਰੰਧਾਵਾ, ਸੋਹਨ ਢੀਂਡਸਾ, 'ਪੰਜਾਬੀ ਕਲਮਾਂ ਦਾ ਕਾਫ਼ਲਾ' ਤੋਂ ਕੁਲਵਿੰਦਰ ਖਹਿਰਾ, 'ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ' ਤੋਂ ਮਲੂਕ ਸਿੰਘ ਕਾਹਲੋਂ, 'ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼' ਤੋਂ ਜੰਗੀਰ ਸਿੰਘ ਸੈਂਹਬੀ, 'ਸਰੋਕਾਰਾਂ ਦੀ ਆਵਾਜ਼' ਤੋਂ ਹਰਬੰਸ ਸਿੰਘ, ਕੈਨੇਡੀਅਨ ਪੰਜਾਬੀ ਕਲਚਰਲ ਸੁਸਾਇਟੀ, ਓਨਟਾਰੀਓ' ਵੱਲੋਂ ਡਾ. ਹਰਦੀਪ ਸਿੰਘ ਅਟਵਾਲ, 'ਪੰਜਾਬੀ ਸੱਭਿਆਚਾਰ ਮੰਚ' ਤੋਂ ਬਲਦੇਵ ਸਿੰਘ ਸਹਿਦੇਵ, 'ਪੰਜਾਬੀ ਯੂਨੀਵਰਸਿਟੀ ਪਟਿਆਲਾ ਅਲੂਮਿਨੀ ਐਸੋਸੀਏਸ਼ਨ ਤੋਂ ਪਰਮਜੀਤ ਸਿੰਘ ਗਿੱਲ, 'ਪੰਜਾਬ ਆਰਟਸ ਐਸੋਸੀਏਸ਼ਨ ਤੇ ਇੰਡੋ-ਕੈਨੇਡੀਅਨ ਵਰਕਰਜ਼ ਐਸੋਸੀਏਸ਼ਨ' ਤੋਂ ਕੁਲਦੀਪ ਸਿੰਘ ਰੰਧਾਵਾ, 'ਪਰਵਾਸੀ ਪੰਜਾਬੀ ਪੈੱਨਸ਼ਨਰਜ਼ ਐਸੋਸੀਏਸ਼ਨ' ਤੋਂ ਪ੍ਰੋ. ਜਗੀਰ ਸਿੰਘ ਕਾਹਲੋਂ, 'ਰੇਡੀਓ ਸਰਗਮ' ਦੇ ਸੰਚਾਲਕ ਡਾ. ਬਲਵਿੰਦਰ ਧਾਲੀਵਾਲ, ਉੱਘੇ ਖੇਡ-ਲੇਖਕ ਪ੍ਰਿੰਸੀਪਲ ਸਰਵਣ ਸਿੰਘ, ਸਮਾਜ-ਸੇਵਕ ਇੰਦਰਜੀਤ ਸਿੰਘ ਬੱਲ, ਡਾ. ਸੇਖੋਂ ਦੇ ਦੋਸਤ ਤੇ ਕਈ ਹੋਰ ਸ਼ਾਮਲ ਸਨ। ਉਨ੍ਹਾਂ ਵੱਲੋਂ ਡਾ. ਸੇਖੋਂ ਦੀ ਸ਼ਖਸੀਅਤ ਦੇ ਵੱਖ-ਵੱਖ ਪਹਿਲੂਆਂ ਨੂੰ ਬਾਖ਼ੂਬੀ ਯਾਦ ਕੀਤਾ ਗਿਆ। ਰੇਡੀਓ 'ਪੰਜਾਬ ਦੀ ਗੂੰਜ' ਦੇ ਸੰਚਾਲਕ ਕੁਲਦੀਪ ਦੀਪਕ ਜੋ ਉਸ ਦਿਨ ਬਰੈਂਪਟਨ ਤੋਂ ਬਾਹਰ ਹੋਣ ਕਾਰਨ ਸ਼ਰਧਾਂਜਲੀ ਸਮਾਗ਼ਮ ਵਿੱਚ ਸ਼ਾਮਲ ਨਾ ਹੋ ਸਕੇ, ਨੇ ਆਪਣਾ ਸ਼ੋਕ-ਸੁਨੇਹਾ ਬਲਦੇਵ ਰਹਿਪਾ ਨੂੰ ਵੱਟਸੈਪ 'ਤੇ ਆਡੀਓ ਮੈਸੇਜ ਰਾਹੀਂ ਭੇਜਿਆ। ਸ਼ੋਕ ਸਮਾਗਮ ਵਿਚ ਸਾਮਲ ਹੋਏ ਡਾ: ਸੇਖੋਂ ਦੇ ਪਰਿਵਾਰਿਕ ਮੈਂਬਰਾਂ ਵੱਲੋਂ ਉਹਨਾਂ ਦੀ ਨੂੰਹ ਕਮਲ ਸੇਖੋਂ ਨੇ ਸਮਾਗਮ ਵਿਚ ਪਹੁੰਚੇ ਸਭਨਾਂ ਡਾ. ਸੇਖੋਂ ਦੇ ਸਭ ਹਿਤੈਸ਼ੀਆਂ ਦਾ ਧੰਨਵਾਦ ਕਰਦੇ ਹੋਏ ਡਾ: ਸੇਖੋਂ ਦੀ ਸੋਚ ਤੇ ਮਿਸ਼ਨ ਨੂੰ ਜਾਰੀ ਰੱਖਣ ਦੀ ਅਪੀਲ ਕੀਤੀ। ਇਸ ਮੌਕੇ ਅਗਾਂਹਵਧੂ ਸਾਹਿਤ ਦੀ ਪ੍ਰਦਰਸ਼ਨੀ ਵੀ ਲਗਾਈ ਗਈ ਅਤੇ ਡਾ. ਸੇਖੋਂ ਦੀਆ ਲਿਖੀਆਂ ਹੋਈਆਂ ਪੁਸਤਕਾਂ ਵੀ ਪੜ੍ਹਨ ਦੀ ਅਪੀਲ ਕੀਤੀ। ਸਮਾਗਮ ਦੌਰਾਨ ਪ੍ਰਬੰਧਕਾਂ ਵੱਲੋਂ ਮਿੱਠੇ ਤੇ ਨਮਕੀਨ ਲੰਗਰ ਦਾ ਪ੍ਰਬੰਧ ਕੀਤਾ ਗਿਆ। ਇਸ ਸਮੇਂ ਨਛੱਤਰ ਸਿੰਘ ਬਦੇਸ਼ਾ ਦੀ ਅਗਵਾਈ ਵਿੱਚ ਅਗਾਂਹਵਧੂ ਅਤੇ ਤਰਕਸ਼ੀਲ ਕਿਤਾਬਾਂ ਦੀ ਸਟਾਲ ਵੀ ਲਗਾਈ ਗਈ ਅਤੇ ਭਾਰੀ ਗਿਣਤੀ ਵਿੱਚ ਲੋਕਾਂ ਨੇ ਕਿਤਾਬਾਂ ਖਰੀਦੀਆਂ।

'ਸਰੋਕਾਰਾਂ ਦੀ ਆਵਾਜ਼' ਦੇ ਦਵਿੰਦਰ ਸਿੰਘ ਤੂਰ ਨੇ ਵੀ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਕਿਹਾ ਕਿ ਡਾ: ਸੇਖੋਂ ਦੀਆਂ ਵੱਖ ਵੱਖ ਸਮੇਂ 'ਸਰੋਕਾਰਾਂ ਦੀ ਆਵਾਜ਼' ਵਾਸਤੇ ਲਿਖੀਆਂ ਲਿਖਤਾਂ ਅਮੁੱਲ ਖਜ਼ਾਨਾ ਹਨ। 'ਸਰੋਕਾਰਾਂ ਦੀ ਆਵਾਜ਼' ਉਨ੍ਹਾਂ ਦੇ ਪਰਿਵਾਰ ਦੇ ਡੂੰਘੇ ਗ਼ਮ ਵਿਚ ਸ਼ਰੀਕ ਹੁੰਦਾ ਹੈ। ਸਾਡਾ ਇਹ ਇਕ ਅਟੁੱਟ ਅੰਗ ਭਲਾ ਹੀ ਸਾਡੇ ਵਿਚੋਂ ਅਚਨਚੇਤ ਕਿਰ ਗਿਆ ਹੈ। ਉਨ੍ਹਾਂ ਨੇ ਇਸ ਭੈੜੇ ਸਮਾਜ ਦੀਆਂ ਅਲਾਮਤਾਂ ਦੇ ਖਿਲਾਫ਼ ਆਪਣੀ ਆਵਾਜ਼ ਅਤੇ ਕਲਮ ਚਲਾਈ ਜਿਸ ਦੀ ਅਜੋਕੇ ਸਮਿਆਂ ਵਿਚ ਬੇਹੱਦ ਜ਼ਰੂਰਤ ਸੀ।


KRAFTSMAN ELECTRIC LTD.
ELECTRIC
Residential & Commercial
Licensed, Bonded & Insured
CERTIFIED ELECTRICIAN CERTIFIED
BBB ACCREDITED BUSINESS
www.kraftsmanelectric.ca
kelectric17@gmail.com
778-883-1313

HOMELIFE
HIGHER STANDARDS
Commitment to Excellent Service
- Life Insurance
- Disability Insurance
- Critical Illness Insurance
- Super Visa Insurance
- Health & Dental Plans
- Mortgage Insurance
- Visitor Insurance
- Segregated Funds
- RRSP & TFSA
- RESP
HomeLife SilverCity Realty Inc.
Brokerage Independently Owned & Operated
Harbans Singh
Sales Representative & Insurance Advisor
Mob. 416-817-7142
905-913-8500
Fax: 415-213-9010
dharbans@hotmail.com





Punjab Insurance Inc.
10 - 7003 Steeles Avenue, West, Toronto, ON M9W 0A2
11775 Bramalea Rd., Unit #201, Brampton L7R3S7

EXPERIOR FINANCIAL GROUP INC
Representing Many financial institutions
SuperVisa, Life Insurance
Disability, Critical Illness, Health
SPECIAL DISCOUNT
FOR VISITORS, TRUCKERS,
WORK PERMIT, REFUGE &
INTERNATIONAL STUDENTS
LOWEST RATES
FREE QUOTE
Call
Protect your family
Call: 416.209.6363





Hardeep Atwal
Sr. Insurance Advisor

# ਭਾਰਤੀ ਅਰਥਵਿਵਸਥਾ ਦੀ ਆਮਦਨ ਵੰਡ ਬਰਾਬਰਤਾ ਦੇ ਮਾਮਲੇ 'ਚ ਚੌਥੇ ਸਥਾਨ ਦੀ ਅਸਲੀਅਤ

ਡਾ. ਕੇਸਰ ਸਿੰਘ ਭੰਗੂ
9815427127

ਹਾਲ ਹੀ ਵਿੱਚ ਦੇਸ਼ ਦੇ ਪ੍ਰਮੁੱਖ ਅਖਬਾਰਾਂ ਅਤੇ ਟੈਲੀਵਿਜ਼ਨ ਚੈਨਲਾਂ ਨੇ ਇਸ ਗੱਲ ਨੂੰ ਬੜੇ ਜ਼ੋਰ ਸ਼ੋਰ ਨਾਲ ਉਜਾਗਰ ਕੀਤਾ ਅਤੇ ਉਭਾਰਿਆ ਹੈ ਕਿ ਭਾਰਤ ਵਿੱਚ ਨਾਗਰਿਕਾਂ ਵਲੋਂ ਕਮਾਈ ਜਾਂਦੀ ਆਮਦਨ ਅਤੇ ਅਤਿ ਗਰੀਬੀ ਦੀ ਘਟਦੀ ਅਨੁਪਾਤ ਦੇ ਮਾਮਲੇ ਵਿੱਚ ਦੇਸ਼ ਦੁਨੀਆ ਦੀ ਚੌਥੀ ਸਭ ਤੋਂ ਵੱਧ ਬਰਾਬਰਤਾ ਵਾਲੀ ਅਰਥਵਿਵਸਥਾ ਬਣ ਗਈ ਹੈ। ਇਹ ਦਾਅਵਾ ਕੀਤਾ ਗਿਆ ਹੈ ਕਿ ਹੁਣ ਭਾਰਤ ਆਮਦਨ ਵੰਡ ਦੀ ਬਰਾਬਰਤਾ ਵਿੱਚ ਰਿਪਬਲਿਕ ਆਫ ਸਲੋਵਾਕੀਆ, ਰਿਪਬਲਿਕ ਆਫ ਸਲੋਵੇਨੀਆ ਅਤੇ ਬੇਲਾਰੂਸ ਦੇਸ਼ਾਂ ਤੋਂ ਬਾਅਦ ਦੁਨੀਆਂ ਵਿੱਚ ਚੌਥੇ ਸਥਾਨ ਤੇ ਹੈ। ਇਹ ਦਾਅਵਾ ਪ੍ਰੈਸ ਇਨਫਰਮੇਸ਼ਨ ਬਿਊਰੋ (PIB) ਦੀ ਇੱਕ ਪ੍ਰੈਸ ਰਿਲੀਜ਼ ਨੂੰ ਆਧਾਰ ਬਣਾ ਕੇ ਕੀਤਾ ਗਿਆ ਹੈ, ਇਸ ਪ੍ਰੈਸ ਰਲੀਜ਼ ਵਿੱਚ ਕੁਝ ਮਹੱਤਵਪੂਰਨ ਤੱਥਾਂ ਵਾਲੇ ਮੁੱਦੇ ਉਠਾਏ ਗਏ ਸਨ: ਜਿਵੇਂ ਕਿ ਪਹਿਲਾ, 25.5 ਦੇ Gini ਸਕੋਰ ਦੇ ਨਾਲ, ਭਾਰਤ ਆਮਦਨ ਅਸਮਾਨਤਾ ਵਿੱਚ ਵਿਸ਼ਵ ਪੱਧਰ 'ਤੇ ਚੌਥੇ ਸਥਾਨ 'ਤੇ ਹੈ; ਦੂਜਾ, ਅਤਿ ਗਰੀਬੀ ਘੱਟ ਕੇ 2.3 ਪ੍ਰਤੀਸ਼ਤ ਰਹਿ ਗਈ ਹੈ ਅਤੇ ਤੀਜਾ, 2011-23 ਦੇ ਵਿਚਕਾਰ 171 ਮਿਲੀਅਨ ਲੋਕ ਅਤਿ ਗਰੀਬੀ ਤੋਂ ਬਾਹਰ ਆ ਗਏ ਹਨ।

ਉਪਰੋਕਤ ਦੱਸੇ ਗਏ ਤੱਥਾਂ ਦੀ ਅਸਲੀਅਤ ਦਾ ਪਤਾ ਲਗਾਉਣ ਲਈ, ਸਾਨੂੰ ਸਭ ਤੋਂ ਪਹਿਲਾਂ ਖਪਤ ਸਮਾਨਤਾ/ਅਸਮਾਨਤਾ, ਆਮਦਨ ਸਮਾਨਤਾ/ਅਸਮਾਨਤਾ ਅਤੇ ਗਰੀਬੀ ਅਨੁਪਾਤ ਸੰਬੰਧੀ ਵਿਸ਼ਵ ਬੈਂਕ ਦੇ ਵਿਸ਼ਵ ਅਸਮਾਨਤਾ ਡੇਟਾਬੇਸ ਨੂੰ ਬਾਰੀਕੀ ਨਾਲ ਖੋਖਣਾ ਚਾਹੀਦਾ ਹੈ। ਸਭ ਤੋਂ ਪਹਿਲਾਂ ਵਿਸ਼ਵ ਬੈਂਕ ਵਲੋਂ ਜਾਰੀ ਕੀਤੇ ਗਏ ਗਰੀਬੀ ਅਤੇ ਬਰਾਬਰਤਾ ਦੇ ਸੰਖੇਪ ਜਿਹੜਾ ਕਿ ਅਪ੍ਰੈਲ 2025 ਵਿੱਚ ਰਿਲੀਜ਼ ਕੀਤਾ ਗਿਆ ਸੀ ਨੂੰ ਵੇਖਣਾ ਚਾਹੀਦਾ ਹੈ, ਜਿਸ ਵਿੱਚ ਕਿਹਾ ਗਿਆ ਸੀ ਕਿ, "ਭਾਰਤ ਦਾ ਖਪਤ ਤੇ ਅਧਾਰਤ Gini ਸੂਚਕ ਅੰਕ 2011-12 ਵਿੱਚ 28.8 ਤੋਂ ਸੁਧਰ ਕੇ 2022-23 ਵਿੱਚ 25.5 ਹੋ ਗਿਆ, ਹਾਲਾਂਕਿ ਅੰਕੜਿਆਂ ਦੀਆਂ ਸੀਮਾਵਾਂ ਕਾਰਨ ਅਸਮਾਨਤਾ ਦਾ ਅੰਦਾਜ਼ਾ ਘੱਟ ਲਗਾਇਆ ਜਾ ਸਕਦਾ ਹੈ। ਇਸ ਦੇ ਉਲਟ, ਵਿਸ਼ਵ ਅਸਮਾਨਤਾ ਡੇਟਾਬੇਸ ਦਰਸਾਉਂਦਾ ਹੈ ਕਿ ਭਾਰਤ ਵਿਚ ਆਮਦਨ ਅਸਮਾਨਤਾ ਨਾਲ ਸਬੰਧਤ Gini ਸਕੋਰ 2004 ਵਿੱਚ 52 ਸੀ ਜੋ ਕਿ ਵਧ ਕੇ 2023 ਵਿੱਚ 62 ਹੋ ਗਿਆ। ਉਜਰਤਾਂ ਵਿਚ ਅਸਮਾਨਤਾ ਲਗਾਤਾਰ ਬਹੁਤ ਉੱਚੀ ਬਣੀ ਹੋਈ ਹੈ, ਜਿਸ ਵਿੱਚ ਸਿਖਰਲੇ 10 ਪ੍ਰਤੀਸ਼ਤ ਲੋਕਾਂ ਦੀ ਔਸਤ ਕਮਾਈ 2023-24 ਵਿੱਚ ਹੇਠਲੇ 10 ਪ੍ਰਤੀਸ਼ਤ ਲੋਕਾਂ ਨਾਲੋਂ 13 ਗੁਣਾ ਵੱਧ ਸੀ।"

ਵਿਸ਼ਵ ਬੈਂਕ ਦੇ ਗਰੀਬੀ ਅਤੇ ਬਰਾਬਰਤਾ ਸੰਖੇਪ ਵਿੱਚ, ਭਾਰਤ ਦੇ Gini ਖਪਤ ਸੂਚਕ ਅੰਕ ਦੀ ਤੁਲਨਾ ਦੂਜੇ ਦੇਸ਼ਾਂ ਦੇ Gini ਦੇ ਖਪਤ ਸੂਚਕ ਅੰਕਾਂ ਨਾਲ ਕਿਤੇ ਵੀ ਨਹੀਂ ਕੀਤੀ ਗਈ, (ਪ੍ਰਤੀਸ਼ਤ ਦੇ ਮੁਤਾਬਕ Gini ਸੂਚਕ ਅੰਕ 0-100 ਦੇ ਵਿਚਕਾਰ ਹੁੰਦਾ ਹੈ, 0 ਦਾ ਅਰਥ ਹੈ ਪੂਰੀ ਤਰ੍ਹਾਂ ਬਰਾਬਰਤਾ ਅਤੇ 100 ਦਾ ਅਰਥ ਹੈ ਪੂਰੀ ਤਰ੍ਹਾਂ ਨਾਬਰਾਬਰਤਾ), ਪਰ PIB ਨੇ ਕਈਆਂ ਕਾਰਨਾਂ ਕਰਕੇ ਅਤੇ ਹੁਸ਼ਿਆਰੀ ਨਾਲ ਭਾਰਤ ਦੇ Gini ਖਪਤ ਸੂਚਕ ਅੰਕ ਦੀ ਤੁਲਨਾ ਦੂਜੇ ਦੇਸ਼ਾਂ ਦੇ Gini ਦੇ ਆਮਦਨ ਸੂਚਕ ਅੰਕਾਂ ਨਾਲ ਕੀਤੀ, ਜੋ ਕਿ ਕੀਤੀ ਨਹੀਂ ਜਾਣੀ ਚਾਹੀਦੀ ਸੀ ਅਤੇ ਨਾ ਇਹ ਹੋ ਸਕਦੀ ਹੈ, ਕਿਉਂਕਿ ਇਹ ਦੋ ਵੱਖ ਵੱਖ ਮੁੱਦਿਆਂ ਦੇ ਸੂਚਕ ਹਨ ਜਿਨ੍ਹਾਂ ਦੀ ਤੁਲਨਾ ਨਹੀਂ ਕੀਤੀ ਜਾ ਸਕਦੀ। ਇੱਕ ਹੋਰ ਗੱਲ ਧਿਆਨ ਵਿੱਚ ਰੱਖਣੀ ਚਾਹੀਦੀ ਹੈ ਕਿ ਖਪਤ ਅਸਮਾਨਤਾ ਸੂਚਕ ਅੰਕ ਆਮ ਤੌਰ 'ਤੇ ਆਮਦਨ ਅਸਮਾਨਤਾ ਸੂਚਕ ਅੰਕ ਨਾਲੋਂ ਘੱਟ ਹੁੰਦਾ ਹੈ, ਕਿਉਂਕਿ ਖਪਤ ਖ਼ਰਚਾ, ਖਪਤ ਕਰਨ ਦੀ ਸੀਮਾਂਤ ਪ੍ਰਵਿਰਤੀ (Marginal Propensity to Consume) ਦੁਆਰਾ ਨਿਰਧਾਰਤ ਹੁੰਦਾ ਹੈ, ਇਹ 0-1 ਦੇ ਵਿਚਕਾਰ ਹੁੰਦਾ ਹੈ, ਨਾ ਤਾਂ ਇਹ 0 ਹੁੰਦਾ ਹੈ ਅਤੇ ਨਾ ਹੀ ਇਹ 1 ਹੁੰਦਾ ਹੈ। ਅਮੀਰ ਲੋਕਾਂ ਦੀ ਖਪਤ ਕਰਨ ਦੀ ਸੀਮਾਂਤ ਪ੍ਰਵਿਰਤੀ ਘੱਟ ਹੁੰਦੀ ਹੈ ਅਤੇ ਗਰੀਬ ਲੋਕਾਂ ਦੀ ਖਪਤ ਕਰਨ ਦੀ ਸੀਮਾਂਤ ਪ੍ਰਵਿਰਤੀ ਬਹੁਤ ਉੱਚੀ ਹੁੰਦੀ ਹੈ। ਵਿਸ਼ਵ ਅਸਮਾਨਤਾ ਡੇਟਾਬੇਸ ਦੇ ਅਨੁਸਾਰ, ਭਾਰਤ ਦਾ ਆਮਦਨ Gini ਸੂਚਕ ਅੰਕ 2019 ਅਤੇ 2023 ਵਿੱਚ ਦੂਜੇ ਦੇਸ਼ਾਂ ਦੇ ਮੁਕਾਬਲੇ ਕਾਫ਼ੀ ਉਚਾ 61 ਸੀ। ਇਸ ਤੋਂ ਇਲਾਵਾ, ਦੁਨੀਆਂ ਦੇ ਦੇਸ਼ਾਂ ਦੀ ਸਿਖਰਲੀ 10 ਪ੍ਰਤੀਸ਼ਤ ਆਬਾਦੀ ਦੀ ਆਮਦਨ ਕਮਾਈ ਵਿੱਚ ਹਿੱਸੇਦਾਰੀ ਦੇ ਸਬੰਧ ਵਿੱਚ, ਇਸ ਸਬੰਧ ਵਿੱਚ ਭਾਰਤ ਦੁਨੀਆ ਦੇ ਚੋਟੀ ਦੇ 10 ਦੇਸ਼ਾਂ ਵਿੱਚੋਂ ਇੱਕ ਹੈ, ਜਿਸ ਵਿੱਚ ਦੱਖਣੀ ਅਫਰੀਕਾ ਸਭ ਤੋਂ ਅੱਗੇ ਹੈ। ਦੱਖਣੀ ਅਫਰੀਕਾ ਵਿੱਚ ਚੋਟੀ ਦੀ 10 ਪ੍ਰਤੀਸ਼ਤ ਆਬਾਦੀ ਨੇ 2023 ਦੌਰਾਨ ਕੁੱਲ ਆਮਦਨ ਦਾ 65.3 ਪ੍ਰਤੀਸ਼ਤ ਹਿੱਸਾ ਕਮਾਇਆ ਅਤੇ ਭਾਰਤ ਦੇ ਮਾਮਲੇ ਵਿੱਚ ਇਹ ਹਿੱਸਾ 58.9 ਪ੍ਰਤੀਸ਼ਤ ਸੀ।

ਜਿੱਥੋਂ ਤੱਕ ਆਮਦਨ ਅਸਮਾਨਤਾਵਾਂ ਦਾ ਸਵਾਲ ਹੈ, ਹਾਲ ਹੀ ਦੇ (Periodic Labour Force Survey) ਪੀਰੀਅਡਿਕ ਲੇਬਰ ਫੋਰਸ ਸਰਵੇਖਣ ਦੇ ਯੂਨਿਟ ਪੱਧਰ ਦੇ ਅੰਕੜਿਆਂ ਦੇ ਅਨੁਸਾਰ, ਇਸ ਸਮੇਂ ਭਾਰਤ ਵਿੱਚ ਲਗਭਗ 61 ਕਰੋੜ ਕੰਮਕਾਜੀ ਆਬਾਦੀ (15-59 ਸਾਲ) ਹੈ। ਇਸ ਵਿੱਚੋਂ, ਸਿਰਫ 1 ਪ੍ਰਤੀਸ਼ਤ, 61 ਲੱਖ ਲੋਕ ਪ੍ਰਤੀ ਮਹੀਨਾ 2 ਲੱਖ ਰੁਪਏ ਜਾਂ ਇਸ ਤੋਂ ਵੱਧ ਕਮਾਉਂਦੇ ਹਨ। 10 ਪ੍ਰਤੀਸ਼ਤ ਤੋਂ ਵੱਧ, 6.1 ਕਰੋੜ ਕੰਮਕਾਜੀ ਆਬਾਦੀ ਪ੍ਰਤੀ ਮਹੀਨਾ 25000 ਰੁਪਏ ਜਾਂ ਇਸ ਤੋਂ ਵੱਧ ਕਮਾਉਂਦੀ ਹੈ ਅਤੇ 90 ਪ੍ਰਤੀਸ਼ਤ ਲੋਕ ਪ੍ਰਤੀ ਮਹੀਨਾ 25000 ਰੁਪਏ ਤੋਂ ਘੱਟ ਕਮਾਉਂਦੇ ਹਨ। ਲਗਭਗ 78 ਪ੍ਰਤੀਸ਼ਤ ਲੋਕ ਪ੍ਰਤੀ ਮਹੀਨਾ 15000 ਰੁਪਏ ਤੋਂ ਘੱਟ ਕਮਾਉਂਦੇ ਹਨ ਅਤੇ 28 ਪ੍ਰਤੀਸ਼ਤ ਲੋਕ ਪ੍ਰਤੀ ਮਹੀਨਾ 3000 ਰੁਪਏ ਤੋਂ ਘੱਟ ਕਮਾਉਂਦੇ ਹਨ। ਇਹ ਵਰਤਾਰਾ ਸਾਡੇ ਦੇਸ਼ ਵਿੱਚ ਪ੍ਰਚਲਿਤ ਆਮਦਨ ਕਮਾਈ ਅਤੇ ਆਮਦਨ ਵੰਡ ਦੀਆਂ ਅਸਮਾਨਤਾਵਾਂ ਦੀ ਅਸਲੀਅਤ ਨੂੰ ਸਾਫ਼ ਸਾਫ਼ ਸਪੱਸ਼ਟ ਕਰਦਾ ਹੈ।

ਜਦੋਂ ਅਸੀਂ ਦੌਲਤ ਦੀਆਂ ਅਸਮਾਨਤਾਵਾਂ 'ਤੇ ਨਜ਼ਰ ਮਾਰਦੇ ਹਾਂ, ਤਾਂ ਬਹੁਤ ਵੱਡੇ ਪੱਧਰ ਦੀਆਂ ਅਸਮਾਨਤਾਵਾਂ ਦੀ ਇੱਕ ਸਪਸ਼ਟ ਤਸਵੀਰ ਉੱਭਰ ਕੇ ਸਾਹਮਣੇ ਆਉਂਦੀ ਹੈ। ਚੋਟੀ ਦੇ 1% ਅਮੀਰ ਲੋਕਾਂ ਕੋਲ ਰਾਸ਼ਟਰੀ ਦੌਲਤ ਦਾ 40% ਹੈ ਅਤੇ ਹੇਠਲੇ 50% ਲੋਕਾਂ ਕੋਲ ਸਿਰਫ਼ 3% ਹੈ (ਆਕਸਫੈਮ)। ਵਿਸ਼ਵ ਅਸਮਾਨਤਾ ਡੇਟਾਬੇਸ ਦੇ ਅਨੁਸਾਰ ਭਾਰਤ ਦਾ ਦੌਲਤ Gini ਸੂਚਕ ਅੰਕ 2019 ਵਿੱਚ 74 ਸੀ ਅਤੇ 2023 ਵਿੱਚ ਵੱਧ ਕੇ 75 ਹੋ ਗਿਆ। ਦੌਲਤ ਦੀਆਂ ਅਸਮਾਨਤਾਵਾਂ ਵਿੱਚ ਭਾਰਤ ਦੁਨੀਆ ਦੇ ਸਭ ਤੋਂ ਵੱਡੀਆਂ ਅਸਮਾਨਤਾਵਾਂ ਵਾਲੇ ਦੇਸ਼ਾਂ ਵਿੱਚੋਂ ਇੱਕ ਹੈ ਜਿਵੇਂ ਕਿ ਦੱਖਣੀ ਅਫਰੀਕਾ, ਨਾਮੀਬੀਆ, ਬ੍ਰਾਜ਼ੀਲ, ਰੂਸ ਆਦਿ। ਜਿੱਥੋਂ ਤੱਕ ਅਤਿ ਗਰੀਬੀ ਅਨੁਪਾਤ ਵਿੱਚ ਅਖੌਤੀ ਗਿਰਾਵਟ ਦੀ ਗੱਲ ਹੈ, ਵਿਸ਼ਵ ਬੈਂਕ ਨੇ ਅੰਤਰਰਾਸ਼ਟਰੀ ਗਰੀਬੀ ਰੇਖਾ ਵਜੋਂ $3/ਪ੍ਰਤੀ ਦਿਨ (2021, PPP-ਖਰੀਦ ਸ਼ਕਤੀ ਸਮਾਨਤਾ) ਦੀ ਵਰਤੋਂ ਕੀਤੀ, ਘੱਟ-ਮੱਧਮ-ਆਮਦਨ ਵਾਲੇ ਦੇਸ਼ਾਂ ਲਈ $4.2/ਪ੍ਰਤੀ ਦਿਨ ਗਰੀਬੀ ਰੇਖਾ ਅਤੇ ਉੱਚ-ਮੱਧਮ-ਆਮਦਨ ਵਾਲੇ ਦੇਸ਼ਾਂ ਲਈ ਇਹ ਰੇਖਾ $8.3/ਪ੍ਰਤੀ ਦਿਨ ਹੈ। ਇਸ ਨਵੀਂ ਗਰੀਬੀ ਰੇਖਾ ਦੇ ਆਧਾਰ 'ਤੇ, ਭਾਰਤ ਵਿੱਚ



ਗਰੀਬੀ ਅਨੁਪਾਤ 2011-12 ਵਿੱਚ 27.12% ਦੇ ਮੁਕਾਬਲੇ ਹੁਣ 5.25% ਹੋਣ ਦਾ ਅਨੁਮਾਨ ਲਗਾਇਆ ਗਿਆ ਹੈ। ਅੰਤਰਰਾਸ਼ਟਰੀ ਤੁਲਨਾ ਪ੍ਰੋਗਰਾਮ (ICP) ਜਿਸ ਦੇ ਆਧਾਰ 'ਤੇ ਇਹ ਨਵੇਂ ਅਨੁਮਾਨ ਜਾਰੀ ਕੀਤੇ ਗਏ ਹਨ, ਦੇ ਅਨੁਸਾਰ ਇੱਕ PPP$ ਲਗਭਗ 21 ਰੁਪਏ ਦੇ ਬਰਾਬਰ ਹੈ। ਇਸ ਲਈ, ਅਤਿ ਗਰੀਬੀ ਨੂੰ ਦਰਸਾਉਂਦੀ $3 ਪ੍ਰਤੀ ਦਿਨ ਦੀ ਇਹ ਨਵੀਂ ਗਰੀਬੀ ਰੇਖਾ ਪ੍ਰਤੀ ਵਿਅਕਤੀ ਖਪਤ ਖਰਚ ਦੇ ਸਿਰਫ 63 ਰੁਪਏ ਪ੍ਰਤੀ ਦਿਨ ਦੇ ਬਰਾਬਰ ਹੈ। ਇਥੇ ਇਹ ਧਿਆਨ ਦੇਣਾ ਮਹੱਤਵਪੂਰਨ ਹੈ ਕਿ ਭਾਰਤ ਘੱਟ-ਮੱਧਮ-ਆਮਦਨ ਸਮੂਹ ਦੇ ਦੇਸ਼ਾਂ ਵਿੱਚ ਆਉਂਦਾ ਹੈ ਜੇਕਰ ਅਸੀਂ ਪ੍ਰਤੀ ਦਿਨ $4.2 PPP (ਭਾਵ 88 ਰੁਪਏ) ਦੇ ਬਰਾਬਰ ਦੀ ਗਰੀਬੀ ਰੇਖਾ ਦੀ ਵਰਤੋਂ ਕਰਦੇ ਹਾਂ, ਤਾਂ 24% ਤੋਂ ਵੱਧ ਭਾਰਤੀ ਲੋਕ ਗਰੀਬੀ ਦੀ ਰੇਖਾ ਤੋਂ ਹੇਠਾਂ ਹੋਣ ਦਾ ਅਨੁਮਾਨ ਹੈ। ਕਿਸੇ ਵੀ ਵਿਅਕਤੀ ਦੇ ਸਾਰੇ ਖਰਚਿਆਂ 'ਤੇ 88 ਰੁਪਏ ਪ੍ਰਤੀ ਦਿਨ ਤੋਂ ਘੱਟ ਰਹਿਣ ਨੂੰ ਆਸਾਨੀ ਨਾਲ ਸਮਝਿਆ ਅਤੇ ਸਮਝਾਇਆ ਜਾ ਸਕਦਾ ਹੈ ਅਤੇ ਤੁਸੀਂ ਵੀ ਇਹ ਕਲਪਨਾ ਕਰ ਸਕਦੇ ਹੋ, ਜਿਸ ਵਿੱਚ ਮਕਾਨ ਦਾ ਖਰਚਾ/ਕਿਰਾਇਆ, ਯਾਤਰਾ ਦਾ ਖਰਚਾ, ਭੋਜਨ, ਸਿੱਖਿਆ, ਸਿਹਤ ਅਤੇ ਹੋਰ ਖਪਤ ਸ਼ਾਮਲ ਹਨ। ਵਿਸ਼ਵ ਬੈਂਕ ਦੇ ਇਹ ਗਰੀਬੀ ਦੇ ਪੱਧਰ ਬਹੁਤ ਹੀ ਨੀਵੇਂ ਅਤੇ ਅਸਲੀਅਤ ਤੋਂ ਕੋਹਾਂ ਦੂਰ ਜਾਪਦੇ ਹਨ ਅਤੇ ਇਹਨਾਂ ਨੂੰ ਧਰਾਤਲ ਦੀਆਂ ਸਥਿਤੀਆਂ ਮੁਤਾਬਕ ਸੋਧਿਆ ਜਾਣਾ ਚਾਹੀਦਾ ਹੈ ਜਾਂ ਭਾਰਤ ਨੂੰ ਇੱਕ ਪ੍ਰਤੀਨਿਧ ਸਰਵੇਖਣ ਕਰਕੇ ਜ਼ਮੀਨੀ ਹਕੀਕਤਾਂ ਦੇ ਅਨੁਸਾਰ ਸਮੇਂ-ਸਮੇਂ ਤੇ ਆਪਣੀ ਗਰੀਬੀ ਰੇਖਾ ਨਿਰਧਾਰਤ ਕਰਨੀ ਚਾਹੀਦੀ ਹੈ।

ਇਸੇ ਤਰ੍ਹਾਂ ਜੇਕਰ ਅਸੀਂ ਮਨੁੱਖੀ ਵਿਕਾਸ ਸੂਚਕ ਅੰਕ, ਗਲੋਬਲ ਹੰਗਰ ਇੰਡੈਕਸ (789), ਬਾਲਾਂ ਵਿਚ ਮੌਤ ਦਰ, ਮਾਂਵਾਂ ਵਿੱਚ ਮੌਤ ਦਰ, ਬੱਚਿਆਂ ਵਿੱਚ ਕੁਪੋਸ਼ਣ, ਬੱਚਿਆਂ ਵਿੱਚ ਸਰੀਰਕ ਵਿਕਾਸ ਅਤੇ ਤੰਦਰੁਸਤੀ, ਸਿੱਖਿਆ ਅਤੇ ਸਿਹਤ ਸੰਭਾਲ 'ਤੇ ਬਜਟ ਵਿੱਚ ਖਰਚੇ, ਆਦਿ ਵਰਗੇ ਵੱਖ-ਵੱਖ ਸੂਚਕਾਂ 'ਤੇ ਵਿਚਾਰ ਕਰੀਏ ਤਾਂ ਇਹ ਦੁਨੀਆ ਦੇ ਘੱਟ ਵਿਕਸਤ ਅਤੇ ਗਰੀਬ ਦੇਸ਼ਾਂ ਦੇ ਲਗਭਗ ਬਰਾਬਰ ਅਤੇ ਸਮਾਨ ਪਾਏ ਜਾਂਦੇ ਹਨ। ਉਦਾਹਰਣ ਵਜੋਂ 2024 ਵਿੱਚ ਭਾਰਤ 789 ਵਿੱਚ 127 ਦੇਸ਼ਾਂ ਵਿੱਚੋਂ 105ਵੇਂ ਸਥਾਨ 'ਤੇ ਹੈ। ਭਾਰਤ ਲਈ 789 ਸਕੋਰ 27.3 ਸੀ ਅਤੇ ਇਹ ਭੁਖਮਰੀ ਦੀ ਗੰਭੀਰ ਸ਼੍ਰੇਣੀ ਵਿੱਚ ਆਉਂਦਾ ਹੈ। ਇਹ ਦਰਜਾਬੰਦੀ ਬੱਚਿਆਂ ਵਿੱਚ ਕੁਪੋਸ਼ਣ, ਵਿਕਾਸ, ਤੰਦਰੁਸਤੀ ਅਤੇ ਬਾਲ ਮੌਤ ਦਰ ਨਾਲ ਸਬੰਧਤ ਚੁਣੌਤੀਆਂ ਨੂੰ ਵੀ ਦਰਸਾਉਂਦੀ ਹੈ। ਇਸੇ ਤਰ੍ਹਾਂ, ਦੇਸ਼ ਵਿੱਚ ਪ੍ਰਚਲਿਤ ਵੱਡੇ ਪੱਧਰ 'ਤੇ ਖੁੱਲ੍ਹੀ ਬੇਰੁਜ਼ਗਾਰੀ, ਅਰਧ-ਬੇਰੁਜ਼ਗਾਰੀ ਅਤੇ ਦੇਸ਼ ਦੇ ਪੜ੍ਹੇ-ਲਿਖੇ ਨੌਜਵਾਨਾਂ ਵਿੱਚ ਉੱਚ ਬੇਰੁਜ਼ਗਾਰੀ ਦਾ ਪ੍ਰਸਾਰ ਅਸਮਾਨਤਾਵਾਂ ਨੂੰ ਘਟਾਉਣ ਅਤੇ ਸਮਾਨਤਾ ਦਾ ਦਾਅਵਾ ਕਰਨ ਵਿੱਚ ਮੁੱਖ ਰੁਕਾਵਟਾਂ ਹਨ।

ਉਪਰੋਕਤ ਸਥਿਤੀ ਸਪੱਸ਼ਟ ਤੌਰ 'ਤੇ ਦਰਸਾਉਂਦੀ ਹੈ ਕਿ ਦੇਸ਼ ਦੀਆਂ ਸਾਰੀਆਂ ਆਰਥਿਕ ਅਤੇ ਹੋਰ ਸਬੰਧਤ ਨੀਤੀਆਂ ਨੂੰ ਭਾਰਤੀ ਸਮਾਜ ਵਿੱਚ ਅਣਗੌਲਿਆ, ਵਾਂਝਿਆਂ, ਦੱਬੇ-ਕੁਚਲੇ ਅਤੇ ਗਰੀਬ ਵਰਗਾਂ ਦੇ ਹੱਕ ਵਿੱਚ ਜਲਦੀ ਤੋਂ ਜਲਦੀ ਬਦਲਣ ਦੀ ਲੋੜ ਹੈ ਤਾਂ ਕਿ ਦੇਸ਼ ਵਿੱਚ ਵੱਡੇ ਪੱਧਰ ਤੇ ਪਾਈਆਂ ਜਾਂਦੀਆਂ ਤਰ੍ਹਾਂ ਤਰ੍ਹਾਂ ਦੀਆਂ ਨਾਬਰਾਬਰੀਆਂ ਨੂੰ ਘਟਾਇਆ ਜਾ ਸਕੇ ਅਤੇ ਸਭਨਾਂ ਲੋਕਾਂ ਦਾ ਬਰਾਬਰਤਾ ਦੇ ਅਧਾਰ ਤੇ ਵਿਕਾਸ ਸੰਭਵ ਹੋ ਸਕੇ।

**ਸਾਬਕਾ ਡੀਨ ਅਤੇ ਪ੍ਰੋਫੈਸਰ**
**ਪੰਜਾਬੀ ਯੂਨੀਵਰਸਿਟੀ ਪਟਿਆਲਾ**

# ਧਾਰਮਿਕ ਅਡੰਬਰ ਛੱਡ, ਅੱਤਿਆਚਾਰਾਂ ਖਿਲਾਫ ਲੜਨਾ ਹੀ ਧਰਮ ਹੈ



ਜਸਵੰਤ ਜੀਰਖ
98151-69825

ਧਾਰਮਿਕ ਆਸਥਾ ਦੇ ਨਾਂ 'ਤੇ ਚੱਲ ਰਹੀਆਂ ਗੈਰ ਵਿਗਿਆਨਿਕ ਪਰੰਪਰਾਵਾਂ ਨੂੰ ਜਾਰੀ ਰੱਖਣ ਲਈ ਸਰਕਾਰੀ ਸਰਪ੍ਰਸਤੀ ਹੇਠ ਪਨਪ ਰਹੀ ਤਾਲਿਬਾਨਾ ਪਹੁੰਚ, ਜਿੱਥੇ ਲੋਕਾਂ ਦੇ ਧੰਦੇ ਚੌਪਟ ਕਰ ਰਹੀ ਹੈ , ਉੱਥੇ ਮਨੁੱਖਤਾ ਦੇ ਦੋਸ਼ੀਆਂ ਨੂੰ ਹੋਰ ਉਤਸਾਹਿਤ ਕਰਨ ਵਾਲਾ ਮਹੌਲ ਸਿਰਜਣ ਲਈ ਵੀ ਭਾਗੀਦਾਰ ਬਣਦੀ ਹੈ। ਅਜਿਹੀ ਧਾਰਮਿਕ ਆਸਥਾ ਰਾਹੀਂ ਮਨੁੱਖੀ ਸਾਂਝ ਬਰਕਰਾਰ ਰੱਖਣ ਦੀ ਥਾਂ ਇੱਕ ਦੂਜੇ ਖਿਲਾਫ ਨਫ਼ਰਤ ਦੀ ਅੱਗ ਉੱਪਰ ਤੇਲ ਪਾਉਣ ਦਾ ਕੰਮ ਹੋ ਰਿਹਾ ਹੈ। ਧਰਮ ਤੋੜਦਾ ਨਹੀਂ, ਜੋੜਦਾ ਹੈ , ਕਹਿਣ ਵਾਲੇ ਵੇਖ ਸਕਦੇ ਹਨ ਕਿ ਕਿਵੇਂ "ਹਿੰਦੂ, ਮੁਸਲਮਾਨ, ਸਿੱਖ, ਇਸਾਈ ਧਰਮਾਂ ਦੇ ਨਾਂ 'ਤੇ ਹੁੰਦੇ ਝਗੜਿਆਂ ਰਾਹੀਂ ਮਨੁੱਖਤਾ ਵਿਰੋਧੀ ਕਾਰਗੁਜ਼ਾਰੀ ਦੀਆਂ ਹੱਦਾਂ ਪਾਰ ਕੀਤੀਆਂ ਜਾ ਰਹੀਆਂ ਹਨ। ਇਸ ਕੜੀ ਵਿੱਚ ਅੱਜ ਕੱਲ੍ਹ ਧਰਮ ਦੇ ਨਾਂ ਹੇਠ ਮੋਢਿਆਂ ਉੱਪਰ ਵਹਿੰਗੀਆਂ ਚੁੱਕ ਹਰਦਵਾਰ ਤੋਂ ਦਿੱਲੀ ਤੱਕ ਪੈਦਲ ਯਾਤਰਾ ਰਾਹੀਂ ਗੰਗਾ ਜਲ ਲੈ ਕੇ ਆ ਰਹੇ ਕਾਵੜੀਆ ਕਹੇ ਜਾਣ ਵਾਲੇ 'ਧਰਮੀ' ਨੌਜਵਾਨ ਲੋਕਾਂ ਵੱਲੋਂ ਕੀਤੇ ਜਾ ਰਹੇ ਕਈ ਤਰ੍ਹਾਂ ਦੇ ਗੈਰ ਮਨੁੱਖੀ ਅਤਿਆਚਾਰ ਸਾਹਮਣੇ ਆ ਰਹੇ ਹਨ। ਇਹਨਾਂ ਵੱਲੋਂ ਇਨਸਾਨੀ ਕਦਰਾਂ ਕੀਮਤਾਂ ਨੂੰ ਬੁਰੀ ਤਰ੍ਹਾਂ ਦਫਨ ਕਰਦਿਆਂ ਕੀਤੀ ਜਾ ਰਹੀ ਹੁੱਲੜਬਾਜੀ ਰਾਹੀਂ ਮਨੁੱਖੀ ਕੁੱਟ- ਮਾਰ ਸਮੇਤ ਸਕੂਲੀ ਵਾਹਨਾਂ, ਬੱਸਾਂ, ਕਾਰਾਂ, ਮੋਟਰ ਸਾਈਕਲ, ਈ ਰਿਕਸ਼ਾ, ਦੁਕਾਨਾਂ, ਹੋਟਲਾਂ ਆਦਿ ਦੀ ਭਿਆਨਕ ਭੰਨ ਤੋੜ ਕਰਨ ਦੀਆਂ ਖੂੰ-ਖਾਰ ਘਟਨਾਵਾਂ ਆਮ ਹੀ ਮੀਡੀਆ ਵਿੱਚ ਵੇਖਣ ਨੂੰ ਮਿਲ ਰਹੀਆਂ ਹਨ। ਇੱਥੋਂ ਤੱਕ ਕਿ ਲੜਕੀਆਂ ਦੀ ਕੁੱਟ ਮਾਰ ਕਰਨ ਵਰਗੇ ਅਤਿ ਸ਼ਰਮਨਾਕ ਕਾਰਨਾਮੇ ਕੀਤੇ ਜਾ ਰਹੇ ਹਨ। ਇਹ ਸਭ ਕੁੱਝ ਕਰਨ ਵਾਲੇ ਆਮ ਘਰਾਂ ਦੇ ਨੌਜਵਾਨ ਹਨ, ਜੋ ਇਸ ਕਾਵੜ ਯਾਤਰਾ ਦੌਰਾਨ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਦੇ, ਹੜਦੂੰਗ ਮਚਾਉਂਦੇ ਆਮ ਹੀ ਸੋਸਲ ਮੀਡੀਆ ਰਾਹੀਂ ਵਿਖਾਈ ਦਿੰਦੇ ਹਨ। ਧਾਰਮਿਕ ਆਸਥਾ ਦੇ ਨਾਂ 'ਤੇ ਸਰਕਾਰੀ ਪ੍ਰਬੰਧਾਂ ਹੇਠ ਇਹਨਾਂ ਦੇ ਕਾਫ਼ਲਿਆਂ ਉੱਪਰ ਹੈਲੀਕਾਪਟਰ ਦੁਆਰਾ ਕੀਤੀ ਜਾਂਦੀ ਫੁੱਲਾਂ ਦੀ ਵਰਖਾ ਰਾਹੀਂ ਸ਼ੁਹਰਤ ਦੇ ਕੇ ਉਚਿਆਇਆ ਜਾ ਰਿਹਾ ਹੈ। ਪੁਲਿਸ ਕਰਮਚਾਰੀ ਇਹਨਾਂ ਦੇ ਪੈਰ ਘੁਟਦੇ, ਮਾਲਿਸ ਕਰਦੇ, ਪੱਖੀਆਂ ਝੱਲਦੇ ਤਾਂ ਦਿਸਦੇ ਹਨ, ਪਰ ਇਹਨਾਂ ਦੁਆਰਾ ਕੀਤੀ ਜਾ ਰਹੀ ਅਣਮਨੁੱਖੀ ਕਾਰਗੁਜ਼ਾਰੀ ਰੋਕਣ ਲਈ ਕਿਧਰੇ ਵਿਖਾਈ ਨਹੀਂ ਦਿੰਦੇ। ਇਹਨਾਂ ਦੀ ਇਸ ਪੈਦਲ ਯਾਤਰਾ ਦੇ ਰਸਤੇ ਵਿੱਚ ਪੈਂਦੀਆਂ ਫਲ-ਫਰੂਟ ਦੀਆਂ ਦੁਕਾਨਾਂ ਅਤੇ ਹੋਟਲਾਂ ਆਦਿ ਦੇ ਮਾਲਕਾਂ ਨੂੰ ਆਪਣਾ ਨਾਮ ਲਿਖਕੇ ਦੁਕਾਨ ਅੱਗੇ ਲਗਾਉਣ ਦੇ ਹੁਕਮ ਸਰਕਾਰੀ ਤੌਰ 'ਤੇ ਕੀਤੇ ਜਾ ਰਹੇ ਹਨ ਤਾਂ ਕਿ ਕਾਵੜੀਆਂ ਨੂੰ ਦੁਕਾਨ ਵਾਲੇ ਦੇ ਧਰਮ ਬਾਰੇ ਪਤਾ ਲੱਗ ਸਕੇ। ਭੰਨਤੋੜ ਕਰਨ ਦੀਆਂ ਕਈ ਘਟਨਾਵਾਂ ਵਿੱਚ ਇੱਕ ਹੋਟਲ ਦੀ ਮਾਲਕ ਔਰਤ ਨੂੰ ਮੁਸਲਮਾਨ ਸਮਝਕੇ ਹੋਟਲ ਦੇ ਮੇਜ, ਕੁਰਸੀਆਂ, ਸ਼ੀਸ਼ੇ ਆਦਿ ਦੀ ਭੰਨ ਤੋੜ ਅਤੇ ਕਾਮਿਆਂ ਦੀ ਪਿਟਾਈ ਕਰਨ ਆਦਿ ਦੇ ਸਬੂਤ ਪ੍ਰਤੱਖ ਵੇਖੇ ਜਾ ਸਕਦੇ ਹਨ।

ਇਹ ਵੀ ਇੱਕ ਸਚਾਈ ਹੈ ਕਿ ਇਸ ਕਾਵੜ ਯਾਤਰਾ ਵਿੱਚ ਹਮੇਸ਼ਾ ਆਮ ਗਰੀਬ ਪਰਿਵਾਰਾਂ ਦੇ ਨੌਜਵਾਨ ਅਤੇ ਬੱਚੇ ਤਾਂ ਭਾਗ ਲੈਂਦੇ ਹਨ, ਪਰ ਕਿਸੇ ਵੀ ਉੱਚ ਅਧਿਕਾਰੀ, ਮੰਤਰੀ, ਸਿਆਸਤਦਾਨ ਜਾਂ ਅਮੀਰ ਪਰਿਵਾਰਾਂ ਦਾ ਇੱਕ ਵੀ ਨੌਜਵਾਨ ਇਹਨਾਂ ਕਾਵੜੀਆਂ ਵਿੱਚ ਸ਼ਾਮਲ ਨਹੀਂ ਹੁੰਦਾ, ਕਿਉਂਕਿ ਉਹਨਾਂ ਦੇ ਬੱਚੇ ਦੇਸ਼ਾਂ ਤੇ ਵਿਦੇਸ਼ਾਂ ਵਿੱਚ ਉਚੇਰੀ ਪੜ੍ਹਾਈ ਕਰ ਰਹੇ ਹਨ ਜਾਂ ਚੰਗੀ ਜ਼ਿੰਦਗੀ ਮਾਣ ਰਹੇ ਹਨ। ਇਹਨਾਂ ਵੱਲੋਂ ਆਪਣੇ ਹੀ ਧਰਮ ਦੇ, ਨੀਵੀਆਂ ਜਾਤਾਂ ਵਿੱਚ ਗਿਣੇ ਜਾਂਦੇ ਗਰੀਬੀ, ਅਨ੍ਹਪੜ੍ਹਤਾ ਤੇ ਬੇਰੋਜਗਾਰੀ ਦੇ ਮਾਰਿਆਂ ਨੂੰ ਪੜ੍ਹਾਈ ਦੀ ਬਜਾਏ, ਇਸ ਤਰ੍ਹਾਂ ਧਰਮ ਅਧਾਰਤ ਆਸਥਾ ਦੀ ਪਾਲਣਾ ਕਰਨ ਦਾ ਪਾਠ ਪੜ੍ਹਾਕੇ ਗੰਗਾ ਜਲ ਲਿਆਉਣ ਲਈ ਇਸ ਯਾਤਰਾ ਲਈ ਉਤਸਾਹਿਤ ਕੀਤਾ ਜਾਂਦਾ ਹੈ। ਧਰਮ ਦੇ ਨਾਂ ਹੇਠ ਇਹਨਾਂ ਕਾਵੜੀਆਂ ਵੱਲੋਂ ਇਸ ਯਾਤਰਾ ਦੌਰਾਨ ਕੀਤੀ ਜਾਂਦੀ ਭੰਨ ਤੋੜ ਅਤੇ ਆਮ ਸ਼ਹਿਰੀਆਂ ਦੀ ਕੀਤੀ ਜਾਂਦੀ ਕੁੱਟ ਮਾਰ ਰੋਕਣ ਪੱਖੋਂ ਸਰਕਾਰ ਤੇ ਪੁਲਿਸ ਪ੍ਰਸ਼ਾਸਨ ਅਕਸਰ ਹੀ ਮੂਕ ਦਰਸ਼ਕ ਬਣੇ ਹੋਏ ਹਨ। ਕਿੰਨੇ ਹੀ ਬੇਗੁਨਾਹਾਂ ਦੀ ਬੜੀ ਬੇਰਹਿਮੀ ਨਾਲ ਜਾਨਲੇਵਾ ਢੰਗ ਨਾਲ ਕੁੱਟ ਮਾਰ ਕਰਨ ਦੀਆਂ ਤਸਵੀਰਾਂ ਸਾਹਮਣੇ ਆ ਰਹੀਆਂ ਹਨ। ਸਰਕਾਰੀ ਤੌਰ 'ਤੇ ਭਾਵੇਂ 70,000 ਦੀ ਗਿਣਤੀ ਵਿੱਚ ਪੁਲਿਸ ਕਰਮਚਾਰੀ ਇਸ ਯਾਤਰਾ ਦੌਰਾਨ ਤਾਇਨਾਤ ਕੀਤੇ ਗਏ ਜਾਣ ਦੀਆਂ ਖਬਰਾਂ ਹਨ, ਪਰ ਕਾਵੜੀਆਂ ਨੂੰ ਨਿਯਮਾਂ ਅਨੁਸਾਰ ਸੜਕ ਦੇ ਵਿਚਕਾਰ ਚੱਲਣ ਤੋਂ ਰੋਕ, ਇੱਕ ਪਾਸੇ ਚੱਲਣ ਲਈ ਪ੍ਰੇਰਿਤ ਕਰਨ ਲਈ ਕੋਈ ਵੀ ਕਰਮਚਾਰੀ ਵਿਖਾਈ ਨਹੀਂ ਦਿੰਦਾ। ਕੀ ਅਜਿਹੀਆਂ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨਾ ਧਰਮ ਅਖਵਾਉਂਦਾ ਹੈ? ਧਰਮ ਹੇਠ ਇਸ ਤਰ੍ਹਾਂ ਦਾ ਹੜਦੂੰਗ ਕਰਨ ਵਾਲਿਆਂ ਖਿਲਾਫ ਕੋਈ ਕਾਰਵਾਈ ਨਹੀਂ, ਪਰ ਇੱਕ ਸਕੂਲ ਅਧਿਆਪਕ ਜੋ ਬੱਚਿਆਂ ਨੂੰ ਗਿਆਨ ਦਾ ਦੀਵਾ ਜਗਾ ਅਜਿਹੇ ਵਰਤਾਰਿਆਂ ਤੋਂ ਪਾਸੇ ਰਹਿਣ ਦਾ ਆਪਣੀ ਕਵਿਤਾ ਰਾਹੀਂ ਸੰਦੇਸ ਦੇ ਰਿਹਾ ਹੈ, ਉਸ ਖਿਲਾਫ ਪੁਲਿਸ ਕੇਸ ਤੁਰੰਤ ਦਰਜ ਕਰ ਦਿੱਤਾ ਜਾਂਦਾ ਹੈ। ਇਹਨਾਂ ਦਿਨਾਂ ਵਿੱਚ ਇਸ ਯਾਤਰਾ ਕਾਰਣ ਟਰੈਫਿਕ ਦੀ ਸਮੱਸਿਆ ਦੇ ਨਿਯਮਾਂ ਦੀ ਪਾਲਣਾ ਕਰਵਾਉਣ ਦੀ ਬਜਾਏ ਸਕੂਲਾਂ ਨੂੰ ਬੰਦ ਕਰ ਦੇਣਾ ਕਿੰਨਾਂ ਕੁ ਸਹੀ ਹੈ? ਸਰਕਾਰ ਦੀ ਮੁਢਲੀ ਸੰਵਿਧਾਨਿਕ ਜ਼ੁੰਮੇਵਾਰੀ ਹੈ ਕਿ ਉਹ ਹਰ ਨਾਗਰਿਕ ਨੂੰ ਸਿੱਖਿਆ, ਰੋਜ਼ਗਾਰ, ਸਿਹਤ ਸਹੂਲਤਾਂ ਦੇਣ ਆਦਿ ਦਾ ਪ੍ਰਬੰਧ ਕਰੇ, ਪਰ ਉਹ ਇਸ ਨੂੰ ਨਿਭਾਉਣ ਵਿੱਚ ਨਾਕਾਮ ਰਹਿਣ ਕਾਰਣ, ਦੇਸ਼ ਦੀ ਨੌਜਵਾਨੀ ਨੂੰ ਧਰਮ ਅਤੇ ਸੰਸਕ੍ਰਿਤੀ ਦੇ ਨਾਂ ਹੇਠ, ਸਮਾਜ ਵਿੱਚ ਮਨੁੱਖੀ ਨਫ਼ਰਤ ਪੈਦਾ ਕਰਨ ਲਈ ਉਤਸਾਹਿਤ ਕਰਨ ਦਾ ਕੰਮ ਕਰਕੇ ਦੇਸ਼ ਨੂੰ ਕਿੱਧਰ ਲੈ ਜਾਣਾ ਚਾਹੁੰਦੀ ਹੈ? ਬਹੁਤ ਗੰਭੀਰਤਾ ਨਾਲ ਵਿਚਾਰਨ ਦੀ ਲੋੜ ਹੈ।


Galaxy Kitchen Cabinets Ltd.
Residential & Commercial
• Custom Cabinets • Countertops
• Vanities Bars • Entertainment Units
Call for Free Estimate :
Sarbjit S. Mangat
778-549-4740
# 12-13325 - 76 Ave. Surrey BC V2W 2V8 | F: 604-503-0058


Hans
Demolition & Excavating
* Excavating * Demolition
* Sand Gravel
* Drain Tiles * Backfill
* Backhoe Service
* Trucking
* Land Clearing
* Hourly or Contract
Free Estimates
Ph : 604-240-8002
or : 604-250-3834
3822 Marine Way
Burnaby, B.C. V5J 3H4


THE HARP GREWAL
ਹਰਪ ਗਰੇਵਾਲ REAL ESTATE TEAM
416.722.3500 (Direct)
905.913.8500 (Office) 905.913.8585 (Fax)
Email: harpgrewals@gmail.com
www.HarpGrewal.ca
HOMELIFE SILVERCITY
REALTY INC. BROKERAGE
HIGHER STANDARDS


Baljinder Singh
Graphic Designer
All types of Newspaper Advts. Newspaper
Planning, Designing of Catalogues, Brochures etc.
ਇੰਟਰਨੈਸ਼ਨਲ ਮਿਆਰ ਦੇ ਪੱਧਰ 'ਤੇ ਪੰਜਾਬੀ ਭਾਸ਼ਾ, ਸਾਹਿਤ,
ਸਭਿਆਚਾਰ ਦੇ ਮੈਗਜ਼ੀਨਾਂ, ਕਿਤਾਬਾਂ ਅਤੇ ਅਖ਼ਬਾਰਾਂ ਨੂੰ
ਆਧੁਨਿਕ ਤਕਨੀਕ ਨਾਲ ਤਿਆਰ ਕਰਵਾਉਣ ਲਈ ਸੰਪਰਕ ਕਰੋ
+91-92167-29598
E-mail : akashdeep.1064@gmail.com | baljinderpta1@gmail.com


Trust Your Memories to the Professionals
Dream Productions inc.
Wedding, Birthday, Engagement, Slide Show, Music Video, T.V. Program,
Modeling Picture, Concert, Community Event Etc.
We can Also Arrange
Decoration
Party Rentals
Customer satisfaction is our pride!
VIDEO
Video film with single, double & multiple camera system (Broadcast Quality)
PHOTOGRAPHY
Digital Photography (Coloured, black and white) digital enhancement
MUSIC
DJ, Lighting, screen Projector live sound etc.
403-835-2762 or 29 DREAM (37326)
Special Packages Available For All Occasions in Calgary


Punjabi Rang Radio
CHLO AM530
(TORONTO)
11PM-12AM
(SATURDAY)
Producer/Host
Chamkaur Singh Phulewala
Email punjabirang13@hotmail.com
Cell : 416 662 1313


ZOLO
Mandeep Dhaliwal
Sales Representative
416-648-9053
416-898-8932
dhaliwal.mandeep137@gmail.com
202-895 Lawrence Ave E, North York, ON M3C 3L2


GALAXY
Frightline inc.
Hiring Drivers/Owners/Operators
We Offer:
*Competitive Salary
* Fuel Cards
* Late Model Equipment
* NewPay Package
* On Site Maintenance Facility
* Extra Drops and Pickups Paid
* Guaranteed Miles Per Month
* Guaranteed Home Time
We Require:
* 2 Years Experience
* Clean Current Abstract
* Ability to Cross Border
* Positive, Professional Attitude
For:
* GTA
* ON-QC
* ON-MB-AB-BC
* USA
SAFETY : PHONE 416-644-8881 ext# 111
CELL : 437-429-1300
FAX: 416-644-8882
EMAIL: dispatch@galaxyfreightline.com
www.galaxyfreightline.com
*1580 Britannia Road East *Mississauga *ON *L4W 1J2

# ਤਰਕਸ਼ੀਲ ਸੁਸਾਇਟੀ ਵੱਲੋਂ ਮਾਨਸਿਕ ਰੋਗਾਂ ਬਾਰੇ ਵਰਕਸ਼ਾਪ







ਟੋਰਾਂਟੋ (ਬਲਜਿੰਦਰ ਸੇਖਾ) : ਤਰਕਸ਼ੀਲ ਸੁਸਾਇਟੀ ਕਨੇਡਾ ਵਲੋਂ ਡਾਕਟਰ ਬਲਜਿੰਦਰ ਸਿੰਘ ਸੇਖੋਂ ਦੀ ਯਾਦ ਨੂੰ ਸਮਰਪਿਤ ਮਾਨਸਿਕ ਰੋਗਾਂ ਉਪਰ ਗਰੀਨ ਬਰੀਅਨ ਕਮਿਊਨਿਟੀ ਸੈਂਟਰ ਬਰੈਮਪਟਨ ਵਿਖੇ ਵਰਕਸ਼ਾਪ ਕੀਤੀ ਗਈ। ਹਾਲ ਪੂਰੀ ਤਰ੍ਹਾਂ ਭਰਿਆ ਹੋਇਆ ਸੀ। ਪਹਿਲੇ ਸੈਸਨ ਵਿੱਚ ਡਾਕਟਰ ਸੇਖੋਂ ਦੇ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਖੇ ਸਾਥੀ ਰਹੇ ਡਾਕਟਰ ਮਨਜਿੰਦਰ ਢੀਂਡਸਾ ਨੇ ਉਹਨਾਂ ਨਾਲ ਆਪਣੇ ਬਿਤਾਏ ਦਿਨ ਯਾਦ ਕੀਤੇ। ਉਹਨਾਂ ਕਿਹਾ ਕਿ ਪੀ ਐਚ ਡੀ ਕਰਦੇ ਸਮੇਂ ਉਹ ਸਾਡੇ ਗਾਈਡ ਰਹੇ। ਉਹ ਤੇਜ ਬੁੱਧੀ ਦੇ ਮਾਲਕ ਸਨ। ਸੁਸਾਇਟੀ ਦੇ ਕੌਮੀ ਪ੍ਰਧਾਨ ਬਲਦੇਵ ਰਹਿਪਾ ਨੇ ਡਾਕਟਰ ਸੇਖੋਂ ਦੇ ਜੀਵਨ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਉਹ ਸੁਸਾਇਟੀ ਲਈ ਬੌਧਿਕ ਸਲਾਹਕਾਰ ਸਨ ਅਤੇ ਸੁਸਾਇਟੀ ਦੇ ਸਿੱਖਿਆ ਅਤੇ ਮੀਡੀਆ ਮੁਖੀ ਸਨ। ਉਨ੍ਹਾਂ ਦਾ ਜਾਣਾ ਨਾ ਪੂਰਾ ਹੋਣ ਵਾਲਾ ਘਾਟਾ ਹੈ। ਸੁਸਾਇਟੀ ਦੇ ਕੌਮੀ ਮੀਤ ਪ੍ਰਧਾਨ ਬਲਵਿੰਦਰ ਬਰਨਾਲਾ ਨੇ ਯਾਦ ਕਰਦਿਆਂ ਕਿਹਾ ਕਿ ਸੇਖੋਂ ਸਾਹਿਬ ਵਿਗਿਆਨ ਨੂੰ ਸਰਲ ਪੰਜਾਬੀ ਵਿਚ ਪੇਸ਼ ਕਰਨ ਦੀ ਮੁਹਾਰਤ ਰੱਖਦੇ ਸਨ। ਉਹ ਕੀਟ ਵਿਗਿਆਨੀ ਹੋਣ ਕਾਰਨ ਜੀਵ ਵਿਗਿਆਨ ਉੱਪਰ ਕਾਫ਼ੀ ਚੰਗੀ ਪਕੜ ਰੱਖਦੇ ਸਨ।

ਸੈਸਨ ਦੇ ਦੂਸਰੇ ਭਾਗ ਵਿਚ ਦਿਮਾਗੀ ਸਿਹਤ ਕਿਵੇਂ ਠੀਕ ਰੱਖੀ ਜਾ ਸਕਦੀ ਹੈ ਬਾਰੇ ਜਾਣਕਾਰੀ ਦਿੱਤੀ ਗਈ। ਜਸਮੀਨ ਚਾਹਲ ਅਤੇ ਜਸਮੀਨ ਸੋਕਰ ਵਲੋਂ ਉਦਾਸੀ ਰੋਗ (ਡਿਪਰੈਸਨ) ਦੇ ਲੱਛਣ, ਕਾਰਨ ਅਤੇ ਇਲਾਜ ਬਾਰੇ ਪ੍ਰੋਜੈਕਟਰ ਰਾਹੀਂ ਜਾਣਕਾਰੀ ਦਿੱਤੀ। ਬਲਵਿੰਦਰ ਬਰਨਾਲਾ ਜੋ ਮਾਨਸਿਕ ਰੋਗਾਂ ਦੇ ਮਾਹਰ ਸਾਈਕੋਥੇਰਾਪਿਸਟ ਹਨ ਵਲੋਂ ਮਾਨਸਿਕ ਸਿਹਤ ਦਾ ਸਰੀਰਕ ਸਿਹਤ, ਜਜ਼ਬਾਤੀ ਸਿਹਤ ਅਤੇ ਸਮਾਜੀਕਰਨ ਨਾਲ ਸੰਬੰਧਾਂ ਵਾਰੇ ਵਿਸ਼ੇਸ਼ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਬਾਹਰੀ ਅਨੁਭਵ ਨੂੰ ਅੰਦਰੂਨੀ ਅਨੁਭਵ ਨਾਲ ਦਰੁਸਤ ਕਰਕੇ ਉਸਦੀ ਉਚਿਤਤਾ ਪਰਖੀ ਜਾ ਸਕਦੀ ਹੈ। ਦਰਸ਼ਕਾਂ ਵਲੋਂ ਬਹੁਤ ਦਿਲਚਸਪੀ ਵਿਖਾਈ ਗਈ ਤੇ ਸੁਆਲ ਪੁੱਛੇ ਗਏ ।ਰਾਮ ਕੁਮਾਰ ਭਦੌੜ ਵਲੋਂ ਸੁਰਜੀਤ ਪਾਤਰ ਦੀਆਂ ਦੋ ਗਜ਼ਲਾਂ ਦੀ ਮਹੌਲ ਮੁਤਾਬਿਕ ਢੁਕਵੀਂ ਪੇਸ਼ਕਾਰੀ ਕੀਤੀ ਗਈ। ਸਟੇਜ ਸਕੱਤਰ ਦੀ ਭੂਮਿਕਾ ਬਲਰਾਜ ਸੋਕਰ ਜੀ ਵਲੋਂ ਨਿਭਾਈ ਗਈ।

# ਤਿੰਨ ਸਾਲ ਤੋਂ ਜੇਲ੍ਹ ਵਿਚ ਕੈਦ ਨਿਧੜਕ ਪੱਤਰਕਾਰ ਰੂਪੇਸ਼ ਕੁਮਾਰ ਸਿੰਘ

**-ਇਪਸਾ ਸਤਾਖਸ਼ੀ**
**ਅਨੁ.: ਬੂਟਾ ਸਿੰਘ ਮਹਿਮੂਦਪੁਰ**

*ਝਾਰਖੰਡ ਤੋਂ ਲੋਕਪੱਖੀ ਪੱਤਰਕਾਰ ਰੂਪੇਸ਼ ਕੁਮਾਰ ਸਿੰਘ ਸੱਚੀ ਪੱਤਰਕਾਰੀ ਦੀ ਮਿਸਾਲ ਹਨ ਅਤੇ ਇਸੇ ਦਾ ਖ਼ਮਿਆਜ਼ਾ ਉਨ੍ਹਾਂ ਨੂੰ ਭੁਗਤਣਾ ਪਿਆ ਹੈ। ਉਨ੍ਹਾਂ ਦੀ ਜੀਵਨ-ਸਾਥਣ ਇਪਸਾ ਸਤਾਖਸ਼ੀ ਵੱਲੋਂ ਉਸਦੀ ਜੇਲ੍ਹਬੰਦੀ ਦੇ ਤਿੰਨ ਸਾਲ ਪੂਰੇ ਹੋਣ 'ਤੇ ਲਿਖੇ ਭਾਵਪੂਰਨ ਸ਼ਬਦ ਹਕੂਮਤੀ ਦਹਿਸ਼ਤਵਾਦ ਵਿਰੁੱਧ ਅਤੇ ਪ੍ਰੈਸ ਦੀ ਆਜ਼ਾਦੀ ਲਈ ਖੜ੍ਹਨ ਵਾਲਿਆਂ ਨੂੰ ਪ੍ਰੇਰਨਾ ਦਿੰਦੇ ਹਨ। ਅਨੁਵਾਦਕ*

ਅੱਜ 17 ਜੁਲਾਈ 2025 ਹੈ, ਅੱਜ ਲੋਕਪੱਖੀ, ਨਿਰਭੈ, ਬਹਾਦਰ ਪੱਤਰਕਾਰ ਰੂਪੇਸ਼ ਕੁਮਾਰ ਸਿੰਘ ਦੀ ਜੇਲ੍ਹ ਜ਼ਿੰਦਗੀ ਦੇ ਤਿੰਨ ਸਾਲ ਪੂਰੇ ਹੋ ਗਏ ਹਨ।

ਅੱਜ ਦੇ ਹੀ ਦਿਨ, ਯਾਨੀ 17 ਜੁਲਾਈ 2022 ਨੂੰ, ਰੂਪੇਸ਼ ਕੁਮਾਰ ਸਿੰਘ ਨੂੰ ਝਾਰਖੰਡ ਦੇ ਸਰਾਇਕੇਲਾ-ਖਰਸਾਂਵਾ ਦੇ ਇਕ 9 ਮਹੀਨੇ ਪੁਰਾਣੇ ਕੇਸ ਵਿਚ ਗ੍ਰਿਫ਼ਤਾਰ ਕਰ ਲਿਆ ਗਿਆ ਸੀ, ਜਿਸਦੀ ਐੱਫਆਈਆਰ ਵਿਚ ਰੂਪੇਸ਼ ਦਾ ਨਾਮ ਨਹੀਂ ਹੈ। ਗ੍ਰਿਫ਼ਤਾਰੀ ਤਾਂ ਇਕ ਕੇਸ ਵਿਚ ਕੀਤੀ ਗਈ ਸੀ, ਪਰ ਇਸਦੇ ਬਾਅਦ ਲਗਾਤਾਰ 3 ਹੋਰ ਕੇਸ ਉਨ੍ਹਾਂ ਉੱਪਰ ਪਾ ਦਿੱਤੇ ਗਏ।

ਰੂਪੇਸ਼ ਕੁਮਾਰ ਸਿੰਘ 'ਤੇ ਹੁਣ ਕੁਲ 5 ਕੇਸ ਹਨ, ਜਿਨ੍ਹਾਂ ਵਿੱਚੋਂ 3 ਕੇਸਾਂ ਵਿਚ ਉਨ੍ਹਾਂ ਦਾ ਨਾਮ ਐੱਫਆਈਆਰ ਵਿਚ ਨਹੀਂ ਹੈ। ਇਨ੍ਹਾਂ 5 ਕੇਸਾਂ ਵਿੱਚੋਂ 2 ਬਿਹਾਰ ਦੇ ਅਤੇ 3 ਝਾਰਖੰਡ ਦੇ। ਇਨ੍ਹਾਂ 5 ਕੇਸਾਂ ਵਿੱਚੋਂ ਇਕ ਕੇਸ 4 ਜੂਨ 2019 ਦਾ ਹੈ, ਜਦੋਂ ਬਦਨੀਅਤ ਨਾਲ ਉਨ੍ਹਾਂ ਦਾ ਪ੍ਰਸ਼ਾਸਨਿਕ ਅਪਹਰਣ ਕੀਤਾ ਗਿਆ ਸੀ। ਰੂਪੇਸ਼ ਦੇ ਲਾਪਤਾ ਹੋਣ 'ਤੇ ਸੰਬੰਧਤ ਥਾਣੇ ਵਿਚ ਗੁੰਮਸ਼ੁਦਗੀ ਦੀ ਰਿਪੋਰਟ ਦਰਜ ਕਰਵਾਈ ਗਈ ਸੀ ਅਤੇ ਸੋਸ਼ਲ ਮੀਡੀਆ 'ਤੇ ਕੇਸ ਨੂੰ ਉਜਾਗਰ ਕੀਤੇ ਜਾਣ 'ਤੇ ਜਲਦਬਾਜ਼ੀ ਵਿਚ ਉਨ੍ਹਾਂ ਦੇ ਨਾਲ ਦੋ ਹੋਰ ਵਿਅਕਤੀਆਂ (ਇਕ ਰੂਪੇਸ਼ ਦੇ ਰਿਸ਼ਤੇਦਾਰ ਅਤੇ ਦੂਜਾ ਉਨ੍ਹਾਂ ਦੇ ਡਰਾਈਵਰ) ਦੇ ਨਾਮ 6 ਜੂਨ ਨੂੰ ਐੱਫਆਈਆਰ ਵਿਚ ਦਰਜ ਕਰਕੇ ਕੇਸ ਬਣਾਇਆ ਗਿਆ ਸੀ। ਪਰ 180 ਦਿਨਾਂ ਦੀ ਤੈਅ ਸੀਮਾ ਵਿਚ ਚਾਰਜਸ਼ੀਟ ਦਾਖਲ ਨਾ ਹੋਣ ਦਾ ਫ਼ਾਇਦਾ ਮਿਲਣ ਕਰਕੇ ਉਨ੍ਹਾਂ ਨੂੰ 'ਡਿਫੌਲਟ ਬੇਲ' 'ਤੇ ਰਿਹਾ ਕਰ ਦਿੱਤਾ ਗਿਆ ਸੀ।

ਫਿਰ 17 ਜੁਲਾਈ 2022 ਨੂੰ ਉਨ੍ਹਾਂ ਨੂੰ ਝਾਰਖੰਡ ਦੇ ਰਾਮਗੜ੍ਹ ਸਥਿਤ ਘਰ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਹੌਲੀ-ਹੌਲੀ ਤਿੰਨ ਹੋਰ ਕੇਸ ਪਾ ਦਿੱਤੇ ਗਏ। ਕਾਰਨ ਦੱਸਿਆ ਗਿਆ - ਮਾਓਵਾਦੀ ਸੰਬੰਧ।

ਇਨ੍ਹਾਂ ਵਿੱਚੋਂ ਦੋ ਕੇਸਾਂ ਵਿਚ ਜ਼ਮਾਨਤ ਮਿਲ ਗਈ ਹੈ, ਅਤੇ ਇਕ ਕੇਸ 27 ਜਨਵਰੀ 2025 ਨੂੰ ਸੁਪਰੀਮ ਕੋਰਟ ਨੇ ਰੱਦ ਕਰ ਦਿੱਤਾ। ਬਾਕੀ ਬਚੇ ਇਕ ਕੇਸ ਵਿਚ, ਜਿਸਨੂੰ ਐਨਆਈਏ ਨੇ ਆਪਣੇ ਕਬਜ਼ੇ ਵਿਚ ਲੈ ਲਿਆ ਹੈ, ਸਾਡੀ ਤਰਫ਼ੋਂ ਜ਼ਮਾਨਤ ਲਈ ਅਰਜ਼ੀ ਨਹੀਂ ਲਗਾਈ ਗਈ ਹੈ।

ਰੂਪੇਸ਼ ਅਜਿਹੇ ਇਨਸਾਨ ਹਨ ਜੋ ਆਪਣੇ ਘਰ-ਪਰਿਵਾਰ, ਇੱਥੋਂ ਤੱਕ ਕਿ ਆਪਣੇ ਛੋਟੇ ਬੱਚੇ ਦੀ ਪਰਵਾਹ ਕੀਤੇ ਬਿਨਾਂ ਸਮਾਜਕ ਮੁੱਦਿਆਂ 'ਤੇ ਖੁੱਲ੍ਹ ਕੇ ਲਿਖਦੇ ਰਹੇ, ਬੋਲਦੇ ਰਹੇ, ਸੱਚ ਦੇ ਨਾਲ ਖੜ੍ਹੇ ਰਹੇ। ਇਸ ਲਈ ਸੰਘਰਸ਼ ਕਰ ਰਹੇ ਲੋਕਾਂ ਦੇ ਨਾਲ ਖੜ੍ਹੇ ਰਹੇ ਹਨ। ਇੱਥੋਂ ਤੱਕ ਕਿ ਜੇਲ੍ਹ ਵਿਚ ਵੀ ਬੇਨਿਯਮੀਆਂ ਅਤੇ ਅਨਿਆਂ ਦੇ ਖਿਲਾਫ਼ ਆਵਾਜ਼ ਉਠਾਉਂਦੇ ਰਹੇ ਹਨ। ਇਹੀ ਕਾਰਨ ਹੈ ਕਿ ਉਹ ਜੇਲ੍ਹ ਪ੍ਰਸ਼ਾਸਨ ਦੇ ਝੂਠੇ, ਬੇਬੁਨਿਆਦ ਦੋਸ਼ਾਂ ਨਾਲ ਜੇਲ੍ਹਾਂ ਦਾ ਤਬਾਦਲਾ ਝੱਲ ਰਹੇ ਹਨ।

ਉਨ੍ਹਾਂ ਨੂੰ ਝਾਰਖੰਡ-ਬਿਹਾਰ ਦੀਆਂ ਕੁਲ ਚਾਰ ਜੇਲ੍ਹਾਂ ਵਿਚ ਭੇਜਿਆ ਕੀਤਾ ਜਾ ਚੁੱਕਾ ਹੈ, ਜਿਨ੍ਹਾਂ ਵਿਚ ਝਾਰਖੰਡ ਦੀਆਂ ਦੋ ਅਤੇ ਬਿਹਾਰ ਦੀਆਂ ਦੋ ਜੇਲ੍ਹਾਂ ਸ਼ਾਮਲ ਹਨ। ਰੂਪੇਸ਼ ਹੁਣ ਭਾਗਲਪੁਰ ਦੀ ਸ਼ਹੀਦ ਜੁੱਬਾ ਸਾਹਨੀ ਕੇਂਦਰੀ ਜੇਲ੍ਹ ਵਿਚ ਪਿਛਲੇ 22/23 ਜਨਵਰੀ 2024 ਤੋਂ ਬੰਦ ਹਨ। ਉਨ੍ਹਾਂ ਦੇ ਹਰ ਜੇਲ੍ਹ ਤਬਾਦਲੇ ਦਾ ਕਾਰਨ ਜੇਲ੍ਹ ਅੰਦਰ ਹੋ ਰਹੀਆਂ ਬੇਨਿਯਮੀਆਂ 'ਤੇ ਸਵਾਲ ਉਠਾਉਣਾ ਰਿਹਾ ਹੈ। ਪਰ ਹਰ ਵਾਰ ਪ੍ਰਸ਼ਾਸਨ ਵੱਲੋਂ ਕੋਈ ਨਾ ਕੋਈ ਬਹਾਨਾ ਬਣਾ ਕੇ ਉਨ੍ਹਾਂ ਦੀ ਜੇਲ੍ਹ ਬਦਲ ਦਿੱਤੀ ਗਈ ਹੈ।

**ਜੇਲ੍ਹ ਜੀਵਨ ਅਤੇ ਪੜ੍ਹਾਈ :** ਭਾਗਲਪੁਰ ਜੇਲ੍ਹ ਵਿਚ ਬੰਦ ਰੂਪੇਸ਼ ਕੁਮਾਰ ਸਿੰਘ ਨੇ ਇਨ੍ਹਾਂ 3 ਸਾਲਾਂ ਦੇ ਜੇਲ੍ਹ ਜੀਵਨ ਵਿਚ ਇੰਦਰਾ ਗਾਂਧੀ ਨੈਸ਼ਨਲ ਓਪਨ ਯੂਨੀਵਰਸਿਟੀ ਤੋਂ 2 ਕੋਰਸ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਤਿਹਾਸ ਵਿਚ ਮਾਸਟਰ ਡਿਗਰੀ ਪੂਰੀ ਕਰ ਲਈ ਹੈ ਅਤੇ ਜਰਨਲਿਜ਼ਮ ਐਂਡ ਮਾਸ ਕਮਿਊਨੀਕੇਸ਼ਨ ਦੀ ਪੜ੍ਹਾਈ ਵੀ ਪੂਰੀ ਕਰਨ ਦੀ ਕੋਸ਼ਿਸ਼ ਜਾਰੀ ਹੈ। ਇਸ ਕੋਰਸ ਦੇ ਪ੍ਰੈਕਟੀਕਲ ਅਸਾਈਨਮੈਂਟ ਲਈ ਉਨ੍ਹਾਂ ਨੂੰ ਕੈਮਰਾ, ਮੋਬਾਇਲ ਜਾਂ ਕੰਪਿਊਟਰ ਵਰਗੇ ਸਾਧਨਾਂ ਦੀ ਲੋੜ ਹੈ, ਜਿਸ ਲਈ ਜੇਲ੍ਹ ਪ੍ਰਸ਼ਾਸਨ ਤੋਂ ਅਜੇ ਤੱਕ ਇਜਾਜ਼ਤ ਨਹੀਂ ਮਿਲੀ ਹੈ। ਬਾਕੀ ਸਾਰੀਆਂ ਇਮਤਿਹਾਨ ਰੂਪੇਸ਼ ਪਾਸ ਕਰ ਚੁੱਕੇ ਹਨ।

ਜੁਲਾਈ ਸੈਸ਼ਨ ਲਈ ਰੂਪੇਸ਼ ਨੇ ਹਿੰਦੀ ਸਾਹਿਤ ਵਿਚ ਮਾਸਟਰ ਡਿਗਰੀ ਕਰਨ ਦੀ ਇੱਛਾ ਜਤਾਈ ਸੀ, ਪਰ ਸਾਧਨਾਂ ਦੀ ਕਮੀ ਕਾਰਨ ਮੈਂ ਇਸਨੂੰ ਟਾਲ ਦਿੱਤਾ ਹੈ।

ਰੂਪੇਸ਼ ਯੂਜੀਸੀ-ਨੈੱਟ ਦੀ ਤਿਆਰੀ ਵਿਚ ਉਤਸ਼ਾਹਤ ਹਨ। ਇਸ ਵਾਰ ਫਾਰਮ ਭਰਨਾ ਹੈ। ਉਨ੍ਹਾਂ ਨੂੰ ਇਤਿਹਾਸ (ਮੁੱਖ ਵਿਸ਼ਾ) ਤੋਂ ਪੇਪਰ ਦੇਣਾ ਹੈ। ਪੇਪਰ ਦੋ ਦੀ ਤਿਆਰੀ ਲਈ ਇਤਿਹਾਸ ਦੀ ਕਿਤਾਬ ਦੇ ਦਿੱਤੀ ਗਈ ਹੈ, ਪਰ ਪੇਪਰ ਇਕ ਦੀ ਕਿਤਾਬ ਅਜੇ ਬਾਕੀ ਹੈ। ਰੂਪੇਸ਼ ਨੇ ਇਨ੍ਹਾਂ ਤਿੰਨ ਸਾਲਾਂ ਵਿਚ ਕੁਲ 104 ਕਿਤਾਬਾਂ ਪੜ੍ਹ ਲਈਆਂ ਹਨ। ਹੁਣ ਉਹ ਦੋ ਕਿਤਾਬਾਂ ਪੜ੍ਹ ਰਹੇ ਹਨ: ਦੁਰਯੋਧਨ ਅਭੀ ਮਰਾ ਨਹੀਂ ਹੈ - ਐੱਚ.ਐੱਨ. ਰਾਮ, ਬਿਹਾਰੀ ਪਰੰਪਰਾਵਾਂ ਔਰ ਵਿਗਿਆਨਕ ਖੋਜ।




ਵੈਸੇ, ਰੂਪੇਸ਼ ਨੇ 2012 ਵਿਚ ਭਾਗਲਪੁਰ ਯੂਨੀਵਰਸਿਟੀ ਤੋਂ 'ਗਾਂਧੀ ਦੇ ਵਿਚਾਰ' ਵਿਚ ਪੋਸਟ ਗ੍ਰੈਜੂਏਸ਼ਨ ਕੀਤੀ ਸੀ। ਜੇਲ੍ਹ ਵਿਚ ਇਤਿਹਾਸ ਵਿਚ ਮਾਸਟਰ ਡਿਗਰੀ ਪੂਰਾ ਕਰਨ ਦੇ ਨਾਲ ਉਨ੍ਹਾਂ ਦੀਆਂ ਦੋ ਮਾਸਟਰ ਡਿਗਰੀਆਂ ਹੋ ਗਈਆਂ ਹਨ।

**ਗ੍ਰਿਫ਼ਤਾਰੀ ਦਾ ਕਾਰਨ :** ਸਪੱਸ਼ਟ ਹੈ ਕਿ ਰੂਪੇਸ਼ ਦੀ ਗ੍ਰਿਫ਼ਤਾਰੀ ਉਨ੍ਹਾਂ ਦੀ ਲੇਖਣੀ ਕਾਰਨ ਹੋਈ ਹੈ, ਜੋ ਭ੍ਰਿਸ਼ਟ ਸਿਸਟਮ ਦਾ ਪੋਲ ਖੋਲ੍ਹਦੀ ਹੈ ਅਤੇ ਸੱਚੀਆਂ ਖਬਰਾਂ ਪਹੁੰਚਾਉਂਦੀ ਹੈ। ਭਾਵੇਂ ਇਸ ਲਈ ਉਨ੍ਹਾਂ 'ਤੇ ਮਾਓਵਾਦੀ ਸੰਬੰਧਾਂ ਦਾ ਲੇਬਲ ਚਿਪਕਾਇਆ ਜਾ ਰਿਹਾ ਹੈ, ਪਰ ਰੂਪੇਸ਼ ਦੀ ਲੇਖਣੀ ਝਾਰਖੰਡ ਦੀ ਆਦਿਵਾਸੀ ਜਨਤਾ ਦੇ ਮੁੱਦਿਆਂ ਨਾਲ ਜੁੜੀ ਹੈ। ਇਸ ਲਈ ਉਨ੍ਹਾਂ 'ਤੇ ਮਾਓਵਾਦ ਦਾ ਠੱਪਾ ਲਗਾਉਣਾ ਸਭ ਤੋਂ ਸੌਖਾ ਹੈ।

ਇਹ ਕਿਸੇ ਪੱਤਰਕਾਰ ਦੀ ਗ੍ਰਿਫ਼ਤਾਰੀ ਨਹੀਂ, ਸਗੋਂ ਪ੍ਰੈੱਸ ਦੀ ਆਜ਼ਾਦੀ ਨੂੰ ਕੈਦ ਕਰਨ ਦੀ ਸਾਜ਼ਿਸ਼ ਹੈ, ਤਾਂ ਜੋ ਝਾਰਖੰਡ ਦੀ ਆਦਿਵਾਸੀ, ਮੂਲਵਾਸੀ ਅਤੇ ਪੀੜਤ ਜਨਤਾ ਦੇ ਸਵਾਲ ਦਬਾ ਦਿੱਤੇ ਜਾਣ ਅਤੇ ਕਾਰਪੋਰੇਟ ਜਗਤ ਨੂੰ ਜਨਤਾ ਦੀ ਜ਼ਮੀਨ ਲੁੱਟਣ ਦੀ ਖੁੱਲ੍ਹੀ ਛੋਟ ਮਿਲ ਸਕੇ।

ਅੱਜ ਪੂਰੇ ਮੁਲਕ ਵਿਚ ਅਸੀਂ ਦੇਖ ਰਹੇ ਹਾਂ ਕਿ ਜੋ ਵੀ ਸੱਤਾ ਦੀਆਂ ਗ਼ਲਤ ਨੀਤੀਆਂ ਦਾ ਵਿਰੋਧ ਕਰ ਰਿਹਾ ਹੈ ਜਾਂ ਗਰੀਬ ਜਨਤਾ ਦੇ ਨਾਲ ਖੜ੍ਹਾ ਹੈ, ਉਸਨੂੰ ਝੂਠੇ ਕੇਸਾਂ ਵਿਚ ਫਸਾ ਕੇ ਜੇਲ੍ਹ ਵਿਚ ਬੰਦ ਕੀਤਾ ਜਾ ਰਿਹਾ ਹੈ। ਜਨਤਕ ਮੁੱਦਿਆਂ, ਅੰਦੋਲਨਾਂ, ਲੇਖਾਂ ਅਤੇ ਭਾਸ਼ਣਾਂ ਨੂੰ ਜੁਰਮ ਦੀ ਸ਼੍ਰੇਣੀ ਵਿਚ ਰੱਖਿਆ ਜਾ ਰਿਹਾ ਹੈ। ਯੂਏਪੀਏ ਦੇ ਦਾਇਰੇ ਵਿਚ ਲੇਖਕ, ਪੱਤਰਕਾਰ ਅਤੇ ਕਾਰਕੁਨ ਸਾਰੇ ਫਸਾਏ ਜਾ ਰਹੇ ਹਨ। ਪਰ ਕੀ ਇਹ ਭ੍ਰਿਸ਼ਟ ਪ੍ਰਬੰਧ ਸੱਚਮੁੱਚ ਸਾਡੇ ਮੁਲਕ ਨੂੰ ਤਰੱਕੀ ਦੇ ਰਸਤੇ 'ਤੇ ਲੈ ਜਾਵੇਗਾ?

90% ਜਨਤਾ ਦੀ ਜ਼ਿੰਦਗੀ, ਉਨ੍ਹਾਂ ਦੇ ਹੱਕਾਂ ਲਈ ਬੋਲਣ ਵਾਲਿਆਂ ਦੀ ਜ਼ਿੰਦਗੀ ਕੋਈ ਮਜ਼ਾਕ ਨਹੀਂ ਹੈ। ਜੇਕਰ ਸੱਤਾ ਅਤੇ ਪ੍ਰਸ਼ਾਸਨ ਸਾਰੇ ਸਿਸਟਮਾਂ ਨੂੰ ਦਰਕਿਨਾਰ ਕਰਕੇ ਜ਼ਿੰਦਗੀਆਂ ਨਾਲ ਖੇਡ ਰਹੇ ਹਨ, ਤਾਂ ਅਸੀਂ ਇਸ ਮਜ਼ਾਕ ਦੇ ਖਿਲਾਫ਼ ਲੜਨ ਲਈ ਤਿਆਰ ਹਾਂ। ਨਾ ਹੀ ਇਕ ਚੰਗੇਰੇ ਸਮਾਜ ਦੀ ਕਲਪਨਾ ਕੋਈ ਜੁਰਮ ਹੈ, ਅਤੇ ਨਾ ਹੀ ਆਲੋਚਨਾਤਮਕ ਰਚਨਾਵਾਂ ਜਾਂ ਸੁਤੰਤਰ ਲੇਖਣੀ ਕੋਈ ਗੁਨਾਹ ਹੈ।

**ਰਿਹਾਈ ਦੀ ਆਵਾਜ਼ :** ਮੈਂ ਉਨ੍ਹਾਂ ਸਾਰੇ ਸਾਥੀਆਂ ਦਾ ਧੰਨਵਾਦੀ ਹਾਂ, ਜਿਨ੍ਹਾਂ ਨੇ ਰੂਪੇਸ਼ ਦੀ ਰਿਹਾਈ ਲਈ ਹਰ ਮੰਚ ਤੋਂ ਆਵਾਜ਼ ਉਠਾਈ ਹੈ। ਗ੍ਰਿਫ਼ਤਾਰੀ ਤੋਂ ਬਾਅਦ ਖੇਤਰੀ, ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਵਿਅਕਤੀਗਤ ਤੌਰ 'ਤੇ ਜਾਂ ਸੰਸਥਾਵਾਂ ਵੱਲੋਂ ਰੂਪੇਸ਼ ਦੀ ਰਿਹਾਈ ਲਈ ਆਵਾਜ਼ ਉਠਾਈ ਜਾਂਦੀ ਰਹੀ ਹੈ।

ਝਾਰਖੰਡ ਵਿਧਾਨ ਸਭਾ ਤੋਂ ਲੈ ਕੇ ਸੰਯੁਕਤ ਰਾਸ਼ਟਰ ਤੱਕ ਨੇ ਰੂਪੇਸ਼ ਦੀ ਰਿਹਾਈ ਲਈ ਬੋਲਿਆ ਹੈ। 11 ਅਪ੍ਰੈਲ 2025 ਨੂੰ ਜੇਲ੍ਹ ਵਿਚ ਰੂਪੇਸ਼ ਦੇ 1000 ਦਿਨ ਪੂਰੇ ਹੋਣ 'ਤੇ ਮੁਲਕ ਦੇ ਕਈ ਪੱਤਰਕਾਰਾਂ, ਸਮਾਜਿਕ ਕਾਰਕੁਨਾਂ, ਵਕੀਲਾਂ, ਵਿਦਿਆਰਥੀਆਂ ਅਤੇ ਹੋਰ ਪ੍ਰਗਤੀਸ਼ੀਲ ਲੋਕਾਂ ਨੇ ਭਾਰਤ ਦੇ ਚੀਫ਼ ਜਸਟਿਸ ਨੂੰ ਖੁੱਲ੍ਹੀ ਚਿੱਠੀ ਲਿਖ ਕੇ ਰੂਪੇਸ਼ ਦੀ ਰਿਹਾਈ ਦੀ ਮੰਗ ਕੀਤੀ ਹੈ। ਇਸ ਚਿੱਠੀ ਵਿਚ ਕਿਹਾ ਗਿਆ:

ਰੂਪੇਸ਼ ਦੇ ਕੰਮ ਨੇ ਮਨੁੱਖੀ ਅਧਿਕਾਰਾਂ ਦੇ ਉਲੰਘਣ ਦੇ ਨਾਲ-ਨਾਲ ਕਾਰਪੋਰੇਟ ਵੱਲੋਂ ਜੀਵਨ ਅਤੇ ਵਾਤਾਵਰਣ ਦੇ ਵਿਨਾਸ਼ ਨੂੰ ਉਜਾਗਰ ਕੀਤਾ ਹੈ। ਲੋਕਾਂ ਨਾਲ ਜੁੜੇ ਵੱਖ-ਵੱਖ ਮੁੱਦਿਆਂ 'ਤੇ ਸੱਚਾਈ ਨੂੰ ਸਾਹਮਣੇ ਲਿਆਉਣ ਦੀ ਉਨ੍ਹਾਂ ਦੀ ਵਚਨਬੱਧਤਾ ਕਾਰਨ ਹੀ ਉਨ੍ਹਾਂ ਨੂੰ ਰਾਜ ਵੱਲੋਂ ਨਿਸ਼ਾਨਾ ਬਣਾਇਆ ਗਿਆ ਹੈ।

ਵੈਸੇ ਤਾਂ ਅਸੀਂ ਸਾਰੇ ਨਿਆਂਪਸੰਦ, ਅਮਨਪਸੰਦ ਲੋਕ ਇੱਕ-ਦੂਜੇ ਦੇ ਨਾਲ ਖੜ੍ਹੇ ਹਾਂ। ਪਰ ਇੱਥੇ ਸਾਨੂੰ ਰੂਪੇਸ਼ ਵਰਗੇ ਲੋਕਾਂ ਦੇ ਨਾਲ ਹੋਰ ਵੀ ਮਜ਼ਬੂਤੀ ਨਾਲ ਖੜ੍ਹੇ ਹੋਣ ਦੀ ਲੋੜ ਹੈ, ਅਤੇ ਅਸੀਂ ਖੜ੍ਹੇ ਰਹਾਂਗੇ। ਕਿਉਂਕਿ ਅਸੀਂ ਵੇਖ ਰਹੇ ਹਾਂ ਕਿ ਮਨੁੱਖੀ ਅਧਿਕਾਰਾਂ ਦੀ ਲੜਾਈ, ਨਿਆਂ ਦੀ ਲੜਾਈ ਲੜ ਰਹੇ ਲੋਕਾਂ ਲਈ ਸਮਾਂ ਹੋਰ ਵੀ ਮੁਸ਼ਕਲ ਹੁੰਦਾ ਜਾ ਰਿਹਾ ਹੈ। ਅਜਿਹੇ ਹਾਲਾਤ ਵਿਚ ਅਸੀਂ ਸਾਰੇ ਇਕ-ਦੂਜੇ ਦੀ ਤਾਕਤ ਹਾਂ, ਇਕ-ਦੂਜੇ ਦਾ ਭਰੋਸਾ ਹਾਂ। ਅਸੀਂ ਇਹ ਹਰ ਕਦਮ ਬਣਾਈ ਰੱਖਾਂਗੇ।

ਗੁਰਪ੍ਰੀਤ ਸਿੰਘ ਤੂਰ
9815800405


# ਆਪਣੀ ਹੋਂਦ ਲਈ ਸਹਿਕਦੇ ਖੇਤ



ਸ਼ਹਿਰਾਂ ਨੇੜਿਓਂ ਲੰਘਦੇ ਹਾਈਵੇਜ਼ ਤੇ ਬਾਈਪਾਸ ਦੇ ਆਸੇ-ਪਾਸੇ ਦੀ ਖੇਤੀਯੋਗ ਜ਼ਮੀਨ ਤੇਜ਼ੀ ਨਾਲ ਖ਼ਤਮ ਹੋ ਰਹੀ ਹੈ। ਇਸ ਜ਼ਮੀਨ ਦੀ ਹੋਂਦ ਬਰਫ਼ ਦੀ ਸਿੱਲੀ ਵਾਂਗ ਹੈ। ਇਹਨਾਂ ਖੇਤਾਂ ਵਿਚ ਮੋਟਰਾਂ-ਟਿਊਬੈੱਲਾਂ 'ਤੇ ਰੁੱਖਾਂ ਦੀ ਹੋਂਦ ਸਲਾਟਰ ਹਾਊਸ ਵਿਚ ਬੇਵਸ ਖੜ੍ਹੇ ਮੌਤ ਦੀ ਉਡੀਕ ਕਰਦੇ ਬੇਜ਼ੁਬਾਨਾਂ ਵਾਂਗ ਹੈ। ਆਸੇ-ਪਾਸੇ ਉੱਸਰਦੀਆਂ ਵੱਡੀਆਂ ਇਮਾਰਤਾਂ ਤੇ ਚਲਦੀਆਂ ਮਸ਼ੀਨਾਂ ਦੀਆਂ ਆਵਾਜ਼ਾਂ ਰੁੱਖਾਂ 'ਤੇ ਰੈਣ-ਬਸੇਰੇ ਬਣਾਈ ਬੈਠੇ ਪਰਿੰਦਿਆਂ ਨੂੰ ਭੈਭੀਤ ਕਰ ਰਹੀਆਂ ਹਨ।

ਤੇਜ਼ੀ ਨਾਲ ਵਧ ਰਹੀ ਆਬਾਦੀ ਲਈ ਰਿਹਾਇਸ਼ੀ ਖੇਤਰਾਂ ਦੀ ਲੋੜ ਹੈ। ਆਵਾਜਾਈ ਤੇ ਵਿਕਾਸ ਲਈ ਹਾਈਵੇਜ਼ ਤੇ ਬਾਈਪਾਸ ਲੋੜੀਂਦੇ ਹਨ। ਪੂੰਜੀਵਾਦ ਤੇ ਖਪਤਕਾਰੀ ਦੌਰ ਵਿਚ ਵੱਡੀ ਗਿਣਤੀ ਵਿਚ ਨਵੇਂ-ਨਵੇਂ ਮਾਲਜ਼ ਤੇ ਸ਼ੌਪਿੰਗ ਕੰਪਲੈਕਸ ਹੋਂਦ ਵਿਚ ਆ ਰਹੇ ਹਨ। ਧਨ ਕੁਬੇਰਾਂ ਵੱਲੋਂ ਇਹਨਾਂ ਹਾਲਤਾਂ ਦਾ ਫ਼ਾਇਦਾ ਉਠਾਉਂਦਿਆਂ, ਅਜਿਹੇ ਪ੍ਰਾਜੈਕਟਾਂ ਦੇ ਨੇੜੇ ਵਾਹੀਯੋਗ ਸੈਂਕੜੇ ਏਕੜ ਜ਼ਮੀਨ ਖ਼ਰੀਦ ਕੇ ਵੱਡੇ ਆਰਥਿਕ ਲਾਭ ਬਟੋਰੇ ਜਾ ਰਹੇ ਹਨ। ਇਹ ਸਭ ਕੁਝ ਉਪਜਾਊ ਮਿੱਟੀ ਦੇ ਖ਼ਾਤਮੇ ਦੀ ਕੀਮਤ 'ਤੇ ਹੋ ਰਿਹਾ ਹੈ। ਲਾਲਸਾ ਅਤੇ ਕਾਲ਼ੇ ਧਨ ਦੀ ਸਮਰੱਥਾ ਨੇ ਉਪਜਾਊ ਜ਼ਮੀਨ ਦੇ ਖ਼ਾਤਮੇ ਨੂੰ ਗਤੀ ਪ੍ਰਦਾਨ ਕੀਤੀ। ਜ਼ਮੀਨ ਦੇ 'ਪੂਲਿੰਗ ਪ੍ਰਚੇਜ਼' ਢੰਗ ਨੇ ਇਸ ਗਤੀ ਨੂੰ ਸਿਖ਼ਰਾਂ 'ਤੇ ਪਹੁੰਚਾਇਆ। ਇਸ ਨਾਲ ਕਿਸਾਨਾਂ ਤੇ ਕਿਰਤੀਆਂ ਦਾ ਉਜਾੜਾ ਹੁੰਦਾ ਹੈ ਅਤੇ ਦੇਸ਼ ਦੀ ਭੋਜਨ ਸੁਰੱਖਿਆ ਸਮਰੱਥਾ ਖ਼ਤਰੇ ਵਿਚ ਪੈਂਦੀ ਹੈ।

ਪ੍ਰਾਂਤ ਵਿਚ ਵਾਹੀਯੋਗ ਰਕਬਾ ਤੇਜ਼ੀ ਨਾਲ ਘਟ ਰਿਹਾ ਹੈ। ਸਾਲ 2000 ਵਿਚ ਪ੍ਰਾਂਤ ਕੋਲ 42.50 ਲੱਖ ਹੈਕਟੇਅਰ ਵਾਹੀਯੋਗ ਜ਼ਮੀਨ ਸੀ, ਜੋ ਘਰਾਂ, ਕਾਲੋਨੀਆਂ, ਸੜਕਾਂ ਤੇ ਉਦਯੋਗ ਲਈ 10,000 ਹੈਕਟੇਅਰ ਪ੍ਰਤੀ ਸਾਲ ਦੀ ਰਫ਼ਤਾਰ ਨਾਲ ਘਟਦੀ ਆ ਰਹੀ ਸੀ। ਸੂਬੇ ਵਿਚ ਉਸਾਰੀ ਅਧੀਨ ਨਵੇਂ ਹਾਈਵੇਜ਼ ਅਤੇ ਕੁਝ ਹਾਈਵੇਜ਼ ਨੂੰ ਚੌੜਿਆਂ ਕਰਨ ਸਮੇਂ 25,000 ਹੈਕਟੇਅਰ ਹੋਰ ਉਪਜਾਊ ਜ਼ਮੀਨ ਪਿਛਲੇ 10-15 ਵਰਿਆਂ ਦੌਰਾਨ ਖੇਤੀ ਧੰਦੇ ਦੀ ਸੂਚੀ ਵਿਚੋਂ ਬਾਹਰ ਹੋ ਗਈ। ਏਨਾ ਹੀ ਨਹੀਂ ਧਨ ਕੁਬੇਰਾਂ ਅਤੇ ਭੂਮਾਫ਼ੀਆ ਨੇ ਹਾਈਵੇਜ਼ ਤੇ ਬਾਈਪਾਸ ਨੇੜਲੀਆਂ ਥਾਵਾਂ ਉੱਤੇ ਕਾਲ਼ੇ ਧਨ ਦੀ ਅਥਾਹ ਵਰਤੋਂ ਕਰਦਿਆਂ ਪਿਛਲੇ 4-5 ਸਾਲਾਂ ਦੌਰਾਨ ਵੱਡੀ ਪੱਧਰ 'ਤੇ ਖੇਤੀਯੋਗ ਜ਼ਮੀਨ ਖ਼ਰੀਦ ਲਈ ਹੈ। ਪ੍ਰਾਂਤ ਦੇ ਵੱਡੇ ਸ਼ਹਿਰਾਂ ਨੇੜੇ ਕਈ ਪਿੰਡਾਂ ਦੀ 50 ਪ੍ਰਤੀਸ਼ਤ ਤੱਕ ਖੇਤੀਯੋਗ ਜ਼ਮੀਨ ਪਿਛਲੇ 45 ਵਰਿਆਂ ਦੌਰਾਨ ਹੀ ਵਾਹੀਯੋਗ ਜ਼ਮੀਨ ਦੀ ਸੂਚੀ ਵਿਚੋਂ ਬਾਹਰ ਹੋ ਗਈ ਹੈ। ਵਾਹੀਯੋਗ ਜ਼ਮੀਨ ਦੇ ਖ਼ਾਤਮੇ ਸਬੰਧੀ ਸੂਬਾ ਸੰਕਟਕਾਲੀਨ ਹਾਲਤਾਂ ਵਿਚੋਂ ਲੰਘ ਰਿਹਾ ਹੈ।

ਜ਼ਿਲਾ ਮੁਹਾਲੀ ਵਾਹੀਯੋਗ ਜ਼ਮੀਨ ਦੇ ਮੁਕੰਮਲ ਖ਼ਾਤਮੇ ਵੱਲ ਤੇਜ਼ੀ ਨਾਲ ਵਧ ਰਿਹਾ ਹੈ। ਮੁਹਾਲੀ ਤੋਂ ਖਰੜ, ਲਾਂਡਰਾਂ, ਬਨੂੜ, ਜ਼ੀਰਕਪੁਰ ਅਤੇ ਜ਼ੀਰਕਪੁਰ ਤੋਂ ਡੇਰਾਬਸੀ ਤੇ ਬਨੂੜ ਸਾਰੀਆਂ ਸੜਕਾਂ ਦੇ ਮੱਥੇ ਵਿਕੇ ਹੋਏ ਹਨ। ਇਸ ਦਾ ਓਵਰਫਲੋ ਰੂਪਨਗਰ ਤੇ ਫ਼ਤਹਿਗੜ੍ਹ ਜ਼ਿਲਿਆਂ ਉਪਰ ਨਜ਼ਰ ਆਉਣ ਲੱਗ ਪਿਆ ਹੈ। ਪ੍ਰਾਂਤ ਵਿਚੋਂ ਦੀ ਲੰਘਦੇ ਨੈਸ਼ਨਲ ਹਾਈਵੇ ਤੇ ਸਟੇਟ ਹਾਈਵੇ 'ਤੇ ਲਗਦੀਆਂ ਜ਼ਮੀਨਾਂ ਦਾ ਤਿੰਨ-ਚੌਥਾਈ ਦੇ ਲਗਭਗ ਹਿਸਾ ਵਿਕ ਚੁੱਕਾ ਹੈ।

ਪ੍ਰਾਂਤ ਵਿਚ ਖ਼ਾਸ ਤੌਰ 'ਤੇ ਤਿੰਨ ਵੱਡੇ ਸ਼ਹਿਰ-ਲੁਧਿਆਣਾ, ਮੁਹਾਲੀ, ਜਲੰਧਰ ਸੈਂਕੜੇ ਪਿੰਡਾਂ ਦੀ ਹੋਂਦ ਨੂੰ ਪੱਕੇ ਤੌਰ 'ਤੇ ਖ਼ਤਮ ਕਰ ਗਏ ਹਨ। ਲੁਧਿਆਣਾ ਆਜ਼ਾਦੀ ਦੇ 75 ਵਰਿਆਂ ਬਾਅਦ 150 ਤੋਂ ਵੱਧ ਪਿੰਡ ਆਪਣੇ ਵਿਚ ਸਮੋ ਚੁੱਕਾ ਹੈ। ਜਮਾਲਪੁਰ, ਭਾਮੀਆ, ਸ਼ੇਰਪੁਰ, ਡਾਬਾ, ਗਿਆਸਪੁਰਾ, ਢੰਡਾਰੀ ਕਲਾਂ ਤੇ ਖ਼ੁਰਦ, ਜੁਗਿਆਣਾ, ਲੁਹਾਰਾ, ਬੇਗੋਵਾਲ, ਧਾਂਦਰਾ, ਦੁੱਗਰੀ, ਫੁੱਲਾਂਵਾਲ, ਦਾਦ, ਜਵੱਦੀ, ਸਨੇਤ, ਬਾੜੇਵਾਲ, ਪ੍ਰਤਾਪਪੁਰਾ, ਜੱਸੀਆਂ, ਭੌਰਾ, ਕਾਰਾਬਾਰਾ, ਫਾਗਲਾ, ਮਿਹਰਬਾਨ, ਢੋਲੇਵਾਲ, ਗੋਬਿੰਦਗੜ੍ਹ, ਥਰੀਕੇ ਆਦਿ ਅਜਿਹੇ ਪਿੰਡ ਹਨ ਜਿਨਾਂ ਕੋਲ ਇਕ ਖੇਤ ਵੀ ਖੇਤੀਯੋਗ ਜ਼ਮੀਨ ਨਹੀਂ ਬਚੀ। ਲੁਧਿਆਣਾ ਦੇ ਆਸੇ-ਪਾਸੇ ਲਗਭਗ 50 ਹੋਰ ਪਿੰਡ ਤੇਜ਼ੀ ਨਾਲ ਇਸ ਸੂਚੀ ਵਿਚ ਦਾਖ਼ਲ ਹੋ ਰਹੇ ਹਨ। ਕਈ ਪਿੰਡਾਂ ਦੇ ਅੱਧਿਓਂ ਵੱਧ ਖੇਤ ਖ਼ਤਮ ਹੋ ਗਏ ਹਨ। ਲੁਧਿਆਣੇ ਸ਼ਹਿਰ ਤੋਂ ਬਾਹਰ ਆਉਂਦੀ ਹਰ ਸੜਕ ਇਕ ਵੱਖਰਾ ਸ਼ਹਿਰ ਹੈ।

ਕਈ ਅਭਾਗੇ ਪਿੰਡਾਂ ਦੇ ਖੇਤ, ਹਾਈਵੇਅ ਲੰਘਣ ਨਾਲ ਸੁਤੇ-ਸਿੱਧ ਸ਼ਿਕਾਰੀ ਦੀ ਲਪੇਟ ਵਿਚ ਆ ਗਏ ਹਨ। ਉਨ੍ਹਾਂ ਨੂੰ ਉਦੋਂ ਪਤਾ ਲੱਗਦਾ ਹੈ ਜਦੋਂ ਉਨ੍ਹਾਂ ਦੇ ਨਾਲ ਲਗਦੇ ਖੇਤਾਂ ਨੂੰ ਭੂਮਾਫ਼ੀਆ ਦੁਆਰਾ ਰੰਗੀਨ ਟੀਨਾਂ ਨਾਲ ਘੇਰ ਲਿਆ ਜਾਂਦਾ ਹੈ। ਉਹ ਖੇਤ ਜਿਨ੍ਹਾਂ ਨੂੰ ਦਹਾਕਿਆਂ ਤੋਂ ਪੁੰਗਰਦੇ ਬੀਜਾਂ ਦੀ ਛੋਹ ਪ੍ਰਾਪਤ ਸੀ, ਅਚਾਨਕ ਕੰਕਰੀਟ ਦੇ ਅਥਾਹ ਭਾਰ ਹੇਠਾਂ ਦੱਬੇ ਜਾ ਰਹੇ ਹਨ। ਕਿਸਾਨ ਤੇ ਕਿਸਾਨ ਪਰਿਵਾਰਾਂ ਦੇ ਖੇਤਾਂ ਨਾਲ ਸਦੀਆਂ ਪੁਰਾਣੇ ਸੰਬੰਧ ਚੰਦ ਦਿਨਾਂ 'ਚ ਟੁੱਟ ਰਹੇ ਹਨ। ਪੰਜਾਬ ਖੇਤੀ ਪ੍ਰਮੁੱਖ ਸੂਬਾ ਹੋਣ ਦਾ ਆਪਣਾ ਵਜੂਦ ਗਵਾ ਰਿਹਾ ਹੈ।

ਨੈਸ਼ਨਲ ਹਾਈਵੇ ਅਥਾਰਿਟੀ ਆਫ਼ ਇੰਡੀਆ ਦੁਆਰਾ ਪੰਜਾਬ ਵਿਚ ਨਵੇਂ ਉਸਾਰੇ ਤੇ ਚੌੜੇ ਕੀਤੇ ਜਾ ਰਹੇ ਹਾਈਵੇਜ਼ ਨੂੰ ਗਰੀਨ ਤੇ ਬਰਾਊਨ ਫੀਲਡ ਪ੍ਰੋਜੈਕਟਾਂ ਵਿਚ ਵੰਡਿਆ ਗਿਆ ਹੈ। ਇਸ ਸਮੇਂ ਪ੍ਰਾਂਤ ਵਿਚ 16 ਗਰੀਨ ਅਤੇ 9 ਬਰਾਊਨ ਹਾਈਵੇ ਉਸਾਰੀ ਅਧੀਨ ਹਨ। ਕੁਝ ਪ੍ਰਾਜੈਕਟ ਮੁਕੰਮਲ ਹੋ ਚੁੱਕੇ ਹਨ ਤੇ ਬਹੁਤੇ ਪ੍ਰਾਜੈਕਟ ਮੁਕੰਮਲ ਹੋਣ ਵਾਲੇ ਹਨ। ਨੈਸ਼ਨਲ ਹਾਈਵੇ। (NH1) ਨੂੰ ਲੁਧਿਆਣਾ ਤੋਂ ਬਾਈਪਾਸ ਕਰਦਾ ਸਦਰਨ ਬਾਈਪਾਸ ਦੋ ਪੜਾਵਾਂ ਵਿਚ ਮੁਕੰਮਲ ਹੋਇਆ। ਪਹਿਲਾ ਦੋਰਾਹੇ ਤੋਂ ਫ਼ਿਰੋਜ਼ਪੁਰ ਰੋਡ ਤੱਕ ਜੋ 2012-13 ਵਿਚ ਮੁਕੰਮਲ ਹੋਇਆ। ਦੂਜਾ ਇਥੋਂ ਲਾਢੋਵਾਲ ਤੱਕ ਲਾਢੋਵਾਲ ਬਾਈਪਾਸ 16 ਕਿਲੋਮੀਟਰ ਲੰਮਾ ਹੈ ਜੋ 2020-21 ਦੌਰਾਨ ਮੁਕੰਮਲ ਹੋਇਆ। ਇਹ ਦੂਜੇ ਬਾਈਪਾਸ ਦੀ ਕਹਾਣੀ ਹੈ। ਇਹ ਬਾਈਪਾਸ ਲੁਧਿਆਣਾ-ਫ਼ਿਰੋਜ਼ਪੁਰ ਰੋਡ ਤੋਂ ਮਿਲਕ ਪਲਾਂਟ, ਸੁਨੇਤ, ਬਾੜੇਵਾਲ, ਸਿੰਘਪੁਰ, ਅਯਾਲੀ ਕਲਾਂ, ਅਯਾਲੀ ਖ਼ੁਰਦ, ਮਲਕਪੁਰ, ਜੈਨਪੁਰ, ਬੱਗਾਂ ਕਲਾ, ਚਾਹੜਾ, ਮਾਣੇਵਾਲ ਤੇ ਲੋਢੋਵਾਲ ਪਿੰਡਾਂ ਦੀ ਜ਼ਮੀਨ ਵਿਚ ਦੀ ਲੰਘਦਾ ਹੈ। ਇਸ ਬਾਈਪਾਸ ਦੀ ਕਨਸੋਅ ਮਿਲਣ 'ਤੇ ਹੀ ਕਈ ਵੱਡਿਆਂ ਘਰਾਣਿਆਂ ਨੇ ਜ਼ਮੀਨ ਖ਼ਰੀਦਣ ਦੇ ਯਤਨ ਸ਼ੁਰੂ ਕਰ ਦਿੱਤੇ ਸਨ। ਜ਼ਮੀਨ ਐਕੁਆਇਰ ਦੀ ਕਾਰਵਾਈ ਸ਼ੁਰੂ ਹੁੰਦਿਆਂ ਹੀ ਰੀਅਲ ਅਸਟੇਟ ਦੀ ਚਹਿਲ-ਪਹਿਲ ਨਜ਼ਰ ਆਈ। ਜਦੋਂ ਬਾਈਪਾਸ ਲਈ ਜ਼ਮੀਨ ਐਕੁਆਇਰ ਹੋਣ ਲੱਗੀ ਤਾਂ ਇਸ ਕਤਾਰ ਵਿਚ ਵੱਡੇ ਘਰਾਣਿਆਂ ਦੀ ਵਿਸ਼ੇਸ਼ ਸ਼ਮੂਲੀਅਤ ਵਿਖਾਈ ਦਿੱਤੀ। ਇਸ ਬਾਈਪਾਸ ਦੇ ਨਿਰਮਾਣ ਦੌਰਾਨ ਵੱਡਿਆਂ ਘਰਾਣਿਆਂ ਵਲੋਂ ਜ਼ਮੀਨ ਖ਼ਰੀਦਣ ਦਾ ਰੁਝਾਨ ਨਿਰੰਤਰ ਜਾਰੀ ਰਿਹਾ। ਜਦ ਇਹ ਬਾਈਪਾਸ ਮੁਕੰਮਲ ਹੋਇਆ ਤਾਂ ਬਾਕੀ ਬਚੀ ਜ਼ਮੀਨ ਖ਼ਰੀਦਣ ਲਈ ਜਦੋ-ਜਹਿਦ ਹੋਰ ਤੇਜ਼ ਹੋ ਗਈ। ਸਾਲ 2023-24 ਦੌਰਾਨ ਇਸ ਸੜਕ ਦੇ ਆਸੇ-ਪਾਸੇ ਦੋ ਕਰੋੜ ਸਰਕਾਰੀ ਕੀਮਤ ਨਿਸ਼ਚਿਤ ਕੀਤੀ ਗਈ; ਜਦੋਂ ਕਿ ਇਕ ਏਕੜ ਦੀ ਮਾਰਕੀਟ ਕੀਮਤ ਬਾਰਾਂ ਤੋਂ ਅਠਾਰਾਂ ਕਰੋੜ ਤੱਕ ਪਾਈ ਗਈ ਹੈ।

ਹਾਈਵੇਜ਼ ਤੇ ਬਾਈਪਾਸ ਦੇ ਨਾਲ ਲਗਦੀਆਂ ਅਤੇ ਆਸੇ-ਪਾਸੇ ਦੀਆਂ ਜ਼ਮੀਨਾਂ ਖ਼ਰੀਦਣ ਲਈ ਕਾਲ਼ੇ ਧਨ ਦੀ ਅਥਾਹ ਵਰਤੋਂ ਹੋ ਰਹੀ ਹੈ, ਜ਼ਮੀਨ ਦੀ ਕੀਮਤ ਨਿਰੰਤਰ ਵਧਦੀ ਰਹਿੰਦੀ ਹੈ। ਜ਼ਮੀਨ ਦੀ ਹੋਂਦ ਤੇ ਆਮਦਨੀ ਨਾਲ ਧਨ ਕੁਬੇਰ ਕਾਲ਼ੇ ਧਨ ਨੂੰ ਚਿੱਟਾ ਕਰਨ ਲਈ ਪੱਕਾ ਪਲੇਟਫਾਰਮ ਸਿਰਜ ਲੈਂਦੇ ਹਨ। ਪੂੰਜੀਵਾਦ, ਕਿਰਤੀਆਂ ਨੂੰ ਕਿਵੇਂ-ਕਿਵੇਂ ਖ਼ਤਮ ਕਰਦਾ ਹੈ, ਹਾਈਵੇਜ਼ ਤੇ ਬਾਈਪਾਸ ਦੇ ਆਸੇ-ਪਾਸੇ ਉਪਜਾਊ ਖੇਤਾਂ ਦਾ ਖ਼ਾਤਮਾ ਅਤੇ ਉੱਖੜ ਗਏ ਕਿਰਤੀਆਂ ਦੇ ਹਾਲਾਤ ਇਸ ਦਾ ਪ੍ਰਤੱਖ ਪ੍ਰਮਾਣ ਹਨ। ਪੂੰਜੀਵਾਦ ਅਮੀਰਾਂ ਲਈ ਅਨਮੋਲ 'ਤੋਹਫ਼ਾ' ਹੈ। ਇਸ ਹਾਈਵੇਜ਼ ਦੇ ਆਸੇ-ਪਾਸੇ 32 ਏਕੜ ਤੋਂ ਸ਼ੁਰੂ ਹੋ ਕੇ ਕਈ ਘਰਾਣਿਆਂ ਤੇ ਕੰਪਨੀਆਂ ਨੇ ਲਗਭਗ 400 ਏਕੜ ਤੱਕ ਦੇ ਟੱਕ ਇਕੱਠੇ ਕਰ ਲਏ ਹਨ। ਸੋਲ਼ਾਂ ਕਿਲੋਮੀਟਰ ਲੰਮੇ ਇਸ ਬਾਈਪਾਸ ਦੇ ਆਸੇ-ਪਾਸੇ ਅਜਿਹੇ ਘਰਾਣਿਆਂ ਤੇ ਕੰਪਨੀਆਂ ਦੀ ਗਿਣਤੀ 25 ਤੋਂ 30 ਵਿਚਕਾਰ ਹੈ।

ਜੇ ਗੁਆਂਢੀ ਸੂਬਿਆਂ ਵਿਚ ਪੰਜਾਬੀ ਵਿਸਵਾ ਜ਼ਮੀਨ ਵੀ ਨਹੀਂ ਖਰੀਦ ਸਕਦੇ ਫਿਰ ਪੰਜਾਬ 'ਤੇ ਰਾਜ ਕਰਦੀਆਂ ਰਹੀਆਂ ਸਰਕਾਰਾਂ ਨੇ 400-400 ਏਕੜ ਜ਼ਮੀਨ ਬਾਹਰਲੀਆਂ ਕੰਪਨੀਆਂ ਨੂੰ ਕਿਵੇਂ ਇਕੱਠੇ ਕਰਨ ਦਿੱਤੇ ਹਨ। ਜੇ ਇਹ ਰੋਕ ਨਹੀਂ ਲਾਈ ਜਾ ਸਕੀ ਤਾਂ ਘੱਟੋ-ਘੱਟ ਪ੍ਰਤੀ ਵਿਅਕਤੀ/ਪ੍ਰਤੀ ਕੰਪਨੀ ਵੱਧ ਤੋਂ ਵੱਧ ਜ਼ਮੀਨ ਖ਼ਰੀਦ ਸਕਣ ਦੀ ਕੋਈ ਸੀਮਾ ਹੋਣੀ ਚਾਹੀਦੀ ਸੀ। ਪਾਲਿਸੀ ਤੇ ਨਿਯਮਾਂ ਦੀ ਅਣਹੋਂਦ ਵਿਚ ਸਰਕਾਰਾਂ ਵਲੋਂ ਪ੍ਰਾਂਤ ਦੇ ਖੇਤਾਂ ਨੂੰ ਦੋਵੇਂ ਹੱਥਾਂ ਨਾਲ ਲੁਟਾਇਆ ਗਿਆ। ਜੇਕਰ ਕੋਈ ਵਿਅਕਤੀ ਖੇਤਾਂ ਦੀ ਤਬਾਹੀ ਦਾ ਇਹ ਮੰਜ਼ਰ ਵੇਖਣਾ ਚਾਹੁੰਦਾ ਹੋਵੇ ਤਾਂ ਉਸ ਨੂੰ ਲੁਧਿਆਣਾ-ਫਿਰੋਜ਼ਪੁਰ ਰੋਡ ਤੋਂ ਵਹਿੰਦੇ ਵੱਲ ਸਿੱਧਵਾਂ ਕੈਨਾਲ ਦੇ ਨਾਲ ਨਾਲ 25-30 ਕਿਲੋਮੀਟਰ ਸਫ਼ਰ ਕਰਨਾ ਚਾਹੀਦਾ ਹੈ। ਇਹ ਖੇਤਰ ਲਹਿਰਾਉਂਦੇ ਖੇਤਾਂ ਦੀ ਗਾਜ਼ਾ ਪੱਟੀ ਹੈ, ਜਿੱਥੇ ਕਾਲ਼ੇ ਧਨ ਦੀ ਅੰਧਾ-ਧੁੰਦ ਬੰਬਾਰੀ ਕੀਤੀ ਗਈ। ਐਗਰੀਕਲਚਰਲ ਜੋਨਜ਼ ਦੀ ਹੋਂਦ ਕਿੱਥੇ ਹੈ ਅਤੇ ਚੇਂਜ ਆਫ਼ ਲੈਂਡ ਯੂਜ਼ (CLU) ਦੀ ਵਰਤੋਂ ਕਿਵੇਂ ਹੋ ਰਹੀ ਹੈ।

ਭੂਮਾਫ਼ੀਆ ਅਤੇ ਰੀਅਲ ਅਸਟੇਟ ਦੇ ਕੈਨਵਸ 'ਤੇ ਖੇਤਾਂ ਦੀ ਖ਼ਰੀਦੋ-ਫ਼ਰੋਖ਼ਤ ਦੀਆਂ ਮੂੰਹੋ-ਮੂੰਹੀਂ ਅਫ਼ਵਾਹਾਂ ਉੱਠਦੀਆਂ ਹਨ। ਇਸ ਹਾਈਵੇਜ਼ ਦੇ ਆਸੇ ਪਾਸੇ ਦੇ ਪਿੰਡਾਂ ਵਿਚ ਇਹ ਚਰਚਾ ਹੈ ਕਿ ਬਾਕੀ ਬਚੀ ਜ਼ਮੀਨ ਗਲਾਡਾ ਨੇ ਰਿਹਾਇਸ਼ੀ ਕਾਲੋਨੀਆਂ ਲਈ ਐਕੁਆਇਰ ਕਰ ਲੈਣੀ ਹੈ। ਜ਼ਮੀਨ ਐਕੁਆਇਰ ਹੋਣ ਦੇ ਡਰ ਦੇ ਨਾਲ ਨਾਲ ਉਨਾਂ ਨੂੰ ਲਾਲਚ ਵੀ ਦਿੱਤਾ ਜਾਂਦਾ ਹੈ ਕਿ ਜ਼ਮੀਨ ਦੁੱਗਣੀ ਬਣ ਜਾਵੇਗੀ ਅਤੇ ਘਰ ਲਈ ਵੀ ਚੰਗੀ ਚੋਖੀ ਰਕਮ ਬਚ ਜਾਵੇਗੀ। ਇਵੇਂ ਪਿਛਲੇ ਢਾਈ ਵਰਿਆਂ ਦੌਰਾਨ ਨੂਰਪੁਰ ਬੇਟ ਪਿੰਡ ਦਾ ਲਗਭਗ 400 ਏਕੜ ਰਕਬਾ ਇਕੋ ਪਾਰਟੀ ਵਲੋਂ ਖ਼ਰੀਦਿਆ ਜਾ ਚੁੱਕਾ ਹੈ। ਇਸ ਬਾਈਪਾਸ ਦੇ ਆਸੇ ਪਾਸੇ 10-12 ਪਿੰਡਾਂ ਵਿਚੋਂ ਇਸੇ ਪਿੰਡ ਕੋਲ ਵੱਧ ਜ਼ਮੀਨ ਬਚੀ ਸੀ। ਇਸ ਪਿੰਡ ਦੇ ਆਉਂਦੇ ਢਾਈ ਵਰਿਆਂ ਵਿਚ ਮੁਕੰਮਲ ਤੌਰ 'ਤੇ ਖੇਤੀ ਰਹਿਤ ਹੋ ਜਾਣ ਦਾ ਖਦਸ਼ਾ ਹੈ।

ਚੰਗੀ ਸ਼ੁਰੂਆਤ ਦੇ ਬਾਵਜੂਦ ਪ੍ਰਾਂਤ, ਰੁਜ਼ਗਾਰ, ਵਿਕਾਸ ਤੇ ਖ਼ੁਸ਼ਹਾਲੀ ਦੇ ਖ਼ਾਕੇ ਨਾ ਉਲੀਕ ਸਕਿਆ। ਰਾਜਨੀਤਕਾਂ ਨੇ ਮੁਫ਼ਤ ਸਹੂਲਤ ਦੀ ਰਾਜਨੀਤੀ ਨੂੰ ਤਰਜੀਹ ਦਿੱਤੀ। ਗਵਰਨੈਂਸ ਦਮ ਤੋੜ ਗਈ। ਹਰ ਪ੍ਰਾਂਤ ਨੇ ਆਪਣੇ-ਆਪਣੇ ਖੇਤਰ ਅਤੇ ਨਾਗਰਿਕਾਂ ਦੀ ਸਾਂਭ-ਸੰਭਾਲ ਲਈ ਕੋਈ ਨਾ ਕੋਈ ਕਾਨੂੰਨ, ਸੋਧ, ਨੋਟੀਫਿਕੇਸ਼ਨ ਆਦਿ ਅਮਲ ਵਿਚ ਲਿਆਂਦੇ ਹਨ। ਬਹੁਤ ਸਾਰੇ ਸੂਬਿਆਂ ਵਿਚ ਇੱਕ ਜਾਂ ਦੂਜੇ ਰੂਪ ਵਿਚ ਜ਼ਮੀਨ ਖ਼ਰੀਦਣ ਦੀਆਂ ਬੰਦਿਸ਼ਾਂ ਹਨ, ਕਈ ਪ੍ਰਾਂਤਾਂ ਵਿਚ ਜ਼ਮੀਨ ਖਰੀਦ ਦੀ ਸੀਮਾ ਦਰ ਨਿਯੁਕਤ ਹੈ। ਚੇਂਜ ਆਫ਼ ਲੈਂਡ ਯੂਜ਼ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾਂਦੀ ਹੈ। ਪਰ ਪੰਜਾਬ ਦੇਸ਼ ਦਾ ਮਹਿਜ਼ ਇੱਕੋ-ਇੱਕ ਪ੍ਰਾਂਤ ਹੈ ਜੋ ਦਿਨ ਸਮੇਂ ਘਰ ਨਹੀਂ ਵੜਦਾ ਅਤੇ ਰਾਤ ਨੂੰ ਬੂਹੇ ਖੁੱਲੇ ਛੱਡ ਕੇ ਸੌਂਦਾ ਹੈ।

ਮੁਹਾਲੀ ਜ਼ਿਲੇ ਦੇ ਜਿਹੜੇ ਖੇਤਰ ਮਾਸਟਰ ਪਲਾਨ ਅਧੀਨ ਆ ਚੁੱਕੇ ਹਨ, ਉਥੇ ਤੁਸੀਂ ਕੁਝ ਹੋਰ ਨਹੀਂ ਕਰ ਸਕਦੇ, ਲੇਕਿਨ ਜ਼ਮੀਨ ਵੇਚ ਸਕਦੇ ਹੋ। ਜ਼ਮੀਨ ਦੀ ਵੱਡੀ ਥੋੜ ਤੇ ਅਹਿਮੀਅਤ ਕਾਰਨ ਕਈ ਖੇਤ ਕਨਾਲਾਂ ਵਿਚ ਵਿਕ ਰਹੇ ਹਨ, ਚੱਪਾ ਚੱਪਾ ਧਰਤੀ ਵਿਕੇ। ਅਜਿਹੇ ਇਕ ਖੇਤ ਦੇ ਮਾਲਕ ਨੇ ਦੋ ਸਾਲ ਪਹਿਲਾਂ 60 ਲੱਖ ਰੁਪਏ ਪ੍ਰਤੀ ਕਨਾਲ ਦੇ ਹਿਸਾਬ ਨਾਲ ਜ਼ਮੀਨ ਵੇਚੀ ਸੀ। ਦੋ ਵਰਿਆਂ ਬਾਅਦ ਇਹ ਕੀਮਤ ਲਗਭਗ ਇਕ ਕਰੋੜ ਰੁਪਏ ਪ੍ਰਤੀ ਕਨਾਲ ਹੋ ਗਈ ਜਦ ਕਿ ਇਸ ਇਲਾਕੇ ਵਿਚ ਘੱਟੋ-ਘੱਟ ਸਰਕਾਰੀ ਮੁੱਲ ਪਹਿਲਾਂ ਦੋ ਕਰੋੜ ਤੇ ਹੁਣ ਤਿੰਨ ਕਰੋੜ ਪ੍ਰਤੀ ਏਕੜ ਹੈ। ਇਵੇਂ ਜ਼ਮੀਨ ਦੀ ਖ਼ਰੀਦ ਵਿਚ ਵੱਡੀ ਪੱਧਰ 'ਤੇ ਕਾਲ਼ਾ ਧਨ ਛੁਪਾਇਆ ਜਾਂਦਾ ਹੈ। ਭੂਚਾਲ ਦੀਆਂ ਤਰੰਗਾਂ ਦੇ ਵਹਾਉ ਵਾਂਗ ਖੇਤਾਂ ਵਿਚ ਵੀ ਕਾਲ਼ੇ ਧਨ ਦੀਆਂ ਤਰੰਗਾਂ ਦਾ ਵਹਾਉ ਵਹਿੰਦਾ ਹੈ। ਉਸਾਰੀ ਅਧੀਨ ਸੜਕਾਂ ਦੀ ਆੜ ਵਿਚ ਇਸ ਵਹਾਉ ਦਾ ਰੁਖ਼ ਹੋਰ ਤੇਜ਼ ਕਰ ਲਿਆ ਗਿਆ ਹੈ।

ਪ੍ਰਾਂਤ ਵਿਚੋਂ ਲੰਘਦੇ ਹਾਈਵੇਜ਼ ਜਿੱਥੇ ਆਪਸ ਵਿਚ ਰਲਦੇ/ਵਿਛੜਦੇ ਹਨ, ਹਾਈਵੇਜ਼ 'ਤੇ ਚੜਨ-ਉਤਰਨ ਅਤੇ ਜਿੱਥੇ ਸਟੋਰਜ਼ ਖੇਤਰ ਰਾਖਵੇਂ ਰੱਖੇ ਗਏ ਹਨ, ਅਜਿਹੀਆਂ ਥਾਵਾਂ 'ਤੇ ਧਨ ਕੁਬੇਰਾਂ ਵਲੋਂ ਜ਼ਮੀਨ ਦੀ ਖ਼ਰੀਦੋ-ਫ਼ਰੋਖ਼ਤ ਗਹਿਗੱਚ ਪੱਧਰ ਦੀ ਤੇਜ਼ੀ ਨਾਲ ਹੋ ਰਹੀ ਹੈ, ਪ੍ਰਾਂਤ ਵਿਚ ਅਜਿਹੀਆਂ 200 ਦੇ ਲਗਭਗ ਥਾਵਾਂ ਹਨ। ਹੜ ਦਾ ਘੁੰਮਦਾ ਪਾਣੀ ਜਿਵੇਂ ਵੱਧ ਮਾਰ ਕਰਦਾ ਹੈ ਇਵੇਂ ਅਜਿਹੀਆਂ ਥਾਵਾਂ ਨੇੜੇ ਖੇਤਾਂ ਦਾ ਤੇਜ਼ੀ ਨਾਲ ਖ਼ਾਤਮਾ ਹੋ ਰਿਹਾ ਹੈ। ਹਾਈਵੇਜ਼ ਤੇ ਬਾਈਪਾਸ ਚਾਲੂ ਹੋ ਜਾਣ 'ਤੇ ਇਹ ਦਰ ਸਿਖਰਾਂ ਛੋਹਣ ਲੱਗੀ ਹੈ।

ਸੰਸਾਰ ਪ੍ਰਸਿੱਧ ਭੂਗੋਲਿਕ ਤੇ ਆਰਥਿਕ ਚਿੰਤਕ ਡਾ. ਡੇਵਿਡ ਹਾਰਵੇ ਅਨੁਸਾਰ, "ਸ਼ਹਿਰੀਕਰਨ, ਪੂੰਜੀਵਾਦ ਅਤੇ ਗਹਿ-ਗੱਚ ਪੱਧਰ ਦੀ ਖਪਤਕਾਰੀ ਕਾਰਨ ਖੇਤੀਬਾੜੀ ਲਈ ਉਪਜਾਊ ਜ਼ਮੀਨ ਤੇਜ਼ੀ ਨਾਲ ਖ਼ਤਮ ਹੋ ਰਹੀ ਹੈ। ਇਸ ਨਾਲ ਅਮੀਰ-ਗ਼ਰੀਬ ਵਿਚਲਾ ਪਾੜਾ ਨਿਰੰਤਰ ਵਧ ਰਿਹਾ ਹੈ। ਅਜਿਹਾ ਕਾਮਿਆਂ ਤੇ ਕਿਸਾਨਾਂ ਦੀ ਹੋਂਦ ਲਈ ਗੰਭੀਰ ਖ਼ਤਰਾ ਹੈ। ਵਾਤਾਵਰਣ ਵਿਗਾੜ ਪੈਦਾ ਹੋ ਰਿਹਾ ਹੈ, ਅਜਿਹੇ ਹਾਲਾਤ ਭੋਜਨ ਸੁਰੱਖਿਆ ਲਈ ਖ਼ਤਰਨਾਕ ਸੁਨੇਹਾ ਹਨ।" ਖੇਤੀਯੋਗ ਉਪਜਾਊ ਜ਼ਮੀਨ ਦੇ ਖ਼ਾਤਮੇ ਪੱਖੋਂ ਪੰਜਾਬ ਦੇ ਮੌਜੂਦਾ ਹਾਲਾਤ ਡਾ. ਹਾਰਵੇ ਦੇ ਵਿਚਾਰਾਂ ਦੇ ਕਲਾਵੇ ਤੋਂ ਵੀ ਬਾਹਰ ਹਨ।

**'ਸੱਜਣਾਂ ਨੇ ਫੁੱਲ ਮਾਰਿਆ**
**ਸਾਡੀ ਰੂਹ ਅੰਬਰਾਂ ਤੱਕ ਰੋਈ।'**

ਖੇਤ ਨੇ ਸੀਤ ਠੰਡਾ ਹਉਕਾ ਭਰਿਆ ਜਦ ਕਿਸਾਨ ਨੇ ਹੀ ਖੇਤ ਨੂੰ ਬੋਲੀ 'ਤੇ ਲਾ ਦਿੱਤਾ।


DM TRANSPORT
ace ACI US&Canada Bonded

Bob Dhaliwal
President
Phone# 1-844-820-3434 EXT 112
647-554-9723
Fax # 1-416-981-3515
19 Wheeler Dr
Bolton, ON L7E4H8

Email : bob@dmtransport.ca
Web : www.dmtransport.ca

Hiring AZ drivers and owner operator







Description
We're currently hiring AZ drivers and O/O for Long haul to California and Midwest ( Flatbed) and Dryvan and reefer (Midwest)
What we are offering:
• Great Pay • Great work environment • Consistent work & and miles! • Scale bypass
Requirements for our AZ Truck Driver positions:
• Valid AZ license • Previous 2 Year min Experience moving a tractor trailer • Clean Abstract & Commercial Driving record • Clean Criminal Background.
For further details on hiring, please apply directly & we will be in touch. Feel free to e-mail your resume at BOB@DMTRANSPORT.CA or call me Bob 416-318-5032

# ਕਰੇਗੁੱਟਾ ਅਪਰੇਸ਼ਨ: ਦਾਅਵੇ, ਸੱਚਾਈ ਅਤੇ ਲਾਸ਼ਾਂ ਦੇ ਬੋਰੇ (ਬੌਡੀ ਬੈਗ)

**-ਮਾਲਿਨੀ ਸੁਬਰਾਮਨੀਅਮ**

ਗ੍ਰਹਿ ਮੰਤਰੀ ਅਮਿਤ ਸ਼ਾਹ ਨੇ 21 ਦਿਨ ਚੱਲੇ ਅਪਰੇਸ਼ਨ, ਜਿਸ ਦਾ ਗੁਪਤ ਨਾਂ ਕਰੇਗੁੱਟਾ ਅਪਰੇਸ਼ਨ ਸੀ, ਨੂੰ ਹੁਣ ਤੱਕ ਦਾ ਸਭ ਤੋਂ ਵੱਡਾ ਨਕਸਲ-ਵਿਰੋਧੀ ਅਪਰੇਸ਼ਨ ਕਰਾਰ ਦਿੱਤਾ। ਪਰ ਕੀ ਸੱਚਮੁੱਚ ਉਹ ਸੀ ਜੋ ਦੱਸਿਆ ਗਿਆ?

ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਅਸੀਂ ਨਕਸਲਵਾਦ ਨੂੰ ਜੜ੍ਹ ਤੋਂ ਖ਼ਤਮ ਕਰਨ ਲਈ ਵਚਨਬੱਧ ਹਾਂ ਅਤੇ 31 ਮਾਰਚ 2026 ਤੱਕ ਭਾਰਤ ਨੂੰ ਨਕਸਲ-ਮੁਕਤ ਬਣਾ ਦਿੱਤਾ ਜਾਵੇਗਾ।

"ਸਾਡੀਆਂ ਸੁਰੱਖਿਆ ਫ਼ੌਜਾਂ ਨੇ ਸਿਰਫ਼ 21 ਦਿਨਾਂ 'ਚ ਅੱਜ ਤੱਕ ਦਾ ਸਭ ਤੋਂ ਵੱਡਾ ਨਕਸਲ ਵਿਰੋਧੀ ਅਪਰੇਸ਼ਨ ਨੇਪਰੇ ਚਾੜ੍ਹਿਆ ਅਤੇ ਇਸ ਅਪਰੇਸ਼ਨ ਦੌਰਾਨ ਸੁਰੱਖਿਆ ਬਲਾਂ ਦਾ ਕੋਈ ਨੁਕਸਾਨ ਨਹੀਂ ਹੋਇਆ।

**- ਗ੍ਰਹਿ ਮੰਤਰੀ ਅਮਿਤ ਸ਼ਾਹ, 14 ਮਈ 2025 :** ਸਭ ਤੋਂ ਪਹਿਲਾਂ ਬਦਬੂ ਆਈ। ਬੀਜਾਪੁਰ ਜ਼ਿਲ੍ਹਾ ਹਸਪਤਾਲ ਦੇ ਮੁਰਦਾਘਰ ਵਿਚ ਤਿੱਖੀ ਬਦਬੂ ਫੈਲੀ ਹੋਈ ਸੀ। ਅੰਦਰ ਐਲੂਮੀਨਿਅਮ ਦੇ ਰੈਕਾਂ 'ਚ ਇਕ ਦੂਜੇ ਦੇ ਉੱਪਰ ਲਾਸ਼ਾਂ ਰੱਖੀਆਂ ਹੋਈਆਂ ਸਨ। ਫਰੀਜ਼ਰ ਨਾ ਹੋਣ ਕਾਰਨ ਮਈ ਦੀ ਤਿੱਖੀ ਗਰਮੀ ਵਿਚ ਲਾਸ਼ਾਂ ਫੁੱਲ ਚੁੱਕੀਆਂ ਸਨ ਅਤੇ ਸੜ ਰਹੀਆਂ ਸਨ।

ਮਰਦ ਅਤੇ ਔਰਤਾਂ, ਜਿਨ੍ਹਾਂ ਨੇ ਬਦਬੂ ਤੋਂ ਬਚਣ ਲਈ ਆਪਣੇ ਚਿਹਰਿਆਂ 'ਤੇ ਪਰਨੇ ਲਪੇਟੇ ਹੋਏ ਸਨ, ਮੁਸ਼ਕਲ ਨਾਲ ਸਾਹ ਲੈ ਕੇ ਰੈਕਾਂ 'ਤੇ ਰੱਖੇ ਲਹੂ ਨਾਲ ਲਿੱਬੜੇ ਲਾਸ਼ਾਂ ਵਾਲੇ ਬੈਗ ਖੋਲ੍ਹ ਖੋਲ੍ਹ ਕੇ ਆਪਣੇ ਪਰਿਵਾਰਕ ਮੈਂਬਰਾਂ ਦੇ ਚਿਹਰੇ ਲੱਭ ਰਹੇ ਸਨ। ਜਿਨ੍ਹਾਂ ਨੇ ਲਾਸ਼ਾਂ ਦੀ ਹਾਲਤ ਦੇਖਣ ਲਈ ਆਪਣੇ ਆਪ ਨੂੰ ਪਹਿਲਾਂ ਹੀ ਮਾਨਸਿਕ ਤੌਰ 'ਤੇ ਤਿਆਰ ਕਰ ਲਿਆ ਸੀ, ਉਹ ਵੀ ਇਕ ਬੈਗ ਖੋਲ੍ਹਦੇ ਸਾਰ ਤ੍ਰਭਕ ਕੇ ਪਿੱਛੇ ਹਟ ਗਏ—ਉਸ ਵਿਚ ਇਕ ਨੌਜਵਾਨ ਲੜਕੀ ਦੀ ਲਾਸ਼ ਸੀ, ਜਿਸ ਵਿਚ ਕੀੜੇ ਚੱਲ ਰਹੇ ਸਨ।

'ਮੈਂ ਆਪਣੀ ਭੈਣ ਦੀ ਲਾਸ਼ ਪਛਾਣ ਨਹੀਂ ਸਕਿਆ', ਬੀਜਾਪੁਰ ਦੇ ਟੋਡਕਾ ਪਿੰਡ ਦੇ ਜੋਗਾ (ਬਦਲਿਆ ਹੋਇਆ ਨਾਂ) ਨੇ ਕਿਹਾ। 'ਉਹ 17 ਸਾਲ ਦੀ ਸੀ ਜਦ ਮਾਓਵਾਦੀਆਂ ਵਿਚ ਸ਼ਾਮਲ ਹੋ ਗਈ ਸੀ। ਹੁਣ ਉਹ 22 ਸਾਲ ਦੀ ਸੀ...ਤੇ ਹੁਣ ਨਹੀਂ ਰਹੀ।' ਉਹ ਸਲਾਹ ਕਰਨ ਲਈ ਆਪਣੇ ਮਾਪਿਆਂ ਅਤੇ ਛੋਟੀ ਭੈਣ ਵੱਲ ਮੁੜਿਆ। ਆਖਿਰਕਾਰ, ਉਹ ਕਿਸੇ ਲਾਸ਼ ਉੱਪਰ ਦਾਅਵਾ ਕੀਤੇ ਬਿਨਾਂ ਹੀ ਚੁੱਪਚਾਪ ਵਾਪਸ ਮੁੜ ਗਏ।

14 ਮਈ ਨੂੰ ਬੀਜਾਪੁਰ ਦੇ ਅਧਿਕਾਰੀਆਂ ਨੇ "ਅਪਰੇਸ਼ਨ ਕਰੇਗੁੱਟਾ" ਖ਼ਤਮ ਹੋਣ ਦਾ ਐਲਾਨ ਕੀਤਾ—ਇਹ ਮਾਓਵਾਦੀਆਂ ਵਿਰੁੱਧ 21 ਦਿਨਾਂ ਤੱਕ ਚੱਲਿਆ ਅਪਰੇਸ਼ਨ ਸੀ ਜੋ 21 ਅਪ੍ਰੈਲ ਨੂੰ ਛੱਤੀਸਗੜ੍ਹ-ਤੇਲੰਗਾਨਾ ਸਰਹੱਦ 'ਤੇ ਸਥਿਤ ਕਰੇਗੁੱਟਾ ਪਹਾੜੀਆਂ ਵਿਚ ਸ਼ੁਰੂ ਕੀਤਾ ਗਿਆ ਸੀ। ਇਸ ਅਪਰੇਸ਼ਨ ਵਿਚ ਮਾਰੇ ਜਾਣ ਵਾਲੇ ਮਾਓਵਾਦੀਆਂ ਦੀ ਗਿਣਤੀ 31 ਦੱਸੀ ਗਈ, ਜਿਨ੍ਹਾਂ ਵਿਚ 16 ਔਰਤਾਂ ਸਨ।

ਸਰਕਾਰੀ ਪ੍ਰੈੱਸ ਬਿਆਨ ਅਨੁਸਾਰ, "ਇਕ ਵੱਡੇ ਪੈਮਾਨੇ ਦਾ ਸਾਂਝਾ ਅਪਰੇਸ਼ਨ" ਛੱਤੀਸਗੜ੍ਹ ਪੁਲਿਸ ਵੱਲੋਂ ਡਿਸਟ੍ਰਿਕਟ ਰਿਜ਼ਰਵ ਗਾਰਡ (ਡੀਆਰਜੀ), ਵਿਸ਼ੇਸ਼ ਟਾਸਕ ਫੋਰਸ, (ਐੱਸਟੀਐੱਫ), ਬਸਤਰ ਫਾਈਟਰਜ਼), ਸੀਆਰਪੀਐੱਫ ਅਤੇ ਕੋਬਰਾ ਕਮਾਂਡੋ ਨੂੰ ਨਾਲ ਲੈ ਕੇ 60 ਕਿਲੋਮੀਟਰ ਲੰਮੀ ਪਹਾੜੀ ਜੰਗਲੀ ਪੱਟੀ ਵਿਚ ਚਲਾਇਆ ਗਿਆ। ਇਸ ਦਾ ਉਦੇਸ਼ "ਮਾਓਵਾਦੀਆਂ ਦੀ ਹਥਿਆਰਬੰਦ ਤਾਕਤ ਨੂੰ ਸੱਟ ਮਾਰਨਾ, ਉਨ੍ਹਾਂ ਦੇ ਹਥਿਆਰਬੰਦ ਦਸਤਿਆਂ ਨੂੰ ਖ਼ਤਮ ਕਰਨਾ, ਉਨ੍ਹਾਂ ਨੂੰ ਇਨ੍ਹਾਂ ਕਠਿਨ ਇਲਾਕਿਆਂ 'ਚੋਂ ਬਾਹਰ ਕੱਢਣਾ ਅਤੇ ਪੀਪਲਜ਼ ਲਿਬਰੇਸ਼ਨ ਗੁਰੀਲਾ ਆਰਮੀ ਦੀ ਬਟਾਲੀਅਨ ਨੂੰ ਪੂਰੀ ਤਰ੍ਹਾਂ ਖ਼ਤਮ ਕਰਨਾ" ਸੀ।

ਅਪਰੇਸ਼ਨ ਦੌਰਾਨ, ਸੁਰੱਖਿਆ ਬਲਾਂ ਨੇ '216 ਮਾਓਵਾਦੀ ਟਿਕਾਣੇ ਅਤੇ ਬੰਕਰ ਨਸ਼ਟ ਕੀਤੇ, 450 ਆਈਈਡੀ (ਵਿਸਫੋਟਕ ਯੰਤਰ) ਬੇਅਸਰ ਕੀਤੇ, ਨਾਲ ਹੀ ਬੈਰਲ ਗ੍ਰੇਨੇਡ ਲਾਂਚਰਾਂ ਵਿਚ ਵਰਤੇ ਜਾਂਦੇ 818 ਗੋਲੇ, ਪਲੀਤਾ ਲਾਉਣ ਵਾਲੀ ਤਾਰ ਦੇ 899 ਬੰਡਲ, ਡੈਟੋਨੇਟਰ ਅਤੇ ਬਹੁਤ ਵੱਡੀ ਮਾਤਰਾ ਵਿਚ ਵਿਸਫੋਟਕ ਸਮੱਗਰੀ ਬਰਾਮਦ ਕੀਤੀ।'

ਇਸ ਕਹਾਣੀ ਦੇ ਕੇਂਦਰ ਵਿਚ ਵੱਡਾ ਮੁੱਲ ਤਾਰਕੇ ਇੱਛਤ ਨਤੀਜੇ ਨਾ ਲੈ ਸਕਣ ਦੀ ਨਾਕਾਮੀ ਪਈ ਹੈ। ਇਸ ਨੂੰ 'ਹੁਣ ਤੱਕ ਦੇ ਇਤਿਹਾਸ ਦੀ ਮਾਓਵਾਦੀਆਂ ਵਿਰੋਧੀ ਸਭ ਤੋਂ ਵੱਡੀ ਅਤੇ ਵਿਆਪਕ ਮੁਹਿੰਮ' ਦੱਸਿਆ ਗਿਆ, ਜੋ ਮਾਓਵਾਦੀ ਲੀਡਰਸ਼ਿੱਪ ਉੱਪਰ ਫ਼ੈਸਲਾਕੁੰਨ ਸੱਟ ਮਾਰਨ ਲਈ ਸ਼ੁਰੂ ਕੀਤੀ ਗਈ ਸੀ। ਪਰ ਰਾਜ ਕੋਲ ਆਪਣੀ ਪ੍ਰਾਪਤੀ ਦਿਖਾਉਣ ਲਈ ਬਹੁਤ ਘੱਟ ਸੀ: ਕੋਈ ਵੀ ਵੱਡਾ ਮਾਓਵਾਦੀ ਆਗੂ ਫੜਿਆ ਜਾਂ ਮਾਰਿਆ ਨਹੀਂ ਗਿਆ, ਜਦਕਿ ਮੁਹਿੰਮ ਦਾ ਮੁੱਖ ਉਦੇਸ਼ ਕਰੇਗੁੱਟਾ ਪਹਾੜੀਆਂ ਵਿਚ ਕਥਿਤ ਰੂਪ 'ਚ ਲੁਕੇ ਮਾਓਵਾਦੀ ਕੇਂਦਰੀ ਕਮੇਟੀ ਦੇ ਸੀਨੀਅਰ ਮੈਂਬਰਾਂ ਨੂੰ ਢੇਰ ਕਰਨਾ ਸੀ। ਨਾਲ ਹੀ ਇਹ ਕਹਾਣੀ ਬਹੁਤ ਜ਼ਿਆਦਾ ਮਨੁੱਖੀ ਨੁਕਸਾਨ ਨੂੰ ਵੀ ਲੁਕੋ ਲੈਂਦੀ ਹੈ ਜੋ ਗੋਲੀਬਾਰੀ 'ਚ ਘਿਰੇ ਆਦਿਵਾਸੀ ਭਾਈਚਾਰਿਆਂ ਨੂੰ ਝੱਲਣਾ ਪਿਆ। ਇਸ ਨਾਲ ਰਾਜ ਅਤੇ ਉਸਦੇ ਸਭ ਤੋਂ ਵੱਧ ਹਾਸ਼ੀਏ 'ਤੇ ਧੱਕੇ ਨਾਗਰਿਕਾਂ ਦਰਮਿਆਨ ਦੀ ਖਾਈ ਹੋਰ ਡੂੰਘੀ ਹੋ ਗਈ।

ਇਕ ਪ੍ਰੈੱਸ ਮਿਲਣੀ 'ਚ ਜਦ ਇਹ ਪੁੱਛਿਆ ਗਿਆ ਕਿ ਕੀ ਇਸ ਮੁਹਿੰਮ ਜ਼ਰੀਏ ਉੱਘੇ ਮਾਓਵਾਦੀਆਂ ਨੂੰ ਫੜਨ ਦਾ ਐਲਾਨੀਆ ਟੀਚਾ ਪ੍ਰਾਪਤ ਕੀਤਾ ਜਾ ਸਕਿਆ, ਤਾਂ ਛੱਤੀਸਗੜ੍ਹ ਦੇ ਡੀਜੀਪੀ ਨੇ ਜਵਾਬ ਦਿੱਤਾ ਕਿ ਫੋਰਸਾਂ ਨੇ 'ਜੋ ਸੋਚਿਆ ਸੀ, ਉਸ ਤੋਂ ਵੱਧ ਹਾਸਲ ਕੀਤਾ ਹੈ' ਅਤੇ 'ਇਹ ਮੁਹਿੰਮ ਮਾਰਚ 2026 ਤੱਕ ਦੇ ਟੀਚੇ ਮੁਤਾਬਿਕ ਮੁਲਕ ਵਿਚ ਨਕਸਲੀ ਹਿੰਸਾ ਦੇ ਅੰਤ ਦੀ ਸ਼ੁਰੂਆਤ ਹੈ।'

ਅਪਰੇਸ਼ਨ ਕਰੇਗੁੱਟਾ ਦੇ ਖ਼ਤਮ ਹੋਣ ਤੱਕ – ਇਕ ਅਜਿਹੀ ਕਵਾਇਦ ਜਿਸ ਵਿਚ ਕਈ ਦਿਨਾਂ ਤੱਕ ਹੈਲੀਕਾਪਟਰਾਂ ਦੀ ਗੂੰਜ ਅਤੇ ਵਿਸਫੋਟਾਂ ਦੀ ਗੜਗੱਜ ਸੰਘਣੇ ਜੰਗਲਾਂ 'ਚ ਪੈਂਦੀ ਰਹੀ – ਸਰਕਾਰ ਦੇ ਹੱਥ ਕੋਈ ਵੱਡੀ 'ਜਿੱਤ' ਨਹੀਂ ਲੱਗੀ। ਇਹ ਇਸ ਤੋਂ ਇਕ ਹਫ਼ਤੇ ਬਾਅਦ ਜਾ ਕੇ ਹੋਇਆ ਕਿ ਸਰਕਾਰ ਆਪਣੀ ਵਾਸਤਵਿਕ ਜਿੱਤ ਦਾ ਦਾਅਵਾ ਕਰਦੇ ਹੋਏ ਆਪਣਾ ਉਹ ਬਿਰਤਾਂਤ ਮੁੜ ਹਾਸਲ ਕਰਨ 'ਚ ਕਾਮਯਾਬ ਹੋ ਗਈ ਜਿਸ ਨੂੰ ਇਹ ਆਪਣੀ 'ਅਸਲੀ ਜਿੱਤ' ਕਹਿੰਦੀ ਸੀ।

ਇਹ 'ਜਿੱਤ' ਕਰੇਗੁੱਟਾ 'ਚ ਨਹੀਂ, ਬਲਕਿ ਉਸ ਤੋਂ ਕਈ ਕਿਲੋਮੀਟਰ ਦੂਰ, ਨਰਾਇਣਪੁਰ ਅਤੇ ਬੀਜਾਪੁਰ ਜ਼ਿਲ੍ਹਿਆਂ ਵਿਚਲੇ ਅਬੂਝਮਾੜ ਦੇ ਸੰਘਣੇ ਜੰਗਲਾਂ ਵਿਚ ਹਾਸਲ ਹੋਈ ਜਿੱਥੇ ਪਾਬੰਦੀਸ਼ੁਦਾ ਭਾਰਤੀ ਕਮਿਊਨਿਸਟ ਪਾਰਟੀ (ਮਾਓਵਾਦੀ) ਦੇ ਜਨਰਲ ਸਕੱਤਰ ਨੰਬਾਲਾ ਕੇਸ਼ਵ ਰਾਓ ਅਤੇ 26 ਹੋਰ ਮਾਓਵਾਦੀ ਮਾਰੇ ਗਏ। ਜੋ ਇਨ੍ਹਾਂ ਸਾਲਾਂ ਦੇ ਸਭ ਤੋਂ ਵੱਡੇ ਮੁਕਾਬਲਿਆਂ 'ਚੋਂ ਇਕ ਬਣ ਗਿਆ।

**ਘਚੋਲੇ ਵਾਲਾ ਅਪਰੇਸ਼ਨ :** 7 ਮਈ ਨੂੰ ਜਦ ਭਾਰਤ ਨੇ ਪਹਿਲਗਾਮ ਦਹਿਸ਼ਤਗਰਦ ਹਮਲੇ ਦੇ ਜਵਾਬ 'ਚ ਪਾਕਿਸਤਾਨ ਦੇ ਖਿ ?ਲਾਫ਼ ਫ਼ੌਜੀ ਕਾਰਵਾਈ ਸ਼ੁਰੂ ਕੀਤੀ, ਉਦੋਂ ਮੁਲਕ ਦੇ ਇਕ ਦੂਰ-ਦਰਾਜ ਕੋਨੇ ਕਰੇਗੁੱਟਾ ਦੀਆਂ ਪਹਾੜੀਆਂ 'ਚ ਸਟੇਟ ਦੇ ਖਿਲਾਫ਼ ਹਥਿਆਰ ਚੁੱਕਣ ਵਾਲੇ ਆਪਣੇ ਹੀ ਨਾਗਰਿਕਾਂ ਦੇ ਖਿ ?ਲਾਫ਼ ਇਕ ਹੋਰ ਯੁੱਧ ਪਹਿਲਾਂ ਹੀ ਚੱਲ ਰਿਹਾ ਸੀ।

ਪਿੰਡਾਂ ਦੇ ਲੋਕਾਂ ਅਨੁਸਾਰ ਕਰੇਗੁੱਟਾ ਪਰਬਤ-ਮਾਲਾ ਵਿਚ 200 ਤੋਂ ਵੱਧ ਪਹਾੜੀਆਂ ਹਨ ਜਿਨ੍ਹਾਂ ਵਿੱਚੋਂ ਕਈ ਕੁਦਰਤੀ ਗੁਫ਼ਾਵਾਂ ਦੇ ਤਾਣੇਬਾਣੇ ਰਾਹੀਂ ਆਪਸ ਵਿਚ ਜੁੜੀਆਂ ਹੋਈਆਂ ਹਨ ਜੋ ਅੱਗੇ ਪਹਾੜੀ ਚੋਟੀਆਂ ਅਤੇ ਇਨ੍ਹਾਂ ਦੇ ਮੁੱਢ ਵਸੇ ਪਿੰਡਾਂ ਤੱਕ ਜਾਂਦੀਆਂ ਹਨ। ਆਪਣੇ ਦਿਲਕਸ਼ ਕੁਦਰਤੀ ਦ੍ਰਿਸ਼ ਤੋਂ ਵੀ ਅੱਗੇ, ਇਹ ਪਹਾੜੀਆਂ ਨਾ ਕੇਵਲ ਆਰਥਕ ਜੀਵਨ-ਗੁਜ਼ਾਰੇ ਲਈ ਮਹੱਤਵਪੂਰਨ ਹਨ ਸਗੋਂ ਇਨ੍ਹਾਂ ਦਾ ਰੂਹਾਨੀ ਮਹੱਤਵ ਵੀ ਹੈ। ਇਨ੍ਹਾਂ ਪਹਾੜੀਆਂ ਨੇ ਮਾਓਵਾਦੀਆਂ ਨੂੰ ਸੁਰੱਖਿਆ ਬਲਾਂ ਦੀ ਨਿਗਰਾਨੀ ਤੋਂ ਦੂਰ ਯੁੱਧਨੀਤਕ ਠਾਹਰ ਵੀ ਮੁਹੱਈਆ ਕੀਤੀ।

'ਅਪਰੇਸ਼ਨ ਸੰਕਲਪ' ਚੁੱਪ-ਚੁਪੀਤੇ ਸ਼ੁਰੂ ਕੀਤਾ ਗਿਆ, ਜਿਸ ਬਾਰੇ ਮੀਡੀਆ ਨੇ ਕਿਹਾ ਕਿ ਇਹ ਕੋਡ ਨਾਮ ਹੈ ਪਰ ਸਰਕਾਰ ਨੇ ਬਾਅਦ 'ਚ ਇਸ ਤੋਂ ਇਨਕਾਰ ਕੀਤਾ। ਜਦ ਨੀਮ-ਫ਼ੌਜੀ ਬਲਾਂ ਨੂੰ ਕਰੇਗੁੱਟਾ ਪਹਾੜੀਆਂ ਵੱਲ ਭੇਜਿਆ ਗਿਆ ਤਾਂ ਮੀਡੀਆ ਰਿਪੋਰਟਾਂ ਤੋਂ ਸਿਵਾਏ ਕੋਈ ਹੋਰ ਜਾਣਕਾਰੀ ਸਾਹਮਣੇ ਨਹੀਂ ਆਈ। ਇਹ ਰਿਪੋਰਟਾਂ ਵੀ ਜ਼ਿਆਦਾਤਰ ਬੇਨਾਮ ਸੂਤਰਾਂ 'ਤੇ ਆਧਾਰਤ ਸਨ।



ਇਨ੍ਹਾਂ ਰਿਪੋਰਟਾਂ ਨੇ ਬਿਰਤਾਂਤ ਤੈਅ ਕੀਤਾ। ਕੁਝ ਰਿਪੋਰਟਾਂ 20000 ਜਵਾਨਾਂ ਦੀ ਤਾਇਨਾਤੀ ਦੀ ਗੱਲ ਕਹਿ ਰਹੀਆਂ ਸਨ ਅਤੇ ਬਾਕੀ 5000 ਕਹਿ ਰਹੀਆਂ ਸਨ। ਕੁਝ ਰਿਪੋਰਟਾਂ 'ਚ ਤੇਲੰਗਾਨਾ ਦੇ ਗਰੇਅ ਹਾਊਂਡਜ਼ ਅਤੇ ਮਹਾਰਾਸ਼ਟਰ ਦੀ ਸੀ-60 ਵਰਗੀਆਂ ਵਿਸ਼ੇਸ਼ ਸਿਖਲਾਈਯਾਫ਼ਤਾ ਇਕਾਈਆਂ ਦੇ ਸ਼ਾਮਲ ਹੋਣ ਦਾ ਦਾਅਵਾ ਵੀ ਕੀਤਾ ਗਿਆ।

ਤੇਲੰਗਾਨਾ ਦੇ ਮੁਲੁਗੂ ਜ਼ਿਲ੍ਹੇ ਦੇ ਪੁਲਿਸ ਮੁਖੀ ਨੇ ਇਸ ਪੱਤਰਕਾਰ ਨਾਲ ਗੱਲ ਕਰਦੇ ਹੋਏ ਅਪਰੇਸ਼ਨ ਵਿਚ ਰਾਜ ਦੀ ਪੁਲਿਸ ਦੀ ਕਿਸੇ ਵੀ ਸ਼ਮੂਲੀਅਤ ਤੋਂ ਸਪਸ਼ਟ ਇਨਕਾਰ ਕੀਤਾ। ਉਸਨੇ ਕਿਹਾ, 'ਇਹ ਅਪਰੇਸ਼ਨ ਸਿਰਫ਼ ਤੇ ਸਿਰਫ਼ ਸੀਆਰਪੀਐੱਫ, ਜਿਸ ਵਿਚ ਕੋਬਰਾ ਬਟਾਲੀਅਨ ਸ਼ਾਮਲ ਹੈ, ਅਤੇ ਛੱਤੀਸਗੜ੍ਹ ਰਾਜ ਦੀ ਪੁਲਿਸ ਵੱਲੋਂ ਚਲਾਇਆ ਜਾ ਰਿਹਾ ਹੈ। ਇਸ ਵਿਚ ਹੋਰ ਕਿਸੇ ਰਾਜ ਦੀ ਪੁਲਿਸ ਸ਼ਾਮਲ ਨਹੀਂ ਹੈ।'

ਪਹਾੜੀਆਂ ਵਿਚ 'ਘਿਰੇ' ਮਾਓਵਾਦੀ ਲੜਾਕਿਆਂ ਦੀ ਗਿਣਤੀ ਨੂੰ ਲੈ ਕੇ ਅੰਦਾਜ਼ਾ 150 ਤੋਂ ਲੈ ਕੇ 500 ਤੱਕ ਦਰਮਿਆਨ ਡੋਲਦਾ ਰਿਹਾ – ਹਰ ਅੰਦਾਜ਼ਾ ਪਹਿਲੇ ਨਾਲੋਂ ਜ਼ਿਆਦਾ ਕਿਆਸਅਰਾਈਆਂ 'ਤੇ ਆਧਾਰਤ ਸੀ। ਅਪਰੇਸ਼ਨ ਦੀ ਯੁੱਧਨੀਤੀ, ਫੋਰਸਾਂ ਦੀ ਤਾਇਨਾਤੀ, ਅਤੇ ਪਹਾੜੀਆਂ ਵਿਚ ਕਥਿਤ ਮਾਓਵਾਦੀ ਆਗੂਆਂ ਦੀ ਮੌਜੂਦਗੀ ਬਾਰੇ ਹਰ ਵੇਰਵਾ ਅਣਪਛਾਤੇ 'ਉੱਚ ਅਧਿਕਾਰੀਆਂ' ਦੇ ਹਵਾਲੇ ਨਾਲ ਹੀ ਦੱਸਿਆ ਗਿਆ। ਰਿਪੋਰਟਿੰਗ ਦਾ ਵੱਡਾ ਹਿੱਸਾ ਚੋਟੀ ਦੇ ਮਾਓਵਾਦੀ ਆਗੂਆਂ ਜਿਵੇਂ ਹਿੜਮਾ, ਸੁਜਾਤਾ, ਦੇਵਾ, ਦਮੋਦਰ ਅਤੇ ਚੰਦੰਨਾ ਦੀ ਮੌਜੂਦਗੀ ਦੀਆਂ ਅਟਕਲਾਂ 'ਤੇ ਆਧਾਰਤ ਰਿਹਾ। ਫਿਰ ਵੀ, ਕੋਈ ਵੀ ਚੋਟੀ ਦਾ ਕਮਾਂਡਰ ਨਾ ਮਾਰਿਆ ਗਿਆ, ਨਾ ਗ੍ਰਿਫ਼ਤਾਰ ਹੋਇਆ।

14 ਮਈ ਨੂੰ ਬੀਜਾਪੁਰ ਵਿਚ ਕੀਤੀ ਗਈ ਪ੍ਰੈੱਸ ਕਾਨਫਰੰਸ ਵਿਚ ਪੁਲਿਸ ਅਤੇ ਨੀਮ-ਫ਼ੌਜੀ ਬਲਾਂ ਦੇ ਉੱਚ ਅਧਿਕਾਰੀਆਂ ਨੇ ਇਸ ਨੂੰ ਹੁਣ ਤੱਕ ਦਾ 'ਮਾਓਵਾਦੀਆਂ ਵਿਰੋਧੀ ਸਭ ਤੋਂ ਵੱਡਾ ਅਤੇ ਵਿਆਪਕ ਅਪਰੇਸ਼ਨ' ਐਲਾਨਿਆ। ਇਸ ਵਿਚ ਛੱਤੀਸਗੜ੍ਹ ਦੇ ਡੀਜੀਪੀ ਅਰੁਣ ਦੇਵ ਗੌਤਮ ਅਤੇ ਸੀਆਰਪੀਐੱਫ ਦੇ ਡਾਇਰੈਕਟਰ ਜਨਰਲ ਜੀ.ਪੀ.ਸਿੰਘ ਵੀ ਮੌਜੂਦ ਸਨ। ਉਨ੍ਹਾਂ ਨੇ ਮੁਹਿੰਮ ਨੂੰ "ਮਾਓਵਾਦੀਆਂ ਦੀ ਹਥਿਆਰਬੰਦ ਤਾਕਤ ਨੂੰ ਕਮਜ਼ੋਰ ਕਰਨ, ਉਨ੍ਹਾਂ ਦੇ ਦਸਤਿਆਂ ਨੂੰ ਬੇਅਸਰ ਬਣਾਉਣ, ਕਠਿਨ ਇਲਾਕਿਆਂ ਨੂੰ ਖਾਲੀ ਕਰਾਉਣ ਅਤੇ ਪੀਐੱਲਜੀਏ ਬਟਾਲੀਅਨ ਨੂੰ ਖ਼ਤਮ ਕਰਨ ਦੀ ਕੋਸ਼ਿਸ਼" ਦੱਸਿਆ।

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਇਸ ਨੂੰ ਵੱਡੀ ਕਾਮਯਾਬੀ ਦੱਸਿਆ ਅਤੇ ਅਗਲੇ ਸਾਲ ਮਾਰਚ ਤੱਕ ਮੁਲਕ ਵਿੱਚੋਂ ਖੱਬੇਪੱਖੀ ਅੱਤਵਾਦ ਨੂੰ ਖ਼ਤਮ ਕਰਨ ਦੀ ਸਮਾਂ-ਸੀਮਾ ਐਲਾਨ ਕੀਤੀ ਜੋ ਪਿਛਲੇ ਚਾਰ ਦਹਾਕਿਆਂ ਤੋਂ ਮੁਲਕ ਵਿਚ ਜਾਰੀ ਹੈ।

ਇਹ ਅਪਰੇਸ਼ਨ ਭਾਰਤ ਵਿਚ ਪ੍ਰਚਲਤ ਹੋ ਰਹੇ ਨਵੇਂ ਸੁਰੱਖਿਆ ਮੱਤ ਨੂੰ ਉਜਾਗਰ ਕਰਦਾ ਹੈ: ਕੋਈ ਯੁੱਧ ਜਿੰਨਾ ਛੁਪਾ ਕੇ ਲੜਿਆ ਜਾਵੇਗਾ, ਉਸ ਨੂੰ ਜੇਤੂ ਐਲਾਨਣਾ ਵੀ ਓਨਾ ਹੀ ਸੌਖਾ ਹੋਵੇਗਾ।

**31 ਮੌਤਾਂ :** ਸਰਕਾਰ ਵੱਲੋਂ ਪ੍ਰੈੱਸ ਨੂੰ ਸੰਖੇਪ ਜਾਣਕਾਰੀ ਦਿੱਤੇ ਜਾਣ ਤੋਂ ਪਹਿਲਾਂ ਹੀ, ਪਹਾੜੀਆਂ ਦੇ ਨੇੜੇ ਵਸੇ ਪਿੰਡਾਂ ਦੇ ਲੋਕ ਬੀਜਾਪੁਰ ਜ਼ਿਲ੍ਹਾ ਹਸਪਤਾਲ ਪਹੁੰਚਣੇ ਸ਼ੁਰੂ ਹੋ ਗਏ ਸਨ, ਇਹ ਸੁਣਕੇ ਕਿ ਉਨ੍ਹਾਂ ਦੇ ਪਰਿਵਾਰਾਂ ਦੇ ਜੀਅ ਇਸ ਸੁਰੱਖਿਆ ਅਪਰੇਸ਼ਨ ਵਿਚ ਮਾਰੇ ਗਏ ਹਨ।

ਉਹ ਆਪਣੇ ਧੀਆਂ-ਪੁੱਤਰਾਂ ਅਤੇ ਭੈਣਾਂ-ਭਰਾਵਾਂ ਦੀ ਪਛਾਣ ਕਰਕੇ ਉਨ੍ਹਾਂ ਦਾ ਅੰਤਮ ਸੰਸਕਾਰ ਮਾਣ-ਸਨਮਾਨ ਨਾਲ ਕਰਨ ਲਈ 9 ਮਈ ਨੂੰ ਟਰੈਕਟਰਾਂ ਅਤੇ ਮੋਟਰ ਸਾਈਕਲਾਂ ਉੱਪਰ ਉੱਥੇ ਆਏ ਸਨ।

'9 ਮਈ ਨੂੰ ਡੀਆਰਜੀ (ਡਿਸਟ੍ਰਿਕਟ ਰਿਜ਼ਰਵ ਗਾਰਡ) ਦੇ ਇਕ ਪੁਲਸੀਏ ਨੇ ਸਾਨੂੰ ਫ਼ੋਨ ਕਰਕੇ ਦੱਸਿਆ ਕਿ ਅਸੀਂ ਆ ਕੇ ਆਪਣੇ ਪਿੰਡ ਦੇ ਤਿੰਨ ਜਣਿਆਂ ਦੀਆਂ ਲਾਸ਼ਾਂ ਲੈ ਜਾਈਏ', ਹਿਰੋਲੀ ਪਿੰਡ ਦੇ ਇਕ ਨੌਜਵਾਨ ਨੇ ਕਿਹਾ, ਜਿਸਨੇ ਆਪਣਾ ਮੂੰਹ ਅਤੇ ਨੱਕ ਪਰਨੇ ਨਾਲ ਢਕਿਆ ਹੋਇਆ ਸੀ।

ਸ਼ਾਮ ਦੇ ਲੱਗਭੱਗ 4 ਵਜੇ ਸਨ ਅਤੇ ਬਦਬੂ ਅਸਹਿ ਸੀ। ਡੀਆਰਜੀ ਪੁਲਿਸ ਵਿਚ ਭਰਤੀ ਕੀਤੇ ਸਥਾਨਕ ਪੁਲਸੀਏ ਹਨ ਜੋ ਅਕਸਰ ਸਾਬਕਾ ਮਾਓਵਾਦੀ ਹੁੰਦੇ ਹਨ।

ਲਾਸ਼ਘਰ ਔਰਤਾਂ ਅਤੇ ਬੱਚਿਆਂ ਦੇ ਵਾਰਡ ਦੇ ਬਿਲਕੁਲ ਨਾਲ ਸੀ। ਬਦਬੂ ਦੇ ਕਾਰਨ ਗਰਭਵਤੀ ਔਰਤਾਂ ਅਤੇ ਨਿੱਕੇ-ਨਿੱਕੇ ਬਾਲਾਂ ਵਾਲੇ ਮਾਂ-ਪਿਓ ਉੱਥੋਂ ਭੱਜ ਗਏ। ਲਾਸ਼ਘਰ ਦੇ ਇਕ ਮੁਲਾਜ਼ਮ ਨੇ ਦੂਰੋਂ ਖੜ੍ਹੇ ਹੋ ਕੇ ਪਰਿਵਾਰ ਮੈਂਬਰਾਂ ਨੂੰ ਖ਼ੁਦ ਹੀ ਸਟੀਲ ਦੇ ਰੈਕ ਖੋਹਲ ਕੇ ਲਾਸ਼ਾਂ ਦੀ ਪਛਾਣ ਕਰਨ ਲਈ ਕਿਹਾ।

ਲਾਸ਼ਾਂ ਦੀ ਹਾਲਤ ਐਨੀ ਖ਼ਰਾਬ ਸੀ ਕਿ ਪਛਾਣ ਕਰਨੀ ਬੇਹੱਦ ਮੁਸ਼ਕਲ ਸੀ। ਕੁਝ ਲਾਸ਼ਾਂ ਫੁੱਲੀਆਂ ਹੋਈਆਂ ਸਨ, ਗਰਮੀ ਅਤੇ ਸੜਨ ਕਾਰਨ ਪੋਸਟਮਾਰਟਮ ਦੇ ਚੀਰੇ ਹੋਰ ਜ਼ਿਆਦਾ ਫਟ ਗਏ ਸਨ। ਸਭ ਤੋਂ ਭਿਆਨਕ ਮੰਜ਼ਰ ਇਕ ਮੁਟਿਆਰ ਦੀ ਲਾਸ਼ ਦਾ ਸੀ ਜਿਸ ਵਿਚ ਕੀੜੇ ਕੁਰਬਲ-ਕੁਰਬਲ ਕਰ ਰਹੇ ਸਨ, ਉਸਦੀ ਛਾਤੀ ਦੀ ਬਣਤਰ ਹੀ ਉਸਦੇ ਔਰਤ ਹੋਣ ਅਤੇ ਉਸਦੀ ਉਮਰ ਦਾ ਸੰਕੇਤ ਦੇ ਰਹੀ ਸੀ।

ਥੱਕ-ਹਾਰ ਕੇ ਪਿੰਡਾਂ ਵਾਲੇ ਪਿੱਛੇ ਹਟ ਗਏ।

'ਇਸ ਤਰ੍ਹਾਂ ਕਿਵੇਂ ਲੈ ਕੇ ਜਾਵਾਂਗੇ?' ਨੌਜਵਾਨ ਹੌਲੀ ਜਹੇ ਬੋਲਿਆ।

ਉਨ੍ਹਾਂ ਨੂੰ ਖ਼ਾਸ ਲਾਸ਼ ਨੰਬਰ ਦਿੱਤੇ ਗਏ ਸਨ, ਪਰ ਉਹ ਵੀ ਸਾਰੇ ਮੇਲ ਨਹੀਂ ਖਾਂਦੇ ਸਨ। '7 ਮਈ ਸ਼ਾਮ ਨੂੰ ਡੀਆਰਜੀ ਵਾਲਿਆਂ ਨੇ ਸਾਨੂੰ ਫ਼ੋਨ ਕਰਕੇ ਦੱਸਿਆ ਕਿ ਸਾਡੇ ਰਿਸ਼ਤੇਦਾਰ ਮੁਕਾਬਲੇ ਵਿਚ ਮਾਰੇ ਗਏ ਹਨ' ਮ੍ਰਿਤਕ ਸੋਮੜੀ ਟਾਮੋ ਦੇ ਭਰਾ ਕੋਸਾ ਟਾਮੋ ਨੇ ਕਿਹਾ ਜੋ ਅਗਲੇ ਦਿਨ ਸਵੇਰੇ ਮੋਟੂ ਮੁੜਾਮ ਦੇ ਪਰਿਵਾਰ ਵਾਲਿਆਂ ਨਾਲ 60 ਕਿਲੋਮੀਟਰ ਦੂਰ ਕੌਂਡਾਪੱਲੀ ਪਿੰਡ ਤੋਂ ਟਰੈਕਟਰ ਲੈ ਕੇ ਲਾਸ਼ਾਂ ਲੈਣ ਆਇਆ ਸੀ, ਇਸ ਆਸ ਨਾਲ ਕਿ ਲਾਸ਼ ਤੁਰੰਤ ਮਿਲ ਜਾਵੇਗੀ। ਇਸ ਦੀ ਬਜਾਏ, ਉਨ੍ਹਾਂ ਨੂੰ ਦੱਸਿਆ ਗਿਆ ਕਿ ਅਜੇ ਤਾਂ ਪੋਸਟ ਮਾਰਟਮ ਵੀ ਨਹੀਂ ਹੋਇਆ। ਪੁਲਿਸ ਥਾਣੇ ਤੋਂ ਉਨ੍ਹਾਂ ਨੂੰ ਇਹ ਕਹਿਕੇ ਮੋੜ ਦਿੱਤਾ ਗਿਆ ਕਿ ਐੱਸ.ਐੱਚ.ਓ. 'ਸ਼ਹਿਰ ਤੋਂ ਬਾਹਰ' ਹੈ।

ਜਦੋਂ ਉਨ੍ਹਾਂ ਨੂੰ ਲਾਸ਼ ਲੈ ਜਾਣ ਲਈ ਪੁਲਿਸ ਨੇ ਦੁਬਾਰਾ ਫ਼ੋਨ ਕੀਤਾ ਤਾਂ ਸੀਮਤ ਵਸੀਲਿਆਂ ਦੇ ਬਾਵਜੂਦ, ਪਰਿਵਾਰ ਪੰਜ ਦਿਨ ਬਾਅਦ ਫਿਰ ਆ ਗਏ। ਇਸ ਵਾਰ ਸ਼ਨਾਖ਼ਤੀ ਅਮਲ ਦੀ ਕਾਰਵਾਈ ਵਿਸਤਾਰ 'ਚ ਕੀਤੀ ਗਈ: ਮਾਰੇ ਗਏ ਮਾਓਵਾਦੀਆਂ ਦੀਆਂ ਤਸਵੀਰਾਂ ਦਿਖਾਕੇ ਪੁਸ਼ਟੀ ਕਰਾਈ ਗਈ, ਫਿਰ ਆਧਾਰ ਕਾਰਡਾਂ ਦੀ ਜਾਂਚ ਕੀਤੀ ਗਈ ਅਤੇ ਅੰਤ ਲਾਸ਼ਾਂ ਦੇ ਟੈਗ ਉਨ੍ਹਾਂ ਨੂੰ ਦੇ ਦਿੱਤੇ ਗਏ।

ਪਰ ਇਹ ਪ੍ਰਕਿਰਿਆ ਵੀ ਬੇਹੱਦ ਮਾਯੂਸ ਕਰਨ ਵਾਲੀ ਸੀ।

**ਨੌਜਵਾਨ ਮ੍ਰਿਤਕ :** ਹਿਰੋਲੀ ਪਿੰਡ ਦੇ ਮੰਗਲ ਕਰਮ ਨੇ ਕਿਹਾ, ÷ਮੈਂ ਆਪਣੀ ਭੈਣ ਮੰਜੁਲਾ ਕਰਮ ਦੀ ਤਸਵੀਰ ਪਛਾਣ ਲਈ।÷ ਪਰ ਜਿਸ ਲਾਸ਼ ਨੂੰ 11 ਨੰਬਰ ਟੈਗ ਦਿੱਤਾ ਗਿਆ ਸੀ, ਉਹ ਐਨੀ ਬੁਰੀ ਤਰ੍ਹਾਂ ਗਲੀ-ਸੜੀ ਹੋਈ ਸੀ ਕਿ ਕਹਿਣਾ ਹੀ ਅਸੰਭਵ ਸੀ ਕਿ ਇਹ ਉਸ ਦੀ ਭੈਣ ਦੀ ਲਾਸ਼ ਸੀ। 'ਅਸੀਂ ਕੀੜਿਆਂ ਨਾਲ ਭਰੀ ਲਾਸ਼ ਘਰ ਲੈ ਆਏ। ਪਤਾ ਨਹੀਂ ਉਹ ਮੇਰੀ ਭੈਣ ਸੀ ਜਾਂ ਕੋਈ ਹੋਰ' ਉਸਨੇ ਕਿਹਾ।

ਇਕ ਹੋਰ ਘਟਨਾ 'ਚ ਭੂਸਾਪੁਰ ਦੀ ਬਜ਼ੁਰਗ ਔਰਤ ਅੜਮੇ ਪੂਨਮ ਨੇ ਪੁਲਿਸ ਥਾਣੇ 'ਚ ਆਪਣੇ ਪੁੱਤ ਪੋਡੀਆ ਪੂਨਮ ਦੀ ਤਸਵੀਰ ਦੇਖਣ ਤੋਂ ਪਹਿਲਾਂ ਦਿਲ ਨੂੰ ਠੁੰਮਣਾ ਦੇਣ ਲਈ ਐਨਰਜੀ ਡਰਿੰਕ ਪੀਤਾ। ਪੋਡੀਆ ਨੂੰ ਪੁਲਿਸ ਨੇ ਸੂਚੀ 'ਚ ਮਾਓਵਾਦੀ ਪਾਰਟੀ ਦਾ ਡਿਵੀਜਨਲ ਕਮੇਟੀ ਮੈਂਬਰ ਦੱਸਿਆ ਸੀ ਜਿਸ ਦੇ ਸਿਰ ਉੱਪਰ ਅੱਠ ਲੱਖ ਦਾ ਇਨਾਮ ਸੀ। ਨਾਲ ਉਸਦਾ ਭਤੀਜਾ ਵੀ ਆਇਆ ਹੋਇਆ ਸੀ। ਉਨ੍ਹਾਂ ਨੂੰ ਲਾਸ਼ ਨੰਬਰ 23 ਲੈਣ ਲਈ ਕਿਹਾ ਗਿਆ। ਪਰਿਵਾਰ ਨੇ ਮੰਨਿਆ ਕਿ 23 ਸਾਲਾ ਪੋਡੀਆ ਪੰਜ ਸਾਲ ਤੋਂ ਮਾਓਵਾਦੀ ਪਾਰਟੀ ਨਾਲ ਸੀ।

ਪਰ ਬੀਜਾਪੁਰ ਹਸਪਤਾਲ 'ਚ ਰੱਖੀਆਂ ਲਾਸ਼ਾਂ 'ਚ ਉਸਦੀ ਲਾਸ਼ ਨਹੀਂ ਮਿਲੀ। ਪਰਿਵਾਰ ਵਾਲੇ ਵਾਰ-ਵਾਰ ਲਾਸ਼ਾਂ ਦੇ ਬੈਗ ਖੋਹਲ-ਖੋਹਲ ਕੇ ਦੇਖਦੇ ਰਹੇ, ਪਰ ਹਰ ਵਾਰ ਨਾਂਹ 'ਚ ਸਿਰ ਫੇਰ ਦਿੰਦੇ। ਪੁਲਿਸ ਅਤੇ ਹਸਪਤਾਲ ਦੇ ਸਟਾਫ਼ ਦਰਮਿਆਨ ਕਈ ਫ਼ੋਨ ਕਾਲਾਂ ਤੋਂ ਬਾਅਦ ਪਤਾ ਲੱਗਾ ਕਿ ਲਾਸ਼ ਤਾਂ ਪੋਸਟ ਮਾਰਟਮ ਲਈ 45 ਕਿਲੋਮੀਟਰ ਦੂਰ ਭੈਰਮਗੜ੍ਹ ਹਸਪਤਾਲ ਭੇਜੀ ਗਈ ਸੀ। ਅੜਮੇ ਹੋਰ ਲੋਕਾਂ ਦੇ ਨਾਲ ਟਰੈਕਟਰ 'ਤੇ ਆਈ ਸੀ, ਜਦਕਿ ਉਸਦੇ ਛੋਟੀ ਉਮਰ ਦੇ ਸਕੇ-ਸੰਬੰਧੀ ਮੋਟਰ ਸਾਈਕਲਾਂ 'ਤੇ ਆਏ ਸਨ – ਇਨ੍ਹਾਂ ਵਿੱਚੋਂ ਕਿਸੇ ਉੱਪਰ ਵੀ ਲਾਸ਼ ਲਿਜਾਈ ਨਹੀਂ ਸੀ ਜਾ ਸਕਦੀ।

ਨਿੱਜੀ ਐਂਬੂਲੈਂਸ ਸਰਵਿਸ ਨੇ ਕੋਰਾ ਜਵਾਬ ਦੇ ਦਿੱਤਾ। ਡਰਾਇਵਰ ਨੇ ਉਨ੍ਹਾਂ ਨੂੰ ਕਿਹਾ, 'ਅਸੀਂ ਮਾਓਵਾਦੀਆਂ ਦੀਆਂ ਲਾਸ਼ਾਂ ਲਈ ਐਂਬੂਲੈਂਸ ਨਹੀਂ ਭੇਜਦੇ।'

ਸਮਾਜਿਕ ਕਾਰਕੁਨਾਂ ਸੋਨੀ ਸੋਰੀ ਅਤੇ ਬੇਲਾ ਭਾਟੀਆ ਵੱਲੋਂ ਪੁਲਿਸ ਨਾਲ ਤਿੱਖੀ ਬਹਿਸ ਕਰਨ ਤੋਂ ਬਾਅਦ ਰਾਤ ਦੇ 1 ਵਜੇ ਭੈਰਮਗੜ੍ਹ ਤੋਂ ਐਂਬੂਲੈਂਸ ਭੇਜਣ ਦਾ ਇੰਤਜ਼ਾਮ ਕੀਤਾ ਗਿਆ। 13 ਮਈ ਦੀ ਰਾਤ ਨੂੰ 1 ਵਜੇ ਅੜਮੇ ਆਪਣੇ ਪੁੱਤ ਦੀ ਕੀੜਿਆਂ ਨਾਲ ਭਰੀ ਲਾਸ਼ ਘਰ ਨੂੰ ਲੈ ਕੇ ਗਈ।

ਸਰਕਾਰ ਵੱਲੋਂ ਜਾਰੀ ਕੀਤੀ ਸੂਚੀ ਵਿਚ ਮਰਨ ਵਾਲੇ ਮਾਓਵਾਦੀਆਂ ਵਿੱਚੋਂ ਜ਼ਿਆਦਾਤਰ ਚੜ੍ਹਦੀ ਉਮਰ ਦੇ ਨੌਜਵਾਨ ਸਨ, ਸਪਸ਼ਟ ਸੀ ਕਿ ਸਰਕਾਰ ਦਾ ਤੀਰ ਨਿਸ਼ਾਨੇ ਨਿਸ਼ਾਨੇ 'ਤੇ ਨਹੀਂ ਲੱਗਿਆ ਸੀ।

ਸਭ ਤੋਂ ਵੱਡੀ ਉਮਰ ਦਾ ਮਾਓਵਾਦੀ 37 ਸਾਲ ਦਾ ਸੀ। ਮ੍ਰਿਤਕਾਂ ਵਿਚ ਦੋ ਡਿਵੀਜਨਲ ਕਮੇਟੀ ਮੈਂਬਰ, ਇਕ ਤੇਲੰਗਾਨਾ ਰਾਜ ਕਮੇਟੀ ਮੈਂਬਰ ਅਤੇ ਇਕ 27 ਸਾਲ ਦਾ ਲੜਕਾ ਮੈਡੀਕਲ ਟੀਮ ਨਾਲ ਸੰਬੰਧਤ ਸੀ। ਬਾਕੀ 28 ਜਣੇ ਪਾਰਟੀ ਮੈਂਬਰ ਅਤੇ ਪਲਾਟੂਨ ਵਾਲੇ ਸਨ, ਜਿਨ੍ਹਾਂ ਵਿੱਚੋਂ ਤਿੰਨ ਦੀ ਪਛਾਣ ਪ੍ਰੈੱਸ ਨੂੰ ਜਾਣਕਾਰੀ ਦਿੱਤੇ ਜਾਣ ਤੱਕ ਨਹੀਂ ਹੋ ਸਕੀ ਸੀ। ਸੱਤ ਕਾਡਰਾਂ ਦੀ ਉਮਰ 30 ਤੋਂ ਉੱਪਰ ਸੀ, ਜਦਕਿ ਬਾਕੀ ਚੌਵੀ ਮ੍ਰਿਤਕਾਂ ਦੀ ਉਮਰ 25 ਤੋਂ ਘੱਟ ਸੀ; ਉਨ੍ਹਾਂ ਵਿੱਚੋਂ ਤਿੰਨ ਦੀ ਉਮਰ ਤਾਂ 20 ਜਾਂ ਉਸ ਤੋਂ ਵੀ ਘੱਟ ਸੀ।

ਉਨ੍ਹਾਂ ਵਿੱਚੋਂ ਮੋਟੂ ਮੁਡਾਮ ਉਸਦੇ ਮਾਂ-ਪਿਓ ਅਨੁਸਾਰ ਸਿਰਫ਼ 15 ਸਾਲ ਦਾ ਸੀ ਜਦਕਿ ਸਰਕਾਰੀ ਸੂਚੀ ਵਿਚ ਉਸ ਨੂੰ 19 ਸਾਲ ਦਾ ਦੱਸਿਆ ਗਿਆ ਸੀ ਜਿਸ ਉੱਪਰ ਅੱਠ ਲੱਖ ਦਾ ਇਨਾਮ ਸੀ। ਉਸਦੇ ਮਾਪਿਆਂ ਦਾ ਕਹਿਣਾ ਸੀ ਕਿ ਉਹ ਸਿਰਫ਼ ਛੇ ਮਹੀਨੇ ਪਹਿਲਾਂ ਹੀ ਮਾਓਵਾਦੀ ਪਾਰਟੀ 'ਚ ਸ਼ਾਮਲ ਹੋਇਆ ਸੀ।

ਇਸੇ ਤਰ੍ਹਾਂ ਤੁਮਰੇਲ ਪਿੰਡ ਦੀ ਭੀਮੇ ਕੁੰਜਾਮ ਦੀ ਉਮਰ ਸੂਚੀ ਵਿਚ 20 ਸਾਲ ਦੱਸੀ ਗਈ ਸੀ, ਉਸ ਉੱਪਰ 5 ਲੱਖ ਦਾ ਇਨਾਮ ਸੀ। ਉਸਦੇ ਪਿਤਾ ਬੁਧਰਾ ਨੇ ਦੱਸਿਆ ਕਿ ਉਹ ਸਿਰਫ਼ 16 ਸਾਲ ਦੀ ਸੀ ਅਤੇ ਵਿਆਹ ਤੋਂ ਬਚਣ ਲਈ ਘਰੋਂ ਭੱਜ ਗਈ ਸੀ।

ਕੁਝ ਲਈ ਜੰਗਲਾਂ ਨੂੰ ਸਰਕਾਰ ਤੋਂ ਬਚਾਉਣ ਦੀ ਪ੍ਰੇਰਣਾ ਐਨੀ ਜ਼ਬਰਦਸਤ ਸੀ ਕਿ ਉਨ੍ਹਾਂ ਨੇ ਹਥਿਆਰ ਚੁੱਕ ਲਏ, ਜਦਕਿ ਕੁਝ ਨੂੰ ਦਬਾਅ ਪਾ ਕੇ ਜਬਰੀ ਸ਼ਾਮਿਲ ਕੀਤਾ

ਗਿਆ।

ਪਹਿਲਾਂ ਜਦੋਂ ਮੈਂ ਪਰਿਵਾਰਾਂ ਨਾਲ ਗੱਲ ਕਰਦੀ ਸੀ ਤਾਂ ਉਨ੍ਹਾਂ ਦੀ ਆਵਾਜ਼ 'ਚ ਅਕਸਰ ਪਛਤਾਵਾ ਹੁੰਦਾ ਸੀ। ਕਈ ਕਹਿੰਦੇ ਕਿ ਉਹ ਆਪਣੇ ਬੱਚਿਆਂ ਨੂੰ ਇਸ ਰਾਹ 'ਤੇ ਨਹੀਂ ਜਾਣ ਦੇਣਗੇ ਬਲਕਿ ਜ਼ਮੀਨ, ਜੰਗਲ ਅਤੇ ਜਲ ਦੀ ਰਾਖੀ ਲਈ ਕਾਨੂੰਨੀ ਤਰੀਕੇ ਨਾਲ ਵਿਰੋਧ ਕਰਨਗੇ।

ਮੁੱਖ ਮੰਤਰੀ ਵੱਲੋਂ ਆਪਣੇ ਇਸਤਾਗ੍ਰਾਮ ਹੈਂਡਲ ਉੱਪਰ ਕੀਤਾ ਗਿਆ ਦਾਅਵਾ ਕਿ ਬਸਤਰ 'ਸ਼ਾਂਤੀ, ਵਿਸ਼ਵਾਸ ਅਤੇ ਵਿਕਾਸ ਦਾ ਨਵਾਂ ਅਧਿਆਏ ਲਿਖ ਰਿਹਾ ਹੈ', ਉਨ੍ਹਾਂ ਪਰਿਵਾਰਾਂ ਨੂੰ ਖੋਖਲਾ ਲੱਗੇਗਾ ਜੋ ਆਪਣੇ ਪਿਆਰੇ ਜੀਆਂ ਦੀਆਂ ਗਲੀਆਂ-ਸੜੀਆਂ ਲਾਸ਼ਾਂ ਲੈ ਕੇ ਘਰਾਂ ਨੂੰ ਗਏ।

**ਝੂਠੀ ਜਾਣਕਾਰੀ ਅਤੇ ਖੰਡਨ** : ਸੱਚੀ ਜਾਣਕਾਰੀ ਦੀ ਅਣਹੋਂਦ 'ਚ ਕਰੇਗੁੱਟਾ ਅਪਰੇਸ਼ਨ ਨੇ ਅਫ਼ਵਾਹਾਂ, ਲਾਸ਼ਾਂ ਦੀ ਗਿਣਤੀ ਦੇ ਦਾਅਵਿਆਂ ਅਤੇ ਰਾਜਨੀਤਕ ਕਿਆਸ ਅਰਾਈਆਂ ਲਈ ਦਰ ਖੋਲ੍ਹ ਦਿੱਤੇ।

7 ਮਈ ਨੂੰ, ਛੱਤੀਸਗੜ੍ਹ ਦੇ ਮੁੱਖ ਮੰਤਰੀ ਵਿਸ਼ਣੂ ਦੇਵ ਸਾਈ ਨੇ ਇਕ ਵੱਡੇ ਮੁਕਾਬਲੇ ਦੀ ਰਿਪੋਰਟ ਆਉਣ ਤੋਂ ਤੁਰੰਤ ਬਾਅਦ 22 ਮਾਓਵਾਦੀਆਂ ਦੇ ਮਾਰੇ ਜਾਣ ਦੀ ਪੁਸ਼ਟੀ ਜਨਤਕ ਤੌਰ 'ਤੇ ਕੀਤੀ। ਪਰ ਕੁਝ ਘੰਟੇ ਬਾਅਦ ਹੀ ਉੱਪ ਮੁੱਖ ਮੰਤਰੀ ਵਿਜੈ ਸ਼ਰਮਾ, ਜਿਸ ਕੋਲ ਗ੍ਰਹਿ ਮੰਤਰੀ ਦਾ ਅਹੁਦਾ ਵੀ ਹੈ, ਨੇ ਉਸਦੇ ਬਿਆਨ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ। ਉਸਨੇ 'ਅਪਰੇਸ਼ਨ ਸੰਕਲਪ' ਨਾਂ ਦੇ ਕਿਸੇ ਅਪਰੇਸ਼ਨ ਦੀ ਹੋਂਦ ਹੋਣ ਤੋਂ ਹੀ ਇਨਕਾਰ ਕਰ ਦਿੱਤਾ ਅਤੇ ਪ੍ਰੈੱਸ ਉੱਪਰ 'ਗੁੰਮਰਾਹਕੁਨ ਜਾਣਕਾਰੀ' ਫੈਲਾਉਣ ਦਾ ਦੋਸ਼ ਲਾਇਆ।

ਸ਼ਰਮਾ ਨੇ ਕਿਹਾ, 'ਮੈਨੂੰ ਇਹ ਗੱਲ ਸਮਝ ਨਹੀਂ ਆਉਂਦੀ ਕਿ ਇਹ ਜਾਣਕਾਰੀ ਆ ਕਿੱਥੋਂ ਰਹੀ ਹੈ। ਮੈਂ ਤੁਹਾਨੂੰ ਸਪਸ਼ਟ ਕਰ ਦਿਆਂ – 'ਅਪਰੇਸ਼ਨ ਸੰਕਲਪ' ਨਾਂ ਦੀ ਕੋਈ ਮੁਹਿੰਮ ਨਹੀਂ ਹੈ। ਇਹ ਮੀਡੀਆ ਵਿਚ ਫੈਲਾਈ ਜਾ ਰਹੀ ਗੁੰਮਰਾਹਕੁਨ ਖ਼ਬਰ ਹੈ।' ਉਸਨੇ ਇਹ ਵੀ ਕਿਹਾ ਕਿ 22 ਮਾਓਵਾਦੀਆਂ ਦੇ ਮਾਰੇ ਜਾਣ ਦਾ ਦਾਅਵਾ 'ਪੂਰੀ ਤਰ੍ਹਾਂ ਝੂਠਾ' ਹੈ, ਅਤੇ ਉਸਨੇ ਕਰੇਗੁੱਟਾ ਅਪਰੇਸ਼ਨ ਨੂੰ 'ਮਾਓਵਾਦੀਆਂ ਵਿਰੁੱਧ ਆਮ ਮੁਹਿੰਮ ਵਰਗਾ' ਅਪਰੇਸ਼ਨ ਦੱਸਿਆ।

ਇਸ ਤੋਂ ਤੁਰੰਤ ਬਾਅਦ ਛੱਤੀਸਗੜ੍ਹ ਕਾਂਗਰਸ ਕਮੇਟੀ ਦੇ ਪ੍ਰਧਾਨ ਦੀਪਕ ਬੈਜ ਨੇ ਪ੍ਰੈੱਸ ਕਾਨਫਰੰਸ ਕਰਕੇ ਰਾਜ ਸਰਕਾਰ ਦੇ ਸਿਖ਼ਰਲੇ ਪੱਧਰ 'ਤੇ ਤਾਲਮੇਲ ਨਾ ਹੋਣ ਉੱਪਰ ਚਿੰਤਾ ਪ੍ਰਗਟਾਈ। ਆਪਣੇ ਸੂਤਰਾਂ ਦਾ ਹਵਾਲਾ ਦਿੰਦੇ ਹੋਏ ਬੈਜ ਨੇ ਦਾਅਵਾ ਕੀਤਾ ਕਿ 22 ਲਾਸ਼ਾਂ ਬੀਜਾਪੁਰ ਲਿਆਂਦੀਆਂ ਗਈਆਂ ਸਨ, ਅਤੇ ਉਸਨੇ ਗ੍ਰਹਿ ਮੰਤਰੀ ਦੇ ਇਨਕਾਰ ਅਤੇ ਪੁਲਿਸ ਦੀ ਚੁੱਪ ਉੱਪਰ ਸਵਾਲ ਉਠਾਏ। 'ਸਰਕਾਰ ਸਚਾਈ ਛੁਪਾ ਕਿਉਂ ਰਹੀ ਹੈ? ਅਤੇ ਗ੍ਰਹਿ ਮੰਤਰੀ ਆਪਣੇ ਹੀ ਮੁੱਖ ਮੰਤਰੀ ਦਾ ਖੰਡਨ ਕਿਉਂ ਕਰ ਰਹੇ ਹਨ?' ਉਸਨੇ ਪੁੱਛਿਆ।

ਘਚੋਲਾ ਹੋਰ ਵਧ ਗਿਆ ਜਦ 14 ਮਈ ਨੂੰ ਪੁਲਿਸ ਵੱਲੋਂ 31 ਮ੍ਰਿਤਕਾਂ ਦੀ ਅਧਿਕਾਰਕ ਸੂਚੀ ਜਾਰੀ ਕੀਤੀ ਗਈ ਜਿਸ ਵਿਚ ਮ੍ਰਿਤਕ ਦਾ ਨਾਂ, ਮਾਓਵਾਦੀ ਜਥੇਬੰਦੀ ਵਿਚ ਉਸਦਾ ਅਹੁਦਾ, ਸਿਰ 'ਤੇ ਰੱਖਿਆ ਇਨਾਮ ਅਤੇ ਤਸਵੀਰਾਂ ਸ਼ਾਮਲ ਸਨ।

11 ਅਤੇ 12 ਮਈ ਨੂੰ ਹਿਰੋਲੀ, ਟੌਂਡਕਾ, ਪਾਲਨਾਰ, ਕੋਂਜੇਡ, ਬੁਸਾਪਾਰਾ, ਕੌਂਡਾਪੱਲੀ, ਤੁਮਰੇਲ ਅਤੇ ਉਡਟਾਮੱਲਾ ਪਿੰਡਾਂ ਤੋਂ ਪਰਿਵਾਰ 11 ਲਾਸ਼ਾਂ ਦੀ ਪਛਾਣ ਕਰਨ ਲਈ ਪਹੁੰਚੇ, ਪਰ ਉਹ ਸਿਰਫ਼ 7 ਹੀ ਲਿਜਾ ਸਕੇ। ਚਾਰ ਲਾਸ਼ਾਂ ਜਾਂ ਤਾਂ ਬਹੁਤ ਜ਼ਿਆਦਾ ਗਲ਼-ਸੜ ਚੁੱਕੀਆਂ ਸਨ ਜਾਂ ਉਨ੍ਹਾਂ ਦੀ ਪਛਾਣ ਹੀ ਨਹੀਂ ਕੀਤੀ ਜਾ ਸਕੀ। ਪਰ ਇਸ ਪੱਤਰਕਾਰ ਨੂੰ ਪਿੰਡ ਤੋਂ ਫ਼ੋਨ ਆਏ ਜਿਨ੍ਹਾਂ ਵਿਚ ਦੱਸਿਆ ਗਿਆ ਕਿ ਜੋ ਨਾਂ ਡੀਆਰਜੀ ਮੁਲਾਜ਼ਮਾਂ ਨੇ ਉਨ੍ਹਾਂ ਨੂੰ ਦੱਸੇ ਸਨ, ਉਹ ਪੁਲਿਸ ਦੀ ਅੰਤਮ ਸੂਚੀ ਨਾਲ ਮੇਲ ਨਹੀਂ ਸੀ ਖਾਂਦੇ। ਜਿਨ੍ਹਾਂ ਲੋਕਾਂ ਦੇ ਮਾਰੇ ਜਾਣ ਦੀ ਸੂਚਨਾ ਡੀਆਰਜੀ ਵਾਲੇ ਪੁਲਸੀਏ ਨੇ ਦਿੱਤੀ ਸੀ, ਜੇਕਰ ਉਹ ਤਸਵੀਰਾਂ ਵਾਲੀ ਅੰਤਮ ਸੂਚੀ ਵਿਚ ਨਹੀਂ ਹਨ ਤਾਂ ਉਹ ਕਿੱਥੇ ਹਨ? ਕੀ ਉਹ ਅਜੇ ਜਿਉਂਦੇ ਹਨ? ਜਾਂ ਉਹ ਮਾਰ ਦਿੱਤੇ ਗਏ ਅਤੇ ਉਨ੍ਹਾਂ ਦੀਆਂ ਲਾਸ਼ਾਂ ਕਿਤੇ ਜੰਗਲ ਵਿਚ ਹੀ ਛੱਡ ਦਿੱਤੀਆਂ ਗਈਆਂ?

'ਬਸਤਰ ਦੇ ਸੰਘਰਸ਼ ਗ੍ਰਸਤ ਖੇਤਰ ਵਿਚ ਬੁਨਿਆਦੀ ਮਨੁੱਖੀ ਮਾਣ-ਸਨਮਾਨ ਨੂੰ ਅਕਸਰ ਗਹਿਰੀ ਠੇਸ ਪਹੁੰਚਦੀ ਹੈ', ਬਸਤਰ ਦੀ ਉੱਘੀ ਕਾਰਕੁਨ ਸੋਨੀ ਸੋਰੀ ਨੇ ਕਿਹਾ।

ਜਦ ਮੁੰਡੇ-ਕੁੜੀਆਂ ਮਾਓਵਾਦੀ ਲਹਿਰ ਵਿਚ ਸ਼ਾਮਲ ਹੋਣ ਲਈ ਘਰ ਛੱਡਦੇ ਹਨ ਜੋ ਉਨ੍ਹਾਂ ਦੇ ਵਿਸ਼ਵਾਸ ਅਨੁਸਾਰ ਜਲ, ਜੰਗਲ ਅਤੇ ਜ਼ਮੀਨ ਲਈ ਸੰਘਰਸ਼ ਹੈ ਤਾਂ ਉਨ੍ਹਾਂ ਦੇ ਪਰਿਵਾਰ ਮੌਤ ਦੇ ਸਥਾਈ ਖ਼ਤਰੇ ਨੂੰ ਕਬੂਲ ਕਰ ਲੈਂਦੇ ਹਨ, ਉਸਨੇ ਕਿਹਾ। ਫਿਰ ਵੀ, ਉਹ ਅੰਤਮ ਸੰਸਕਾਰ ਦੀ ਆਸ ਕਰਦੇ ਹਨ, ਤਾਂ ਕਿ ਰੀਤੀ-ਰਿਵਾਜਾਂ ਅਨੁਸਾਰ ਉਨ੍ਹਾਂ ਨੂੰ ਅੰਤਮ ਵਿਦਾਇਗੀ ਦਿੱਤੀ ਜਾ ਸਕੇ ਅਤੇ ਆਪਣੇ ਪਿਆਰਿਆਂ ਨੂੰ ਪੁਰਖਿਆਂ ਦੇ ਕੋਲ ਦਫ਼ਨਾਇਆ ਜਾ ਸਕੇ। 'ਹੁਣ ਉਨ੍ਹਾਂ ਕੋਲ ਕੀ ਬਚੇਗਾ – ਟੁੱਟੀਆਂ ਹੋਈਆਂ ਯਾਦਾਂ ਅਤੇ ਇਹ ਚਿੰਤਾਜਨਕ ਸੋਚ ਕਿ ਉਨ੍ਹਾਂ ਨੇ ਕਿਸਦੀ ਲਾਸ਼ ਦਾ ਸੰਸਕਾਰ ਕੀਤਾ', ਇਹ ਗੱਲ ਉਸਨੇ ਉਸ ਸਮੇਂ ਕਹੀ ਜਦੋਂ ਉਸਨੇ ਭੈਰਮਗੜ੍ਹ ਵਿਚ ਅੱਧੀ ਰਾਤ ਨੂੰ ਅਡਮੇ ਨੂੰ ਉਸਦੇ ਪੁੱਤ ਦੀ ਲਾਸ਼ ਦਿਵਾ ਕੇ ਘਰ ਨੂੰ ਤੋਰਿਆ।

'ਲਾਸ਼ਾਂ ਇਸ ਤਰ੍ਹਾਂ ਦੇਣਾ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਕਾਨੂੰਨਾਂ ਦੀ ਸਿੱਧੀ ਉਲੰਘਣਾ ਹੈ, ਜਿਨ੍ਹਾਂ ਵਿਚ ਰਾਜ ਇਸ ਗੱਲ ਦਾ ਪਾਬੰਦ ਹੈ ਕਿ ਮਨੁੱਖੀ ਲਾਸ਼ਾਂ ਨੂੰ ਅਜਿਹੀ ਹਾਲਤ 'ਚ ਸਾਂਭਿਆ ਅਤੇ ਦਫ਼ਨਾਇਆ/ਦਾਹ ਸੰਸਕਾਰ ਕੀਤਾ ਜਾਵੇਗਾ ਜਿਸ ਨਾਲ ਮ੍ਰਿਤਕ ਦੇ ਮਾਣ-ਸਨਮਾਨ ਦੇ ਅਧਿਕਾਰ ਦੀ ਉਲੰਘਣਾ ਨਾ ਹੋਵੇ', ਇਹ ਕਹਿਣਾ ਦੰਤੇਵਾੜਾ ਤੋਂ ਮਨੁੱਖੀ ਅਧਿਕਾਰਾਂ ਦੀ ਵਕੀਲ ਅਤੇ ਲੇਖਿਕਾ ਬੇਲਾ ਭਾਟੀਆ ਦਾ ਸੀ ਜਿਸ ਦਾ ਪੂਰਾ ਦਿਨ ਪੁਲਿਸ ਥਾਣੇ ਅਤੇ ਹਸਪਤਾਲ ਦਰਮਿਆਨ ਗੇੜੇ ਮਾਰਦਿਆਂ ਬੀਤਿਆ ਤਾਂ ਕਿ ਉਹ ਲੋਕਾਂ ਆਪਣੇ ਪਿਆਰਿਆਂ ਦੀਆਂ ਲਾਸ਼ਾਂ ਲੈ ਕੇ ਜਾ ਸਕਣ 'ਚ ਮੱਦਦ ਕਰ ਸਕੇ।

**ਗੁੰਮਨਾਮ ਕਸ਼ਟ ਝੱਲਣ ਵਾਲੇ** : ਪਿਛਲੇ ਢਾਈ ਸਾਲਾਂ ਤੋਂ ਛੱਤੀਸਗੜ੍ਹ ਸਰਕਾਰ ਲਗਾਤਾਰ ਇਹ ਕਹਿੰਦੀ ਆ ਰਹੀ ਹੈ ਕਿ ਮਾਓਵਾਦੀਆਂ ਵਿਰੋਧੀ ਅਪਰੇਸ਼ਨਾਂ 'ਚ ਸੁਰੱਖਿਆ ਬਲਾਂ ਦੇ ਨੁਕਸਾਨ ਦੀ ਦਰ ਬਹੁਤ ਘੱਟ ਹੈ। ਪਰ "ਘੱਟ ਤੋਂ ਘੱਟ ਨੁਕਸਾਨ ਨਾਲ ਕਾਮਯਾਬੀ" ਦਾ ਇਹ ਬਿਰਤਾਂਤ 21 ਦਿਨ ਚੱਲੇ ਕਰੇਗੁੱਟ ਅਪਰੇਸ਼ਨ 'ਚ ਪਹਿਲੀ ਦਫ਼ਾ ਪਰਖਿਆ ਗਿਆ, ਜਦ ਸੁਰੱਖਿਆ ਬਲਾਂ ਦੀ ਸਿਹਤ ਦੀ ਹਾਲਤ ਅਤੇ ਸੱਟਾਂ ਨੂੰ ਲੈ ਕੇ ਅਕਸਰ ਆਪਾ-ਵਿਰੋਧੀ ਅਤੇ ਗੋਲ-ਮੋਲ ਰਿਪੋਰਟਾਂ ਸਾਹਮਣੇ ਆਈਆਂ।

ਮਾਓਵਾਦੀ ਦਸਤਿਆਂ ਵੱਲੋਂ ਵਿਛਾਏ ਆਈਈਡੀ (ਵਿਸਫੋਟਕਾਂ) ਨਾਲ ਜ਼ਖ਼ਮੀ ਹੋਣ ਦੀ ਗੱਲ ਨੂੰ ਸਰਕਾਰੀ ਬਿਆਨਾਂ ਵਿਚ 'ਮਾਮੂਲੀ ਸੱਟਾਂ' ਦੱਸਕੇ ਰੱਦ ਕੀਤਾ ਗਿਆ।

ਪਹਿਲੀ ਰਸਮੀਂ ਪੁਸ਼ਟੀ 6 ਮਈ ਨੂੰ ਪੁਲਿਸ ਦੇ ਇਕ ਪ੍ਰੈੱਸ ਬਿਆਨ ਵਿਚ ਹੋਈ, ਜਿਸ ਵਿਚ ਕਿਹਾ ਗਿਆ ਕਿ 'ਕੋਬਰਾ, ਐੱਸਟੀਐੱਫ ਅਤੇ ਡੀਆਰਜੀ ਦੇ ਕੁਝ ਜਵਾਨ ਅਪਰੇਸ਼ਨ ਵਿਚ ਜ਼ਖ਼ਮੀ ਹੋਏ', ਪਰ ਇਸ ਵਿਚ ਗਿਣਤੀ ਵੀ ਨਹੀਂ ਦੱਸੀ ਗਈ ਅਤੇ ਉਨ੍ਹਾਂ ਦੀ ਹਾਲਤ ਵੀ ਸਥਿਰ ਦੱਸੀ ਗਈ।

ਪਰ ਜੋ ਹਿੱਸਾ ਛੱਡ ਦਿੱਤਾ ਗਿਆ, ਉਹ ਬਹੁਤ ਕੁਝ ਕਹਿ ਦਿੰਦਾ ਹੈ। ਮਿਸਾਲ ਲਈ, ਉਸ ਕੋਬਰਾ ਜਵਾਨ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ ਜਿਸਦਾ ਪੈਰ 4 ਮਈ ਨੂੰ ਆਈਈਡੀ ਉੱਪਰ ਰੱਖਿਆ ਗਿਆ ਸੀ ਅਤੇ ਜਿਸ ਨੂੰ ਗੰਭੀਰ ਰੂਪ 'ਚ ਫੱਟੜ ਹਾਲਤ 'ਚ ਏਮਜ਼ ਦਿੱਲੀ ਭੇਜਿਆ ਗਿਆ, ਜਿੱਥੇ ਡਾਕਟਰਾਂ ਨੂੰ ਉਸਦਾ ਪੈਰ ਕੱਟਣਾ ਪਿਆ। ਨਾ ਹੀ ਉਨ੍ਹਾਂ ਬਹੁਤ ਸਾਰੀਆਂ ਮੀਡੀਆ ਰਿਪੋਰਟਾਂ ਦਾ ਜ਼ਿਕਰ ਕੀਤਾ ਗਿਆ ਜਿਨ੍ਹਾਂ ਵਿਚ ਐੱਸਟੀਐੱਫ ਅਤੇ ਡੀਆਰਜੀ ਦੇ ਜਵਾਨਾਂ ਨੂੰ ਕਈ ਗੰਭੀਰ ਸੱਟਾਂ ਲੱਗਣ ਦੀ ਗੱਲ ਕਹੀ ਗਈ ਸੀ।

ਸਿਰਫ਼ 14 ਮਈ ਦੀ ਪ੍ਰੈੱਸ ਕਾਨਫਰੰਸ ਵਿਚ, ਜਦ ਅਪਰੇਸ਼ਨ ਦੀ ਸਮਾਪਤੀ ਦਾ ਐਲਾਨ ਕੀਤਾ ਗਿਆ, ਓਦੋਂ ਸਿਖ਼ਰਲੇ ਅਧਿਕਾਰੀਆਂ ਨੇ ਪੁਸ਼ਟੀ ਕੀਤੀ ਕਿ ਕੋਬਰਾ, ਐੱਸਟੀਐੱਫ ਅਤੇ ਡੀਆਰਜੀ ਦੇ 18 ਜਵਾਨ ਫੱਟੜ ਹੋਏ ਹਨ, ਜ਼ਿਆਦਾਤਰ ਆਈਈਡੀ ਦੀ ਲਪੇਟ 'ਚ ਆਉਣ ਨਾਲ। ਬਿਆਨ ਵਿਚ ਇਹ ਵੀ ਕਿਹਾ ਗਿਆ ਕਿ ਸਾਰੇ 'ਹੁਣ ਖ਼ਤਰੇ ਤੋਂ ਬਾਹਰ ਹਨ ਅਤੇ ਉਨ੍ਹਾਂ ਦਾ ਬਿਹਤਰੀਨ ਇਲਾਜ ਹੋ ਰਿਹਾ ਹੈ।'

ਜਦ ਇਕ ਪੱਤਰਕਾਰ ਨੇ ਇਨ੍ਹਾਂ 18 ਜਵਾਨਾਂ ਨੂੰ ਲੱਗੀਆਂ ਸੱਟਾਂ ਦੀ ਗੰਭੀਰਤਾ ਬਾਰੇ ਪੁੱਛਿਆ ਤਾਂ ਛੱਤੀਸਗੜ੍ਹ ਦੇ ਡੀਜੀਪੀ ਨੇ ਕਿਹਾ, '..ਮੇਰੇ ਲਈ ਇਨ੍ਹਾਂ ਸੱਟਾਂ ਦੇ ਵੇਰਵੇ 'ਚ ਜਾਣਾ ਮੁਨਾਸਬ ਨਹੀਂ ਹੋਵੇਗਾ।'

**ਬਾਰੂਦੀ ਸੁਰੰਗਾਂ ਅਤੇ ਅਪਾਹਜ ਹੋਏ ਸਰੀਰ** : ਕਰੇਗੁੱਟਾ ਦੀਆਂ ਪਹਾੜੀਆਂ ਭੋਪਾਲਪਟਨਮ ਗ੍ਰੈਨਿਊਲਾਈਟ ਬੈਲਟ (ਬੀਜੀਬੀ) ਦਾ ਹਿੱਸਾ ਹਨ – ਖ਼ਾਸ ਭੂ-ਚਟਾਨੀ ਬਣਤਰ ਜੋ ਲੱਗਭੱਗ 300 ਕਿਲੋਮੀਟਰ ਲੰਮੀ ਅਤੇ 40 ਕਿਲੋਮੀਟਰ ਚੌੜੀ ਹੈ। ਇਹ ਪਹਾੜੀਆਂ ਛੱਤੀਸਗੜ੍ਹ ਦੇ ਬੀਜਾਪੁਰ ਅਤੇ ਤੇਲੰਗਾਨਾ ਦੇ ਮੁਲੁਗੂ ਜ਼ਿਲਿ ?ਆਂ ਨੂੰ ਵੰਡਦੀਆਂ ਹਨ। ਚੂਨਾ ਪੱਥਰ ਨਾਲ ਭਰਪੂਰ ਅਤੇ ਚੋਖੀ ਮਾਤਰਾ 'ਚ ਆਰਗੈਨਿਕ ਕਾਰਬਨ ਵਾਲੀਆਂ ਚਟਾਨਾਂ ਤੋਂ ਬਣਿਆ ਇਹ ਖੇਤਰ ਵਡਮੁੱਲੇ ਖਣਿਜਾਂ ਅਤੇ ਰਤਨਾਂ ਲਈ ਜਾਣਿਆ ਜਾਂਦਾ ਹੈ, ਜਿਨ੍ਹਾਂ ਵਿਚ ਗ੍ਰੇਨਾਈਟ ਅਤੇ ਕੋਰੰਡਮ ਸ਼ਾਮਲ ਹਨ, ਜੋ ਇਸ ਖੇਤਰ ਦੀ ਕੁਦਰਤੀ ਦੌਲਤ ਨੂੰ ਵਧਾਉਂਦੇ ਹਨ। ਧਰਤੀ ਉੱਪਰ ਜੀਵਨ ਦੀ ਉਤਪਤੀ ਨੂੰ ਸਮਝਣ ਲਈ ਇੱਥੇ ਜੋ ਮਹੱਤਵਪੂਰਨ ਸਬੂਤ ਮਿਲੇ ਉਨ੍ਹਾਂ ਵਿਚ ਉਡਣ ਵਾਲੇ ਜੀਵਾਂ ਸਮੇਤ ਰੀਂਗਣ ਵਾਲੇ ਜੀਵਾਂ ਅਤੇ ਡਾਇਨਾਸੋਰਾਂ ਦੀ ਹੋਂਦ ਦੇ ਸਬੂਤ ਸ਼ਾਮਲ ਹਨ, ਜੋ ਸਾਨੂੰ ਪੂਰਵ-ਇਤਿਹਾਸਕ ਜੀਵਨ ਅਤੇ ਧਰਤੀ ਦੇ ਵਿਕਾਸ-ਕ੍ਰਮ ਦੀ ਅਦਭੁੱਤ ਝਲਕ ਪੇਸ਼ ਕਰਦੇ ਹਨ। ਪਰ ਭੂ-ਵਿਗਿਆਨ ਤੋਂ ਵੀ ਅੱਗੇ, ਇਨ੍ਹਾਂ ਪਹਾੜੀਆਂ ਦਾ ਸੱਭਿਆਚਾਰਕ ਅਤੇ ਰੂਹਾਨੀ ਮਹੱਤਵ ਵੀ ਬਹੁਤ ਹੈ। ਪੀੜ੍ਹੀਆਂ ਤੋਂ ਆਦਿਵਾਸੀ ਭਾਈਚਾਰੇ ਇਨ੍ਹਾਂ ਪਹਾੜੀਆਂ ਦੇ ਬਿਲਕੁਲ ਵਸੇ ਹੋਏ ਹਨ ਜਿਨ੍ਹਾਂ ਦਾ ਜੀਵਨ ਜੰਗਲ ਨਾਲ ਬਹੁਤ ਡੂੰਘਾਈ 'ਚ ਜੁੜਿਆ ਹੋਇਆ ਹੈ।

ਅਕੀਦੇ ਅਤੇ ਜੀਵਨ-ਗੁਜ਼ਾਰੇ ਦੀ ਇਹ ਜੀਵਨ-ਰੇਖਾ ਹੁਣ ਤਿੱਖੇ ਟਕਰਾਅ ਨਾਲ ਗ੍ਰਹਿਣੀ ਗਈ ਹੈ। ਲੜਾਈ ਨੇ ਇਨ੍ਹਾਂ ਪਹਾੜੀਆਂ ਨੂੰ ਡੂੰਘੇ ਜ਼ਖ਼ਮ ਦਿੱਤੇ ਹਨ। ਇੱਥੋਂ ਦੇ ਕਈ ਬਾਸ਼ਿੰਦੇ ਹੁਣ ਕੱਟੇ ਹੋਏ ਅੰਗਾਂ, ਜ਼ਖ਼ਮਾਂ ਅਤੇ ਮਾਨਸਿਕ ਸਦਮੇ ਨਾਲ ਜੀਅ ਰਹੇ ਹਨ – ਉਨ੍ਹਾਂ ਦਾ ਭਵਿੱਖ ਹਿੰਸਾ ਅਤੇ ਅਸੁਰੱਖਿਆ 'ਚ ਘਿਰਿਆ ਹੋਇਆ ਹੈ।

'ਇਹ ਪਹਾੜੀਆਂ ਸਾਡੀ ਜੀਵਨ-ਰੇਖਾ ਹਨ', ਇਹ ਕਹਿਣਾ ਸੂਰੀਆ ਦਾ ਹੈ ਜੋ ਤੇਲੰਗਾਨਾ ਦੇ ਮੁਲੁਗੂ ਜ਼ਿਲ੍ਹੇ ਦੇ ਲਕਸ਼ਮੀਪੁਰ ਪਿੰਡ ਦਾ ਵਾਸੀ ਹੈ। ਭੱਠ ਵਾਂਗ ਤਪਦੀਆਂ ਗਰਮੀਆਂ 'ਚ ਤੇਂਦੂ ਪੱਤਾ ਤੋੜਨ ਤੋਂ ਲੈ ਕੇ ਮਾਨਸੂਨ ਤੋਂ ਬਾਅਦ ਬਾਂਸ ਦੀ ਕਟਾਈ ਤੱਕ, ਇਹ ਜੰਗਲ ਪੂਰਾ ਸਾਲ ਪਰਿਵਾਰਾਂ ਨੂੰ ਮੌਸਮੀ ਆਮਦਨ ਦਿੰਦੇ ਹਨ ਜਿਨ੍ਹਾਂ ਨਾਲ ਉਨ੍ਹਾਂ ਬਹੁਤ ਸਾਰੇ ਆਦਿਵਾਸੀਆਂ ਦਾ ਗੁਜ਼ਾਰਾ ਚੱਲਦਾ ਹੈ। ਪਹਾੜੀਆਂ ਦੇ ਪੈਰਾਂ ਵਿਚਲੇ ਜੰਗਲ ਬਾਂਸ ਦੀਆਂ ਕਰੂੰਬਲਾਂ ਅਤੇ ਹੋਰ ਜੰਗਲੀ ਉਪਜਾਂ ਦੇ ਰੂਪ 'ਚ ਰੋਜ਼-ਮਰਾ ਜ਼ਿੰਦਗੀ ਲਈ ਪੌਸ਼ਟਿਕ ਭੋਜਨ ਦਿੰਦੇ ਹਨ।




ਵੀ.ਆਰ.ਕੇ. ਪੁਰਮ ਦੀ ਦਾਰਾ ਸੁਨੀਤਾ, ਜੋ ਪਿਛੜੀ ਜਾਤੀ ਭਾਈਚਾਰੇ ਵਾਡਾਬਲਿਜਾ ਚੋਂ ਹੈ, ਵਰਗਿਆਂ ਲਈ ਇਹ ਪਹਾੜੀਆਂ ਪਵਿੱਤਰ ਹਨ। ਹਰ ਸਾਲ ਮਈ 'ਚ ਪਿੰਡ ਵਾਸੀ ਪਹਾੜੀ ਚੋਟੀ 'ਤੇ ਬਣੇ ਬੋਡਮ ਮੱਲਾਣਾ ਮੰਦਰ ਦੇ ਦਰਸ਼ਨਾਂ ਲਈ ਜਾਂਦੇ ਹਨ। ਤਕਰੀਬਨ ਹਰ ਚੋਟੀ 'ਤੇ ਇਕ ਦੇਵਤਾ ਹੈ ਜੋ ਮੇਲਿਆਂ ਅਤੇ ਧਾਰਮਿਕ ਆਯੋਜਨਾਂ ਜ਼ਰੀਏ ਲੋਕਾਂ ਨੂੰ ਉਨ੍ਹਾਂ ਦੀ ਜ਼ਮੀਨ ਨਾਲ ਜੋੜੀ ਰੱਖਦਾ ਹੈ।

13 ਜੂਨ 2024 ਨੂੰ, 32 ਸਾਲ ਸੁਨੀਤਾ ਆਪਣੇ ਪਿੰਡ ਦੇ 130 ਲੋਕਾਂ ਨਾਲ ਕਰੇਗੁੱਟਾ ਪਹਾੜੀਆਂ 'ਤੇ ਬਣੇ ਇਸ ਮੰਦਰ ਦੇ ਦਰਸ਼ਨਾਂ ਲਈ ਸਾਲਾਨਾ ਤੀਰਥ ਯਾਤਰਾ 'ਤੇ ਗਈ। ਦੋ ਬੱਚਿਆਂ ਦੀ ਮਾਂ ਲੰਮੇ ਸਮੇਂ ਤੋਂ ਤੀਰਥ ਯਾਤਰਾ ਕਰਨਾ ਚਾਹੁੰਦੀ ਸੀ। ਉਹ ਕਹਿੰਦੀ ਹੈ, "ਵਿਆਹ ਤੋਂ ਪਹਿਲਾਂ ਮੈਂ ਸਿਰਫ਼ ਇਕ ਵਾਰ ਮੰਦਰ ਦੇ ਦਰਸ਼ਨਾਂ ਲਈ ਗਈ ਸੀ।

ਪਰ ਪਹਾੜ ਚੜ੍ਹਦੇ ਸਮੇਂ ਕਿਸੇ ਥਾਂ ਸੁਨੀਤਾ ਦਾ ਪੈਰ ਮਾਓਵਾਦੀਆਂ ਵੱਲੋਂ ਲਗਾਏ ਆਈਈਡੀ ਉੱਪਰ ਰੱਖਿਆ ਗਿਆ – ਉਹ ਵਿਸਫੋਟ ਹੋ ਗਿਆ ਜੋ ਸੁਰੱਖਿਆ ਬਲਾਂ ਨੂੰ ਰੋਕਣ ਲਈ ਲਗਾਇਆ ਗਿਆ ਸੀ। ਉਸਦਾ ਖੱਬਾ ਪੈਰ ਫੀਤਾ-ਫੀਤਾ ਹੋ ਗਿਆ।

ਉਸਦੇ ਪਤੀ ਨੇ ਲਹੂ ਨਾਲ ਲੱਥਪੱਥ ਅਤੇ ਨੀਮ-ਬੇਹੋਸ਼ੀ ਦੀ ਹਾਲਤ 'ਚ ਉਸਨੂੰ 10 ਕਿਲੋਮੀਟਰ ਹੇਠਾਂ ਪਿੰਡ ਤੱਕ ਪਹੁੰਚਾਇਆ। 'ਹਰ ਕਦਮ ਭਿਆਨਕ ਸੀ', ਇਕ ਗੁਆਂਢੀ ਨੇ ਦੱਸਿਆ। ਜਦ ਉਹ ਪਾਮੁਨੂਰੂ ਪਿੰਡ 'ਚ ਪਹੁੰਚੇ, ਓਦੋਂ ਤੱਕ ਹਨੇਰਾ ਹੋ ਚੁੱਕਾ ਸੀ। ਉਸ ਨੂੰ ਸਥਾਨਕ ਸਿਹਤ ਕੇਂਦਰ 'ਚ ਲਿਜਾਇਆ ਗਿਆ, ਅਤੇ ਉੱਥੋਂ ਭਦਰਾਚਲਮ ਹਸਪਤਾਲ, ਜਿੱਥੇ ਡਾਕਟਰਾਂ ਨੇ ਉਸ ਦਾ ਪੈਰ ਗਿੱਟੇ ਤੱਕ ਕੱਟ ਦਿੱਤਾ।

ਜਿਵੇਂ ਉਹ ਕਹਿੰਦੇ ਹਨ, ਵਿਸ਼ਵਾਸ ਖ਼ਤਰੇ 'ਤੇ ਭਾਰੂ ਹੋ ਗਿਆ। ਇਸ ਤ੍ਰਾਸਦੀ ਦੇ ਬਾਵਜੂਦ, ਇਸ ਸਾਲ ਗਿਣਤੀ ਤਾਂ ਘਟੀ, ਫਿਰ ਵੀ ਲੱਗਭੱਗ 30 ਪਿੰਡ ਵਾਸੀਆਂ ਨੇ ਤੀਰਥ ਯਾਤਰਾ ਕੀਤੀ। 'ਚੰਗੇ ਭਾਗਾਂ ਨੂੰ ਕੋਈ ਵਿਸਫੋਟ ਨਹੀਂ ਹੋਇਆ। ਦੇਵੀ ਨੇ ਸਾਡੀ ਰੱਖਿਆ ਕੀਤੀ', ਇਕ ਗੁਆਂਢਣ ਨੇ ਹੱਥ ਜੋੜਕੇ ਅਕਾਸ਼ ਵੱਲ ਦੇਖਦੇ ਹੋਏ ਕਿਹਾ।

ਪਰ ਕੁਝ ਹੋਰਾਂ ਨੂੰ ਇਹ ਰੱਖਿਆ ਨਸੀਬ ਨਹੀਂ ਹੋਈ। 5 ਜਨਵਰੀ ਨੂੰ ਅਨਾਕਨਾਗੁਡੇਮ ਪਿੰਡ ਦੇ ਕੋਇਆ ਆਦਿਵਾਸੀ ਬੇਗਲੂ ਨਵੀਨ, ਕਰੇਗੁੱਟਾ ਪਹਾੜੀਆਂ 'ਚ ਵੀਰਭੱਦਰਪੁਰਮ ਗੁੱਟਾ ਕੋਲ ਬਾਂਸ ਦੀ ਕਟਾਈ ਕਰਦੇ ਸਮੇਂ ਆਈਈਡੀ ਦੀ ਲਪੇਟ 'ਚ ਆ ਕੇ ਫੱਟੜ ਹੋ ਗਿਆ।

'ਮੈਂ ਸਭ ਤੋਂ ਪਿੱਛੇ ਚੱਲ ਰਿਹਾ ਸੀ। ਧਮਾਕਾ ਹੋਇਆ ਅਤੇ ਮੈਂ ਉੱਥੇ ਹੀ ਢਹਿ ਪਿਆ', ਨਵੀਨ ਨੇ ਦੱਸਿਆ ਜੋ ਹੁਣ ਲੰਗੜਾ ਕੇ ਤੁਰਦਾ ਹੈ ਅਤੇ ਜਿਸਦੇ ਪੈਰ ਉੱਪਰ ਅਜੇ ਵੀ ਛੱਰੇ ਦੇ ਕਾਲੇ ਨਿਸ਼ਾਨ ਹਨ। ਉਸ ਦੇ ਦੋਸਤਾਂ ਨੇ ਉਸ ਨੂੰ ਪਿੰਡ ਪਹੁੰਚਾਇਆ। ਇਕ ਮਹੀਨਾ ਭੱਦਰਾਚਲਮ ਹਸਪਤਾਲ ਵਿਚ ਦਾਖ਼ਲ ਰਹਿਣ ਤੋਂ ਬਾਅਦ ਡਾਕਟਰਾਂ ਨੇ ਉਸ ਨੂੰ ਛੇ ਮਹੀਨੇ ਅਰਾਮ ਕਰਨ ਲਈ ਕਿਹਾ। 'ਇਸ ਸੀਜ਼ਨ ਦਾ ਕੰਮ ਹੱਥੋਂ ਨਿਕਲ ਗਿਆ', ਉਸ ਨੇ ਕਿਹਾ। ਕਿੱਤੇ ਪੱਖੋਂ ਰਾਜ ਮਿਸਤਰੀ ਨਵੀਨ ਹੁਣ ਸਿਰਫ਼ ਕਬਾਇਲੀ ਰਾਹਤ ਕੋਸ਼ ਚੋਂ ਮਿਲੇ 25000 ਰੁਪਏ ਉੱਪਰ ਨਿਰਭਰ ਹੈ, ਜਦਕਿ ਵਾਅਦਾ ਕੀਤੀ ਤਿੰਨ ਲੱਖ ਰੁਪਏ ਦੀ ਸਹਾਇਤਾ ਰਾਸ਼ੀ ਸਰਕਾਰੀ ਨੌਕਰਸ਼ਾਹ ਪ੍ਰਕਿਰਿਆ 'ਚ ਫਸੀ ਹੋਈ ਹੈ।

ਨਵੀਨ ਦੇ ਫੱਟੜ ਹੋਣ ਤੋਂ ਦੋ ਮਹੀਨੇ ਬਾਅਦ, ਉਨ੍ਹਾਂ ਦੇ ਪਿੰਡ ਦਾ ਬੋਗਲਾ ਕਿ ?ਸ਼ਨਾ ਵੀ ਬਾਂਸ ਦੀ ਭਾਲ 'ਚ ਉਸੇ ਪਹਾੜੀ 'ਤੇ ਚਲਾ ਗਿਆ। ਖ਼ਤਰਿਆਂ ਤੋਂ ਅੱਖਾਂ ਮੀਟਕੇ ਪਤਨੀ ਅਤੇ ਤਿੰਨ ਧੀਆਂ ਦੀ ਖ਼ਾਤਰ ਰੋਟੀ-ਰੋਜ਼ੀ ਦਾ ਜੁਗਾੜ ਕਰਨਾ ਜ਼ਰੂਰੀ ਸੀ। ਪਿੰਡ ਦੇ ਤਿੰਨ ਹੋਰ ਜਣਿਆਂ ਨਾਲ ਉਸਨੇ 10 ਕਿਲੋਮੀਟਰ ਪਹਾੜੀ ਪੈਂਡਾ ਤੈਅ ਕੀਤਾ। ਉੱਥੋਂ ਦਾ ਬਾਂਸ ਚੰਗੇ ਭਾਅ ਵਿਕ ਜਾਂਦਾ ਸੀ, ਅਤੇ ਸੀਜ਼ਨ ਵੀ ਖ਼ਤਮ ਹੋਣ ਵਾਲਾ ਸੀ। ਮਾਨਸੂਨ ਤੋਂ ਪਹਿਲਾਂ ਪਹਿਲਾਂ ਉਨ੍ਹਾਂ ਲਈ ਬਾਂਸ ਕੱਟਣਾ ਅਤੇ ਬੁਣਾਈ ਦਾ ਕੰਮ ਕਰਨਾ ਜ਼ਰੂਰੀ ਸੀ। ਪਰ ਉਹ ਵੀ ਆਈਈਡੀ ਦੀ ਲਪੇਟ 'ਚ ਆ ਗਿਆ – ਉਸਦੀ ਪੂਰੀ ਖੱਬੀ ਲੱਤ ਕੱਟੀ ਗਈ।

ਮੁਲੁਗੂ ਜ਼ਿਲ੍ਹੇ ਦੇ ਐੱਸ.ਪੀ. ਦਫ਼ਤਰ ਵੱਲੋਂ ਦਿੱਤੇ ਅੰਕੜਿਆਂ ਅਨੁਸਾਰ ਪਿਛਲੇ ਦੋ ਸਾਲਾਂ 'ਚ ਛੇ ਲੋਕ ਇਸ ਤਰ੍ਹਾਂ ਫੱਟੜ ਹੋਏ ਹਨ – 2024 'ਚ ਚਾਰ ਅਤੇ 2025 'ਚ ਦੋ – ਜਦਕਿ ਤਿੰਨ ਲੋਕਾਂ ਦੀ ਜਾਨ ਚਲੀ ਗਈ।

ਪਰ ਇਹ ਸਰਕਾਰੀ ਅੰਕੜੇ ਪੂਰੀ ਸਚਾਈ ਪੇਸ਼ ਨਹੀਂ ਕਰਦੇ। ਉੱਥੇ ਲਾਗੇ ਹੀ ਰਹਿਣ ਵਾਲਾ ਇਕ ਨਾਬਾਲਗ ਬੱਚਾ, ਜੋ ਅਜਿਹੇ ਹੀ ਵਿਸਫੋਟ ਦੌਰਾਨ ਬਚ ਗਿਆ, ਹੁਣ ਆਪਣੇ ਚਾਚੇ ਦੇ ਮੁੰਡੇ ਕੋਲ ਲੁਕਕੇ ਰਹਿੰਦਾ ਹੈ ਅਤੇ ਕਿਸੇ ਨਾਲ ਗੱਲ ਨਹੀਂ ਕਰਨਾ ਚਾਹੁੰਦਾ। ਇਕ ਔਰਤ ਨੇ ਦੱਸਿਆ, 'ਉਹ ਦੋਹਾਂ ਧਿਰਾਂ ਤੋਂ ਡਰਦਾ ਹੈ। ਜੇ ਪੁਲਿਸ ਨੂੰ ਪਤਾ ਲੱਗ ਗਿਆ ਤਾਂ ਉਹ ਫੜਕੇ ਲੈ ਜਾਣਗੇ। ਜੇ ਮਾਓਵਾਦੀਆਂ ਨੂੰ ਪਤਾ ਲੱਗ ਗਿਆ ਕਿ ਉਹ ਕੁਝ ਬੋਲਿਆ ਹੈ ਤਾਂ ਉਹ ਬਦਲਾ ਲੈਣਗੇ।' ਜਦ ਇਸ ਪੱਤਰਕਾਰ ਨੇ ਪੁੱਛਿਆ, 'ਕੀ ਤੇਰੇ ਵਰਗੇ ਹੋਰ ਵੀ ਹਨ?' ਤਾਂ ਉਸਨੇ ਬਸ ਮੋਢੇ ਹਿਲਾ ਕੇ ਸਾਰ ਦਿੱਤਾ।

**ਮਾਓਵਾਦੀਆਂ ਦੀ ਚੇਤਾਵਨੀ** : ਕਰੇਗੁੱਟਾ ਅਪਰੇਸ਼ਨ ਸ਼ੁਰੂ ਹੋਣ ਤੋਂ ਦੋ ਹਫ਼ਤੇ ਪਹਿਲਾਂ, ਮਾਓਵਾਦੀਆਂ ਨੇ ਤੇਲਗੂ ਵਿਚ ਇਕ ਪਰਚਾ ਵੱਟਸਐਪ ਗਰੁੱਪਾਂ ਵਿਚ ਪਾਇਆ, ਜਿਸ ਵਿਚ ਉਹਨਾਂ ਨੇ ਚੇਤਾਵਨੀ ਦਿੱਤੀ ਕਿ ਉਹਨਾਂ ਨੇ 'ਆਪਣੀ ਰੱਖਿਆ ਲਈ ਵਿਸਫੋਟਕ ਲਗਾਏ ਹਨ'। ਪਰਚੇ ਵਿਚ ਇਹ ਵੀ ਕਿਹਾ ਗਿਆ ਕਿ ਪਾਰਟੀ ਨੇ ਪਿੰਡਾਂ ਦੇ ਲੋਕਾਂ ਨੂੰ ਕਈ ਤਰੀਕਿਆਂ ਨਾਲ ਇਨ੍ਹਾਂ ਵਿਸਫੋਟਕਾਂ ਬਾਰੇ ਚੇਤਾਵਨੀ ਦਿੱਤੀ ਸੀ, ਪਰ ਪੁਲਿਸ ਦੀਆਂ ਚਾਲਾਂ ਵਿਚ ਫਸ ਕੇ ਕਈ ਆਦਿਵਾਸੀ ਅਤੇ ਗ਼ੈਰ-ਆਦਿਵਾਸੀ ਇਨ੍ਹਾਂ ਵਿਸਫੋਟਾਂ ਦਾ ਸ਼ਿਕਾਰ ਹੋ ਰਹੇ ਹਨ, ਜਿਨ੍ਹਾਂ ਨੂੰ ਲਾਲਚ ਦੇ ਕੇ ਪਹਾੜੀਆਂ 'ਤੇ ਭੇਜਿਆ ਜਾਂਦਾ ਹੈ। 'ਅਸੀਂ ਜਨਤਾ ਨੂੰ ਅਪੀਲ ਕਰਦੇ ਹਾਂ ਕਿ ਉਹ ਪੁਲਿਸ ਦੇ ਝਾਂਸੇ ਵਿਚ ਨਾ ਆਉਣ ਅਤੇ ਕਰੇਗੁੱਟਾ ਨਾ ਜਾਣ', ਪਰਚਾ ਮਾਓਵਾਦੀ ਪਾਰਟੀ ਦੇ ਵੈਂਕਟਾਪੁਰਾ-ਵਾਜਿਦੂ ਏਰੀਆ ਕਮੇਟੀ ਦੇ ਸਕੱਤਰ ਸ਼ਾਂਤਾ ਦੇ ਦਸਖ਼ਤਾਂ ਹੇਠ ਜਾਰੀ ਕੀਤਾ ਗਿਆ ਸੀ।

ਪਰ ਇਹ ਰਸਮੀ ਚੇਤਾਵਨੀ ਬਹੁਤ ਦੇਰ ਨਾਲ ਪਹੁੰਚੀ ਅਤੇ ਇਸ ਦੇਰੀ ਦਾ ਮੁੱਲ ਤਾਰਨਾ ਪਿਆ। ਕਈ ਲੋਕਾਂ ਨੂੰ ਆਪਣੀ ਜਾਨ ਅਤੇ ਅੰਗ ਗੁਆਉਣੇ ਪਏ। ਦੋ ਹਫ਼ਤੇ ਬਾਅਦ, ਇਨ੍ਹਾਂ ਪਹਾੜੀਆਂ ਨੂੰ ਛੱਤੀਸਗੜ੍ਹ ਅਤੇ ਤੇਲੰਗਾਨਾ ਦੋਹਾਂ ਪਾਸਿਆਂ ਤੋਂ ਕੇਂਦਰੀ ਨੀਮ-ਫ਼ੌਜੀ ਬਲਾਂ ਨੇ ਘੇਰਾ ਪਾ ਲਿਆ।

ਅਤੇ ਇਸ ਤਰ੍ਹਾਂ ਸ਼ੁਰੂ ਹੋਇਆ ਕਰੇਗੁੱਟਾ ਪਹਾੜੀਆਂ ਦਾ 21 ਰੋਜ਼ਾ ਅਪਰੇਸ਼ਨ।

**ਸਿੱਟਾ**: ਮਾਓਵਾਦੀ ਪਾਰਟੀ ਮਾਰਚ 28 ਤੋਂ ਲੈ ਕੇ ਚਾਰ ਮਹੀਨਿਆਂ ਵਿਚ 6 ਚਿੱਠੀਆਂ ਜਾਰੀ ਕਰਕੇ ਸ਼ਾਂਤੀ ਗੱਲਬਾਤ ਕਰਨ ਦੀ ਪੇਸ਼ਕਸ਼ ਕਰ ਚੁੱਕੀ ਹੈ, ਫਿਰ ਵੀ ਕਰੇਗੁੱਟਾ ਅਪਰੇਸ਼ਨ ਵਿੱਢ ਦਿੱਤਾ ਗਿਆ। ਇਹਨਾਂ ਚਿੱਠੀਆਂ ਵਿਚ ਪਹਿਲੀ ਜੁਲਾਈ ਨੂੰ ਤੇਲੰਗਾਨਾ ਦੀ ਕਾਂਗਰਸ ਸਰਕਾਰ ਨੂੰ ਮੁਖ਼ਾਤਬ ਅਪੀਲ ਵੀ ਸ਼ਾਮਲ ਹੈ, ਜਿਸ ਵਿਚ ਮਾਓਵਾਦੀਆਂ ਵੱਲੋਂ ਯੁੱਧਬੰਦੀ ਦੀ ਮੰਗ ਕੀਤੀ ਗਈ ਸੀ ਤਾਂ ਜੋ ਗੱਲਬਾਤ ਸੰਭਵ ਹੋ ਸਕੇ। ਅਪੀਲ ਵਿਚ ਤੇਲੰਗਾਨਾ ਕਾਂਗਰਸ ਦੇ ਪ੍ਰਧਾਨ ਮਹੇਸ਼ ਕੁਮਾਰ ਗੌੜ ਦੇ ਬਿਆਨ ਦਾ ਸਵਾਗਤ ਕੀਤਾ ਗਿਆ, ਜਿਸ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਨਿੰਦਾ ਕੀਤੀ ਸੀ ਕਿ ਸਰਕਾਰ ਪਾਕਿਸਤਾਨ ਨਾਲ ਤਾਂ ਯੁੱਧਬੰਦੀ ਕਰ ਸਕਦੀ ਹੈ ਪਰ ਆਪਣੇ ਹੀ ਆਦਿਵਾਸੀ ਨਾਗਰਿਕਾਂ ਨਾਲ ਗੱਲਬਾਤ ਕਰਨ ਤੋਂ ਇਨਕਾਰੀ ਹੈ।

ਪਰ ਛੱਤੀਸਗੜ੍ਹ ਅਤੇ ਕੇਂਦਰ ਦੋਹਾਂ ਸਰਕਾਰ ਨੇ ਸ਼ਰਤ ਰੱਖੀ ਕਿ ਪਹਿਲਾਂ ਮਾਓਵਾਦੀ ਹਥਿਆਰ ਸੁੱਟਣ, ਅਤੇ ਉਨ੍ਹਾਂ ਨੇ ਅਪਰੇਸ਼ਨ ਰੋਕਣ ਤੋਂ ਇਨਕਾਰ ਕਰ ਦਿੱਤਾ। ਪਿਛਲੇ 18 ਮਹੀਨਿਆਂ ਵਿਚ 415 ਕਥਿਤ ਮਾਓਵਾਦੀ, ਜਿਨ੍ਹਾਂ ਵਿਚ ਜ਼ਿਆਦਾਤਰ ਨੌਜਵਾਨ ਆਦਿਵਾਸੀ ਸਨ, ਅਤੇ 39 ਸੁਰੱਖਿਆ ਬਲਾਂ ਦੇ ਜਵਾਨ ਮਾਰੇ ਗਏ ਹਨ ਜੋ ਇਸੇ ਆਦਿਵਾਸੀ ਭਾਈਚਾਰੇ 'ਚੋਂ ਸਨ। ਬਸਤਰ ਵਿਚ ਮਾਓਵਾਦੀਆਂ ਵੱਲੋਂ ਕਥਿਤ ਰੂਪ 'ਚ ਪੁਲਿਸ ਦੀ ਮੱਦਦ ਕਰਨ ਦੇ ਇਲਜ਼ਾਮ ਵਿਚ ਕਈ ਆਮ ਨਾਗਰਿਕ ਵੀ ਮਾਰ ਦਿੱਤੇ ਗਏ – 22 ਇਸ ਸਾਲ ਮਾਰੇ ਗਏ ਜਦਕਿ 71 ਪਿਛਲੇ ਸਾਲ ਮਾਰੇ ਗਏ ਸਨ।

(ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ)


www.malwatires.ca
MALWA
TIRES & SERVICES LTD
UNIT - JK 8616 44 STREET
SE CALGARY, AB
Truck and Trailer Alignments
Wheel Balance
New and used Truck and Trailer Tires
Change overs, Rotations and Flat Repairs
FOR MORE INFO, CALL
403-899-1985
MOBILE
24/7 SERVICE
services@malwatires.com

# ਐਸੋਸੀਏਸ਼ਨ ਆਫ ਸੀਨੀਅਰਜ਼ ਕਲੱਬਜ਼ ਬਰੈਂਪਟਨ ਵੱਲੋਂ 9 ਅਗਸਤ ਦਿਨ ਸ਼ਨਿਚਰਵਾਰ ਨੂੰ ਕਨੇਡਾ ਡੇਅ ਤੇ ਮਲਟੀਕਲਚਰਲ ਫੈਸਟੀਵਲ ਮਨਾਉਣ ਦਾ ਫੈਸਲਾ

Pro-People Arts Project Media Group
ਸਰੋਕਾਰਾਂ ਦੀ ਆਵਾਜ਼
Voice of Social Concerns
Email: ppapmg@gmail.com
Website: www.ppapmg.com





## ਵਲੋਂ ਅਗਾਂਹਵਧੂ ਕਿਤਾਬਾਂ ਦਾ ਸਟਾਲ ਲਗਾਇਆ ਜਾਵੇਗਾ




**ਮਹਿੰਦਰ ਸਿੰਘ ਮੋਹੀ**

ਕੈਨੇਡਾ ਦੀ ਲੰਬੀ, ਅਕਾਉ ਸਰਦ ਰੁੱਤ ਤੋਂ ਬਾਅਦ ਬਸੰਤ ਬਹਾਰ ਤੇ ਗਰਮੀਆਂ ਦੇ ਮੌਸਮ ਦੇ ਸ਼ੁਰੂ ਹੁੰਦਿਆ ਹੀ, ਬਰਫ ਤੇ ਠੰਡ ਨਾਲ ਝੰਬੇ, ਵੀਰਾਨ ਖੜੇ ਰੁੱਖਾਂ ਦੀਆਂ ਟਾਹਣੀਆਂ, ਨਵੀਂਆਂ ਨਿਕਲ ਰਹੀਆਂ ਕਰੂਬਲਾ ਤੇ ਫੁਲ ਪਤਿਆਂ ਨਾਲ ਭਰਨ ਲੱਗ ਜਾਂਦੀਆਂ ਹਨ। ਦਿਨਾਂ ਵਿੱਚ ਹੀ ਚਾਰੇ ਪਾਸੇ ਸੂਰਜ ਦੀ ਤਪਸ਼ ਨਾਲ ਕਮਿਊਨਿਟੀ ਪਾਰਕ ਤੇ ਵੱਡੇ ਵੱਡੇ ਮੀਲਾਂ ਤਕ ਫੈਲੇ ਕਣਕ, ਮੱਕੀ ਤੇ ਸਬਜ਼ੀਆਂ ਦੇ ਫਾਰਮਾਂ ਤੇ ਹਰਿਆਲੀ ਆਉਣ ਲਗਦੀ ਹੈ। ਨਾਲ ਹੀ ਮਹੀਨਿਆਂ ਵਧੀ ਸਰਦੀਆਂ ਦੇ ਸਖਤ ਮੌਸਮ ਦੀ ਮਾਰ ਨਾਲ ਠਰੇ ਹੋਏ ਮਨੁੱਖੀ ਮਨ ਵੀ ਮੁੜ ਖਿੜ ਉਠਦੇ ਨੇ। ਸਿਹਤਮੰਦ ਜ਼ਿੰਦਗੀ ਜਿਉਣ ਲਈ ਤਹਿ ਕੀਤੇ ਲਾਈਫ ਸਟਾਈਲ ਤੇ ਅਮਲ ਕਰਨ ਵਾਲੇ ਸੀਨੀਅਰਜ਼ ਸਵੇਰ ਦੀ ਸੈਰ ਤੇ ਹਸਦੇ, ਮੁਸਕਰਾਹਟਾਂ ਵੰਡਦੇ, ਲੰਮੀਆਂ ਪੁਲਾਂਘਾਂ ਪੁੱਟਣ ਲਗਦੇ ਨੇ। ਹਰ ਕਮਿਊਨਟੀ ਪਾਰਕ ਵਿੱਚ ਸੀਨੀਅਰਜ਼, ਔਰਤਾਂ ਤੇ ਬਚਿਆਂ ਦੀ ਭਰਪੂਰ ਆਮਦ ਨਾਲ ਜਿੰਦਗੀ ਮੁੜ ਧੜਕਣ ਲਗਦੀ ਹੈ।ਨਾਲ ਹੀ ਨਿਰੰਤਰ ਸ਼ੁਰੂ ਹੋ ਜਾਂਦੇ ਨੇ, ਗੀਤ ਸੰਗੀਤ ਦੀਆਂ ਧੁਨਾਂ ਤੇ ਲੰਮੀਆਂ ਹੇਕਾਂ ਵਾਲੇ ਪੰਜਾਬੀ ਗਾਇਕਾਂ ਦੇ ਸੁਰੀਲੇ ਬੋਲ ਤੇ ਭਗੜੇ, ਗਿੱਧੇ ਦੀਆਂ ਧਮਕਾਂ। ਪੰਜਾਬ ਦੀਆ ਗੇੜੀਆਂ ਤੋਂ ਵਾਪਸ ਆ ਚੂਕੇ ਸੀਨੀਅਰਜ਼ ਵੀ ਆਪੋ ਅਪਣੇ ਪਾਰਕਾਂ ਵਿਚ ਮੁੜ ਸਰਗਰਮ ਹੁੰਦਿਆ ਸਭ ਤੋਂ ਪਹਿਲਾਂ ਵਿਸਾਖੀ ਦੇ ਮੇਲੇ ਨੂੰ ਰਲ ਕੇ ਮਨਾਉਂਦੇ ਹਨ। ਇਸ ਦੇ ਨਾਲ ਹੀ ਉਹ ਬਰੈਂਪਟਨ ਵਿੱਚ ਲਗਭਗ ਸਾਰੀਆਂ ਸੀਨੀਅਰ ਕਲੱਬਾਂ 'ਚ ਆਪਸੀ ਸਾਂਝ ਤੇ ਤਾਲਮੇਲ ਰੱਖਣ ਲਈ ਤੇ ਉਹਨਾਂ ਦੇ ਹਿੱਤਾ ਨੂੰ ਪ੍ਰਮੋਟ ਕਰਨ ਲਈ ਬਣੀ ਹੋਈ ਐਸੋਸੀਏਸ਼ਨ ਆਫ ਸੀਨੀਅਰਜ਼ ਕਲੱਬਜ਼ ਦੀਆ ਲਗਾਤਾਰ ਚਲਣ ਵਾਲੀਆਂ ਗਤੀਵਿਧੀਆ ਨਾਲ ਜੁੜ ਜਾਂਦੇ ਹਨ। ਉਹ ਐਸੋਸੀਏਸ਼ਨ ਵਲੋਂ ਉਲੀਕੇ ਜਾਂਦੇ ਹਰ ਫੰਕਸ਼ਨ ਵਿੱਚ ਖੁਭ ਕੇ ਹਿੱਸਾ ਲੈਣ ਲਗਦੇ ਹਨ। ਇਸੇ ਸਬੰਧ ਵਿੱਚ ਬਰੈਂਪਟਨ ਦੀਆਂ ਸਾਰੀਆਂ ਸਰਗਰਮ ਸੀਨੀਅਰ ਕਲੱਬਾਂ ਦੇ ਸਹਿਯੋਗ ਨਾਲ ਪ੍ਰਧਾਨ ਜੰਗੀਰ ਸਿੰਘ ਸੈਬੀਂ ਤੇ ਅਗਜ਼ੈਕਟਿਵ ਕਮੇਟੀ ਦੀ ਅਗਵਾਈ ਵਿੱਚ, ਐਸੋਸੀਏਸ਼ਨ ਆਫ ਸੀਨੀਅਰਜ ਕਲੱਬਜ ਬਰੈਂਪਟਨ ਵਲੋਂ 9 ਅਗਸਤ ਦਿਨ ਸਨਿਚਰਵਾਰ ਨੂੰ ਮਲਟੀਕਲਚਰਲ ਫੈਸਟੀਵਲ ਤੇ ਕਨੇਡਾ ਡੇਅ ਮਨਾਉਣ ਦਾ ਫੈਸਲਾ ਕੀਤਾ ਗਿਆ ਹੈ। ਇਹ ਫੈਸਟੀਵਲ ਸੇਵ ਮੈਕਸ ਸੋਕਰ ਸੈਟਰ ਜੋ ਡੈਕਸੀ ਰੋਡ ਅਤੇ ਸੈਡਲਵੁਡ ਪਾਰਕ ਵੇ ਦੇ ਇੰਟਰ ਸ਼ੈਕਸ਼ਨ ਤੇ ਸਥਿਤ ਹੈ, ਵਿਖੇ ਖੁਲੇ ਹਾਲ ਵਿੱਚ ਸਵੇਰੇ 11ਵਜੇ ਤੋਂ ਸ਼ਾਮ ਦੇ 4 ਵਜੇ ਤਕ ਲਗਾਤਾਰ ਚੱਲੇਗਾ। ਕਨੇਡਾ ਡੇਅ ਦੇ ਇਸ ਫੈਸਟੀਵਲ ਤੇ ਫੈਡਰਲ ਮਨਿਸਟਰ ਮਨਿੰਦਰ ਸਿੰਘ ਸਿੱਧੂ ਮੁੱਖ ਮਹਿਮਾਨ ਹੋਣਗੇ। ਇਸ ਤੋਂ ਇਲਾਵਾ ਪ੍ਰੋਵੈਨਸ ਤੇ ਸਿਟੀ ਦੇ ਅਹੁਦੇਦਾਰ ਤੇ ਨੁਮਾਇੰਦੇ ਵੀ ਸੀਨੀਅਰਜ ਦੇ ਇਸ ਫੰਕਸ਼ਨ ਵਿੱਚ ਹਾਜ਼ਰ ਰਹਿਣਗੇ। ਆਪਣੀਆਂ ਅਗਾਂਹਵਧੂ ਲਿਖਤਾਂ ਤੇ ਵਿਚਾਰਾ ਰਾਹੀ ਕਨੇਡਾ ਦੇ ਸਮਾਜਿਕ ਤੇ ਰਾਜਨੀਤਕ ਜੀਵਨ ਵਿਚ ਪ੍ਰਮੁੱਖਤਾ ਨਾਲ ਯੋਗਦਾਨ ਪਾ ਰਹੇ ਰਾਜਨੀਤਕ ਅਹੁਦੇਦਾਰ, ਬੁੱਧੀਜੀਵੀ ਤੇ ਲਿਖਾਰੀ ਆਪਣੇ ਵਿਚਾਰ ਰੱਖਣਗੇ। ਮੀਡੀਏ ਨਾਲ ਜੁੜੇ ਹੋਏ "ਸਰੋਕਾਰਾਂ ਦੀ ਅਵਾਜ਼" ਵਾਲੇ ਹਰਬੰਸ ਸਿੰਘ ਤੇ ਦਵਿੰਦਰ ਸਿੰਘ ਤੂਰ ਵਲੋਂ ਅਗਾਂਹਵਧੂ ਸਹਿਤ ਦੀਆਂ ਪ੍ਰਮੁੱਖ ਕਿਤਾਬਾਂ ਦਾ ਸਟਾਲ ਲਾਇਆ ਜਾਵੇਗਾ। ਇਸਦੇ ਨਾਲ ਪੰਜਾਬੀ ਸਭਿਆਚਾਰ ਨਾਲ ਜੁੜੇ ਹੋਏ ਕਲਾਕਾਰਾਂ ਵਲੋਂ ਸੰਗੀਤਕ ਪ੍ਰੋਗਰਾਮ ਪੇਸ਼ ਕਰਦਿਆ ਸਹਿਤਕ ਰੰਗ ਵਖੇਰੇ ਜਾਣਗੇ। ਪੰਜਾਬੀ ਕਲਚਰ ਨੂੰ ਪ੍ਰਮੋਟ ਕਰਦੀ ਮਿਸੀਸਾਗਾ ਦੀ ਸੀਨੀਅਰ ਲੇਡੀਜ ਦੀ ਟੀਮ ਦੀ ਪ੍ਰਫਾਰਮਿੰਸ ਖਾਸ ਤੌਰ 'ਤੇ ਖਿੱਚ ਦਾ ਕੇਂਦਰ ਬਣੇਗੀ। ਗਿੱਧੇ, ਭੰਗੜੇ ਤੇ ਜਾਗੋ ਦੀਆ ਟੀਮਾਂ ਵੀ ਆਪਣੇ ਹੁਨਰ ਦੀ ਪੇਸ਼ਕਾਰੀ ਕਰਨਗੀਆਂ। ਸਾਰਾ ਸਮਾਂ ਫੂਡ ਟਰੱਕ ਰਾਹੀਂ ਗਰਮ ਤੇ ਤਾਜ਼ਾ ਸੁਆਦਲੀ ਖਾਣ ਪੀਣ ਦੀ ਸਪਲਾਈ ਲਗਾਤਾਰ ਜਾਰੀ ਰਹੇਗੀ। ਇਸ ਲਈ ਆਉ ਇਕ ਵਾਰ ਫਿਰ ਆਪਣੇ ਹਾਣੀਆਂ ਤੇ ਮਿਤਰ ਪਿਆਰਿਆਂ ਨਾਲ ਰਲ ਕੇ ਜ਼ਿੰਦਗੀ ਦੀ ਪੈ ਚੁੱਕੀ ਸ਼ਾਮ ਨੂੰ ਖੂਬਸੂਰਤ ਢੰਗ ਨਾਲ ਮਾਣੀਏ ਤੇ ਸਜ ਧਜ ਕੇ ਮਸਕਰਾਉਂਦੇ ਹੋਏ ਜੁੜ ਬੈਠ ਕੇ, ਗਰਮੀਆਂ ਦੇ ਬੀਤਦੇ ਜਾ ਰਹੇ ਮੌਸਮ ਦੇ ਇਸ ਆਖਰੀ ਵੱਡੇ ਫੈਸਟੀਵਲ ਦਾ ਹਿਸਾ ਬਣੀਏ। ਹੋਰ ਜਾਣਕਾਰੀ ਹੇਠ ਲਿਖੇ ਕਿਸੇ ਵੀ ਪ੍ਰਬੰਧਕ ਨੂੰ ਕਾਲ ਕੀਤੀ ਜਾ ਸਕਦੀ ਹੈ।

**ਜੰਗੀਰ ਸਿੰਘ ਸੈਂਹਬੀ (ਪ੍ਰਧਾਨ)** 416 409 0126
**ਰਣਜੀਤ ਸਿੰਘ ਤਗੜ (ਉਪ ਪ੍ਰਧਾਨ)** 416 878 3711
**ਪ੍ਰੀਤਮ ਸਿੰਘ ਸਰਾਂ (ਸਕੱਤਰ)**416 833 0567
**ਅਮਰੀਕ ਸਿੰਘ ਕੁਮਰੀਆ (ਵਿਤ ਸਕੱਤਰ)**647 998 7253
**ਮਹਿੰਦਰ ਸਿੰਘ ਮੋਹੀ (ਮੀਡੀਆ ਐਡਵਾਈਜ਼ਰ)** 416 659 1232
**ਇਕਬਾਲ ਸਿੰਘ ਵਿਰਕ ਡਾਇਰੈਕਟਰ** 647 704 7803
**ਲਾਲ ਸਿੰਘ ਬਰਾੜ ਡਾਇਰੈਕਟਰ** 416 617 3514
**ਕੁਲਦੀਪ ਕੌਰ ਗਰੇਵਾਲ ਡਾਇਰੈਕਟਰਜ** 647 856 2893
**ਰਜਨੀ ਸ਼ਰਮਾ ਡਾਇਰੈਕਟਰਜ਼** 647 409 0731


SUPER VISA INSURANCE
MDRT
The Premier Association of Financial Professionals
Punjab Insurance Inc
LIFE INSURANCE | CRITICAL ILLNESS INSURANCE
DISABILITY INSURANCE | TRAVEL INSURANCE
VISITOR INSURANCE | RESP, RRSP, TFSA & FHSA
HARPREET RANA 416-871-3571
NIAMAT RANA 416-206-1616
WWW.PUNJABINSURANCE.CA


Taralake Dental
Taralake Dental offers Full Range of General and Cosmetic Dental Services
TARALAKE DENTAL
We Offer
Oral Exams and Checkups | Dental Cleanings | Children's Dentistry
Cosmetic Procedures : Crowns, Bridges | Teeth Whitening | Tooth Coloured Fillings
Same Day Emergencies | Root Canals | Wisdom Tooth Extraction
Ph. : 403-455-1600 | Fax : 403-764-9788
contact@taralakedental.com | www.taralakedental.com
Unit 321 (2nd Floor) 7171 80th Ave NE Calgary, AB T3J 0P6


Buy or Sell Any Residential or Commercial Real Estate with Insta Realty Team.
Harcharan Parhar
Ramandeep Gill
Amandeep Gill
Amarjit Pangly
Gurpreet Kaur
Ashish Narula
Krishan Gupta
Amandeep Gill
Ramandeep Kaur
Jagdev Singh
Karmjit Singh Gill
Harsimran Bawa
Manpreet Kaur
Neha Kaur
Kamal Tomar
Navi Tiwana
Jaskaran Brar
Aman Batth
Sumeer Sidhu
We are Hiring New or Experienced Realtors!
Kirandeep Parmar
Karan Nanda
Mousam Mann
Sahil Lamba
Insta Realty
BUY SELL INSTANTLY
403.681.8689
www.instarlt.com
Email: info@instarlt.com
#3256, 4310-104 Ave NE Calgary AB T3N 1W3